
ਸਾਕਾ ਨਨਕਾਣਾ ਸਾਹਿਬ ਦੇ ਸ਼ਤਾਬਦੀ ਵਰ੍ਹੇ
ਗੁਰੂ ਖਾਲਸਾ ਪੰਥ ਦੇ ਨਿਰਮਲ ਨਿਆਰੇਪਨ ਦੀ ਪਹਿਚਾਣ ਵਜੋਂ

ਗੁਰਪੁਰਬ ਨਿਰਣੈ
ਅਤੇ
ਨਾਨਕਸ਼ਾਹੀ ਕੈਲੰਡਰ

ਸੰਮਤ ੫੫੩ (2021-22) ਬਿਕਰਮੀ ਸੰਮਤ ੨੦੭੭/੭੮



ਲੇਖਕ : ਕਿਰਪਾਲ ਸਿੰਘ ਬਠਿੰਡਾ

ਪ੍ਰਕਾਸ਼ਕ : ਪੰਥਕ ਤਾਲਮੇਲ ਸੰਗਠਨ

ਗੁਰਪੁਰਬਾਂ ਦੀਆਂ ਤਾਰੀਖ਼ਾਂ ਦਾ ਪੂਰਾ ਬਿਉਰਾ

ਤਰਤੀਬਵਾਰ ਗੁਰੂ ਸਾਹਿਬ ਜੀ ਦੇ ਨਾਮ	ਸਾਰੀਆਂ ਦੇਸੀ ਤਾਰੀਖ਼ਾਂ ਉਸ ਸਮੇਂ ਪ੍ਰਚਲਤ ਸੂਰਜੀ ਸਿਧਾਂਤ ਬਿਕ੍ਰਮੀ ਕੈਲੰਡਰਅਤੇ ਅੰਗਰੇਜ਼ੀ ਤਾਰੀਖ਼ਾਂ ਉਸ ਸਮੇਂ ਪ੍ਰਚਲਤ ਜੂਲੀਅਨ ਕੈਲੰਡਰ ਦੀਆਂ ਹਨ			ਸਾਰੀਆਂ ਦੇਸੀ ਤਾਰੀਖ਼ਾਂ ੧ ਵੈਸਾਖ ੧੯੯੯ ਤੋਂ ਨਾ:ਸ਼ਾ ਅਤੇ ਅੰਗਰੇਜੀ ਤਾਰੀਖ਼ਾਂ ਗ੍ਰੈਗੋਰੀਅਨ ਕੈਲੰਡਰ ਅਨੁਸਾਰ ਹਨ		
	ਪ੍ਰਕਾਸ਼ ਪੁਰਬ	ਗੁਰਗੱਦੀ ਪੁਰਬ	ਜੋਤੀ ਜੋਤ ਪੁਰਬ	ਪ੍ਰਕਾਸ਼ ਪੁਰਬ	ਗੁਰਗੱਦੀ ਪੁਰਬ	ਜੋਤੀ ਜੋਤ ਪੁਰਬ
ਗੁਰੂ ਨਾਨਕ ਸਾਹਿਬ ਜੀ	ਚੇਤ ਸੁਦੀ ਪੂਰਨਮਾਸ਼ੀ ੧੫੨੬ ੧ ਵੈਸਾਖ; ਨਾ: ਸ਼ਾ: ੧ 27 ਮਾਰਚ 1469	ਜਨਮ ਤੋਂ	ਅੱਸੂ ਵਦੀ ੧੦, ੧੫੯੬ ੮ ਅੱਸੂ; ਨਾ: ਸ਼ਾ: ੭੧ 7 ਸਤੰਬਰ 1539	੧ ਵੈਸਾਖ ਨਾਨਕਸ਼ਾਹੀ 14 ਅਪ੍ਰੈਲ	ਜਨਮ ਤੋਂ	੮ ਅੱਸੂ ਨਾਨਕਸ਼ਾਹੀ 22 ਸਤੰਬਰ
ਗੁਰੂ ਅੰਗਦ ਸਾਹਿਬ ਜੀ	ਵੈਸਾਖ ਵਦੀ ੧, ੧੫੬੧ ੫ ਵੈਸਾਖ; ਨਾ: ਸ਼ਾ: ੩੬ 31 ਮਾਰਚ 1504	ਅੱਸੂ ਵਦੀ ੫, ੧੫੯੬ ੪ ਅੱਸੂ; ਨਾ:ਸ਼ਾ: ੭੧ 3 ਸਤੰਬਰ 1539	ਚੇਤ ਸੁਦੀ ੪, ੧੬੦੯ ੩ ਵੈਸਾਖ; ਨਾ:ਸ਼ਾ: ੮੪ 29 ਮਾਰਚ 1552	੫ ਵੈਸਾਖ ਨਾਨਕਸ਼ਾਹੀ 18 ਅਪ੍ਰੈਲ	੪ ਅੱਸੂ ਨਾਨਕਸ਼ਾਹੀ 18 ਸਤੰਬਰ	੩ ਵੈਸਾਖ ਨਾਨਕਸ਼ਾਹੀ 16 ਅਪ੍ਰੈਲ
ਗੁਰੂ ਅਮਰਦਾਸ ਸਾਹਿਬ ਜੀ	ਵੈਸਾਖ ਸੁਦੀ ੧੪, ੧੫੩੬ ੯ ਜੇਠ; ਨਾ: ਸ਼ਾ: ੧੧ 5 ਮਈ 1479	ਚੇਤ ਸੁਦੀ ੪, ੧੬੦੯ ੩ ਵੈਸਾਖ, ਨਾ: ਸ਼ਾ: ੮੪ 29 ਮਾਰਚ 1552	ਭਾਦੋਂ ਸੁਦੀ ੧੫, ੧੬੩੧ ੨ ਅੱਸੂ; ਨਾ:ਸ਼ਾ ੧੦੬ 1 ਸਤੰਬਰ 1574	੯ ਜੇਠ ਨਾਨਕਸ਼ਾਹੀ 23 ਮਈ	੩ ਵੈਸਾਖ ਨਾਨਕਸ਼ਾਹੀ 16 ਅਪ੍ਰੈਲ	੨ ਅੱਸੂ ਨਾਨਕਸ਼ਾਹੀ 16 ਸਤੰਬਰ
ਗੁਰੂ ਰਾਮਦਾਸ ਸਾਹਿਬ ਜੀ	ਕੱਤਕ ਵਦੀ ੨, ੧੫੯੧ ੨੫ ਅੱਸੂ, ਨਾ: ਸ਼ਾ: ੬੬ 24 ਸਤੰਬਰ 1534	ਭਾਦੋਂ ਸੁਦੀ ੧੫, ੧੬੩੧ ੨ ਅੱਸੂ, ਨਾ:ਸ਼ਾ: ੧੦੬ 1 ਸਤੰਬਰ 1574	ਭਾਦੋਂ ਸੁਦੀ ੩, ੧੬੩੮ ੨ ਅੱਸੂ, ਨਾ:ਸ਼ਾ: ੧੧੩ 1 ਸਤੰਬਰ 1581	੨੫ ਅੱਸੂ ਨਾਨਕਸ਼ਾਹੀ 9 ਅਕਤੂਬਰ	੨ ਅੱਸੂ ਨਾਨਕਸ਼ਾਹੀ 16 ਸਤੰਬਰ	੨ ਅੱਸੂ ਨਾਨਕਸ਼ਾਹੀ 16 ਸਤੰਬਰ
ਗੁਰੂ ਅਰਜਨ ਸਾਹਿਬ ਜੀ	ਵੈਸਾਖ ਵਦੀ ੭, ੧੬੨੦ ੧੯ ਵੈਸਾਖ, ਨਾ: ਸ਼ਾ: ੯੫ 15 ਅਪ੍ਰੈਲ 1563	ਭਾਦੋਂ ਸੁਦੀ ੩, ੧੬੩੮ ੨ ਅੱਸੂ; ਨਾ:ਸ਼ਾ: ੧੧੩ 1 ਸਤੰਬਰ 1581	ਜੇਠ ਸੁਦੀ ੪, ੧੬੬੩ ੨ ਹਾੜ, ਨਾ:ਸ਼ਾ: ੧੩੮ 30 ਮਈ 1606	੧੯ ਵੈਸਾਖ ਨਾਨਕਸ਼ਾਹੀ 2 ਮਈ	੨ ਅੱਸ ਨਾਨਕਸ਼ਾਹੀ 16 ਸਤੰਬਰ	੨ ਹਾੜ ਨਾਨਕਸ਼ਾਹੀ 16 ਜੂਨ
ਗੁਰੂ ਹਰਿਗੋਬਿੰਦ ਸਾਹਿਬ ਜੀ	ਹਾੜ ਵਦੀ ੭, ੧੬੫੨ ੨੧ ਹਾੜ; ਨਾ:ਸ਼ਾ: ੧੨੭ 19 ਜੂਨ 1595	ਜੇਠ ਵਦੀ ੧੪, ੧੬੬੩ ੨੮ ਜੇਠ; ਨਾ:ਸ਼ਾ: ੧੩੮ 25 ਮਈ 1606	ਅਧਿਕ ਚੇਤ ਸੁਦੀ ੫, ੧੭੦੧ ੬ ਚੇਤ ੧੭੦੦; ਨਾ:ਸ਼ਾ: ੧੭੬ 3 ਮਾਰਚ 1644	੨੧ ਹਾੜ ਨਾਨਕਸ਼ਾਹੀ 5 ਜੁਲਾਈ	੨੮ ਜੇਠ ਨਾਨਕਸ਼ਾਹੀ 11 ਜੂਨ	੬ ਚੇਤ ਨਾਨਕਸ਼ਾਹੀ 19 ਮਾਰਚ
ਗੁਰੂ ਹਰਿਰਾਇ ਸਾਹਿਬ ਜੀ	ਮਾਘ ਸੁਦੀ ੧੩; ੧੬੮੬ ੧੯ ਮਾਘ; ਨਾ:ਸ਼ਾ: ੧੬੧ 16 ਜਨਵਰੀ 1630	ਚੇਤ ਵਦੀ ੧੫, ੧੭੦੦ ੧ ਚੇਤ ੧੭੦੦; ਨਾ:ਸ਼ਾ: ੧੭੬ 27 ਫਰਵਰੀ 1644	ਕੱਤਕ ਵਦੀ ੯, ੧੭੧੮ ੬ ਕੱਤਕ; ਨਾ:ਸ਼ਾ:੧੯੩ 6 ਅਕਤੂਬਰ, 1661	੧੯ ਮਾਘ ਨਾਨਕਸ਼ਾਹੀ 31 ਜਨਵਰੀ	੧ ਚੇਤ ਨਾਨਕਸ਼ਾਹੀ 14 ਮਾਰਚ	੬ ਕੱਤਕ ਨਾਨਕਸ਼ਾਹੀ 20 ਅਕਤੂਬਰ
ਗੁਰੂ ਹਰਿਕ੍ਰਿਸ਼ਨ ਸਾਹਿਬ ਜੀ	ਸਾਵਣ ਵਦੀ ੧੦, ੧੭੧੩ ੮ ਸਾਵਣ; ਨਾ:ਸ਼ਾ: ੧੮੮ 7 ਜੁਲਾਈ 1656	ਕੱਤਕ ਵਦੀ ੯, ੧੭੧੮ ੬ ਕੱਤਕ; ਨਾ:ਸ਼ਾ: ੧੯੩ 6 ਅਕਤੂਬਰ 1661	ਚੇਤ ਸੁਦੀ ੧੪, ੧੭੨੧ ੩ ਵੈਸਾਖ; ਨਾ:ਸ਼ਾ: ੧੯੬ 30 ਮਾਰਚ 1644	੮ ਸਾਵਣ ਨਾਨਕਸ਼ਾਹੀ 23 ਜੁਲਾਈ	੬ ਕੱਤਕ ਨਾਨਕਸ਼ਾਹੀ 20 ਅਕਤੂਬਰ	੩ ਵੈਸਾਖ ਨਾਨਕਸ਼ਾਹੀ 16 ਅਪ੍ਰੈਲ
ਗੁਰੂ ਤੇਗ਼ਬਹਾਦਰ ਸਾਹਿਬ ਜੀ	ਵੈਸਾਖ ਵਦੀ ੫, ੧੬੭੮ ੫ ਵੈਸਾਖ; ਨਾ:ਸ਼ਾ: ੧੫੩ 1 ਅਪ੍ਰੈਲ 1621	ਚੇਤ ਸੁਦੀ ੧੪, ੧੭੨੧ ੩ ਵੈਸਾਖ; ਨਾ:ਸ਼ਾ: ੧੯੬ 30 ਮਾਰਚ 1664	ਮੱਘਰ ਸੁਦੀ ੫, ੧੭੩੨ ੧੧ ਮੱਘਰ; ਨਾ:ਸ਼: ੨੦੭ 11 ਨਵੰਬਰ 1675	੫ ਵੈਸਾਖ ਨਾਨਕਸ਼ਾਹੀ 18 ਅਪ੍ਰੈਲ	੩ ਵੈਸਾਖ ਨਾਨਕਸ਼ਾਹੀ 16 ਅਪ੍ਰੈਲ	੧੧ ਮੱਘਰ ਨਾਨਕਸ਼ਾਹੀ 24 ਨਵੰਬਰ
ਗੁਰੂ ਗੋਬਿੰਦ ਸਿੰਘ ਸਾਹਿਬ ਜੀ	ਪੋਹ ਸੁਦੀ ੭, ੧੭੨੩ ੨੩ ਪੋਹ; ਨਾ:ਸ਼ਾ; ੧੯੮ 22 ਦਸੰਬਰ 1666	ਮੱਘਰ ਸੁਦੀ ੫, ੧੭੩੨ ੧੧ ਮੱਘਰ; ਨਾ:ਸ਼ਾ: ੨੦੭ 11 ਨਵੰਬਰ 1675	ਕੱਤਕ ਸੁਦੀ ੫, ੧੭੬੫ ੭ ਕੱਤਕ; ਨਾ:ਸ਼ਾ: ੨੪੦ 7 ਅਕਤੂਬਰ 1708	੨੩ ਪੋਹ ਨਾਨਕਸ਼ਾਹੀ 5 ਜਨਵਰੀ	੧੧ ਮੱਘਰ ਨਾਨਕਸ਼ਾਹੀ 24 ਨਵੰਬਰ	੭ ਕੱਤਕ ਨਾਨਕਸ਼ਾਹੀ 21 ਅਕਤੂਬਰ

ਪੋਥੀ(ਗੁਰੂ ਗ੍ਰੰਥ) ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ (ਹਰਿਮੰਦਰ ਸਾਹਿਬ, ਅੰਮ੍ਰਿਤਸਰ)	ਭਾਦੋਂ ਸੁਦੀ ੧, ਬਿ: ਸੰਮਤ ੧੬੬੧; ੧੭ ਭਾਦੋਂ / ਨਾ:ਸ਼ਾ ੧੩੬/ 16 ਅਗਸਤ 1604	ਨਾਨਕਸ਼ਾਹੀ ੧੭ ਭਾਦੋਂ / 1 ਸਤੰਬਰ
ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ (ਦਮਦਮਾ ਸਾਹਿਬ ਵਿਖੇ)	ਭਾਦੋਂ ਵਦੀ ੩, ਬਿ: ਸੰਮਤ ੧੭੬੩; ੧੫ ਭਾਦੋਂ / ਨਾ:ਸ਼ਾ ੨੩੮/ 15 ਅਗਸਤ 1706	ਨਾਨਕਸ਼ਾਹੀ ੧੫ ਭਾਦੋਂ / 30 ਅਗਸਤ
ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਗੱਦੀ ਦਿਵਸ (ਹਜ਼ੂਰ ਸਾਹਿਬ)	ਕੱਤਕ ਸੁਦੀ ੪, ਬਿ: ਸੰਮਤ ੧੭੬੫; ੬ ਕੱਤਕ / ਨਾ:ਸ਼ਾ: ੨੪੦/ 6 ਅਕਤੂਬਰ 1708	ਨਾਨਕਸ਼ਾਹੀ ੬ ਕੱਤਕ / 20 ਅਕਤੂਬਰ
ਸਿਰਜਨਾ ਸ਼੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ)	ਹਾੜ ਵਦੀ ੫, ਬਿ: ਸੰਮਤ ੧੬੬੩; ੧੮ ਹਾੜ / ਨਾ:ਸ਼ਾ:੧੩੮/ 15 ਜੂਨ 1606	ਨਾਨਕਸ਼ਾਹੀ ੧੮ ਹਾੜ / 2 ਜੁਲਾਈ
ਮੀਰੀ-ਪੀਰੀ ਦਿਹਾੜਾ (ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ)	ਹਾੜ ਸੁਦੀ ੧੦, ਬਿ: ਸੰਮਤ ੧੬੬੩, ੬ ਸਾਵਣ / ਨਾ:ਸ਼ਾ: ੧੩੮ / 5 ਜੁਲਾਈ 1606	ਨਾਨਕਸ਼ਾਹੀ ੬ ਸਾਵਣ / 21 ਜੁਲਾਈ
ਖ਼ਾਲਸਾ ਪੰਥ ਦੀ ਸਾਜਨਾ (ਵੈਸਾਖੀ)	ਚੇਤ ਸੁਦੀ ੯, ਬਿ: ਸੰਮਤ ੧੭੫੬, ੧ ਵੈਸਾਖ / ਨਾ:ਸ਼ਾ: ੨੩੧ / 29 ਮਾਰਚ 1699	ਨਾਨਕਸ਼ਾਹੀ ੧ ਵੈਸਾਖ / 14 ਅਪ੍ਰੈਲ
ਸ਼ਹੀਦੀ ਵੱਡੇ ਸਾਹਿਬਜ਼ਾਦੇ (ਚਮਕੌਰ ਸਾਹਿਬ ਵਿਖੇ)	ਪੋਹ ਵਦੀ ੭, ਬਿ: ਸੰਮਤ ੧੭੬੧; ੮ ਪੋਹ / ਨਾ:ਸ਼ਾ: ੨੩੬ / 7 ਦਸੰਬਰ 1704	ਨਾਨਕਸ਼ਾਹੀ ੮ ਪੋਹ / 21 ਦਸੰਬਰ
ਸ਼ਹੀਦੀ ਛੋਟੇ ਸਾਹਿਬਜ਼ਦਿਆਂ (ਫ਼ਤਹਿਗੜ੍ਹ ਸਾਹਿਬ ਵਿਖੇ)	ਪੋਹ ਵਦੀ ੧੨, ਬਿ: ਸੰਮਤ ੧੭੬੧; ੧੩ ਪੋਹ / ਨਾ:ਸ਼ਾ: ੨੩੬ / 12 ਦਸੰਬਰ 1704	ਨਾਨਕਸ਼ਾਹੀ ੧੩ ਪੋਹ / 26 ਦਸੰਬਰ

ਰੰਗਾਂ ਦਾ ਸੰਕੇਤ: ਅੰਗਰੇਜੀ ਮਹੀਨਿਆਂ ਦੀਆਂ ਤਾਰੀਖ਼ ਤੇ ਸਾਲ | ਬਿਕ੍ਰਮੀ ਸੂਰਜੀ ਸਿਧਾਂਤ ਦੀਆਂ ਤਿੱਥਾਂ ਤਾਰੀਖ਼ਾਂ ਤੇ ਸੰਮਤ | ਨਾਨਕਸ਼ਾਹੀ ਤਾਰੀਖ਼ਾਂ ਤੇ ਸੰਮਤ

ਸਾਕਾ ਨਨਕਾਣਾ ਸਾਹਿਬ ਦੇ ਸ਼ਤਾਬਦੀ ਵਰ੍ਹੇ, ਪੰਥਕ ਤਾਲਮੇਲ ਸੰਗਠਨ ਵੱਲੋਂ
ਗੁਰੂ ਖਾਲਸਾ ਪੰਥ ਦੇ ਨਿਰਮਲ ਨਿਆਰੇਪਨ ਦੀ ਪਹਿਚਾਣ ਵਜੋਂ

ਗੁਰਪੁਰਬ ਨਿਰਣੈ
ਅਤੇ
ਨਾਨਕਸ਼ਾਹੀ ਕੈਲੰਡਰ

ਸੰਮਤ ੫੫੩ (2021-22)
ਬਿਕਰਮੀ ਸੰਮਤ ੨੦੭੭/੭੮

ਪਹਿਲੀ ਵਾਰ : ਫ਼ਰਵਰੀ 2021
ਗਿਣਤੀ : 5000

ਲੇਖਕ:
ਕਿਰਪਾਲ ਸਿੰਘ ਬਠਿੰਡਾ
ਫੋਨ: +91- 88378-13661

ਪ੍ਰਕਾਸ਼ਕ:
ਪੰਥਕ ਤਾਲਮੇਲ ਸੰਗਠਨ
ਰੂਪ ਨਗਰ, ਭਗਤਾਂ ਵਾਲਾ ਗੇਟ, ਅੰਮ੍ਰਿਤਸਰ
ਫੋਨ: 98554-40151, 95920-93472, 98148-98802

ਛਾਪਕ:
ਪ੍ਰਿੰਟਵੈੱਲ
146, ਇੰਡਸਟਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ

ਸੇਵਾ ਭੇਟਾ: ₹100/- (ਪੇਪਰ ਬੈਕ), ₹150/- (ਸਜਿਲਦ)

ਪੁਸਤਕਾਂ ਮਿਲਣ ਦਾ ਪਤਾ: ਇਸ ਪੁਸਤਕ ਦੇ ਪੰਨਾ ਨੰ: 106 'ਤੇ।

ਸਮਰਪਣ

ਗੁਰੂ ਤੇ.ਗ਼ਬਹਾਦਰ ਸਾਹਿਬ ਜੀ ਦੀ ੪੦੦ ਸਾਲਾ ਪ੍ਰਕਾਸ਼ ਸ਼ਤਾਬਦੀ
(ਨਾਨਕਸ਼ਾਹੀ ਸੰਮਤ ੧੫੩-੫੫੩ /1621-2021 ਈ:) ਨੂੰ ਸਮਰਪਿਤ।

ੴ ਸਤਿ ਗੁਰਪ੍ਰਸਾਦਿ ॥
ਰਾਗੁ ਗਉੜੀ ਮਹਲਾ ੯ ॥ ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥

(ਗਉੜੀ ਮ: ੯/੨੧੯)

ਹੇ ਸੰਤ ਜਨੋ! (ਆਪਣੇ) ਮਨ ਦਾ ਅਹੰਕਾਰ ਛੱਡ ਦਿਉ। ਕਾਮ ਅਤੇ ਕ੍ਰੋਧ (ਭੀ) ਭੈੜੇ ਮਨੁੱਖ ਦੀ ਸੰਗਤ (ਵਾਂਗ ਹੀ) ਹੈ, ਇਸ ਤੋਂ (ਭੀ) ਦਿਨ ਰਾਤ (ਭਾਵ ਹਰ ਵੇਲੇ) ਦੂਰ ਰਹੋ ॥ ਰਹਾਉ ॥ (ਹੇ ਸੰਤ ਜਨੋ! ਜਿਹੜਾ ਮਨੁੱਖ) ਸੁੱਖ ਅਤੇ ਦੁੱਖ ਦੋਹਾਂ ਨੂੰ ਇਕੋ ਜਿਹਾ ਜਾਣਦਾ ਹੈ, ਅਤੇ ਜਿਹੜਾ ਆਦਰ ਤੇ ਨਿਰਾਦਰੀ ਨੂੰ (ਭੀ) ਇਕ ਸਮਾਨ ਜਾਣਦਾ ਹੈ। (ਕੋਈ ਮਨੁੱਖ ਉਸ ਦਾ ਆਦਰ ਕਰੇ ਤਾਂ ਭੀ ਪਰਵਾਹ ਨਹੀਂ, ਜੇ ਕੋਈ ਉਸ ਦੀ ਨਿਰਾਦਰੀ ਕਰੇ ਤਾਂ ਭੀ ਪਰਵਾਹ ਨਹੀਂ), ਤੇ ਜਿਸ ਨੇ ਮਨੁੱਖ ਵਿਚ ਜੀਵਨ ਦਾ ਭੇਤ ਸਮਝ ਲਿਆ ਹੈ; ਨਾ ਕਿਸੇ ਦੀ ਖ਼ੁਸ਼ਾਮਦ ਕਰਦਾ ਹੈ ਨਾ ਕਿਸੇ ਦੀ ਨਿੰਦਾ ਕਰਦਾ ਹੈ, ਤੇ ਜੋ ਉਸ ਆਤਮਕ ਅਵਸਥਾ ਦੀ ਸਦਾ ਭਾਲ ਕਰਦਾ ਹੈ ਜਿਥੇ ਕੋਈ ਵਾਸ਼ਨਾ ਪੋਹ ਨਹੀਂ ਸਕਦੀ। ਉਸ ਮਨੁੱਖ ਨੇ ਅਸਲੀਅਤ ਲੱਭ ਲਈ ਹੈ (ਪਰ) ਹੇ ਨਾਨਕ ! ਇਹ (ਜੀਵਨ-) ਖੇਡ੍ਹ (ਖੇਡ੍ਹਣੀ) ਔਖੀ ਹੈ। ਕੋਈ ਵਿਰਲਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਇਸ ਨੂੰ ਸਮਝਦਾ ਹੈ ॥

ਜਗਤ ਗੁਰੂ ਤੇ.ਗ਼ਬਹਾਦਰ ਸਾਹਿਬ ਜੀ ਦੀ ਇਸ ਮਹਾਨ ਸਿਖਿਆ ਨੂੰ ਕੋਟਿ ਕੋਟਿ ਪ੍ਰਨਾਮ ਅਤੇ ਅਰਦਾਸ ਹੈ ਕਿ ਗੁਰੂ ਸਾਹਿਬ ਜੀ ਆਪਣੀ ਸਿਖਿਆ ਅਨੁਸਾਰ ਜੀਵਨ ਜਿਉਣ ਦੀ ਸਾਨੂੰ ਜੀਵਾਂ ਨੂੰ ਬਲ ਬੁੱਧੀ ਬਖ਼ਸ਼ਣ।

ਪੰਥਕ ਤਾਲਮੇਲ ਸੰਗਠਨ

(ਪੰਥਕ ਸੰਸਥਾਵਾਂ ਅਤੇ ਪੰਥਕ ਵਿਦਵਾਨਾਂ ਦਾ ਸਾਂਝਾ ਮੁਹਾਜ)

ਪੰਥਕ ਤਾਲਮੇਲ ਸੰਗਠਨ ਜੋ ਗੁਰੂ ਗੁਰੂ ਗ੍ਰੰਥ-ਗੁਰੂ ਪੰਥ ਦੇ ਸਿਧਾਂਤਾਂ ਨੂੰ ਸਮਰਪਿਤ ਸਿੱਖ ਸੰਸਥਾਵਾਂ, ਸਿੱਖ ਵਿਦਿਵਾਨਾਂ ਅਤੇ ਸਮੂਹ ਪੰਥ ਦਰਦੀਆਂ ਦੀ ਅਵਾਜ਼ ਹੈ ਵੱਲੋਂ ਸਾਕਾ ਨਨਕਾਣਾ ਸਾਹਿਬ ਜੀ ਦੇ ਸ਼ਤਾਬਦੀ ਵਰ੍ਹੇ ਮੌਕੇ ਖਾਲਸਾ ਪੰਥ ਅੱਗੇ ਖਾਲਸਾ ਪੰਥ ਦੇ ਨਿਰਮਲ ਨਿਆਰੇ ਪਨ ਨੂੰ ਉਘਾੜਦੀ ਪੁਸਤਕ ਗੁਰਪੁਰਬ ਨਿਰਣੈ ਅਤੇ ਨਾਨਕਸ਼ਾਹੀ ਕੈਲੰਡਰ ਸੰਮਤ ੫੫੩ (2021-22) ਅਰਪਨ ਕਰਨ ਦੀ ਖੁਸ਼ੀ ਲੈਂਦਾ ਹੈ। ਸ: ਪਾਲ ਸਿੰਘ ਜੀ (ਪੁਰੇਵਾਲ) ਵੱਲੋਂ ਸ: ਕਰਮ ਸਿੰਘ ਜੀ ਹਿਸਟੋਰੀਅਨ ਦੇ ਅਰੰਭੇ ਯਤਨ ਨੂੰ ਅੱਗੇ ਵਧਾਉਂਦਿਆਂ ਨਾਨਕਸ਼ਾਹੀ ਕੈਲੰਡਰ ਤਿਆਰ ਕਰਕੇ ਸ੍ਰੋ: ਗੁ: ਪ੍ਰ: ਕਮੇਟੀ ਰਾਹੀਂ ਸਿਰੇ ਚਾੜ੍ਹਨ ਦਾ ਕੀਤਾ ਉਪਰਾਲਾ ਇਤਿਹਾਸ ਦਾ ਮੀਲ ਪੱਥਰ ਹੈ। ਭਾਵੇਂ ਇਸ ਨਜਾਬ ਉਦਮ ਦੇ ਰਾਹ ਵਿਚ ਕਈ ਪਰਕਾਰ ਦੀਆਂ ਰੋਕਾਂ ਲਾਉਣ ਦੇ ਯਤਨ ਹੋਏ ਹਨ ਉਸ ਦੇ ਬਾਵਜੂਦ ਵੀ ਸ: ਪਾਲ ਸਿੰਘ ਜੀ ਪੁਰੇਵਾਲ ਦੀ ਵਿਗਿਆਨਕ ਦ੍ਰਿਸ਼ਟੀ ਕੈਲੰਡਰ ਪੱਖੋਂ ਕੀਤੀ ਹੋਈ ਖੋਜ ਦਾ ਸੱਚ ਚੜ੍ਹਦਾ ਸੂਰਜ ਹੈ ਜਿਸ ਤੋਂ ਖਾਲਸਾ ਪੰਥ ਕਦੀ ਵੀ ਮੂੰਹ ਨਹੀਂ ਫੇਰ ਸਕਦਾ। ਸ: ਪਾਲ ਸਿੰਘ ਜੀ ਦੀ ਖੋਜ ਨੂੰ ਸਮਝ ਕੇ ਉਸ ਉੱਤੇ ਕੀਤੇ ਜਾਂਦੇ ਸ਼ੰਕਿਆਂ ਨੂੰ ਦੂਰ ਕਰਦਿਆਂ ਸ: ਕਿਰਪਾਲ ਸਿੰਘ ਜੀ ਬਠਿੰਡਾ ਨੇ ਮਹੱਤਵ ਪੂਰਨ ਕੰਮ ਕੀਤਾ ਹੈ। ਜੋ ਇਸ ਪੁਸਤਕ ਅੰਦਰਲੇ ਗਿਆਨ ਰੂਪ ਵਿਚ ਅਗਲੀਆਂ ਸਦੀਆਂ ਦੇ ਵਿਦਿਵਾਨਾਂ ਅਤੇ ਪਾਠਕਾਂ ਦਾ ਰਾਹ ਰੋਸ਼ਨ ਕਰੇਗਾ। ਨਾਨਕਸ਼ਾਹੀ ਕੈਲੰਡਰ ਅੰਦਰ ਬੀਤੇ ਵਿਚ ਧੱਕੇ ਨਾਲ ਤਰੀਕਾਂ ਦੀ ਦੁਬਿਧਾ ਰੱਖਣ ਦਾ ਜੋ ਕਮਜ਼ੋਰ ਪੱਖ ਸੀ; ਉਨ੍ਹਾਂ ਤਰੀਕਾਂ ਬਾਰੇ ਵੀ ਸ: ਕਿਰਪਾਲ ਸਿੰਘ ਜੀ ਨੇ ਖੋਜ ਕਰਕੇ ਭੁਲੇਖੇ ਨਵਿਰਤ ਕਰਦਿਆਂ ਨਿਸਚਿਤ ਤਰੀਕਾਂ ਗੁਰੂ ਪੰਥ ਅੱਗੇ ਲੈ ਆਂਦੀਆਂ। ਬਿਨਾ ਝਿਜਕ ਸਵੀਕਾਰ ਕਰਕੇ ਨਾਨਕਸ਼ਾਹੀ ਕੈਲੰਡਰ ਮੰਨ ਲੈਣਾ ਗੁਰੂ ਪੰਥ ਦੀ ਇਕ ਸੁਰਤਾ ਇਕ ਸਾਰਤਾ ਵਾਸਤੇ ਲਾਭ ਦਾਇਕ ਹਨ। ਪੰਥਕ ਤਾਲਮੇਲ ਸੰਗਠਨ ਇਸ ਕੀਤੀ ਹੋਈ ਖੋਜ ਨੂੰ ਸਵੀਕਾਰ ਕਰਦਿਆਂ ਇਸ ਪੁਸਤਕ ਦੇ ਪ੍ਰਕਾਸ਼ਕ ਹੋਣ ਦੀ ਖੁਸ਼ੀ ਲੈਂਦਾ ਹੈ। ਸਮੂਹ ਖਾਲਸਾ ਪੰਥ ਇਸ ਨਿਰਮਲ ਨਿਆਰੇਪਨ ਦੇ ਜਾਮਨ ਨਾਨਕਸ਼ਾਹੀ ਕੈਲੰਡਰ (ਮੂਲ) ਦੇ ਅਨੁਸਾਰ ਹੋ ਕੇ ਪੰਥ ਪ੍ਰਗਤੀ ਦਾ ਮਾਣ ਹਾਸਲ ਕਰੇ। ਸੰਗਠਨ ਸ: ਪਾਲ ਸਿੰਘ ਜੀ ਪੁਰੇਵਾਲ ਦਾ ਵੀ ਧੰਨਵਾਦੀ ਹੈ ਜਿਨ੍ਹਾਂ ਦਾ ਪਹਿਲ ਕਦਮੀ ਅਰੰਭਿਆ ਹੋਇਆ ਯਤਨ ਸ: ਕਿਰਪਾਲ ਸਿੰਘ ਜੀ ਬਠਿੰਡਾ ਅਤੇ ਦੇਸ਼ ਵਿਦੇਸ਼ਾਂ ਵਿਚ ਬੈਠੇ ਸਿੱਖ ਵਿਦਿਵਾਨ ਸੰਭਾਲ ਰਹੇ ਹਨ ਇਸ ਗਿਆਨ ਦੀਵੇ ਨੂੰ ਰੌਸ਼ਨ ਰੱਖਣ ਲਈ ਯਤਨਸ਼ੀਲ ਹਨ।

ਪੰਥਕ ਤਾਲਮੇਲ ਸੰਗਠਨ ਸਾਰੇ ਸੰਸਾਰ ਭਰ ਦੇ ਸਿੱਖਾਂ ਨੂੰ ਦੋਵੇਂ ਹੱਥ ਜੋੜ ਬੇਨਤੀ ਕਰਦਾ ਹੈ ਆਪਣੀਆਂ ਅਗਲੀਆਂ ਪੀੜ੍ਹੀਆਂ ਦੇ ਭਲੇ ਹਿਤ ਬ੍ਰਹਮਣਵਾਦੀ ਤਿਥਾਂ ਵਾਰਾਂ ਵਦੀਆਂ ਸੁਦੀਆਂ ਦੇ ਭਰਮ ਭੁਲੇਖਿਆਂ ਨੂੰ ਛੱਡੀਏ। ਸਾਰੇ ਸੰਸਾਰ ਨੂੰ ਧੰਨ ਗੁਰੂ ਨਾਨਕ ਜੀ ਦੇ ਵਾਰਸ ਬਣਾਉਣ ਲਈ ਗੁਰੂ ਨਾਨਕ ਸਾਹਿਬ ਜੀ ਦੀ ਪਿਆਰ ਗਲਵੱਕੜੀ ਵਿਚ ਲਈਏ!

ਗੁਰੂ ਪੰਥ ਦੇ ਦਾਸ
ਕੇਵਲ ਸਿੰਘ
ਕਨਵੀਨਰ

9592093472, 9814898802, 9855440151, 9316107093
panthaktalmelsangathan@gmail.com

ਗੁਰਪੁਰਬ ਨਿਰਣੈ ਅਤੇ

ਨਾਨਕਸ਼ਾਹੀ ਕੈਲੰਡਰ ਸੰਮਤ ੫੫੩ (2021-22)

ਭੂਮਿਕਾ

ਤਕਰੀਬਨ ਸੌ ਸਾਲ ਤੋਂ ਵੀ ਪਹਿਲਾਂ ਸਿੱਖ ਪੰਥ ਵਿੱਚ ਇਹ ਲੋੜ ਮਹਿਸੂਸ ਕੀਤੀ ਜਾਂਦੀ ਸੀ ਕਿ ਗੁਰਪੁਰਬ ਚੰਦਰਮਾਂ ਦੀਆਂ ਤਿੱਥਾਂ ਅਨੁਸਾਰ ਮਨਾਏ ਜਾਣ ਕਰਕੇ ਹਰ ਵਾਰ ਬਦਲਵੀਆਂ ਤਾਰੀਖ਼ਾਂ ਨੂੰ ਆਉਣ ਅਤੇ ਕਈ ਵਾਰ ਪਿਛਲੇ ਸਾਲਾਂ ਨਾਲੋਂ 10-12 ਦਿਨ ਪਹਿਲਾਂ ਅਤੇ ਕਈ ਸਾਲਾਂ ਵਿੱਚ 18-19 ਦਿਨ ਪਿੱਛੋਂ ਆਉਣ ਸਦਕਾ ਰੁੱਤਾਂ ਦੇ ਹਿਸਾਬ ਵੀ ਬਦਲਵੀਂ ਰੁੱਤ ਨੂੰ ਆ ਜਾਂਦੇ ਹਨ ਜੋ ਯਾਦ ਰੱਖਣੇ ਬਹੁਤ ਹੀ ਮੁਸ਼ਕਲ ਹਨ ਇਸ ਲਈ ਚੰਗਾ ਹੋਵੇ ਜੇ ਗੁਰਪੁਰਬ ਸੂਰਜੀ ਮਹੀਨਿਆਂ ਦੇ ਪ੍ਰਵਿਸ਼ਟਿਆਂ ਅਨੁਸਾਰ ਮਨਾਏ ਜਾਣ ਤਾ ਕਿ ਹਰ ਸਾਲ ਉਨ੍ਹਾਂ ਹੀ ਰੁੱਤਾਂ ਅਤੇ ਉਨ੍ਹਾਂ ਹੀ ਤਾਰੀਖ਼ਾਂ ਨੂੰ ਆਉਣ ਸਦਕਾ ਯਾਦ ਰੱਖਣੇ ਸੌਖੇ ਹੋ ਜਾਣ। ਚੰਦਰ ਤਿਥਾਂ ਦੀ ਬਜਾਏ ਸੂਰਜੀ ਪ੍ਰਵਿਸ਼ਟਿਆਂ ਅਨੁਸਾਰ ਗੁਰਪੁਰਬ ਮਨਾਏ ਜਾਣ ਦੀ ਲੋੜ ਕਦੋਂ ਤੋਂ ਮਹਿਸੂਸ ਕੀਤੀ ਜਾ ਰਹੀ ਹੈ ਇਸ ਦੀ ਜਾਣਕਾਰੀ ਸ: ਕਰਮ ਸਿੰਘ ਹਿਸਟੋਰੀਅਨ ਨੇ 1913 ਈ: ਵਿੱਚ ਛਪੀ ਆਪਣੀ ਪੁਸਤਕ **"ਗੁਰਪੁਰਬ ਨਿਰਣੈ"** ਦੀ ਭੂਮਿਕਾ ਵਿੱਚੋਂ ਮਿਲ ਸਕਦੀ ਹੈ ਜੋ ਇਉਂ ਲਿਖੀ ਹੈ:-

"ਸੰਨ 1906 ਜਦੋਂ ਮੈਂ **'ਕੱਤਕ ਕਿ ਵਿਸਾਖ'** ਨਾਮੀਂ ਪੋਥੀ ਲਿਖ ਰਿਹਾ ਸੀ ਤਾਂ ਭਾਈ ਬਾਲੇ ਵਾਲੀ ਜਨਮ ਸਾਖੀ ਦੀਆਂ ਤਾਰੀਖ਼ਾਂ ਦੀ ਪੜਤਾਲ ਕਰਨ ਦੀ ਡਾਢੀ ਲੋੜ ਪ੍ਰਤੀਤ ਹੋਈ। ਉਸ ਵਿੱਚ ਸੰਮਤ ਮਹੀਨਾ ਤੇ ਦਿਨ ਕੁਝ ਕੁ ਥਾਂਈ ਇਕੱਠੇ ਦਿੱਤੇ ਹੋਏ ਸਨ; ਮਲੂਮ ਇਹ ਕਰਨਾ ਸੀ ਕਿ ਉਸ ਸੰਮਤ ਅਤੇ ਉਸ ਮਹੀਨੇ ਦੀ ਫਲਾਣੀ ਤਾਰੀਖ਼ ਨੂੰ ਠੀਕ ਉਹੀ ਦਿਨ ਸੀ ਜਾਂ ਕੋਈ ਹੋਰ? ਇਸ ਤੋਂ ਬਿਨਾਂ ਉਨ੍ਹੀ ਦਿਨੀ ਕੁਝ ਕੁ ਸਿੰਘ ਸਭਾਵਾਂ ਦੀ ਇਹ ਚਾਹਨਾ ਵੀ ਸੀ ਕਿ ਸੁਦੀ ਵਦੀ ਦੀ ਥਾਂ ਪ੍ਰਵਿਸ਼ਟਾ ਤਾਰੀਖ਼ਾਂ (ਸੰਗਰਾਂਦ ਦੇ ਹਿਸਾਬ ਸੂਰਜੀ ਤਾਰੀਖ਼ਾਂ) ਅਨੁਸਾਰ ਗੁਰਪੁਰਬ ਮਨਾਏ ਜਾਇਆ ਕਰਨ; ਪਰ ਚੂੰ ਕਿ ਸੁਦੀ ਵਦੀ ਦੀਆਂ ਤਾਰੀਖ਼ਾਂ ਨੂੰ ਪ੍ਰਵਿਸ਼ਟਿਆਂ ਵਿੱਚ ਬਦਲਨ ਦਾ ਕੋਈ ਸੁਖਾਲਾ ਗੁਰ ਮਾਲੂਮ ਨਹੀਂ ਸੀ, ਇਸ ਲਈ ਉਨ੍ਹਾਂ ਦੀ ਇਹ ਖਾਹਸ਼ ਪੂਰੀ ਨਹੀਂ ਹੋ ਸਕਦੀ ਸੀ।

ਇਸ ਦੇ ਨਾਲ ਹੀ ਜਦ ਮੈਂ ਗੁਰ ਪ੍ਰਣਾਲੀਆਂ ਵਿੱਚ ਇੱਕੋ ਗੁਰਪੁਰਬ ਦੀਆਂ ਅੱਡ ਅੱਡ ਤਾਰੀਖ਼ਾਂ ਵੇਖਦਾ ਤਾਂ ਸੁਭਾਵਿਕ ਹੀ ਚਾਹਨਾ ਉਪਜਦੀ ਕਿ ਜੇ ਕੋਈ ਐਸਾ ਸਾਧਨ ਮਾਲੂਮ ਹੋ ਜਾਏ ਜਿਸ ਨਾਲ ਹਰ ਤਾਰੀਖ਼ ਦੀ ਪੜਤਾਲ ਹੋ ਜਾਵੇ ਤਾਂ ਹੋ ਸਕਦਾ ਹੈ ਕਿ ਸੱਚੀ ਸੱਚੀ ਤਾਰੀਖ਼ ਦਾ ਥਹੁ ਲੱਗ ਜਾਵੇ ਅਤੇ ਬਣਾਉਟੀ ਤੇ ਕਲਪਿਤ ਤਾਰੀਖ਼ਾਂ ਦਾ ਪਾਜ ਉੱਘੜ ਜਾਵੇ। ਉਦੋਂ ਹੀ ਭਸੌੜ ਸਿੰਘ ਸਭਾ ਵੱਲੋਂ ਇਹ ਰੌਲ਼ਾ ਪੈ ਰਿਹਾ ਸੀ ਕਿ **ਸ਼੍ਰੀ ਗੁਰੂ ਨਾਨਕ ਸਾਹਿਬ ਜੀ ਵੈਸਾਖ ਸੁਦੀ ੩ ਨੂੰ ਪ੍ਰਗਟ ਹੋਏ ਸਨ ਅਤੇ ਵੈਸਾਖ ਸੁਦੀ ੩ ਨੂੰ ਪ੍ਰਵਿਸ਼ਟੇ ਮੁਤਾਬਿਕ ਵੈਸਾਖ ਦੀ ਪਹਿਲੀ ਤਾਰੀਖ਼ ਅਰਥਾਤ ਵਿਸਾਖੀ ਸੀ।** ਇਸ ਦਾ ਨਿਰਣਾ ਕਰਨਾ ਵੀ ਜ਼ਰੂਰੀ ਸੀ।

ਐਸੇ ਹੀ ਕਈ ਕਾਰਨ ਸਨ ਜਿਨ੍ਹਾਂ ਕਰਕੇ ਸੁਦੀ ਵਦੀ ਦੀਆਂ ਤਾਰੀਖ਼ਾਂ ਨੂੰ ਈਸਵੀ, ਹਿਜ਼ਰੀ ਜਾਂ ਪ੍ਰਵਿਸ਼ਟਾ ਤਾਰੀਖ਼ਾਂ ਵਿੱਚ ਬਦਲਨ ਦਾ ਤਰੀਕਾ ਮਾਲੂਮ ਕਰਨ ਦੀ ਬਹੁਤ ਲੋੜ ਪ੍ਰਤੀਤ ਹੋ ਰਹੀ ਸੀ ਪਰ ਵੱਡੀ ਔਕੜ ਇਹ ਸੀ ਕਿ ਇਹ ਕੰਮ ਹਰ ਕਿਸੇ ਦੇ ਕਰਨ ਦਾ ਨਹੀਂ ਸੀ। ਆਮ ਬਾਜ਼ਾਰੀ ਜੋਤਸ਼ੀ ਵੀ ਇਸ ਕੰਮ ਨੂੰ ਨਹੀਂ ਕਰ ਸਕਦੇ ਸਨ। ਮੈਂ ਇੱਕ ਦੋ ਪ੍ਰਸਿੱਧ ਜੋਤਸ਼ੀਆਂ ਪਾਸੋਂ ਪੁੱਛਿਆ ਵੀ ਸੀ ਉਨ੍ਹਾਂ ਇਹੀ ਕਿਹਾ ਕਿ ਪੁਰਾਣੀਆਂ ਜੰਤਰੀਆਂ ਤੋਂ ਬਿਨਾਂ ਇਹ ਕੰਮ ਨਹੀਂ ਹੋ ਸਕਦਾ। ਚਾਰ ਸੌ ਸਾਲ ਪੁਰਾਣੀਆਂ ਜੰਤਰੀਆਂ ਕਿਤੋਂ ਮਿਲਦੀਆਂ ਨਜ਼ਰ ਨਹੀਂ ਆਉਂਦੀਆਂ ਸਨ।"

ਸ: ਕਰਮ ਸਿੰਘ ਜੀ ਅੱਗੇ ਲਿਖਦੇ ਹਨ :- "ਸਿਆਣਿਆਂ ਦਾ ਕਥਨ ਹੈ ਕਿ ਜਿਥੇ ਚਾਹ ਉੱਥੇ ਰਾਹ, ਮੈਂ ਜਦ 1906 ਦੇ ਅਰੰਭ ਵਿੱਚ ਕਰਾਚੀ ਤੋਂ ਪਰ੍ਹਾਂ ਮਕਰਾਨ ਦੇ ਪਹਾੜਾਂ ਵੱਲ ਹਿੰਗਰਾਜ ਦੇਵੀ ਦੇ ਮੰਦਰ ਪਾਸ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰੇ ਦੇ ਦਰਸ਼ਨ ਕਰਕੇ ਸਿੰਧ ਵਿੱਚ ਆਇਆ ਤਾਂ ਪਤਾ ਲੱਗਾ ਕਿ ਪੁਰਾਣੀਆਂ ਤਾਰੀਖ਼ਾਂ ਦੀ ਪੜਤਾਲ ਕਰਨ ਲਈ ਸਰਕਾਰ ਅੰਗਰੇਜ਼ੀ ਨੇ ਵੀ ਹੁਣੇ ਹੀ ਇੱਕ ਜੰਤਰੀ ਬਣਵਾਈ ਹੈ ਜਿਸ ਤੋਂ ਸਭ ਕੁਝ ਮਾਲੂਮ ਹੋ ਸਕਦਾ ਹੈ। ਉਸ ਛੋਟੀ ਜਿਹੀ ਪੁਸਤਕ ਦਾ ਮੁੱਲ 31 ਰੁਪਏ ਸੀ। ਮੈਂ ਭਾਈ ਤਖ਼ਤ ਸਿੰਘ ਜੀ ਨੂੰ ਫੀਰੋਜ਼ਪੁਰ ਲਿਖ ਦਿੱਤਾ ਅਤੇ ਉਨ੍ਹਾਂ ਨੇ ਉਹ ਕਿਤਾਬ ਮੇਰੇ ਵਾਪਸ ਮੁੜਨ ਤੱਕ ਮੰਗਵਾ ਛੱਡੀ। ਇਸ ਜੰਤਰੀ ਨੂੰ ਵੇਖ ਕੇ ਜੋ ਖੁਸ਼ੀ ਮੈਨੂੰ ਪ੍ਰਾਪਤ ਹੋਈ ਉਸ ਨੂੰ ਮੈਂ ਹੀ ਜਾਣਦਾ ਹਾਂ। ਮਾਨੋ ਹਾਤਮ ਲਈ ਜਾਦੂ ਦਾ ਕਿਲਾ ਟੁੱਟ ਗਿਆ। ਇਸ ਜੰਤਰੀ ਦੀ ਸਹਾਇਤਾ ਨਾਲ ਮੈਂ ਹਰ ਇੱਕ ਤਾਰੀਖ਼ ਪੜਤਾਲੀ ਅਤੇ ਲਗਾਤਰ ਪੰਜ ਮਹੀਨੇ ਦਿਨ ਰਾਤ ਮਿਹਨਤ ਕਰਦਾ ਰਿਹਾ।"

ਸ: ਕਰਮ ਸਿੰਘ ਹਿਸਟੋਰੀਅਨ ਦੇ ਉਕਤ ਲਫ਼ਜ਼ਾਂ ਨੂੰ ਪਾਠਕਾਂ ਦੇ ਧਿਆਨ ਗੋਚਰੇ ਕਰਨ ਤੋਂ ਮੇਰਾ ਭਾਵ ਸੀ ਕਿ ਸਿੱਖ ਪੰਥ 'ਚੋਂ ਅੱਜ ਜਿਹੜੇ ਕੁਝ ਕੁ ਵੀਰ ਸ: ਪਾਲ ਸਿੰਘ ਪੁਰੇਵਾਲ ਦੀ ਕੀਤੀ ਮਿਹਨਤ ਦੀ ਕਦਰ ਨਾ ਜਾਣਦੇ ਹੋਏ ਕੋਈ ਉਨ੍ਹਾਂ 'ਤੇ ਕਾਮਰੇਡ ਹੋਣ ਦਾ ਦੋਸ਼ ਲਾਉਂਦਾ ਹੈ ਅਤੇ ਕੋਈ ਕਹਿੰਦਾ ਹੈ ਕਿ ਪਿਛਲੇ 500 ਸਾਲਾਂ ਵਿੱਚ ਕੀ ਪੁਰੇਵਾਲ ਹੀ ਬਹੁਤਾ ਸਿਆਣਾ ਜੰਮ ਪਿਆ ਜਿਹੜਾ ਦੱਸ ਰਿਹਾ ਹੈ ਕਿ ਆਹ ਤਾਰੀਖ਼ ਗਲਤ ਹੈ ਅਤੇ ਆਹ ਠੀਕ ਹੈ; ਪਹਿਲਾਂ ਕਿਸੇ ਨੂੰ ਸੋਝੀ ਕਿਉਂ ਨਾ ਆਈ? ਕੋਈ ਕਹਿੰਦਾ ਹੈ ਕਿ ਪਹਿਲਾਂ ਬਿਕਰਮੀ ਕੈਲੰਡਰ ਅਨੁਸਾਰ ਹੀ ਗੁਰਪੁਰਬ ਮਨਾਏ ਜਾਂਦੇ ਸਨ ਤਾਂ ਕੋਈ ਵਿਵਾਦ ਨਹੀਂ ਸੀ ਪਰ ਜਦੋਂ ਦਾ ਪੁਰੇਵਾਲ ਨੇ ਪੰਗਾ ਪਾਇਆ ਹੈ ਉਦੋਂ ਤੋਂ ਹਰ ਗੁਰਪੁਰਬ ਵੇਲੇ ਵਿਵਾਦ ਸ਼ੁਰੂ ਹੋ ਜਾਂਦਾ ਹੈ ਕਿ ਕਿਸ ਦਿਨ ਗੁਰਪੁਰਬ ਮਨਾਇਆ ਜਾਵੇ। ਕੁਝ ਵੀਰ ਤਾਂ ਐਸੇ ਹਨ ਜੋ ਬਿਨਾਂ ਸੋਚੇ ਸਮਝੇ ਉਨ੍ਹਾਂ ਨੂੰ ਕਾਮਰੇਡ ਕਹਿ ਕੇ ਉਨ੍ਹਾਂ ਵੱਲੋਂ ਕੀਤੀ ਮਿਹਨਤ 'ਤੇ ਵੀਚਾਰ ਕਰਨ ਨੂੰ ਵੀ ਤਿਆਰ ਨਹੀਂ। ਵੈਸੇ ਤਾਂ ਮੈਂ ਕੋਈ ਸ: ਪਾਲ ਸਿੰਘ ਪੁਰੇਵਾਲ ਦੀ ਸਫਾਈ ਦੇਣ ਵਾਸਤੇ ਨਹੀਂ ਲਿਖ ਰਿਹਾ ਕਿ ਉਹ ਸਿੱਖ ਹੈ ਜਾਂ ਕਾਮਰੇਡ ਪਰ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਲਾਈਫ

ਮੈਂਬਰ ਕੈਨੇਡਾ ਨਿਵਾਸੀ ਸ: ਅਜੀਤ ਸਿੰਘ ਦਾ ਹਵਾਲਾ ਜਰੂਰ ਦੇਣਾ ਚਾਹਾਂਗਾ ਜਿਸ ਨੇ ਫੋਨ ਕਰਕੇ ਮੈਨੂੰ ਦੱਸਿਆ ਕਿ ਸ: ਪਾਲ ਸਿੰਘ ਪੁਰੇਵਾਲ ਨੂੰ ਮੈਂ ਨਿੱਜੀ ਤੌਰ 'ਤੇ ਜਾਣਦਾ ਹਾਂ ਅਤੇ ਯਕੀਨ ਨਾਲ ਕਹਿ ਸਕਦਾ ਹਾਂ ਕਿ ਸ: ਪੁਰੇਵਾਲ ਇੱਕ ਪੂਰਨ ਗੁਰਸਿੱਖ ਹਨ ਅਤੇ ਗੁਰਦੁਆਰਿਆਂ ਵਿੱਚ ਹੋਰ ਸੇਵਾਵਾਂ ਤੋਂ ਇਲਾਵਾ ਬੱਚਿਆਂ ਨੂੰ ਪੰਜਾਬੀ ਤੇ ਗੁਰਮਤਿ ਪੜ੍ਹਾਉਣ ਦੀ ਨਿਸ਼ਕਾਮ ਤੌਰ 'ਤੇ ਲੰਬਾ ਸਮਾਂ ਸੇਵਾ ਕੀਤੀ ਹੈ। ਉਨ੍ਹਾਂ ਨੂੰ ਕਾਮਰੇਡ ਕਹਿਣ ਵਾਲਿਆਂ ਦੀ ਹਾਲਤ ਬਾਰੇ ਕਬੀਰ ਸਾਹਿਬ ਦੀ ਤੁਕ: ***"ਆਪਿ ਨ ਦੇਹਿ ਚੁਰੂ ਭਰਿ ਪਾਨੀ ॥ ਤਿਹ ਨਿੰਦਹਿ ਜਿਹ ਗੰਗਾ ਆਨੀ ॥"*** (੩੩੨) ਬੋਲ ਕੇ ਉਨ੍ਹਾਂ ਗੱਲ ਮੁਕਾ ਦਿੱਤੀ। ਫਿਰ ਵੀ ਜੇ ਕੋਈ ਉਨ੍ਹਾਂ ਨੂੰ ਕਾਮਰੇਡ ਮੰਨਦੇ ਹਨ ਤਾਂ ਉਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ ਪਰ ਸਵਾਲ ਜਰੂਰ ਹੈ ਕਿ ਕੀ ਉਹ ਜਾਣਦੇ ਹਨ ਕਿ ਜਿੰਨੀਆਂ ਵੀ ਨਵੀਨ ਕਾਢਾਂ - ਸਮਾਰਟ ਫੋਨ, ਕੰਮਪਿਊਟਰ, ਇੰਟਰਨੈੱਟ, ਬਿਜਲੀ, ਏ.ਸੀ., ਰੂਮ ਹੀਟਰ ਅਤੇ ਕਾਰਾਂ ਆਦਿਕ ਦੀ ਉਹ ਵਰਤੋਂ ਕਰ ਰਹੇ ਹਨ ਕੀ ਉਨ੍ਹਾਂ ਸਾਰਿਆਂ ਦੀ ਖੋਜ ਅਤੇ ਨਿਰਮਾਣ ਕੇਵਲ ਗੁਰਸਿੱਖਾਂ ਨੇ ਕੀਤਾ ਹੈ? ਜੇ ਕਿਸੇ ਕਾਮਰੇਡ ਵੀਚਾਰਾਂ ਵਾਲੇ ਵਿਗਿਆਨੀ ਨੇ ਕੋਈ ਖੋਜ ਕੀਤੀ ਹੋਵੇ ਤਾਂ ਕੀ ਉਸ ਸਹੂਲਤ ਨੂੰ ਮਾਨਣ ਤੋਂ ਕਦੀ ਇਨਕਾਰ ਕੀਤਾ ਹੈ? ਵੈਸੇ ਤਾਂ ਇਨ੍ਹਾਂ ਲੋਕਾਂ ਦੇ ਹੀ ਕੁਝ ਪੂਰਵਜ਼ ਸਨ ਜਿਹਨਾਂ ਨੇ ਦਰਬਾਰ ਸਾਹਿਬ ਵਿੱਚ ਬਿਜਲੀ ਲਾਏ ਜਾਣ ਦਾ ਵਿਰੋਧ ਵੀ ਰੱਜ ਕੇ ਕੀਤਾ ਸੀ ਜਦੋਂ ਕਿ ਅੱਜ ਉਨ੍ਹਾਂ ਹੀ ਲੋਕਾਂ ਦੇ ਵੰਸਜ਼ ਉਸੇ ਬਿਜਲੀ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੱਖ ਆਸਨ ਵਾਲੇ ਕਮਰੇ ਵਿੱਚ ਗਰਮੀਆਂ ਵਿੱਚ ਏ.ਸੀ. ਅਤੇ ਸਰਦੀਆਂ 'ਚ ਹੀਟਰ ਲਾਏ ਜਾਣ ਦੀ ਵਕਾਲਤ ਕਰਦੇ ਹਨ। ਜੇ ਕੋਈ ਇਨ੍ਹਾਂ ਨੂੰ ਸਲਾਹ ਦੇ ਦੇਵੇ ਕਿ ਸ਼ਬਦ ਗੁਰੂ ਨੂੰ ਗਰਮੀ ਸਰਦੀ ਪੋਹ ਨਹੀਂ ਸਕਦੀ ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨੁੱਖੀ ਸਰੀਰਕ ਲੋੜਾਂ ਵਰਗੀਆਂ ਸਹੂਲਤਾਂ ਦੀ ਲੋੜ ਨਹੀਂ, ਤਾਂ ਇਹ ਭੱਦਰ ਪੁਰਸ਼ ਐਸੀ ਸਲਾਹ ਦੇਣ ਵਾਲਿਆਂ 'ਤੇ ਵੀ ਕਾਮਰੇਡ ਹੋਣ ਦਾ ਠੱਪਾ ਲਾ ਦਿੰਦੇ ਹਨ। ਸੋ ਇਨ੍ਹਾਂ ਨੂੰ ਸਮਝਾਉਣ ਦਾ ਬਹੁਤ ਫਾਇਦਾ ਨਹੀਂ ਪਰ ਅਕਾਲ ਪੁਰਖ ਅੱਗੇ ਅਰਜ਼ੋਈ ਜ਼ਰੂਰ ਹੈ ਕਿ ਜਾਂ ਤਾਂ ਸ: ਕਰਮ ਸਿੰਘ ਹਿਸਟੋਰੀਅਨ ਦੇ ਸਮੇਂ ਸ: ਪਾਲ ਸਿੰਘ ਪੁਰੇਵਾਲ ਵਰਗਾ ਕੈਲੰਡਰ ਵਿਗਿਆਨੀ ਪੈਦਾ ਕੀਤਾ ਹੁੰਦਾ ਜਾਂ ਅੱਜ ਡਾ: ਗੰਡਾ ਸਿੰਘ, ਸ: ਕਰਮ ਸਿੰਘ ਹਿਸਟੋਰੀਅਨ ਵਰਗੇ ਵਿਦਵਾਨ ਇਤਿਹਾਸਕਾਰ ਅਤੇ ਉਨ੍ਹਾਂ ਸਮਿਆਂ ਦੀਆਂ ਸਿੰਘ ਸਭਾਵਾਂ ਦੇ ਪ੍ਰਬੰਧਕਾਂ ਵਰਗੇ ਗੁਰਦੁਆਰਿਆਂ ਦੇ ਪ੍ਰਬੰਧਕ ਅੱਜ ਪੈਦਾ ਕਰ ਦੇਵੇ ਤਾ ਕਿ ਪੰਥ ਫਜ਼ੂਲ ਦੀਆਂ ਦੂਸ਼ਣਬਾਜ਼ੀਆਂ ਅਤੇ ਦੁਬਿਧਾਵਾਂ ਵਿੱਚੋਂ ਨਿਕਲ ਕੇ ਹੋਰ ਉਸਾਰੂ ਕੰਮਾਂ ਲਈ ਵਿਹਲ ਕੱਢ ਸਕੇ। ਜਿਨ੍ਹਾਂ ਵਿਦਵਾਨਾਂ ਨੇ ਸ: ਕਰਮ ਸਿੰਘ ਹਿਸਟੋਰੀਅਨ ਦੀਆਂ ਖੋਜ ਭਰਪੂਰ ਪੁਸਤਕਾਂ ਪੜ੍ਹੀਆਂ ਹਨ ਉਨ੍ਹਾਂ ਨੂੰ ਸਮਝ ਆ ਗਈ ਹੈ ਕਿ ਨਾਨਕਸ਼ਾਹੀ ਕੈਲੰਡਰ ਅਤੇ ਸ: ਪੁਰੇਵਾਲ ਦੀ 500 ਸਾਲਾ ਜੰਤਰੀ ਦੀ ਇਤਿਹਾਸਕਾਰਾਂ ਨੂੰ ਕਿੰਨੀ ਲੋੜ ਹੈ।

ਸ: ਕਰਮ ਸਿੰਘ ਹਿਸਟੋਰੀਅਨ ਦੀ ਉਸ ਪੁਸਤਕ ਗੁਰਪੁਰਬ ਨਿਰਣੈ ਦੀ ਪ੍ਰਸੰਸਾ 'ਚ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:-

"ਇੱਕ ਪੁਸਤਕ ਗੁਰ ਪੁਰਬਾਂ ਦਾ ਮਹਾਰਾਜਾ ਨਰਿੰਦਰ ਸਿੰਘ ਜੀ ਨੇ ਬਣਵਾਇਆ ਸੀ ਜਿਸ ਦੇ ਅਨੁਸਾਰ ਐਸ ਗੁਰਦੁਆਰੇ ਬੀਸ ਗੁਰਪੁਰਬ ਮਨਾਏ ਜਾਂਦੇ ਹਨ। ਮੈਂ ਉਸ ਦੇ ਅਨੁਸਾਰ ਲਿਖੇ ਹਨ। ***14 ਗੁਰਪ੍ਰਣਾਲੀਆਂ ਕੱਠੀਆਂ ਕੀਤੀਆਂ ਸਨ ਪਰ ਇੱਕ ਨਾਲ ਹਰ ਬਾਤ ਵਿੱਚ ਦੂਜੀ ਨਹੀਂ ਮਿਲਦੀ ਸੀ।*** ਹੁਣ ਆਪ ਰਚਿਤ ਗੁਰਪੁਰਬ ਮੰਨੇ ਜਾਣਗੇ। ਪੰਥ ਧੰਨਵਾਦੀ ਹੋਵੇਗਾ। ਵਾਹਿਗੁਰੂ ਆਪ ਦੀ ਉਮਰ ਦੌਲਤ ਦਰਾਜ਼ ਕਰੇ। ਮੈਂ ਅਸੀਸ ਦਿੰਦਾ ਹਾਂ ਅਤੇ ਸੰਮਤੀ ਦਿੰਦਾ ਹਾਂ ਕਿ ਪੁਸਤਕ ਮੰਨਣਯੋਗ ਹੈ। ਆਪ ਜੈਸੇ ਗੁਣੀਆਂ ਦਾ ਹੋਣਾ ਪੰਥ ਉੱਨਤੀ ਦਾ ਕਾਰਨ ਹੈ। ਕ੍ਰਿਪਾ ਰੱਖਯਾ ਕਰੋ।" - ਗਯਾਨੀ ਗਯਾਨ ਸਿੰਘ ੧੧ ਫ਼ੱਗਣ ਸੰਮਤ ੬੯ (੧੯੬੯ ਬਿਕਰਮੀ, 21 ਫ਼ਰਵਰੀ 1913 ਈ:)

ਬਿਕਰਮੀ ਚੰਦਰ ਕੈਲੰਡਰ ਵਿੱਚ ਤਾਰੀਖ਼ਾਂ ਹਰ ਸਾਲ ਅੱਗੇ ਪਿੱਛੇ ਹੋਣ ਤੋਂ ਇਲਾਵਾ ਇੱਕ ਹੋਰ ਬਹੁਤ ਵੱਡਾ ਨੁਕਸ ਇਹ ਹੈ ਕਿ ਹਰ ਦੋ ਜਾਂ ਤਿੰਨ ਸਾਲ ਪਿੱਛੋਂ ਇੱਕ ਲੌਂਦ ਦਾ ਫਾਲਤੂ ਮਹੀਨਾ ਜੁੜ ਜਾਣ ਕਰ ਕੇ ਕਈ ਵਾਰ ਐਸੀ ਦੁਬਿਧਾ ਖੜ੍ਹੀ ਹੋ ਜਾਂਦੀ ਕਿ ਇਤਿਹਾਸਕ ਤੌਰ 'ਤੇ ਨੇੜੇ ਦਾ ਸਬੰਧ ਰੱਖਣ ਵਾਲੀਆਂ ਦੋ ਘਟਨਾਵਾਂ ਜਿਨ੍ਹਾਂ ਵਿੱਚ ਆਮ ਸਾਲਾਂ ਵਿੱਚ 10-12 ਦਿਨਾਂ ਦਾ ਅੰਤਰ ਹੁੰਦਾ ਹੈ, ਲੌਂਦ ਦਾ ਮਹੀਨਾ ਆਉਣ ਸਦਕਾ ਉਸ ਸਾਲ ਉਨ੍ਹਾਂ 'ਚ ਫ਼ਰਕ 40 ਦਿਨਾਂ ਤੱਕ ਹੋ ਜਾਂਦਾ ਹੈ ਤਾਂ ਅਸੀਂ ਆਪਣੇ ਬੱਚਿਆਂ ਤੇ ਦੂਸਰੀਆਂ ਕੌਮਾਂ ਨੂੰ ਇਹ ਸਮਝਾਉਣ ਤੋਂ ਅਸਮਰਥ ਹੁੰਦੇ ਹਾਂ ਕਿ ਜੇ ਪਿਛਲੇ ਸਾਲ ਇਨ੍ਹਾਂ ਦੋਵਾਂ ਘਟਨਾਵਾਂ ਵਿੱਚ 10 ਜਾਂ 12 ਦਿਨਾਂ ਦਾ ਫ਼ਰਕ ਸੀ ਤਾਂ ਇਸ ਸਾਲ 40 ਦਿਨਾਂ ਦਾ ਕਿਵੇਂ ਹੋ ਗਿਆ। ਮਿਸਾਲ ਦੇ ਤੌਰ 'ਤੇ ਸ਼੍ਰੋਮਣੀ ਕਮੇਟੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਦਿਵਸ ਹਰ ਸਾਲ ਜੇਠ ਵਦੀ ੮ ਨੂੰ ਮਨਾਉਂਦੀ ਹੈ ਅਤੇ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਵਸ ਜੇਠ ਸੁਦੀ ੪ ਨੂੰ ਮਨਾਏ ਜਾਣ ਸਦਕਾ ਇਨ੍ਹਾਂ 'ਚ ਆਮ ਸਾਲਾਂ ਵਿੱਚ 10 ਤੋਂ 12 ਦਿਨਾਂ ਦਾ ਅੰਤਰ ਹੁੰਦਾ ਹੈ ਪਰ 2018 ਈ: ਦੇ ਕੈਲੰਡਰ ਵਿੱਚ ਸ਼੍ਰੋਮਣੀ ਕਮੇਟੀ ਨੇ ਇਹ ਦੋਵੇਂ ਪੁਰਬ ਕ੍ਰਮਵਾਰ ੨੫ ਵੈਸਾਖ ਅਤੇ ੩ ਹਾੜ ਨਿਸਚਿਤ ਕੀਤੇ ਜਾਣ ਸਦਕਾ ਦੋਵਾਂ ਵਿੱਚ 40 ਦਿਨਾਂ ਦਾ ਅੰਤਰ ਸੀ; ਜਿਸ ਫ਼ਰਕ ਨੂੰ ਸਮਝਾਉਣ 'ਚ ਨਾ-ਕਾਮਯਾਬ ਰਹੀ ਸ਼੍ਰੋਮਣੀ ਕਮੇਟੀ ਨੇ ਆਖ਼ਰ ਐਨ ਮੌਕੇ 'ਤੇ ਆ ਕੇ ਗੁਰੂ ਹਰਿਗੋਬਿੰਦ ਸਾਹਬਿ ਜੀ ਦਾ ਗੁਰਗੱਦੀ ਦਿਵਸ ਬਦਲ ਕੇ ਇਕ ਮਹੀਨਾ ਲੇਟ ਕਰ ਦਿੱਤਾ।

ਸ: ਕਰਮ ਸਿੰਘ ਹਿਸਟੋਰੀਅਨ ਤੇ ਡਾ: ਗੰਡਾ ਸਿੰਘ ਦੀਆਂ ਲਿਖਤਾਂ ਅਤੇ ਸ: ਪਾਲ ਸਿੰਘ ਜੀ ਪੁਰੇਵਾਲ ਵੱਲੋਂ ਕੀਤੇ ਕੈਲੰਡਰ ਵਿਗਿਆਨ ਅਧਾਰਤ ਖੋਜ ਕਾਰਜਾਂ/ 500 ਸਾਲਾ ਜੰਤਰੀ ਤੋਂ ਪ੍ਰੇਰਣਾ ਲੈਂਦਿਆਂ ਮੇਰੇ ਮਨ ਵਿੱਚ ਵੀ ਉਤਸ਼ਾਹ ਪੈਦਾ ਹੋਇਆ ਕਿ ਇਤਿਹਾਸ ਅਤੇ ਕੈਲੰਡਰ ਵਿਗਿਆਨ ਤੋਂ ਕੋਰੇ ਕੁਝ ਸਿੱਖਾਂ ਵੱਲੋਂ ਨਾਨਕਸ਼ਾਹੀ ਕੈਲੰਡਰ ਦੀ ਬੇਵਜ੍ਹਾ ਕੀਤੀ ਜਾ ਰਹੀ ਅਲੋਚਨਾਂ ਦਾ ਸਰਲ ਅਤੇ ਸੁਖੈਣ ਭਾਸ਼ਾ

ਵਿੱਚ ਤੱਥਾਂ ਅਧਾਰਤ ਜਵਾਬ ਦਿੱਤਾ ਜਾਵੇ ਤਾਂ ਕਿ ਜਨ ਸਾਧਾਰਨ ਨੂੰ ਵੀ ਸੌਖਿਆਂ ਹੀ ਸਮਝ ਆ ਜਾਵੇ ਕਿ ਸਾਡੇ ਲਈ ਕਿਹੜਾ ਕੈਲੰਡਰ ਠੀਕ ਰਹੇਗਾ। ਮੈਂ ਚਾਹੁੰਦਾ ਸੀ ਕਿ ਨਾਨਕਸ਼ਾਹੀ ਕੈਲੰਡਰ ਤੋਂ ਇਲਾਵਾ ਵੱਖ ਵੱਖ ਗੁਰਪ੍ਰਣਾਲੀਆਂ, ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲੇ ਵੱਲੋਂ ਰਚਿਤ ਗੁਰਬਾਣੀ ਪਾਠ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਫ਼ੀਸ਼ਲ ਵੈੱਬਸਾਈਟ, ਸ਼੍ਰੋ.ਗੁ.ਪ੍ਰ.ਕ. ਦੀ ਡਾਇਰੀ 1991 ਅਤੇ ਸਿੱਖ ਇਤਿਹਾਸ- ਪ੍ਰੋ: ਕਰਤਾਰ ਸਿੰਘ, ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸਤਵੀਂ ਅਡੀਸ਼ਨ) ਵਿੱਚੋਂ ਗੁਰ ਪੁਰਬਾਂ ਦੀਆਂ ਤਾਰੀਖ਼ਾਂ ਦੀ ਸਾਰਣੀ ਬਣਾ ਕੇ ਉਨ੍ਹਾਂ ਦੀ ਸ: ਪਾਲ ਸਿੰਘ ਪੁਰੇਵਾਲ ਦੀ 500 ਸਾਲਾ ਜੰਤਰੀ ਨਾਲ ਪੜਤਾਲ ਕਰਨ ਉਪਰੰਤ ਸਹੀ ਤਾਰੀਖ਼ਾਂ ਦੀ ਤਸਦੀਕ ਕਰਕੇ ਆਮ ਪਾਠਕਾਂ ਦੀ ਸਮਝ ਵਿੱਚ ਆਉਣ ਵਾਲੀ ਇਕ ਨਵੀਂ ***"ਗੁਰਪੁਰਬ ਨਿਰਣੈ"*** ਪੁਸਤਕ ਤਿਆਰ ਕੀਤੀ ਜਾਵੇ ਅਤੇ ਨਾਨਕਸ਼ਾਹੀ ਕੈਲੰਡਰ ਦੀ ਪਿਛਲੇ 22-23 ਸਾਲਾਂ ਤੋਂ ਅਲੋਚਨਾ ਕਰ ਰਹੇ ਲੈਫਟੀਨੈਂਟ ਕਰਨਲ ਸੁਰਜੀਤ ਸਿੰਘ ਨਿਸ਼ਾਨ ਵੱਲੋਂ ਲਿਖੀ ਅਤੇ ਸੰਤ ਸੇਵਾ ਸਿੰਘ ਗੁਰਦੁਆਰਾ ਰਾਮਪੁਰ ਖੇੜਾ ਵੱਲੋਂ ਪ੍ਰਕਾਸ਼ਿਤ ਕਰਵਾਈ ਪੁਸਤਕ ਗੁਰਪੁਰਬ ਦਰਪਣ ਵਿੱਚ ਖੜ੍ਹੇ ਕੀਤੇ ਗਏ ਫਜ਼ੂਲ ਦੇ ਸ਼ੰਕਿਆਂ ਦੇ ਬਾ-ਦਲੀਲ ਜਵਾਬ ਦਿੱਤੇ ਜਾਣ। ਪਰ ਮੇਰੀ ਮੁਸ਼ਕਿਲ ਇਹ ਸੀ ਕਿ ਸ: ਪਾਲ ਸਿੰਘ ਪੁਰੇਵਾਲ ਦੀ 500 ਸਾਲਾ ਜੰਤਰੀ ਕਾਫੀ ਲੰਬੇ ਸਮੇਂ ਤੋਂ ਆਊਟ ਆਫ਼ ਪ੍ਰਿੰਟ ਹੋਣ ਕਰਕੇ ਕਿਧਰੋਂ ਮਿਲਦੀ ਨਹੀਂ ਸੀ ਅਤੇ ਪੰਜਾਬ ਡਿਜ਼ਿਟਲ ਲਾਇਬ੍ਰੇਰੀ ਵਿੱਚੋਂ ਵੇਖਣ ਸਮੇਂ ਬਹੁਤ ਦਿੱਕਤ ਆਉਂਦੀ ਸੀ ਕਿਉਂਕਿ ਕਈ ਵਾਰ ਉਹ ਲਿੰਕ ਖੁਲ੍ਹਦਾ ਹੀ ਨਹੀਂ ਸੀ ਅਤੇ ਕਈ ਵਾਰ ਇੰਟਰਨੈੱਟ ਦੀ ਸਪੀਡ ਘੱਟ ਹੋਣ ਕਰਕੇ ਇਤਨਾ ਲੰਬਾ ਸਮਾਂ ਲੈ ਜਾਂਦਾ ਸੀ ਕਿ ਉਸ ਦੀ ਉਡੀਕ ਕਰਨੀ ਹੀ ਮੁਸ਼ਕਿਲ ਜਾਪਦੀ ਸੀ। ਇਤਨੇ ਵਿੱਚ ਸ: ਸਰਬਵੀਰ ਸਿੰਘ ਵੱਲੋਂ ਤਿਆਰ ਕੀਤਾ Date Converter ਮੇਰੀ ਈ-ਮੇਲ 'ਤੇ ਮਿਲਿਆ ਤਾਂ ਇਹ ਵੇਖ ਕੇ ਮੈਨੂੰ ਓਨੀ ਖੁਸ਼ੀ ਹੋਈ ਜਿੰਨੀ ਕਿ ਸ: ਕਰਮ ਸਿੰਘ ਹਿਸਟੋਰੀਅਨ ਨੂੰ ਸਰਕਾਰ ਅੰਗਰੇਜ਼ੀ ਵੱਲੋਂ ਛਪਵਾਈ ਅਤੇ ਇੱਕ ਅੰਗਰੇਜ਼ ਵਿਦਵਾਨ ਰੌਬਟ ਸਵੈੱਲ (Roberet Swell) ਅਤੇ ਭਾਰਤੀ ਵਿਦਵਾਨ ਸ਼ੰਕਰਾ ਬਾਲਕ੍ਰਿਸ਼ਨ ਦਿਕਸ਼ਿਤ (Shankra Balkrishana Dixit) ਵੱਲੋਂ ਸਾਂਝੇ ਰੂਪ ਵਿੱਚ ਲਿਖੀ ਪੁਸਤਕ (The Indian Calender) ਮਿਲਣ 'ਤੇ ਖ਼ੁਸ਼ੀ ਹੋਈ ਸੀ।

ਤਾਰੀਖ਼ ਤਬਦੀਲੀ ਲਈ ਵਰਤੇ ਜਾਣ ਵਾਲੇ ਇਸ ਸ਼ਾਨਦਾਰ ਡੇਟ ਕੰਨਵਰਟਰ ਦੇ ਨਿਰਮਾਤਾ ਨਾਲ ਸੰਪਰਕ ਕਰਨ 'ਤੇ ਪਤਾ ਲੱਗਾ ਕਿ ਕਾਰਟਰੇਟ, ਨਿਊ ਜਰਸੀ, ਅਮਰੀਕਾ (Carteret, New Jersey, United States of America) ਦੇ ਜੰਮਪਲ ਅਤੇ ਰਹਿਤ ਮਰਯਾਦਾ ਵਿੱਚ ਪਰਪੱਕ ਇਹ 20 ਸਾਲਾ ਗੁਰਸਿੱਖ ਨੌਜਵਾਨ ਸ: ਸਰਬਵੀਰ ਸਿੰਘ ਨਿਊ ਜਰਸੀ ਇੰਸਟੀਚੂਟ ਆਫ਼ ਟੈਕਨਾਲੌਜ਼ੀ (New Jersey Institute of Technology) 'ਚ ਇਨਫ਼ਰਮੇਸ਼ਨ ਟੈਕਨਾਲੌਜ਼ੀ (Information Technology) ਡਿਗਰੀ ਕੋਰਸ ਦੇ ਦੂਜੇ ਸਾਲ ਦੇ ਵਿਦਿਆਰਥੀ ਹਨ। ਇਹ ਜਾਣ ਕੇ ਹੋਰ ਖ਼ੁਸ਼ੀ ਹੋਈ ਕਿ ਕੈਲੰਡਰ ਵਿਗਿਆਨ ਦੇ ਮਾਹਰ ਅਖਵਾਉਣ ਵਾਲੇ ਕਰਨਲ ਸੁਰਜੀਤ ਸਿੰਘ ਨਿਸ਼ਾਨ ਅਤੇ ਇਨ੍ਹਾਂ ਦੇ ਹੋਰ ਕਈ ਸਾਥੀ ਜੋ ਪਿਛਲੇ ਢਾਈ ਦਹਾਕਿਆਂ ਤੋਂ ਨਾਨਕਸ਼ਾਹੀ ਕੈਲੰਡਰ ਦੀ ਵਿਰੋਧਤਾ ਤਾਂ ਕਰਦੇ ਆ ਰਹੇ ਹਨ ਪਰ ਆਪਣੇ ਵੱਲੋਂ ਸ਼ੁੱਧ ਕੈਲੰਡਰ ਬਣਾ ਕੇ ਕੌਮ ਨੂੰ ਨਹੀਂ ਦੇ ਸਕੇ ਜਦੋਂ ਕਿ ਇਸ ਨੌਜਵਾਨ ਜਿਸ ਦਾ ਜਨਮ ਹੀ 2001 ਵਿੱਚ ਅਮਰੀਕਾ 'ਚ ਹੋਇਆ, ਉਸ ਨੇ ਇਕ ਐਸਾ ਕੈਲਕੂਲੇਟਰ ਤਿਆਰ ਕਰ ਲਿਆ ਹੈ ਜਿਸ ਨਾਲ ਇੱਕੋ ਸਮੇਂ ਜੂਲੀਅਨ ਅਤੇ ਗ੍ਰੈਗੋਰੀਅਨ ਕੈਲੰਡਰ ਦੀਆਂ ਤਾਰੀਖ਼ਾਂ; ਬਿਕਰਮੀ ਸੂਰਜੀ ਸਿਧਾਂਤ ਨਾਲ ਤਿੱਥਾਂ ਤੇ ਪ੍ਰਵਿਸ਼ਟੇ {Bikrami (Surya) Lunar & Solar dates} ਅਤੇ ਬਿਕਰਮੀ ਦ੍ਰਿਕ ਗਣਿਤ ਸਿਧਾਂਤ ਨਾਲ ਤਿੱਥਾਂ ਤੇ ਪ੍ਰਵਿਸ਼ਟਿਆਂ {Bikrami (Drik) Lunar & Solar dates}, ਨੂੰ ਇੱਕ ਦੂਜੇ ਵਿੱਚ ਤਬਦੀਲ ਕਰਨ ਤੋਂ ਇਲਾਵਾ ਕੈਲੰਡਰ ਨਾਲ ਸਬੰਧਤ ਹੋਰ ਜਰੂਰੀ ਜਾਣਕਾਰੀਆਂ ਜਿਵੇਂ ਕਿ ਤਿੱਥ, ਵਾਰ, ਨਛੱਤਰ, ਸੂਰਜ ਚੜ੍ਹਨ ਦਾ ਸਮਾਂ, ਸੰਕ੍ਰਾਂਤੀ ਦਾ ਸਮਾਂ, ਹਰ ਰੋਜ ਦਾ ਆਈਨਅੰਸ਼, ਤਿੱਥਾਂ ਦੀ ਅਰੰਭਤਾ ਅਤੇ ਸਮਾਪਤੀ ਦਾ ਸਮਾਂ ਵੇਖਿਆ ਜਾ ਸਕਦਾ ਹੈ। ਇਸ ਕੈਲਕੂਲੇਟਰ ਨਾਲ ਤਾਰੀਖ਼ਾਂ ਦੀ ਪੜਤਾਲ ਦਾ ਕੰਮ ਬਹੁਤ ਹੀ ਅਸਾਨ ਹੋ ਜਾਂਦਾ ਹੈ। ਇਸ ਤੋਂ ਇਲਾਵਾ ਨਾਨਕਸ਼ਾਹੀ ਕੈਲੰਡਰ, ਹਰ ਮਹੀਨੇ ਦੇ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਅਸਾਨੀ ਨਾਲ ਵੇਖੇ ਜਾ ਸਕਦੇ ਹਨ। ਇਹ ਕੈਲਕੂਲੇਟਰ <https://nanakshahi.net/> ਲਿੰਕ 'ਤੇ ਉਪਲਬਧ ਹੈ ਜਿਸ ਦੀ ਵਰਤੋਂ ਕਰਕੇ ਕਿਸੇ ਵੀ ਤਾਰੀਖ਼ ਦੀ ਤਬਦੀਲੀ ਜਾਂ ਪੜਤਾਲ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਇਸ ਕੈਲਕੂਲੇਟਰ ਨੇ ਮੇਰਾ ਕੰਮ ਕਾਫੀ ਆਸਾਨ ਕਰ ਦਿੱਤਾ। ਇਸ ਨੌਜਵਾਨ ਵੱਲੋਂ ਪੰਥ ਲਈ ਕੀਤੇ ਮਹਾਨ ਕਾਰਜ ਲਈ ਇਸ ਦੀ ਪ੍ਰਸੰਸਾ ਤਾਂ ਕਰਨੀ ਹੀ ਬਣਦੀ ਹੈ ਇਸ ਤੋਂ ਇਲਾਵਾ ਆਪਣੀ ਪੜ੍ਹਾਈ ਅਤੇ ਹੋਰ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਇਸ ***"ਗੁਰਪੁਰਬ ਨਿਰਣੈ ਅਤੇ ਨਾਨਕਸ਼ਾਹੀ ਕੈਲੰਡਰ ਸੰਮਤ ੫੫੩ (2021-22)"*** ਦੀ ਸਮੁੱਚੀ ਪੁਸਤਕ ਦੀ ਪਰੂਫ਼ ਰੀਡਿੰਗ ਕਰਨ ਲਈ ਧੰਨਵਾਦੀ ਵੀ ਹਾਂ।

ਇਸ ਕੈਲਕੂਲੇਟਰ ਨਾਲ ਕੋਈ ਵੀ ਪਾਠਕ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਵਰ੍ਹੇ ਸੰਮਤ ੧੫੨੬ ਬਿਕਰਮੀ (1469-70 ਈ:), ਇਸ ਚਾਲੂ ਸਾਲ ਸੰਮਤ ੨੦੭੮ ਬਿਕਰਮੀ (2021-22 ਈ:) ਅਤੇ ਸੰਮਤ ੩੦੫੭ ਬਿਕਰਮੀ (ਸੰਨ 3000) ਦੀਆਂ ਸਾਰੀਆਂ ਸੰਗਰਾਂਦਾਂ ਨੋਟ ਕਰ ਕੇ ਬਣਾਈ ਸਾਰਣੀ ਤੋਂ ਅੰਦਾਜਾ ਲਾ ਸਕਦਾ ਹੈ ਕਿ ਸੂਰਜੀ ਸਿਧਾਂਤ ਅਤੇ ਦ੍ਰਿਕ ਗਣਿਤ ਸਿਧਾਂਤ ਦੀਆਂ ਸੰਗਰਾਂਦਾਂ ਵਿੱਚ ਆਪਸੀ ਕਿਤਨਾ ਫ਼ਰਕ ਹੈ ਅਤੇ ਅੱਗੇ ਤੋਂ ਇਹ ਫ਼ਰਕ ਕਿਤਨੀ ਤੇਜੀ ਨਾਲ ਵਧ ਰਿਹਾ ਹੈ। ਨਾਨਕਸ਼ਾਹੀ ਤਾਰੀਖ਼ਾਂ ਨੂੰ ਪਿਛਲਖੁਰੀ ਗਿਣ ਕੇ ਗੁਰ ਪੁਰਬਾਂ ਦੀਆਂ ਤਾਰੀਖ਼ਾਂ ਵਿੱਚ 4 ਤੋਂ 6 ਦਿਨ ਦੀ ਗਲਤੀ ਕੱਢਣ

ਵਾਲੇ ਕਰਨਲ ਨਿਸ਼ਾਨ ਨੂੰ ਪੁੱਛ ਸਕਦਾ ਹੈ ਕਿ ਜੇ ਉਸ ਵੱਲੋਂ ਦੱਸੇ ਜਾਂਦੇ 10 ਦਿਨ ਜੋੜਨ ਦੇ ਫ਼ਾਰਮੂਲੇ ਨਾਲ ਪੁਰਾਤਨ ਨਾਨਕਸ਼ਾਹੀ ਕੈਲੰਡਰ ਦੀਆਂ ਤਿੱਥਾਂ ਤਾਰੀਖ਼ਾਂ ਪਿਛਲਖੁਰੀ ਗਿਣੀਆਂ ਜਾਣ ਤਾਂ ਉਨ੍ਹਾਂ ਵਿੱਚੋਂ ਕਿੰਨੀਆਂ ਠੀਕ ਨਿਕਲਣਗੀਆਂ? ਜੇ ਪ੍ਰਚਲਤ ਕੈਲੰਡਰ ਦੀਆਂ ਸੰਗਰਾਂਦਾਂ ਨੂੰ ਪਿਛਲਖੁਰੀ ਗਿਣਦੇ ਹੋਏ ਸੰਮਤ ੧੫੨੬ (1469-70 ਈ:) ਤੱਕ ਜਾਈਏ ਤਾਂ 12 'ਚੋਂ 10 ਸੰਗਰਾਂਦਾਂ ਦਾ ਇੱਕ-ਇੱਕ ਦਿਨ ਦਾ ਅਤੇ ਚੇਤ ਮਹੀਨੇ ਦੀ ਸੰਗਰਾਂਦ ਦਾ 2 ਦਿਨ ਦਾ ਫ਼ਰਕ ਪੈਂਦਾ ਹੈ। ਜੇ ਸੰਮਤ 3057 ਬਿਕਰਮੀ (ਸੰਨ 3000) ਤੱਕ ਗਿਣਦੇ ਜਾਈਏ ਤਾਂ ਸਾਰੀਆਂ ਸੰਗਰਾਂਦਾਂ ਵਿੱਚ 3 ਦਿਨਾਂ ਦਾ ਫ਼ਰਕ ਪੈ ਜਾਵੇਗਾ।

ਜਿਹੜੇ ਵਿਦਵਾਨ ਅਤੇ ਜਥੇਬੰਦੀਆਂ ਇਹ ਰੱਟ ਲਾ ਰਹੀਆਂ ਹਨ ਕਿ ਜਿਹੜਾ ਕੈਲੰਡਰ ਗੁਰੂ ਸਾਹਿਬਾਨ ਵੇਲੇ ਲਾਗੂ ਸੀ ਅਤੇ ਗੁਰੂ ਸਾਹਿਬਾਨ ਨੇ ਵਰਤਿਆ ਸੀ ਉਸ ਨੂੰ ਅਸੀਂ ਕਿਉਂ ਛੱਡੀਏ? ਉਹ ਜੇ ਸਮਝਣਾ ਚਾਹੁੰਣ ਤਾਂ ਉਨ੍ਹਾਂ ਨੂੰ ਇਹ ਗੱਲ ਵੀ ਸਮਝ ਆ ਜਾਵੇਗੀ ਕਿ 1964 ਵਿੱਚ ਉੱਤਰੀ ਭਾਰਤ ਦੇ ਹਿੰਦੂਆਂ ਵੱਲੋਂ ਅੰਮ੍ਰਿਤਸਰ ਵਿਖੇ ਮੀਟਿੰਗ ਕਰਕੇ ਸੂਰਜੀ ਸਿਧਾਂਤ ਦਾ ਤਿਆਗ ਕਰਕੇ ਦ੍ਰਿਕ ਗਣਿਤ ਸਿਧਾਂਤ ਨਾਲ ਤਿਆਰ ਕੀਤਾ ਕੈਲੰਡਰ ਲਾਗੂ ਕਰ ਲਿਆ ਸੀ ਜਿਸ ਨੂੰ ਸ਼੍ਰੋਮਣੀ ਕਮੇਟੀ ਸਮੇਤ ਸਮੂਹ ਜਥੇਬੰਦੀਆਂ ਜਿਹੜੀਆਂ ਅੱਜ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕਰ ਰਹੀਆਂ ਹਨ ਉਨ੍ਹਾਂ ਨੇ ਵੀ ਬਿਨਾਂ ਕਿਸੇ ਹੀਲ ਹੁਜਤ ਅਪਣਾ ਲਿਆ ਸੀ। ਇਸ ਲਈ ਜਿਹੜਾ ਕੈਲੰਡਰ ਗੁਰੂ ਕਾਲ ਦੌਰਾਨ ਲਾਗੂ ਸੀ ਉਸ ਨੂੰ ਇਹ 1964 ਵਿੱਚ ਛੱਡ ਚੁੱਕੇ ਹਨ। ਇਸ ਕੈਲਕੂਲੇਟਰ ਨਾਲ ਚੈੱਕ ਕਰਕੇ ਹਰ ਵਿਅਕਤੀ ਵੇਖ ਸਕਦਾ ਹੈ ਕਿ ਅੱਜਕੱਲ੍ਹ ਪ੍ਰਚਲਤ ਦ੍ਰਿੱਕ ਗਣਿਤ ਵਾਲੇ ਕੈਲੰਡਰ ਦੀਆਂ ਸੰਗਰਾਂਦਾਂ ਜੇ ਪਿਛਲਖੁਰੀ ਗਿਣੀਆਂ ਜਾਣ ਤਾਂ ਗੁਰੂ ਕਾਲ ਸਮੇਂ ਪ੍ਰਚਲਤ ਕੈਲੰਡਰ (ਸੂਰਜੀ ਸਿਧਾਂਤ) ਸੰਮਤ ੧੫੨੬ (1469-70 ਈ:) ਵਿੱਚ ਕੇਵਲ ਕੱਤਕ ਦੇ ਮਹੀਨੇ ਨੂੰ ਛੱਡ ਕੇ ਬਾਕੀ ਸਭਨਾਂ ਮਹੀਨਿਆਂ ਦੀਆਂ ਸੰਗਰਾਂਦਾਂ ਗੁਰੂ ਕਾਲ ਵਾਲੇ ਕੈਲੰਡਰ ਦੀਆਂ ਸੰਗਰਾਂਦਾਂ ਨਾਲੋਂ ਇੱਕ-ਇੱਕ ਦਿਨ ਬਾਅਦ ਵਿੱਚ ਆਉਂਦੀਆਂ ਸਨ। ਮੌਜੂਦਾ ਪ੍ਰਚਲਤ ਬਿਕਰਮੀ ਕੈਲੰਡਰ ਦੇ ਚੇਤ ਮਹੀਨੇ ਦੀ ਸੰਗਰਾਂਦ ਤਾਂ ਗੁਰੂ ਕਾਲ ਵਾਲੇ ਕੈਲੰਡਰ ਦੀ ਸੰਗਰਾਂਦ ਨਾਲੋਂ 2 ਦਿਨ ਬਾਅਦ ਵਿੱਚ ਬਣਦੀ ਹੈ; ਜਦੋਂ ਕਿ ਸੰਨ 2020 ਵਿੱਚ ਮਾਘ, ਹਾੜ, ਭਾਦੋਂ, ਅੱਸੂ, ਮੱਘਰ ਅਤੇ ਪੋਹ ਮਹੀਨਿਆਂ ਦੀਆਂ 6 ਸੰਗਰਾਂਦਾਂ ਗੁਰੂਕਾਲ ਵਾਲੇ ਕੈਲੰਡਰ ਦੀਆਂ ਸੰਗਰਾਂਦਾਂ ਨਾਲੋਂ 1-1 ਦਿਨ ਪਹਿਲਾਂ ਆ ਰਹੀਆਂ ਹਨ ਅਤੇ ਸੰਨ 3000 ਵਿੱਚ ਸਾਰੀਆਂ

ਮਹੀਨਿਆਂ ਦੇ ਨਾਮ	ਸੰਮਤ ੧੫੨੬ ਬਿਕਰਮੀ (1469-70 ਈ:)		ਸੰਮਤ ੨੦੭੮ ਬਿਕਰਮੀ (2021-22 ਈ:)		ਸੰਮਤ ੩੦੫੭ ਬਿਕਰਮੀ (3000-01 ਈ:)	
	ਸੂਰਜੀ ਸਿਧਾਂਤ ਦੀ ਸੰਗਰਾਂਦ	ਦ੍ਰਿਕ ਸਿਧਾਂਤ ਦੀ ਸੰਗਰਾਂਦ	ਸੂਰਜੀ ਸਿਧਾਂਤ ਦੀ ਸੰਗ੍ਰਾਂਦ	ਦ੍ਰਿਕ ਸਿਧਾਂਤ ਦੀ ਸੰਗਰਾਂਦ	ਸੂਰਜੀ ਸਿਧਾਂਤ ਦੀ ਸੰਗ੍ਰਾਂਦ	ਦ੍ਰਿਕ ਸਿਧਾਂਤ ਦੀ ਸੰਗਰਾਂਦ
ਵੈਸਾਖ	27 ਮਾਰਚ	28 ਮਾਰਚ	13 ਅਪ੍ਰੈਲ	13 ਅਪ੍ਰੈਲ	30 ਅਪ੍ਰੈਲ	27 ਅਪ੍ਰੈਲ
ਜੇਠ	27 ਅਪ੍ਰੈਲ	28 ਅਪ੍ਰੈਲ	14 ਮਈ	14 ਮਈ	31 ਮਈ	28 ਮਈ
ਹਾੜ	28 ਮਈ	29 ਮਈ	15 ਜੂਨ	15 ਜੂਨ	1 ਜੁਲਾਈ	28 ਜੂਨ
ਸਾਵਣ	29 ਜੂਨ	30 ਜੂਨ	16 ਜੁਲਾਈ	16 ਜੁਲਾਈ	2 ਅਗਸਤ	30 ਜੁਲਾਈ
ਭਾਦੋਂ	30 ਜੁਲਾਈ	31 ਜੁਲਾਈ	17 ਅਗਸਤ	16 ਅਗਸਤ	2 ਸਤੰਬਰ	30 ਅਗਸਤ
ਅੱਸੂ	30 ਅਗਸਤ	31 ਅਗਸਤ	17 ਸਤੰਬਰ	16 ਸਤੰਬਰ	3 ਅਕਤੂਬਰ	30 ਸਤੰਬਰ
ਕੱਤਕ	30 ਸਤੰਬਰ	30 ਸਤੰਬਰ	17 ਅਕਤੂਬਰ	17 ਅਕਤੂਬਰ	3 ਨਵੰਬਰ	31 ਅਕਤੂਬਰ
ਮੱਘਰ	29 ਅਕਤੂਬਰ	30 ਅਕਤੂਬਰ	16 ਨਵੰਬਰ	16 ਨਵੰਬਰ	3 ਦਸੰਬਰ	30 ਨਵੰਬਰ
ਪੋਹ	28 ਨਵੰਬਰ	29 ਨਵੰਬਰ	16 ਦਸੰਬਰ	15 ਦਸੰਬਰ	1 ਜਨਵਰੀ	29 ਦਸੰਬਰ
ਮਾਘ	27 ਦਸੰਬਰ	28 ਦਸੰਬਰ	14 ਜਨਵਰੀ	14 ਜਨਵਰੀ	30 ਜਨਵਰੀ	28 ਜਨਵਰੀ
ਫ਼ੱਗਣ	26 ਜਨਵਰੀ	27 ਜਨਵਰੀ	12 ਫ਼ਰਵਰੀ	12 ਫ਼ਰਵਰੀ	1 ਮਾਰਚ	26 ਫ਼ਰਵਰੀ
ਚੇਤ	24 ਫ਼ਰਵਰੀ	26 ਫ਼ਰਵਰੀ	14 ਮਾਰਚ	14 ਮਾਰਚ	31 ਮਾਰਚ	28 ਮਾਰਚ

ਹੀ ਸੰਗਰਾਂਦਾਂ 3-3 ਦਿਨ ਪਹਿਲਾਂ ਆਉਣਗੀਆਂ। ਜੇ ਕਿਸੇ ਨੂੰ ਕੈਲਕੂਲੇਟਰ ਨਾਲ ਚੈੱਕ ਕਰਨ ਦੀ ਜਾਚ ਨਹੀਂ ਤਾਂ ਉਹ ਪੰਜਾਬ ਵਿੱਚ ਛਪੀ ਇੱਕ ਪੰਚਾਂਗ ਅਤੇ ਦੂਸਰੀ ਪੰਚਾਂਗ ਜੋ ਵਾਰਾਨਸ਼ੀ ਵਿੱਚ ਛਪੀ ਹੋਵੇ (ਸ਼੍ਰੀ ਗਣੇਸ਼ ਅੱਪਾ ਪੰਚਾਂਗ ਜਾਂ ਰੁਪੇਸ਼ ਠਾਕੁਰ ਪ੍ਰਸ਼ਾਦ ਪੰਚਾਂਗ ਵਾਲਾ ਕੈਲੰਡਰ) ਦੋਵਾਂ ਦਾ ਮਿਲਾਨ ਕਰਕੇ ਵੇਖ ਸਕਦਾ ਹੈ ਕਿ ਸਾਲ 2020 ਵਿੱਚ 6 ਸੰਗ੍ਰਾਂਦਾਂ 'ਚ 1-1 ਦਿਨ ਦਾ ਫ਼ਰਕ ਹੋਣ ਕਰਕੇ ਇਨ੍ਹਾਂ ਦੇ ਸਾਰੇ ਪ੍ਰਵਿਸ਼ਟਿਆਂ ਅਤੇ ਬਹੁਤ ਸਾਰੀਆਂ ਤਿੱਥਾਂ ਵਿੱਚ 1-1 ਦਿਨ ਦਾ ਫ਼ਰਕ ਹੈ।

ਇਸੇ ਤਰ੍ਹਾਂ ਬਹੁਤ ਸਾਰੀਆਂ ਚੰਦਰਮਾਂ ਦੀਆਂ ਤਿੱਥਾਂ ਵਿੱਚ ਵੀ ਇੱਕ ਦਿਨ ਦਾ ਫ਼ਰਕ ਹੋ ਸਕਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤ ਦਿਹਾੜੇ ਅਤੇ ਗੁਰੂ ਹਰਿਰਾਇ ਸਾਹਿਬ ਜੀ ਦੇ ਗੁਰਗੱਦੀ ਪੁਰਬ ਵਿੱਚ ਤਾਂ ਪੂਰੇ ਇੱਕ ਮਹੀਨੇ ਦਾ ਫ਼ਰਕ ਪਵੇਗਾ ਕਿਉਂਕਿ ਸੰਮਤ ੧੭੦੧ ਬਿਕਰਮੀ ਵਿੱਚ ਸੂਰਜੀ ਸਿਧਾਂਤ ਮੁਤਾਬਿਕ ਚੇਤ ਦਾ ਮਹੀਨਾ ਅਧਿੱਕ ਹੈ ਅਤੇ ਦ੍ਰਿਕ ਗਣਿਤ ਮੁਤਾਬਿਕ ਫ਼ੱਗਣ ਦਾ ਮਹੀਨਾ ਅਧਿੱਕ ਹੋਵੇਗਾ। ਕਰਨਲ ਨਿਸ਼ਾਨ ਅਤੇ ਉਨ੍ਹਾਂ ਦਾ ਸਹਾਰਾ ਲੈ ਕੇ ਨਾਨਕਸ਼ਾਹੀ ਕੈਲੰਡਰ ਦੀਆਂ ਤਾਰੀਖ਼ਾਂ ਨੂੰ ਪਿਛਲਖੁਰੀ ਤਾਰੀਖ਼ਾਂ ਗਿਣ ਕੇ ਮਿਲਾਉਣ ਦੀ ਰੱਟ ਲਾਉਣ ਵਾਲੇ ਇਸ ਕੈਲਕੂਲੇਟਰ ਦੇ ਸਹਾਰੇ ਵੇਖ ਸਕਦੇ ਹਨ ਕਿ ਉਨ੍ਹਾਂ ਵੱਲੋਂ ਮਿਥੀਆਂ ਸ਼ੁੱਧ ਤਾਰੀਖ਼ਾਂ ਅਤੇ ਮਿਥੀਆਂ ਹੋਈਆਂ ਕੁਦਰਤੀ ਸੰਗਰਾਂਦਾਂ ਦ੍ਰਿਕ ਗਣਿਤ ਅਨੁਸਾਰ ਪਿਛਲਖੁਰੀ ਗਿਣੀਆਂ ਜਾਣ 'ਤੇ ਉਹ ਸਾਰੀਆਂ ਦੀਆਂ ਸਾਰੀਆਂ ਗਲਤ ਹੋ ਜਾਣਗੀਆਂ। ਨਾਨਕਸ਼ਾਹੀ ਕੈਲੰਡਰ ਦੇ ਜਿਹੜੇ ਵਿਰੋਧੀ ਦੋ ਦੋ ਸੰਗ੍ਰਾਂਦਾਂ ਆਉਣ ਅਤੇ ਗੁਰੂ ਕਾਲ ਵਾਲੇ ਕੈਲੰਡਰ ਨੂੰ ਨਾ ਛੱਡਣ ਦਾ ਸ਼ੋਰ ਪਾ ਰਹੇ ਹਨ ਉਨ੍ਹਾਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਗੁਰੂ ਕਾਲ ਵਾਲਾ ਕੈਲੰਡਰ ਤਾਂ ਉਹ 1964 ਵਿੱਚ ਹੀ ਛੱਡ ਚੁੱਕੇ ਹਨ ਅਤੇ ਜੇ ਨਵੇਂ ਦ੍ਰਿੱਕ ਗਣਿਤ ਦੀਆਂ 2-2 ਸੰਗ੍ਰਾਂਦਾਂ ਉਨ੍ਹਾਂ ਨੂੰ ਪ੍ਰਵਾਨ ਹਨ ਤਾਂ ਨਾਨਕਸ਼ਾਹੀ ਕੈਲੰਡਰ ਅਪਣਾਉਣ ਵਿੱਚ ਉਨ੍ਹਾਂ ਨੂੰ ਕੀ ਮੁਸ਼ਕਿਲ ਹੈ? ਜੇ ਪੰਡਿਤਾਂ ਵੱਲੋਂ 1964 ਵਿੱਚ ਕੀਤੀ ਸੋਧ ਇਨ੍ਹਾਂ ਨੂੰ ਪ੍ਰਵਾਨ ਹੈ ਤਾਂ ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਕੀਤੀ 11 ਮੈਂਬਰੀ ਕੈਲੰਡਰ ਕਮੇਟੀ ਵੱਲੋਂ ਕੀਤੀ ਸੋਧ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਪਾਸ ਕਰਨ ਉਪ੍ਰੰਤ ਜਥੇਦਾਰ ਸ਼੍ਰੀ ਅਕਾਲ ਤਖ਼ਤ ਵੱਲੋਂ 2003 ਵਿੱਚ ਲਾਗੂ ਕੀਤਾ ਨਾਨਕਸ਼ਾਹੀ ਕੈਲੰਡਰ ਇਨ੍ਹਾਂ ਨੂੰ ਪ੍ਰਵਾਨ ਕਿਉਂ ਨਹੀਂ ਹੈ? ਦੂਸਰਾ ਸਵਾਲ ਇਹ ਵੀ ਬਣਦਾ ਹੈ ਕਿ ਭਾਰਤ ਸਰਕਾਰ ਵੱਲੋਂ ਵਰਤਿਆ ਜਾ ਰਿਹਾ ਸਾਕਾ ਕੈਲੰਡਰ ਜੇ ਕੱਲ੍ਹ ਨੂੰ ਪੰਜਾਬ ਦੇ ਹਿੰਦੂਆਂ ਨੇ ਵੀ ਪ੍ਰਵਾਨ ਕਰ ਲਿਆ ਤਾਂ ਕੀ ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ ਉਸ ਨੂੰ ਵੀ ਦ੍ਰਿਕ ਗਣਿਤ ਵਾਲੇ ਕੈਲੰਡਰ ਵਾਂਙ ਬਿਨਾ ਹੀਲ ਹੁੱਜਤ ਅਪਣਾ ਲੈਣਗੇ ਜਾਂ ਮੁੜ ਸੂਰਜੀ ਸਿਧਾਂਤ ਵਾਲਾ ਕੈਲੰਡਰ ਅਪਣਾਉਣਗੇ?

ਇਸ ਪੁਸਤਕ ਵਿੱਚ ਗੁਰੂ ਕਾਲ ਤੋਂ ਲੈ ਕੇ 2 ਸਤੰਬਰ ਸੰਨ 1752 ਈਸਵੀ ਵਿੱਚ ਕੀਤੀ ਸੋਧ ਤੱਕ ਦੀਆਂ ਦਿੱਤੀਆਂ ਸਾਰੀਆਂ ਅੰਗਰੇਜ਼ੀ ਤਾਰੀਖ਼ਾਂ ਜੂਲੀਅਨ ਕੈਲੰਡਰ ਦੀਆਂ ਹਨ ਅਤੇ 14 ਸਤੰਬਰ 1752 ਤੋਂ ਬਾਅਦ ਦੀਆਂ ਸਾਰੀਆਂ ਤਾਰੀਖ਼ਾਂ ਗ੍ਰੈਗੋਰੀਅਨ ਕੈਲੰਡਰ ਦੀਆਂ ਹਨ। ਇਸੇ ਤਰ੍ਹਾਂ ਗੁਰੂਕਾਲ ਤੋਂ ਲੈ ਕੇ ਸੰਨ 1964 ਤੱਕ ਬਿਕਰਮੀ ਕੈਲੰਡਰ ਦੀਆਂ ਦਰਜ ਤਿੱਥਾਂ/ਤਾਰੀਖ਼ਾਂ; ਸੂਰਜੀ ਸਿਧਾਂਤ ਦੀਆਂ ਹਨ ਕਿਉਂਕਿ ਉਸ ਸਮੇਂ ਦੌਰਾਨ ਉਹੀ ਕੈਲੰਡਰ ਲਾਗੂ ਸੀ ਅਤੇ 1964 ਤੋਂ 1999 ਤੱਕ ਦੀਆਂ ਬਿਕਰਮੀ ਤਿੱਥਾਂ/ਤਾਰੀਖ਼ਾਂ ਦ੍ਰਿਕ ਗਣਿਤ ਸਿਧਾਂਤ ਵਾਲੇ ਕੈਲੰਡਰ ਦੀਆਂ ਹਨ ਕਿਉਂਕਿ ਸੋਧ ਉਪ੍ਰੰਤ ਪੰਜਾਬ ਵਿੱਚ ਹੁਣ ਇਹੀ ਕੈਲੰਡਰ ਲਾਗੂ ਹੈ। ੧ ਵੈਸਾਖ ਸੰਮਤ ੨੦੫੬ (14 ਅਪ੍ਰੈਲ 1999) ਜਦੋਂ ਬਿਕਰਮੀ ਕੈਲੰਡਰ ਦਾ ਤਿਆਗ ਕਰਕੇ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਗਿਆ ਸੀ; ਉਸ ਤੋਂ ਬਾਅਦ ਦੀਆਂ ਸਾਰੀਆਂ ਤਾਰੀਖ਼ਾਂ ਨਾਨਕਸ਼ਾਹੀ ਕੈਲੰਡਰ ਦੀਆਂ ਦਿੱਤੀਆਂ ਗਈਆਂ ਹਨ। ਕੈਲੰਡਰ ਸੋਧ ਦੇ ਅੰਤਰਾਸ਼ਟਰੀ ਨਿਯਮਾਂ ਅਨੁਸਾਰ ਗੁਰ ਪੁਰਬਾਂ ਲਈ ਨਾਨਕਸ਼ਾਹੀ ਕੈਲੰਡਰ ਲਾਗੂ ਹੋਣ ਦੀ ਮਿਤੀ ਨਾ: ਸ਼ਾ: ਸੰਮਤ ੫੩੧ (14 ਮਾਰਚ 1999) ਤੋਂ ਪਹਿਲਾਂ ਦੀਆਂ ਸਾਰੀਆਂ ਤਾਰੀਖ਼ਾਂ ਉਸ ਸਮੇਂ ਪ੍ਰਚੱਲਤ ਬਿਕਰਮੀ ਕੈਲੰਡਰਾਂ ਦੇ ਪ੍ਰਵਿਸ਼ਟਿਆਂ ਨੂੰ ਹੀ ਨਾਨਕਸ਼ਾਹੀ ਪ੍ਰਵਿਸ਼ਟਿਆਂ ਵਜੋਂ ਮਾਣਤਾ ਦਿੱਤੀ ਗਈ ਹੈ। ਜੇ ਸੋਧ ਤੋਂ ਪਹਿਲੀਆਂ ਤਾਰੀਖ਼ਾਂ ਦੀ ਗਣਿਤ ਕਰਨ ਦੀ ਲੋੜ ਪਵੇ ਤਾਂ ਅੰਤਰਾਸ਼ਟਰੀ ਨਿਯਮਾਂ ਮੁਤਾਬਿਕ ਉਨ੍ਹਾਂ ਸਮਿਆਂ ਦੌਰਾਨ ਪ੍ਰਚਲਤ ਬਿਕਰਮੀ ਕੈਲੰਡਰਾਂ ਅਨੁਸਾਰ ਹੀ ਕੀਤੀ ਜਾਵੇਗੀ ਨਾ ਕਿ ਨਾਨਕਸ਼ਾਹੀ ਕੈਲੰਡਰ ਮੁਤਾਬਿਕ, ਕਿਉਂਕਿ ਉਸ ਸਮੇਂ ਇਹ ਲਾਗੂ ਹੀ ਨਹੀਂ ਸੀ।

ਨਾਨਕਸ਼ਾਹੀ ਸੰਮਤ ਦੇ ਸਾਲ ਦੀ ਲੰਬਾਈ ਦੁਨੀਆਂ ਭਰ ਵਿੱਚ ਪ੍ਰਚਲਤ ਗ੍ਰੈਗੋਰੀਅਨ ਕੈਲੰਡਰ ਦੇ ਸਾਲ ਦੇ ਬਰਾਬਰ 365.2425 ਦਿਨ ਰੱਖੀ ਗਈ ਹੈ ਜੋ ਰੁੱਤੀ ਸਾਲ ਦੀ ਲੰਬਾਈ 365.242196 ਦਿਨਾਂ ਨਾਲੋਂ ਕੇਵਲ 0.000304 ਦਿਨ ਵੱਧ ਹੋਣ ਕਰਕੇ 3300 ਸਾਲਾਂ ਵਿੱਚ ਕੇਵਲ 1 ਦਿਨ ਦਾ ਹੀ ਫ਼ਰਕ ਪਵੇਗਾ ਜਦੋਂ ਕਿ ਬਿਕਰਮੀ ਕੈਲੰਡਰ 72 ਸਾਲਾਂ ਵਿੱਚ ਹੀ 1 ਦਿਨ ਦਾ ਫ਼ਰਕ ਪਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ 27 ਮਾਰਚ 1469 ਨੂੰ ਹੋਇਆ ਸੀ ਇਸ ਲਈ 1469 ਤੋਂ ਨਾਨਕਸ਼ਾਹੀ ਸੰਮਤ ੧ ਸ਼ੁਰੂ ਹੋਵੇਗਾ। 1999 ਵਿੱਚ ੧ ਵੈਸਾਖ 14 ਅਪ੍ਰੈਲ ਨੂੰ ਨਾਨਕਸ਼ਾਹੀ ਕੈਲੰਡਰ ਲਾਗੂ ਹੋਇਆ ਸੀ ਅਤੇ ਅੱਗੇ ਤੋਂ ਹਮੇਸ਼ਾਂ ਲਈ ਵੈਸਾਖੀ 14 ਅਪ੍ਰੈਲ ਨੂੰ ਹੀ ਆਇਆ ਕਰੇਗੀ।

ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਦੋਵੇਂ ਬਾਰਹ ਮਾਹਾ ਦਾ ਪਹਿਲਾ ਮਹੀਨਾ ਚੇਤ ਹੈ ਇਸ ਕਰਕੇ ਨਾਨਕਸ਼ਾਹੀ ਸੰਮਤ ਦਾ ਪਹਿਲਾ ਮਹੀਨਾ ਚੇਤ ਰੱਖਿਆ ਗਿਆ ਹੈ ਅਤੇ ਬਾਰਹ ਮਾਹਾ 'ਚ ਮਹੀਨਿਆਂ ਦੀ ਤਰਤੀਬ ਮੁਤਾਬਿਕ ਅਗਲੇ ਮਹੀਨੇ ਵੈਸਾਖ, ਜੇਠ, ਹਾੜ .... ਆਦਿਕ ਅਤੇ ਅਖੀਰਲਾ ਮਹੀਨਾ ਫ਼ੱਗਣ ਰੱਖਿਆ ਗਿਆ ਹੈ। ਨਾਨਕਸ਼ਾਹੀ ਕੈਲੰਡਰ ਦੇ ਮਹੀਨਿਆਂ ਦੇ ਆਰੰਭ ਭਾਵ ਪਹਿਲੀ ਤਾਰੀਖ਼ ਦਾ ਰਾਸ਼ੀ ਤਬਦੀਲੀ ਨਾਲ ਕੋਈ ਸਬੰਧ ਨਹੀਂ ਹੈ। ੧ ਵੈਸਾਖ

ਤੋਂ ਬਾਅਦ ਵੈਸਾਖ, ਜੇਠ, ਹਾੜ, ਸਾਵਣ 4 ਮਹੀਨਿਆਂ ਦੇ 31-31 ਦਿਨ ਗਿਣ ਕੇ ਕ੍ਰਮਵਾਰ ਅਗਲੇ ਮਹੀਨਿਆਂ ਦੀ ਪਹਿਲੀ ਤਾਰੀਖ਼ ਹੋਵੇਗੀ। ਇਸ ਤੋਂ ਬਾਅਦ ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ, ਫ਼ੱਗਣ 7 ਮਹੀਨੇ 30-30 ਦਿਨ ਪੂਰੇ ਕਰਕੇ ਅਗਲੇ ਮਹੀਨਿਆਂ ਦੀ ਪਹਿਲੀ ਤਾਰੀਖ਼ ਆਉਂਦੀ ਹੈ। ਲੀਪ ਦੇ ਸਾਲ ਵਿੱਚ ਫ਼ੱਗਣ ਦਾ ਮਹੀਨਾ 31 ਦਿਨ ਦਾ ਹੋ ਜਾਂਦਾ ਹੈ। ਇਸ ਤੋਂ ਬਾਅਦ ਚੇਤ ਮਹੀਨੇ ਦੇ 31 ਦਿਨ ਗਿਣਨ ਤੋਂ ਬਾਅਦ ਵੈਸਾਖੀ ਮੁੜ 14 ਅਪ੍ਰੈਲ ਨੂੰ ਹੀ ਆਏਗੀ ਅਤੇ ਹਰ ਸਾਲ ਇਸੇ ਤਾਰੀਖ਼ ਨੂੰ ਹੀ ਆਉਂਦੀ ਰਹੇਗੀ। ਨਾਨਕਸ਼ਾਹੀ ਕੈਲੰਡਰ ਦੇ ਮਹੀਨਿਆਂ ਦੀ ਪਹਿਲੀ ਤਾਰੀਖ਼ ਦਾ ਬਿਕਰਮੀ ਕੈਲੰਡਰ ਦੀਆਂ ਸੰਗਰਾਂਦਾਂ ਨਾਲ ਕੋਈ ਸਬੰਧ ਨਹੀਂ ਹੈ ਭਾਵੇਂ ਕਿ ਦੇਸੀ ਮਹੀਨਿਆਂ ਦੀ ਪਹਿਲੀ ਤਾਰੀਖ਼ ਦਾ ਨਾਮ ਆਮ ਬੋਲ-ਚਾਲ ਵਿੱਚ ਸੰਗਰਾਂਦ ਪ੍ਰਚਲਤ ਹੋਣ ਕਰਕੇ ਇਸ ਪਹਿਲੀ ਤਾਰੀਖ਼ ਨੂੰ ਵੀ ਸੰਗਰਾਂਦ ਹੀ ਕਿਹਾ ਜਾਣ ਲੱਗ ਪਿਆ ਹੈ।

ਸੂਰਜ ਉਦੈ ਅਸਤ ਦੇ ਸਮੇਂ(ਉਚਾਈ ਸਮੁੰਦਰੀ ਤਲ ਦੇ ਬਰਾਬਰ ਮੰਨ ਕੇ), ਆਇਨਅੰਸ਼ (ਸਵੇਰੇ 5.30 ਵਜੇ ਭਾਰਤੀ ਸਟੈਂਡਰਡ ਟਾਈਮ) ਤੇ ਸੂਰਜ ਕ੍ਰਾਂਤੀ (ਸੂਰਜ ਚੜ੍ਹਨ ਸਮੇਂ) ਆਦਿਕ ਸ: ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕੀਤੇ ਐਕਸਲ(Excel) ਪ੍ਰੋਗਰਾਮ ਨਾਲ ਕੈਲਕੂਲੇਟ ਕੀਤੇ ਗਏ ਹਨ। ਪ੍ਰਾਪਤ ਹੋਏ ਨਤੀਜਿਆਂ ਨੂੰ (dateandtime.com, NOAA & NASA) ਆਦਿਕ ਵਿਸ਼ਵਾਸ਼ ਯੋਗ ਸਾਈਟਾਂ ਨਾਲ ਮਿਲਾ ਕੇ ਵੇਖਿਆ ਤਾਂ ਇਹ ਤਕਰੀਬਨ ਇੱਕ ਦੂਸਰੇ ਨਾਲ ਮਿਲਦੇ ਹਨ ਸਿਵਾਏ ਕੁਝ ਕੁ ਤਾਰੀਖ਼ਾਂ 'ਚ ਇੱਕ ਮਿੰਟ ਤੋਂ ਵੱਧ ਦਾ ਫ਼ਰਕ ਨਹੀਂ ਮਿਲਿਆ। ਇਹ ਇਸ ਕਾਰਨ ਹੈ ਕਿਉਂਕਿ ਸੂਰਜ ਚੜ੍ਹਨ ਦਾ ਸਮਾਂ ਜਿਵੇਂ ਸਾਨੂੰ ਵਿਖਾਈ ਦਿੰਦਾ ਹੈ, ਉਸ ਸਥਾਨ ਦੀ ਰਿਫ਼ਰੈਕਸ਼ਨ, ਅਕਸ਼ਾਂਸ਼, ਰੇਖਾਂਸ਼, ਸਮੁੰਦਰੀ ਤਲ ਤੋਂ ਉਚਾਈ ਅਤੇ ਸੂਰਜ ਦੀ ਡੈਕਲੀਨੇਸ਼ਨ 'ਤੇ ਨਿਰਭਰ ਕਰਦਾ ਹੈ। ਰਿਫ਼ਰੈਕਸ਼ਨ ਉਸ ਸਥਾਨ ਦੇ ਵਾਯੂ ਮੰਡਲ ਦੀ ਘਣਤਾ, ਦਬਾਅ, ਤਾਪਮਾਨ ਅਤੇ ਨਮੀ ਆਦਿਕ ਅਸਥਾਈ ਪੈਰਾਮੀਟਰਾਂ 'ਤੇ ਵੀ ਨਿਰਭਰ ਕਰਦੀ ਹੈ। ਇਨ੍ਹਾਂ ਅਸਥਾਈ ਪੈਰਾਮੀਟਰਾਂ ਦਾ ਸਾਲ ਦੋ ਸਾਲ ਪਹਿਲਾਂ ਅੰਦਾਜਾ ਲਾਉਣਾ ਸੰਭਵ ਨਹੀਂ ਇਸ ਕਾਰਨ ਵੱਖ ਵੱਖ ਵਿਦਵਾਨਾਂ ਵੱਲੋਂ ਇਨ੍ਹਾਂ ਸਮਿਆਂ ਨੂੰ ਇੱਕ ਮਿੰਟ ਦੀ ਸ਼ੁੱਧਤਾ ਤੱਕ ਹੀ ਕੈਲਕੂਲੇਟ ਕੀਤਾ ਜਾਂਦਾ ਹੈ ਅਤੇ ਉਪਰਲੇ ਸੈਕੰਡਾਂ ਨੂੰ ਰਾਊਂਡ ਆਫ ਕਰਕੇ ਲਿਖਣ ਸਮੇਂ ਕਦੀ ਕਦਾਈ ਕੁਝ ਫ਼ਰਕ ਪੈ ਸਕਦਾ ਹੈ, ਕਿਉਂਕਿ ਕਿਸੇ ਨੇ ਉਪਰਲੇ 29 ਸੈਕੰਡਾਂ ਨੂੰ ਰਾਊਂਡ ਆਫ਼ ਕਰਨ ਸਮੇਂ ਛੱਡ ਦਿੱਤਾ ਅਤੇ ਕਿਸੇ ਨੇ 31 ਸੈਕੰਡ ਆਉਣ ਕਰਕੇ ਉਸ ਦਾ ਇੱਕ ਮਿੰਟ ਬਣਾ ਕੇ ਲਿਖ ਦਿੱਤਾ। ਕਹਿਣ ਦਾ ਭਾਵ ਹੈ ਕਿ ਭਾਵੇਂ ਲਿਖਣ ਵਿੱਚ ਫ਼ਰਕ ਇੱਕ ਮਿੰਟ ਦਾ ਜਾਪਦਾ ਹੈ ਪਰ ਅਸਲ ਵਿੱਚ ਕੁਝ ਸੈਕੰਡਾਂ ਦਾ ਹੀ ਹੁੰਦਾ ਹੈ। ਸੂਰਜ ਚੜ੍ਹਨ ਅਤੇ ਛਿਪਣ ਦੇ ਸਮੇਂ ਅੰਤਰਾਸ਼ਟਰੀ ਨਿਯਮਾਂ ਅਨੁਸਾਰ ਰਿਫ਼ਰੈਕਸ਼ਨ ਸੋਧ ਲਾ ਕੇ ਭਾਵ ਜਿਵੇਂ ਸਾਨੂੰ ਮੌਕੇ 'ਤੇ ਸੂਰਜ ਦੀ ਉਪਰਲੀ ਸਤਹ (The upper limb of sun) ਵਿਖਾਈ ਦਿੰਦੀ ਹੈ; ਉਸ ਅਨੁਸਾਰ ਲਿਖੇ ਗਏ ਹਨ ਅਤੇ ਸਾਰੇ ਸਮੇਂ ਅੰਮ੍ਰਿਤਸਰ ਦੀਆਂ ਰੇਖਾਂਸ਼ ਅਤੇ ਅਕਸਾਂਸ਼ ਅਨੁਸਾਰ ਦਿੱਤੇ ਗਏ ਹਨ।

ਸਮਾਂ ਸੂਚੀ ਸਾਰਣੀ ਵਿੱਚ ਹਰ ਮਹੀਨੇ ਦੇ ਆਰੰਭ ਵਾਲੀ ਮਿਤੀ ਦੇ ਆਇਨਅੰਸ਼ ਜੋ ਅੱਜ ਕੱਲ੍ਹ 24° ਤੋਂ ਉਪਰ ਚੱਲ ਰਹੇ ਹਨ ਅਤੇ ਲਗਭਗ 50.29" ਪ੍ਰਤੀ ਸਾਲ ਦੇ ਹਿਸਾਬ ਨਾਲ ਵਧ ਰਿਹਾ ਹੈ। ਕਿਉਂਕਿ ਸੂਰਜ ਦੁਆਲੇ ਧਰਤੀ ਦਾ ਇੱਕ ਚੱਕਰ (360°) ਪੂਰਾ ਕਰਨ ਵਿੱਚ 365/366 ਦਿਨ ਲਗਦੇ ਹਨ। ਇਸ ਹਿਸਾਬ ਨਾਲ 1° ਦਾ ਸਫਰ ਲਗਭਗ 1 ਦਿਨ ਵਿੱਚ ਤੈਅ ਹੁੰਦਾ ਹੈ। ਸੋ ਆਈਨਅੰਸ਼ 24° ਦਾ ਭਾਵ ਹੈ ਕਿ ਭਾਰਤੀ ਪੰਚਾਂਗਾਂ ਜੋ ਬਿਕਰਮੀ ਕੈਲੰਡਰ ਦੇ ਨਿਯਮਾਂ ਮੁਤਾਬਿਕ ਨਿਰਆਇਨ ਭਾਵ ਆਇਨਅੰਸ਼ ਤੋਂ ਬਿਨਾਂ ਕੈਲੰਡਰ ਤਿਆਰ ਕੀਤਾ ਜਾਂਦਾ ਹੈ ਉਸ ਵਿੱਚ 285 ਈਸਵੀ ਜਦੋਂ ਕਿ ਆਇਨਅੰਸ਼ 0° ਮੰਨਿਆ ਗਿਆ ਸੀ; ਨਾਲੋਂ ਹੁਣ ਤੱਕ ਰੁੱਤਾਂ ਦਾ 24 ਦਿਨਾਂ ਦਾ ਫ਼ਰਕ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਹੁਣ ਤੱਕ 8 ਦਿਨਾਂ ਦਾ ਫ਼ਰਕ ਪੈ ਚੁੱਕਾ ਹੈ। ਨਾਨਕਸ਼ਾਹੀ ਕੈਲੰਡਰ ਬਣਾਉਣ ਸਮੇਂ ਇਸੇ ਖ਼ਿਆਲ ਨੂੰ ਅੱਗੇ ਰੱਖਿਆ ਗਿਆ ਹੈ ਕਿ ਜਿਹੜਾ ਫ਼ਰਕ ਪੈ ਚੁੱਕਾ ਹੈ ਉਸ ਨੂੰ ਇੱਥੇ ਹੀ ਰੋਕਿਆ ਜਾਵੇ ਭਾਵ ਹੋਰ ਫ਼ਰਕ ਨਾ ਪਵੇ।

ਕੋਸ਼ਿਸ਼ ਕੀਤੀ ਗਈ ਹੈ ਕਿ ਇਸ ਪੁਸਤਕ ਵਿੱਚ ਦਰਜ ਸਾਰੀਆਂ ਬਿਕਰਮੀ ਤਾਰੀਖ਼ਾਂ ਅਤੇ ਸੰਮਤ ਗੁਰਮੁਖੀ ਅੰਕਾਂ ਵਿੱਚ ਅਤੇ ਅੰਗਰੇਜੀ ਕੈਲੰਡਰਾਂ ਦੀਆਂ ਤਾਰੀਖ਼ਾਂ ਅੰਗਰੇਜ਼ੀ ਅੰਕਾਂ ਵਿੱਚ ਲਿਖੀਆਂ ਜਾਣ ਤਾ ਕਿ ਆਸਾਨੀ ਨਾਲ ਉਨ੍ਹਾਂ ਦੀ ਪਹਿਚਾਣ ਹੋ ਸਕੇ। ਤਾਰੀਖ਼ਾਂ ਲਿਖਣ ਸਮੇਂ ਹਰ ਸੰਭਵ ਕੋਸ਼ਿਸ਼ ਕੀਤੀ ਗਈ ਹੈ ਕਿ ਸ਼ੁਧਤਾ ਕਾਇਮ ਰਵੇ ਪਰ ***"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥"*** ਦੇ ਮਹਾਂਵਾਕ ਅਨੁਸਾਰ ਮਨੁੱਖ ਗਲਤੀਆਂ ਦਾ ਪੁਤਲਾ ਹੈ ਇਸ ਲਈ ਅੰਕਾਂ ਦੀ ਭਰਮਾਰ ਹੋਣ ਕਰਕੇ ਗਣਿਤ ਅਤੇ ਟਾਈਪ ਕਰਦੇ ਸਮੇ ਕੁਝ ਗਲਤੀਆਂ ਰਹਿ ਸਕਦੀਆਂ ਹਨ। ਪਾਠਕਾਂ ਨੂੰ ਬੇਨਤੀ ਹੈ ਕਿ ਜੇ ਕਿਸੇ ਦੇ ਧਿਆਨ ਵਿੱਚ ਕੋਈ ਗ਼ਲਤੀ ਨਜ਼ਰ ਆਉਂਦੀ ਹੈ ਤਾਂ ਉਹ ਇਸ ਲੇਖਕ ਦੇ ਧਿਆਨ ਵਿੱਚ ਜਰੂਰ ਲਿਆ ਦਿੱਤੀ ਜਾਵੇ ਤਾਂ ਕਿ ਅਗਲੇ ਇਸ਼ੂ ਵਿੱਚ ਇਸ ਦੀ ਸੋਧ ਕੀਤੀ ਜਾ ਸਕੇ।

ਕਿਰਪਾਲ ਸਿੰਘ ਬਠਿੰਡਾ

ਵਿਸ਼ੇਸ਼ ਧੰਨਵਾਦ

ਮੈਂ ਸ: ਪਾਲ ਸਿੰਘ ਪੁਰੇਵਾਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹਾਂ ਜਿੰਨ੍ਹਾਂ ਨੇ ਨਿਸ਼ਕਾਮ ਤੌਰ 'ਤੇ ਦਹਾਕਿਆਂ ਵੱਧੀ ਕੈਲੰਡਰ ਵਿਗਿਆਨ ਅਤੇ ਪ੍ਰਚਲਤ ਵੱਖ ਵੱਖ ਕੈਲੰਡਰਾਂ ਦਾ ਡੂੰਘਾ ਅਧਿਆਨ ਕਰਕੇ ਸਿੱਖ ਕੌਮ ਲਈ ਇੱਕ ਸ਼ਾਨਦਾਰ ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ। ਇਨ੍ਹਾਂ ਦੁਆਰਾ ਤਿਆਰ ਕੀਤਾ ਨਾਨਕਸ਼ਾਹੀ ਕੈਲੰਡਰ ਵਿਗਿਆਨ ਅਤੇ ਗੁਰਬਾਣੀ ਦੀ ਕਸਵੱਟੀ 'ਤੇ ਪੂਰਾ ਉਤਰਦਾ ਹੈ; ਬਹੁਤ ਹੀ ਸਰਲ ਅਤੇ ਯਾਦ ਰੱਖਣ ਵਿੱਚ ਅਤਿ ਸੁਖਾਲਾ ਹੋਣ ਤੋਂ ਇਲਾਵਾ ਇਸ ਦੁਆਰਾ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜਿਆਂ ਦੀਆਂ ਇੱਕ ਵਾਰ ਨਿਸਚਿਤ ਕੀਤੀਆਂ ਤਾਰੀਖ਼ਾਂ ਹਮੇਸ਼ਾਂ ਲਈ ਉਨ੍ਹਾਂ ਹੀ ਨਾਨਕਸ਼ਾਹੀ ਅਤੇ ਸਾਂਝੇ ਸਾਲ ਦੀਆਂ ਤਾਰੀਖ਼ਾਂ ਨੂੰ ਆਉਂਦੀਆਂ ਹਨ। ਵੈਸੇ ਇਹ ਕੌਮ ਦੀ ਬਦਕਿਸਮਤੀ ਹੈ ਕਿ ਇਸ ਦੇ ਆਗੂਆਂ ਤੇ ਸਿਰਮੌਰ ਪੰਥਕ ਜਥੇਬੰਦੀਆਂ ਨੇ ਕਦੀ ਵੀ ਖੋਜੀ ਵਿਦਵਾਨਾਂ ਦੀ ਕਦਰ ਨਹੀਂ ਕੀਤੀ। ਭਾਵੇਂ ਕਈ ਵਾਰ ਇੱਕ ਸਿਰੋਪਾ ਤਾਂ ਗਲ ਵਿੱਚ ਪਾ ਹੀ ਦਿੱਤਾ ਜਾਵੇ ਪਰ ਉਨ੍ਹਾਂ ਦੀਆਂ ਲਿਖਤਾਂ ਨੂੰ ਕੌਮ ਤੱਕ ਪਹੁੰਚਾਉਣ ਦਾ ਸੁਹਿਰਦ ਯਤਨ ਕਦੀ ਨਹੀਂ ਕੀਤਾ। ਠੀਕ ਇਸੇ ਤਰ੍ਹਾਂ ਸ: ਪਾਲ ਸਿੰਘ ਪੁਰੇਵਾਲ ਦੇ ਕੇਸ ਵਿੱਚ ਵੀ ਇਹੋ ਹੋਇਆ ਕਿ ਇੱਕ ਦਹਾਕੇ ਦੀ ਲਗਾਤਾਰ ਮਿਹਨਤ ਉਪ੍ਰੰਤ ਉਨ੍ਹਾਂ ਵੱਲੋਂ ਤਿਆਰ ਕੀਤਾ ਨਾਨਕਸ਼ਾਹੀ ਕੈਲੰਡਰ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਪਾਸ ਕਰਦੇ ਸਮੇਂ ਸ: ਪਾਲ ਸਿੰਘ ਦੀ ਸ਼ਾਲਾਘਾ ਵੀ ਕਰ ਦਿੱਤੀ ਅਤੇ ਬੜੇ ਉਤਸ਼ਾਹ ਨਾਲ 2003 ਦੀ ਵੈਸਾਖੀ ਨੂੰ ਰੀਲੀਜ਼ ਅਤੇ ਲਾਗੂ ਵੀ ਕਰ ਦਿੱਤਾ ਪਰ 7 ਸਾਲ ਬਾਅਦ ਸਿਆਸਤ ਦੀ ਭੇਟ ਚੜ੍ਹਾਉਂਦੇ ਹੋਏ ਡੇਰੇਦਾਰਾਂ ਨੂੰ ਖੁਸ਼ ਕਰਨ ਲਈ ਨਾਨਕਸ਼ਾਹੀ ਕੈਲੰਡਰ ਦਾ ਕਤਲ ਕਰ ਦਿੱਤਾ।

ਸ: ਪਾਲ ਸਿੰਘ ਪੁਰੇਵਾਲ ਆਪਣੀ ਵਡੇਰੀ ਉਮਰ ਹੋਣ ਦੇ ਨਾਤੇ ਕਈ ਗੰਭੀਰ ਬਿਮਾਰੀਆਂ ਤੋਂ ਗ੍ਰਸਤ ਹੋਣ ਦੇ ਬਾਵਜੂਦ ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀਆਂ ਵੱਲੋਂ ਉਠਾਏ ਜਾ ਰਹੇ ਹਰ ਸ਼ੰਕਿਆਂ ਦਾ ਬਹੁਤ ਹੀ ਤਫ਼ਸੀਲ ਨਾਲ ਤੱਥਾਂ ਸਹਿਤ ਲਗਾਤਾਰ ਜਵਾਬ ਦਿੰਦੇ ਆ ਰਹੇ ਹਨ। ਉਨ੍ਹਾਂ ਵੱਲੋਂ ਦਿੱਤੇ ਜਾ ਰਹੇ ਤਕਨੀਕੀ ਸਵਾਲਾਂ ਦੇ ਜਵਾਬ ਪਤਾ ਨਹੀਂ ਵਿਰੋਧੀ ਧਿਰ ਦੀ ਸਮਝ ਵਿੱਚ ਆ ਰਹੇ ਹਨ ਜਾਂ ਉਹ ਸਮਝਣਾ ਹੀ ਨਹੀਂ ਚਾਹੁੰਦੇ ਪਰ ਮੇਰੇ ਵਰਗੇ ਕੈਲੰਡਰ ਵਿਗਿਆਨ ਤੋਂ ਕੋਰੇ ਪਰ ਕੁਝ ਸਿੱਖਣ ਦੀ ਰੁਚੀ ਰੱਖਣ ਵਾਲੇ ਅਨੇਕਾਂ ਜਗਿਆਸੂ ਕੈਲੰਡਰਾਂ ਸਬੰਧੀ ਕਾਫੀ ਕੁਝ ਸਿੱਖਣ ਦੇ ਸਮਰੱਥ ਹੋ ਗਏ ਹਨ।

ਕਿਰਪਾਲ ਸਿੰਘ ਬਠਿੰਡਾ

"ਨਾਨਕਸ਼ਾਹੀ ਕੈਲੰਡਰ ਜਾਰੀ ਕਰਦੇ ਸਮੇਂ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨਾਂ ਦੇ ਸੰਦੇਸ਼

1998 ਤੋਂ 2009 ਤੱਕ ਜਿੰਨੇ ਵੀ ਨਾਨਕਸ਼ਾਹੀ ਕੈਲੰਡਰ ਜਾਰੀ ਹੁੰਦੇ ਰਹੇ ਉਨ੍ਹਾਂ ਦੇ ਪਹਿਲੇ ਪੰਨੇ 'ਤੇ ਤਤਕਾਲੀ ਪ੍ਰਧਾਨਾਂ ਦੇ ਨਾਨਕਸ਼ਾਹੀ ਕੈਲੰਡਰ ਦੇ ਹੱਕ ਵਿੱਚ ਇਸ ਤਰ੍ਹਾਂ ਦੇ ਸੰਦੇਸ਼ ਅਤੇ "ਨਾਨਕਸ਼ਾਹੀ ਕੈਲੰਡਰ ਕਿਉਂ ਤੇ ਕਿਵੇਂ" ਲੇਖ ਛਪਦੇ ਰਹੇ ਸਨ। ਪਰ ਅਖੌਤੀ ਸੋਧ ਤੋਂ ਪਿੱਛੋਂ ਕਿਸੇ ਪ੍ਰਧਾਨ ਦੀ ਹਿੰਮਤ ਨਹੀਂ ਪਈ ਕਿ ਉਹ ਇਸ ਤਰ੍ਹਾਂ ਦਾ ਕੋਈ ਸੰਦੇਸ਼ ਲਿਖ ਸਕਣ ਜਾਂ ਇਹ ਲਿਖ ਸਕਣ ਕਿ ਸੋਧ ਕਿਉਂ ਕੀਤੀ ਗਈ ? ਕਾਰਨ ਇੱਕੋ ਹੈ ਕਿ ਨਾ ਕੈਲੰਡਰ ਵਿਗਿਆਨ ਦੀ ਸੂਝ ਹੈ ਅਤੇ ਨਾ ਹੀ ਇਤਿਹਾਸ ਦੀ; ਕੇਵਲ ਇੱਕ ਸ਼੍ਰੇਣੀ ਨੂੰ ਖੁਸ਼ ਕਰਨ ਲਈ ਕੈਲੰਡਰ ਦਾ ਹੁਲੀਆ ਵਿਗਾੜ ਦਿੱਤਾ। ਪਾਠਕਾਂ ਦੀ ਜਾਣਕਾਰੀ ਹਿੱਤ ਸ: ਪਾਲ ਸਿੰਘ ਪੁਰੇਵਾਲ ਅਤੇ ਡਾ: ਬਲਵੰਤ ਸਿੰਘ ਢਿੱਲੋਂ ਵੱਲੋਂ ਲਿਖਿਆ ਲੇਖ "ਨਾਨਕਸ਼ਾਹੀ ਕੈਲੰਡਰ ਕਿਉਂ ਤੇ ਕਿਵੇਂ" ਜਿਹੜਾ ਕਿ 2003 ਤੋਂ 2009 ਤੱਕ ਹਰ ਸਾਲ ਛਪਦਾ ਰਿਹਾ ਹੈ ਉਹ ਇੱਥੇ ਹੂ-ਬਹੂ ਛਾਪਿਆ ਜਾ ਰਿਹਾ ਹੈ।

ਸੰਦੇਸ਼

ਅਗਲੇ ਸਾਲ ਵੈਸਾਖੀ ਨੂੰ ਸਮੁੱਚਾ ਸਿੱਖ ਜਗਤ ਖਾਲਸਾ ਪੰਥ ਦਾ 300 ਸਾਲਾ ਸਾਜਣਾ ਦਿਵਸ ਪੰਥਕ ਪਰੰਪਰਾਵਾਂ ਤੇ ਖਾਲਸਈ ਜਾਹੋ-ਜਲਾਲ ਨਾਲ ਮਨਾ ਰਿਹਾ ਹੈ। ਹਰ ਕੌਮ ਦੀ ਆਪਣੀ ਵੱਖਰੀ ਹੋਂਦ-ਹਸਤੀ ਤੇ ਪਹਿਚਾਣ ਹੁੰਦੀ ਹੈ। ਵਿਸ਼ਵ ਪੱਧਰ 'ਤੇ ਆਪੋ-ਆਪਣੀ ਕੌਮੀ ਪਹਿਚਾਣ ਨੂੰ ਦਰਸਾਉਣ ਲਈ ਕੌਮੀ ਦਿਨ-ਦਿਹਾਰ ਮਨਾਏ ਜਾਂਦੇ ਹਨ। ਦਿਨ-ਦਿਹਾਰ ਮਨਾਉਣ ਲਈ ਹਰ ਧਰਮ-ਕੌਮ ਦੇ ਅਲੱਗ-ਅਲੱਗ ਕੈਲੰਡਰ ਹਨ ਪਰ ਸਿੱਖਾਂ ਪਾਸ ਆਪਣਾ ਵੱਖਰਾ ਕੌਮੀ ਕੈਲੰਡਰ ਨਹੀਂ ਸੀ। ਬਿਕ੍ਰਮੀ ਸੰਮਤ ਨੂੰ ਹੀ ਨਾਨਕਸ਼ਾਹੀ ਸੰਮਤ ਦੇ ਤੌਰ 'ਤੇ ਵਰਤਿਆ ਜਾ ਰਿਹਾ ਸੀ ਪਰ ਬਿਕ੍ਰਮੀ ਸੰਮਤ ਮੌਸਮੀ ਸਾਲ ਨਾ ਹੋਣ ਕਰਕੇ ਹਰ ਸਾਲ ਮਹੀਨਿਆਂ ਵਿਚ ਅੰਤਰ ਆ ਰਿਹਾ ਹੈ, ਜੋ ਕਿ ਗੁਰਬਾਣੀ ਦੇ ਬਾਰਹਮਾਂਹ ਅਨੁਕੂਲ ਨਹੀਂ। ਗੁਰਬਾਣੀ ਵਿਚ ਅੰਕਤ ਬਾਰਹਮਾਂਹ ਦੇ ਅਨੁਸਾਰੀ ਸੂਰਜੀ ਕੈਲੰਡਰ ਬਣਾਉਣ ਦੀ ਕੌਮ ਦੀ ਚਿਰਕੋਣੀ ਇੱਛਾ ਸੀ, ਜਿਸ ਨੂੰ ਸ: ਪਾਲ ਸਿੰਘ ਕੈਨੇਡਾ ਨਿਵਾਸੀ ਨੇ ਸਾਲਾਂ ਬੱਧੀ ਮਿਹਨਤ ਕਰਕੇ ਅਮਲੀ ਰੂਪ ਦਿੱਤਾ ਹੈ। ਨਾਨਕਸ਼ਾਹੀ ਕੈਲੰਡਰ ਵਿੱਚ ਦੇਸੀ ਮਹੀਨਿਆਂ ਦੀਆਂ ਤਰੀਕਾਂ ਨਿਸ਼ਚਤ ਕਰ ਦਿੱਤੀਆਂ ਹਨ। ਹੁਣ ਗੁਰਪੁਰਬ ਨਿਸ਼ਚਤ ਤਰੀਕਾਂ ਤੇ ਮਨਾਏ ਜਾਇਆ ਕਰਨਗੇ। ਨਾਨਕਸ਼ਾਹੀ ਜੰਤਰੀ ਤੇ ਕੈਲੰਡਰ ਨੂੰ ਇਹ ਰੂਪ ਇੰਸਟੀਚਿਊਟ ਆਫ਼ ਸਿੱਖ ਸਟਡੀਜ਼ ਚੰਡੀਗੜ੍ਹ ਵੱਲੋਂ ਵਿਦਵਾਨਾਂ ਦੀਆਂ ਬਹੁਤ ਸਾਰੀਆਂ ਇਕੱਤਰਤਾਵਾਂ ਕਰਕੇ ਪ੍ਰਦਾਨ ਕੀਤਾ ਗਿਆ ਹੈ। ਸਿੱਖ ਕੌਮ ਦੇ ਕੈਲੰਡਰ ਦੇ ਅਨੁਸਾਰ ਤਿਆਰ ਕੀਤੀ ਨਾਨਕਸ਼ਾਹੀ ਜੰਤਰੀ ਸੰਮਤ ੫੩੧ ਕੌਮ ਨੂੰ ਸਮਰਪਿਤ ਕਰਦਿਆਂ ਖੁਸ਼ੀ ਲੈ ਰਿਹਾ ਹਾਂ।

ਗੁਰੂ-ਪੰਥ ਦਾ ਦਾਸ

ਗੁਰਚਰਨ ਸਿੰਘ ਟੌਹੜਾ

18 ਮਾਰਚ 1998

ਪ੍ਰਧਾਨ, ਸ਼੍ਰੋ: ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

ਸੰਦੇਸ਼

ਸਿੱਖ ਕੌਮ ਦੀ ਇਹ ਚਿਰਕੋਣੀ ਪ੍ਰਬਲ ਇੱਛਾ ਸੀ ਕਿ ਕੌਮ ਦਾ ਆਪਣਾ ਵੱਖਰਾ ਕੈਲੰਡਰ ਹੋਵੇ। ਪਿਛਲੇ ਲੰਮੇ ਅਰਸੇ ਤੋਂ ਇਸ ਕਾਰਜ ਲਈ ਯਤਨ ਵੀ ਹੁੰਦੇ ਰਹੇ ਪਰ ਕਿਸੇ ਨਾ ਕਿਸੇ ਕਾਰਨ ਨਾਨਕਸ਼ਾਹੀ ਕੈਲੰਡਰ ਨੂੰ ਅੰਤਮ ਰੂਪ ਦੇ ਕੇ ਲਾਗੂ ਨਹੀਂ ਕੀਤਾ ਜਾ ਸਕਿਆ। ਅਕਾਲ ਪੁਰਖ ਦੀ ਅਪਾਰ ਬਖਸ਼ਿਸ਼ ਹੋਈ ਹੈ ਕਿ ਹੁਣ ਸਤਿਕਾਰਯੋਗ ਸਿੰਘ ਸਾਹਿਬ, ਗਿਆਨੀ ਜੋਗਿੰਦਰ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਸਿੱਖ ਬੁੱਧੀਜੀਵੀਆਂ ਦੀ ਘਾਲਣਾ ਸਦਕਾ ਕੈਨੇਡਾ ਨਿਵਾਸੀ ਸ੍ਰ. ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਨੂੰ ਆਮ ਸਹਿਮਤੀ ਉਪਰੰਤ ਖਾਲਸਾ ਪੰਥ ਦੇ ਜਨਮ ਦਿਹਾੜੇ 'ਤੇ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਜਾ ਰਿਹਾ ਹੈ। ਸਮੁੱਚਾ ਸਿੱਖ ਜਗਤ ਹੁਣ ਮਾਣ ਨਾਲ ਕਹਿ ਸਕਦਾ ਹੈ ਕਿ ਜਿਸ ਤਰ੍ਹਾਂ ਹਿੰਦੂ ਭਾਈਚਾਰੇ ਪਾਸ ਆਪਣਾ ਕੈਲੰਡਰ ਹੈ, ਮੁਸਲਿਮ ਵੀਰਾਂ ਦਾ ਆਪਣਾ ਕੈਲੰਡਰ ਹੈ, ਈਸਾਈਆਂ ਦਾ ਵੱਖਰਾ ਕੈਲੰਡਰ ਹੈ, ਏਸੇ ਤਰ੍ਹਾਂ ਸਿੱਖ ਕੌਮ ਦਾ ਆਪਣਾ ਸਹੀ ਅਤੇ ਪ੍ਰਮਾਣੀਕ ਨਾਨਕਸ਼ਾਹੀ ਕੈਲੰਡਰ ਤਿਆਰ ਹੋ ਗਿਆ ਹੈ। ਇਸ ਇਤਿਹਾਸਕ ਪ੍ਰਾਪਤੀ 'ਤੇ ਮੈਂ ਸਮੁੱਚੇ ਸਿੱਖ ਜਗਤ ਨੂੰ ਹਾਰਦਿਕ ਵਧਾਈ ਦਿੰਦਾ ਹਾਂ।

੧ ਵੈਸਾਖ ੫੩੫ ਨਾਨਕਸ਼ਾਹੀ — ਗੁਰੂ ਪੰਥ ਦਾ ਦਾਸ,

14 ਅਪ੍ਰੈਲ 2003

ਪ੍ਰੋ. ਕਿਰਪਾਲ ਸਿੰਘ ਬਡੂੰਗਰ,

ਪ੍ਰਧਾਨ, ਸ਼੍ਰੋ. ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।

ਸੰਦੇਸ਼

ਸੰਸਾਰ ਦੀਆਂ ਵੱਖ-ਵੱਖ ਕੌਮਾਂ ਨੇ ਆਪਣੇ ਮਹਾਨ ਧਾਰਮਿਕ ਰਹਿਬਰਾਂ ਅਤੇ ਸਮੇਂ-ਸਮੇਂ ਹੋਏ ਤੇਜੱਸਵੀ ਬਾਦਸ਼ਾਹਾਂ ਨੇ ਆਪ ਜਾਂ ਉਨ੍ਹਾਂ ਦੇ ਵਿਦਵਾਨ ਅਹਿਲਕਾਰਾਂ ਨੇ ਉਨ੍ਹਾਂ ਦੇ ਨਾਮ 'ਪੁਰ ਕੈਲੰਡਰ ਜਾਰੀ ਕੀਤੇ। ਸਿੱਖ ਪੰਥ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਨਾਮ 'ਪੁਰ ਕੈਲੰਡਰ ਜਾਰੀ ਕਰਕੇ ਸਮੂਹ ਦੁਨੀਆਂ ਨੂੰ ਗੁਰੂ ਜੀ ਦੀ ਮਨੁੱਖਤਾ ਨੂੰ ਅਦੁੱਤੀ ਦੇਣ 'ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ' ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾ ਰਿਹਾ ਹੈ। ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆ ਰਹੇ ਜੋਤੀ-ਜੋਤਿ ਪੁਰਬ ਅਤੇ ਸ਼ਬਦ-ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਤਿੰਨ ਸੌ ਸਾਲਾ ਗੁਰਤਾ-ਗੱਦੀ ਪੁਰਬ ਨੂੰ ਸਮਰਪਿਤ ਨਾਨਕਸ਼ਾਹੀ ਕੈਲੰਡਰ-੫੪੦ ਜਾਰੀ ਕੀਤਾ ਜਾ ਰਿਹਾ ਹੈ। ਇਨ੍ਹਾਂ ਸ਼ਤਾਬਦੀ ਦਿਹਾੜਿਆਂ ਨੂੰ ਮੁੱਖ ਰੱਖਦਿਆਂ ਹਰ ਪ੍ਰਾਣੀ-ਮਾਤਰ ਦਾ ਫਰਜ਼ ਬਣਦਾ ਹੈ ਕਿ ਉਹ ਆਪ ਅਤੇ ਉਸ ਦਾ ਪਰਵਾਰ ਪਾਵਨ ਗੁਰਬਾਣੀ ਨਾਲ ਜੁੜ ਕੇ ਦਸਮੇਸ਼ ਪਿਤਾ ਵੱਲੋਂ ਬਖਸ਼ੀ ਅੰਮ੍ਰਿਤ ਦੀ ਦਾਤ ਨੂੰ ਪ੍ਰਾਪਤ ਕਰ, ਗੁਰੂ ਵਾਲਾ ਬਣ ਕੇ ਗੁਰੂ-ਘਰ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੇ।

ਗੁਰੂ-ਪੰਥ ਦਾ ਦਾਸ,

ਪ੍ਰਧਾਨ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਧਯੁਗੀ ਜ਼ੁਲਮੀ ਰਾਜਨੀਤਕ ਤੇ ਸਮਾਜਕ ਪ੍ਰਬੰਧ 'ਚ ਲੋਕ-ਕਲਿਆਣਕਾਰੀ ਤੇ ਸਤਿਵਾਦੀ ਸਿੱਖ ਧਰਮ ਨੂੰ ਸਥਾਪਤ ਕਰਕੇ ਸਰਬੱਤ ਦੇ ਭਲੇ ਦਾ ਨਾਅਰਾ ਬੁਲੰਦ ਕੀਤਾ। ਐਸੇ ਗੁਰੂ ਪਾਤਸ਼ਾਹ ਜੀ ਦੀ ਸੁਹਾਵਣੀ ਯਾਦ ਵਿਚ ਨਾਨਕਸ਼ਾਹੀ ਕੈਲੰਡਰ ਨੂੰ ਸਮੁੱਚੇ ਸਿੱਖ ਪੰਥ ਨੇ ਲਾਗੂ ਕਰਨ ਦੀ ਭਾਵਨਾ ਪ੍ਰਗਟਾਈ ਹੈ। ਪਰੰਤੂ ਅਜੇ ਵੀ ਨਾਨਕਸ਼ਾਹੀ ਕੈਲੰਡਰ ਨੂੰ ਪੂਰਨ ਅਮਲੀ ਰੂਪ 'ਚ ਪ੍ਰਚੱਲਤ ਕਰਨ ਵਾਸਤੇ ਵਿਆਪਕ ਜਤਨ ਲੋੜੀਂਦੇ ਹਨ। ਸਾਨੂੰ ਸਾਰਿਆਂ ਨੂੰ ਇਸ ਦਿਸ਼ਾ 'ਚ ਸਾਕਾਰਾਤਮਕ ਹਿੱਸਾ ਪਾਉਣਾ ਬਣਦਾ ਹੈ। ਇਸ ਸਮੇਂ ਸੰਸਾਰ 'ਚ ਪਦਾਰਥਵਾਦ, ਫੈਸ਼ਨਪ੍ਰਸਤੀ ਤੇ ਕੂੜ-ਕੁਸਤ ਭਾਰੂ ਹੋ ਰਿਹਾ ਹੈ। ਖਾਸ ਕਰਕੇ ਭਰੂਣ-ਹੱਤਿਆ, ਨਸ਼ਾਖੋਰੀ, ਪਤਿਤਪੁਣੇ ਅਤੇ ਦਾਜ-ਦਹੇਜ ਲੈਣ-ਦੇਣ ਵਰਗੀਆਂ ਸਮਾਜਕ ਬੁਰਾਈਆਂ ਕਾਫੀ ਜੜ੍ਹਾਂ ਪਕੜ ਰਹੀਆਂ ਹਨ। ਗੁਰੂ ਨਾਨਕ ਪਾਤਸ਼ਾਹ ਜੀ ਦੇ ਗੁਰਮਤਿ ਫ਼ਲਸਫ਼ੇ ਅਤੇ ਉਨ੍ਹਾਂ ਦੁਆਰਾ ਦ੍ਰਿੜ੍ਹਾਈ ਸਿੱਖੀ ਜੀਵਨ-ਜਾਚ ਨੂੰ ਪਾਸਾਰਨ ਤੇ ਲਾਗੂ ਕਰਨ ਦੀ ਬੇਹੱਦ ਲੋੜ ਹੈ। ਨਾਨਕਸ਼ਾਹੀ ਕੈਲੰਡਰ ਨੂੰ ਜਾਰੀ ਕਰਦਿਆਂ ਮੈਂ ਸਮੁੱਚੇ ਪੰਥ ਵੱਲੋਂ ਇਸ ਵਰ੍ਹੇ ਦੌਰਾਨ ਇਨ੍ਹਾਂ ਸਾਰੀਆਂ ਬੁਰਾਈਆਂ 'ਤੇ ਕਾਬੂ ਪਾਉਣ ਦੀ ਆਸ ਕਰਦਾ ਹੋਇਆ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ।

ਗੁਰੂ-ਪੰਥ ਦਾ ਦਾਸ,

ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਨਾਨਕਸ਼ਾਹੀ ਕੈਲੰਡਰ ਕਿਉਂ ਤੇ ਕਿਵੇਂ?

ਕੈਲੰਡਰ ਭਾਵੇਂ ਕਿਸੇ ਵੀ ਕੌਮ ਜਾਂ ਦੇਸ਼ ਦਾ ਹੋਵੇ, ਇਸ ਦਾ ਮੁੱਖ ਕਾਰਜ ਸਮੇਂ ਦੀ ਗਿਣਤੀ ਮਿਣਤੀ ਤੋਂ ਇਲਾਵਾ ਕਿਸੇ ਕੌਮ ਲਈ ਧਾਰਮਕ ਤੌਰ 'ਤੇ ਪਵਿੱਤਰ ਅਤੇ ਇਹਿਾਸਕ ਤੌਰ 'ਤੇ ਮਹੱਤਵਪੂਰਨ ਦਿਨਾਂ ਨੂੰ ਇਤਿਹਾਸ ਦੇ ਪੰਨਿਆਂ 'ਤੇ ਅੰਕਿਤ ਕਰਨਾ ਹੁੰਦਾ ਹੈ। ਮਨੁੱਖੀ ਸਭਿਅਤਾ ਦੇ ਆਦਿ ਕਾਲ ਤੋਂ ਲੈ ਕੇ ਮਨੁੱਖ ਨੇ ਸਮੇਂ ਨੂੰ ਮਾਪਣ ਲਈ ਕਈ ਤਰੀਕੇ ਤੇ ਮਾਪਦੰਡ ਅਪਣਾਏ ਹਨ। ਵਿਸ਼ਵ ਦੀਆਂ ਵੱਖੋ-ਵੱਖਰੀਆਂ ਕੌਮਾਂ ਤੇ ਧਰਮਾਂ ਨੇ ਆਪੋ-ਆਪਣੀ ਸੂਝ ਅਨੁਸਾਰ ਆਪਣੇ ਕੈਲੰਡਰ ਬਣਾਏ ਹਨ। ਇਹ ਕੈਲੰਡਰ ਸੂਰਜੀ (Solar) ਜਾਂ ਫਿਰ ਚੰਦਰ (Lunar) ਸਾਲ ਦੀ ਲੰਬਾਈ ਉੱਪਰ ਅਧਾਰਿਤ ਹਨ। ਭਾਰਤ ਵਿੱਚ ਸੂਰਜੀ ਤੇ ਚੰਦਰ, ਦੋਨੋਂ ਕਿਸਮ ਦੇ ਕੈਲੰਡਰ ਪ੍ਰਚਲਤ ਹਨ। ਹੈਰਾਨੀਜਨਕ ਤੱਥ ਇਹ ਹੈ ਕਿ ਉੱਤਰੀ ਤੇ ਦੱਖਣੀ ਭਾਰਤ ਦੇ ਇਨ੍ਹਾਂ ਕੈਲੰਡਰਾਂ ਵਿੱਚ ਕੋਈ ਇਕਸਾਰਤਾ ਨਹੀਂ। ਜੇ ਕਰ ਉੱਤਰੀ ਭਾਰਤ ਵਿੱਚ ਚੰਦਰ ਸਾਲ ਅਨੁਸਾਰ ਕੋਈ ਮਹੀਨਾ ਪੂਰਨਮਾਸ਼ੀ 'ਤੇ ਖਤਮ ਹੁੰਦਾ ਹੈ ਤਾਂ ਉਹੀ ਮਹੀਨਾ ਦੱਖਣੀ ਭਾਰਤ ਵਿੱਚ ਮੱਸਿਆ ਉੱਤੇ ਖਤਮ ਹੁੰਦਾ ਹੈ। 1957 ਈਸਵੀ ਵਿੱਚ ਭਾਰਤ ਸਰਕਾਰ ਨੇ ਸਾਕਾ ਸੰਮਤ ਨੂੰ ਸਰਕਾਰੀ ਕੈਲੰਡਰ ਦੇ ਤੌਰ 'ਤੇ ਲਾਗੂ ਕਰਨ ਦਾ ਐਲਾਨ ਕੀਤਾ ਸੀ ਪਰ ਇਹ ਸਿਰਫ ਸਰਕਾਰੀ ਤੌਰ 'ਤੇ ਛਪਣ ਵਾਲੇ ਕੈਲੰਡਰਾਂ ਤੇ ਡਾਇਰੀਆਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ ਹੈ। ਸਚਾਈ ਇਹ ਹੈ ਕਿ ਸਰਕਾਰ ਤੇ ਆਮ ਲੋਕਾਂ ਨੇ ਰੋਜ਼ਾਨਾ ਕਾਰ-ਵਿਹਾਰ ਲਈ ਅਤੇ ਧਾਰਮਿਕ ਤੇ ਸਮਾਜਿਕ ਕਾਰਜਾਂ ਵਾਸਤੇ ਜਨਵਰੀ-ਫ਼ਰਵਰੀ ਵਾਲੇ ਸਾਂਝੇ ਕੈਲੰਡਰ ਨੂੰ ਅਪਣਾ ਲਿਆ ਹੈ।

ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਤੇ ਕੌਮਾਂ ਨੇ ਆਪੋ-ਆਪਣੇ ਕੈਲੰਡਰ ਬਣਾਏ ਹੋਏ ਹਨ। ਮਿਸਾਲ ਦੇ ਤੌਰ 'ਤੇ ਜਹੂਦੀਆਂ, ਹਿੰਦੂਆਂ, ਈਸਾਈਆਂ ਤੇ ਮੁਸਲਮਾਨਾਂ ਦੇ ਆਪੋ-ਆਪਣੇ ਕੈਲੰਡਰ ਹਨ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਾਲ ਤੋਂ ਨਾਨਕਸ਼ਾਹੀ ਸੰਮਤ ਸਿੱਖ ਇਤਿਹਾਸ ਦੀਆਂ ਕਿਤਾਬਾਂ ਤੇ ਡਾਇਰੀਆਂ ਵਿੱਚ ਅੰਕਿਤ ਹੁੰਦਾ ਰਿਹਾ ਹੈ। ਪੁਰਾਣੇ ਇਤਿਹਾਸਕਾਰਾਂ ਤੇ ਜੋਤਸ਼ੀਆਂ ਨੇ ਨਾਨਕਸ਼ਾਹੀ ਸੰਮਤ ਦਾ ਆਰੰਭ ੧੫੨੬ ਬਿਕਰਮੀ ਮੁਤਾਬਕ 1469 ਈਸਵੀ ਤੋਂ ਮਿਥ ਕੇ ਮਹੀਨਿਆਂ ਦੇ ਦਿਨ, ਤਾਰੀਖ਼ਾਂ ਤੇ ਤਿੱਥਾਂ ਬਿਕਰਮੀ ਕੈਲੰਡਰ ਵਾਲੀਆਂ ਹੀ ਅਪਣਾਈਆਂ ਸਨ। ਭਾਰਤ ਵਿੱਚ ਪ੍ਰਚਲਤ ਸੂਰਜੀ ਤੇ ਚੰਦਰ ਸਾਲ ਕੈਲੰਡਰਾਂ ਵਿੱਚ ਕਈ ਕਿਸਮ ਦੀਆਂ ਤਰੁੱਟੀਆਂ ਹਨ। ਖ਼ਾਸ ਤੌਰ 'ਤੇ ਚੰਦਰ ਸਾਲ ਅਨੁਸਾਰ ਨਿਸਚਤ ਕੀਤੇ ਗੁਰਪੁਰਬ ਸਾਲ ਦੇ 365 ਦਿਨਾਂ ਵਿੱਚ ਕਿਸੇ ਪੱਕੀਆਂ ਤਾਰੀਖ਼ਾਂ ਉੱਪਰ ਆਉਣ ਦੀ ਬਜਾਏ ਅੱਗੇ ਪਿੱਛੇ ਹੁੰਦੇ ਰਹਿੰਦੇ ਹਨ। ਇਸ ਦੇ ਕੁਝ ਕਾਰਨ ਹਨ, ਚੰਦਰ ਸਾਲ ਦਾ ਹਰ ਮਹੀਨਾ ਪੂਰਨਮਾਸ਼ੀ ਤੋਂ ਪੂਰਨਮਾਸ਼ੀ ਜਾਂ ਮੱਸਿਆ ਤੋਂ ਮੱਸਿਆ ਤੱਕ ਚਲਦਾ ਹੈ। ਇਸ ਤਰ੍ਹਾਂ ਚੰਦਰਮਾ ਅਨੁਸਾਰ ਪੂਰਾ ਸਾਲ 354 ਦਿਨਾਂ ਦਾ ਹੁੰਦਾ ਹੈ, ਭਾਵ ਸੂਰਜੀ ਸਾਲ ਨਾਲੋਂ 11 ਦਿਨ ਘੱਟ ਹੁੰਦਾ ਹੈ। ਚੰਦਰ ਸਾਲ ਨੂੰ ਸੂਰਜੀ ਸਾਲ ਨਾਲ ਮਿਲਾਈ ਰੱਖਣ ਲਈ ਪੰਡਿਤ ਲੋਕ ਹਰ ਦੋ ਜਾਂ ਤਿੰਨ ਸਾਲ ਬਾਅਦ ਚੰਦਰ ਸਾਲ ਦੇ ਮਹੀਨਿਆਂ ਦੀ ਗਿਣਤੀ 12 ਦੀ ਬਜਾਏ 13 ਕਰ ਦਿੰਦੇ ਹਨ {ਜਿਵੇਂ ਕਿ ਸੰਨ 2018 ਵਿੱਚ ਜੇਠ ਦੇ ਦੋ ਮਹੀਨੇ ਸਨ ਅਤੇ ਸਾਲ 2020 'ਚ ਅੱਸੂ ਦੇ ਦੋ ਮਹੀਨੇ ਹਨ।} ਇਉਂ ਕਈ ਵਾਰੀ ਚੰਦਰ ਸਾਲ ਦੇ ਇੱਕੋ ਨਾਮ ਦੇ ਦੋ ਮਹੀਨੇ ਹੁੰਦੇ ਹਨ। ਇਸ ਨਵੇਂ ਜੋੜੇ ਜਾਂ ਵਾਧੂ ਮਹੀਨੇ ਨੂੰ ਲੌਂਦ ਦਾ ਮਹੀਨਾ ਜਾਂ ਮਲਮਾਸ ਕਿਹਾ ਜਾਂਦ ਹੈ। ਇਸ ਨੂੰ ਅਸ਼ੁਭ ਮੰਨਦੇ ਹੋਏ ਇਸ ਮਹੀਨੇ ਵਿੱਚ ਕਿਸੇ ਵੀ ਪ੍ਰਕਾਰ ਦਾ ਧਾਰਮਿਕ ਜਾਂ ਇਤਿਹਾਸਕ ਦਿਹਾੜਾ ਨਹੀਂ ਮਨਾਇਆ ਜਾਂਦਾ। ਨਤੀਜੇ ਵਜੋਂ ਮਲਮਾਸ ਤੋਂ ਬਾਅਦ ਆਉਣ ਵਾਲੇ ਗੁਰਪੁਰਬ ਪਿਛਲੇ ਸਾਲ ਨਾਲੋਂ 18/19 ਦਿਨ ਲੇਟ ਹੋ ਜਾਂਦੇ ਹਨ। ਇਸ ਕਰਕੇ ਚੰਦਰ ਸਾਲ ਅਨੁਸਾਰ ਮਨਾਏ ਜਾਣ ਵਾਲੇ ਗੁਰਪੁਰਬ ਤੇ ਦਿਹਾੜੇ 365 ਦਿਨਾਂ ਵਿੱਚ ਪੱਕੀਆਂ ਤਾਰੀਖ਼ਾਂ ਉੱਪਰ ਆਉਣ ਦੀ ਬਜਾਏ ਅੱਗੇ ਪਿੱਛੇ ਹੁੰਦੇ ਰਹਿੰਦੇ ਹਨ। ਉਦਾਹਰਣ ਵਜੋਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ (ਪੋਹ ਸੁਦੀ ੭) ਕਈ ਵਾਰ ਸਾਂਝੇ ਸਾਲ ਵਿੱਚ ਦੋ ਵਾਰ ਤੇ ਕਈ ਵਾਰ ਉੱਕਾ ਹੀ ਨਹੀਂ ਆਉਂਦਾ, ਜੋ ਕਿ ਬੜੀ ਹਾਸੋਹੀਣੀ ਸਥਿਤੀ ਪੈਦਾ ਕਰਦਾ ਹੈ। ਸੋ ਇਹ ਅਤਿ ਜਰੂਰੀ ਹੈ ਕਿ ਚੰਦਰ ਸਾਲ (Lunar year) ਦਾ ਤਿਆਗ ਕਰਕੇ ਸਿੱਖ ਇਤਿਹਾਸ ਦੀਆਂ ਸਹੀ ਤਾਰੀਖ਼ਾਂ ਸੂਰਜੀ ਸਾਲ ਮੁਤਾਬਿਕ ਜੋ ਕੈਲੰਡਰ ਵਿੱਚ ਹਮੇਸ਼ਾਂ ਸਥਿਰ ਰਹਿਣ, ਨਿਸਚਤ ਕਰ ਲਈਆਂ ਜਾਣ। ਇਸ ਵਾਸਤੇ ਸਿੱਖ ਪੰਥ ਲਈ ਇੱਕ ਆਧੁਨਿਕ ਤੇ ਸਾਇੰਟੀਫਿਕ ਕੈਲੰਡਰ ਦੀ ਲੋੜ ਬੜੀ ਦੇਰ ਤੋਂ ਮਹਿਸੂਸ ਕੀਤੀ ਜਾ ਰਹੀ ਸੀ।

ਭਾਰਤ ਵਿੱਚ ਸੂਰਜ ਅਨੁਸਾਰ ਪ੍ਰਚਲਤ ਬਿਕਰਮੀ ਕੈਲੰਡਰ ਦਾ ਸਾਲ ਮੌਸਮੀ {ਰੁੱਤੀ} ਸਾਲ ਨਹੀਂ ਹੈ। ਸਮੇਂ ਦੇ ਬੀਤਣ ਨਾਲ ਇਸ ਦੇ ਮਹੀਨੇ ਰੁੱਤਾਂ ਤੋਂ ਅਲਾਹਿਦਾ ਹੋ ਜਾਣਗੇ। ਇਸ ਦਾ ਮੁੱਖ ਕਾਰਨ ਬਿਕਰਮੀ ਸਾਲ ਦਾ ਮੌਸਮੀ {ਰੁੱਤੀ} ਸਾਲ ਨਾਲੋਂ ਤਕਰੀਬਨ 20 ਮਿੰਟ ਵੱਧ ਹੋਣਾ ਹੈ। ਇਸ ਦੇ ਉਲਟ ਸਾਂਝੇ ਸਾਲ ਦਾ ਮੌਸਮੀ {ਰੁੱਤੀ} ਸਾਲ ਨਾਲੋਂ ਫ਼ਰਕ ਕੇਵਲ 26 ਸੈਕੰਡ ਵੱਧ ਹੈ। ਉਪ੍ਰੋਕਤ ਕਾਰਣਾਂ ਕਰਕੇ ਜਿੱਥੇ 3300 ਸਾਲਾਂ ਵਿੱਚ ਸਾਂਝੇ ਸਾਲ ਦਾ ਮੌਸਮੀ {ਰੁੱਤੀ} ਸਾਲ ਨਾਲੋਂ ਇੱਕ ਦਿਨ ਦਾ ਫ਼ਰਕ ਪਵੇਗਾ, ਉਥੇ ਬਿਕਰਮੀ ਕੈਲੰਡਰ ਅਨੁਸਰ 70/71 ਸਾਲਾਂ ਵਿੱਚ ਹੀ ਇੱਕ ਦਿਨ ਦਾ ਫ਼ਰਕ ਪੈ ਜਾਵੇਗਾ। ਇਹ ਫ਼ਰਕ ਬਿਕਰਮੀ ਕੈਲੰਡਰ ਅਨੁਸਾਰ ਆਈਆਂ ਜਾਂ ਆਉਣ ਵਾਲੀਆਂ ਵੈਸਾਖੀ ਦੀਆਂ ਤਾਰੀਖ਼ਾਂ ਤੋਂ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ :

ਈਸਵੀ	ਵੈਸਾਖੀ
1753	9 ਅਪ੍ਰੈਲ
1799	10 ਅਪ੍ਰੈਲ
1899	12 ਅਪ੍ਰੈਲ
1999	14 ਅਪ੍ਰੈਲ
2199	16 ਅਪ੍ਰੈਲ

ਉਪਰੋਕਤ ਦ੍ਰਿਸ਼ਟੀ ਤੋਂ ਬਿਕਰਮੀ ਸਾਲ ਦੀ ਪਹਿਲੀ ਵੈਸਾਖ ਭਾਵ ਵੈਸਾਖੀ ਤਕਰੀਬਨ 1100 ਸਾਲ ਬਾਅਦ ਅਪ੍ਰੈਲ ਦੀ ਬਜਾਇ

ਮਈ ਮਹੀਨੇ ਵਿੱਚ ਚਲੀ ਜਾਵੇਗੀ। ਜੇ ਕਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ 13000 ਸਾਲ ਬਾਅਦ ਇਹ ਵੈਸਾਖੀ ਅਕਤੂਬਰ ਦੇ ਅੱਧ ਵਿੱਚ ਆਵੇਗੀ। ਗੁਰੂ ਨਾਨਕ ਦੇਵ ਜੀ ਮਹਾਰਾਜ ਤੇ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਰਹ ਮਾਹਾ ਤੁਖਾਰੀ ਤੇ ਬਾਰਹ ਮਾਹਾ ਮਾਂਝ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਾਪਤ ਹਨ। ਗੁਰੂ ਸਾਹਿਬਾਨ ਨੇ ਇਨ੍ਹਾਂ ਬਾਣੀਆਂ ਵਿਚਲਾ ਅਧਿਆਤਮਕ ਸੰਦੇਸ਼ ਜਨ-ਸਾਧਾਰਣ ਤੱਕ ਪਹੁੰਚਾਉਣ ਲਈ ਮਹੀਨਿਆਂ ਅਨੁਸਾਰ, ਰੁੱਤਾਂ ਰਾਹੀਂ ਬਿਆਨ ਕੀਤਾ ਹੈ:

੧. ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥

(ਮਾਝ ਬਾਰਹ ਮਾਹਾ ਮ: ੫)

੨. ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥

(ਮਾਝ ਬਾਰਹ ਮਾਹਾ ਮ: ੫)

੩. ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥

(ਤੁਖਾਰੀ ਬਾਰਹ ਮਾਹਾ ਮ: ੧)

੪. ਵੈਸਾਖੁ ਭਲਾ ਸਾਖਾ ਵੇਸ ਕਰੇ ॥ *(ਤੁਖਾਰੀ ਬਾਰਹ ਮਾਹਾ ਮ: ੧)*

੫. ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥ ....

(ਤੁਖਾਰੀ ਬਾਰਹ ਮਾਹਾ ਮ: ੧)

੬. ਆਸਾੜੁ ਭਲਾ ਸੂਰਜੁ ਗਗਨਿ ਤਪੈ ॥
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥
ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥

(ਤੁਖਾਰੀ ਬਾਰਹ ਮਾਹਾ ਮ: ੧)

੭. ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥

(ਤੁਖਾਰੀ ਬਾਰਹ ਮਾਹਾ ਮ: ੧)

ਜੇਕਰ ਬਿਕਰਮੀ ਕੈਲੰਡਰ ਮੌਜੂਦਾ ਰੂਪ ਵਿੱਚ ਚਲਦਾ ਰਿਹਾ ਤਾਂ ਗੁਰਬਾਣੀ ਵਿੱਚ ਮਹੀਨਿਆਂ ਦਾ ਮੌਸਮਾਂ ਤੇ ਰੁੱਤਾਂ ਨਾਲੋਂ ਸਬੰਧ ਟੁੱਟ ਜਾਵੇਗਾ। ਗੁਰਬਾਣੀ ਵਿੱਚ ਵਰਨਣ ਮਹੀਨੇ ਦੀ ਰੁੱਤ ਕਿਸੇ ਹੋਰ ਹੀ ਮਹੀਨੇ ਵਿੱਚ ਆਇਆ ਕਰੇਗੀ। ਇਸ ਕਰਕੇ ਪ੍ਰਚਲਤ ਬਿਕਰਮੀ ਕੈਲੰਡਰ ਸਿੱਖਾਂ ਲਈ ਢੁੱਕਵਾਂ ਨਹੀਂ। ਸਿੱਖ-ਪੰਥ ਨੂੰ ਇੱਕ ਅਜੇਹੇ ਸੂਰਜੀ ਕੈਲੰਡਰ ਦੀ ਲੋੜ ਹੈ ਜੋ ਹਮੇਸ਼ਾਂ ਰੁੱਤਾਂ ਨਾਲ ਬੱਝਿਆ ਰਹੇ।

ਖੁਸ਼ਕਿਸਮਤੀ ਨਾਲ ਕੈਨੇਡਾ ਨਿਵਾਸੀ ਸ. ਪਾਲ ਸਿੰਘ ਪੁਰੇਵਾਲ ਕੈਲੰਡਰਾਂ ਸਬੰਧੀ ਪਹਿਲਾਂ ਹੀ ਅਧਿਐਨ ਕਰ ਰਹੇ ਸਨ। ਉਨ੍ਹਾਂ ਆਪਣੀ ਖੋਜ ਉੱਪਰ ਅਧਾਰਿਤ 500 ਸਾਲਾ ਜੰਤਰੀ (1994) ਵੀ ਪ੍ਰਕਾਸ਼ਿਤ ਕਰਵਾਈ ਜਿਸ ਵਿੱਚ 1469 ਈ: ਤੋਂ ਲੈ ਕੇ 2000 ਈ: ਤੱਕ ਦੇ ਸਾਂਝੇ ਸੰਮਤ, ਬਿਕਰਮੀ ਸੰਮਤ ਦੇ ਪ੍ਰਵਿਸ਼ਟੇ, ਸੂਰਜੀ ਤੇ ਚੰਦਰ ਸਾਲ ਦੀਆਂ ਤਿਥਾਂ, ਹਿਜ਼ਰੀ ਸੰਮਤ ਦੀਆਂ ਤਾਰੀਖ਼ਾਂ ਦਿੱਤੀਆਂ ਹਨ। ਇਤਿਹਾਸਕਾਰਾਂ ਲਈ ਇਹ ਕਿਤਾਬ ਬਹੁਤ ਹੀ ਉਪਯੋਗੀ ਖੋਜ ਸੰਦ ਹੈ, ਜਿਸ ਦੀ ਸਹਾਇਤਾ ਨਾਲ ਤਾਰੀਖ਼ਾਂ ਦੀ ਪੜਚੋਲ ਅਤੇ ਇਨ੍ਹਾਂ ਦੀ ਇੱਕ ਸੰਮਤ ਤੋਂ ਦੂਸਰੇ ਸੰਮਤ ਵਿੱਚ ਤਬਦੀਲੀ ਬੜੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਸ. ਪਾਲ ਸਿੰਘ ਪੁਰੇਵਾਲ ਨੇ ਕੈਲੰਡਰਾਂ ਬਾਰੇ ਆਪਣੀ ਖੋਜ ਡਾ. ਜਸਬੀਰ ਸਿੰਘ ਮਾਨ ਕੈਲੇਫ਼ੋਰਨੀਆ ਨਾਲ ਸਾਂਝੀ ਕੀਤੀ। ਡਾ. ਮਾਨ, ਪੁਰੇਵਾਲ ਹੋਰਾਂ ਦੀ ਖੋਜ ਤੋਂ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਨੇ ਪੁਰੇਵਾਲ ਨੂੰ ਸੁਝਾਅ ਦਿੱਤਾ ਕਿ ਉਹ ਆਪਣੇ ਵਿਚਾਰ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਕੰਮ ਕਰ ਰਹੇ ਸਿੱਖ ਵਿਦਵਾਨਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸਿੱਖ ਸੰਸਥਾਵਾਂ ਨਾਲ ਵੀ ਸਾਂਝੇ ਕਰਨ। ਡਾ. ਮਾਨ ਨੇ ਪੰਜਾਬ ਵਿੱਚਲੇ ਸਿੱਖ ਵਿਦਵਾਨਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਸ੍ਰ. ਪੁਰੇਵਾਲ ਦੇ ਕੈਲੰਡਰ 'ਤੇ ਸੈਮੀਨਾਰ ਆਯੋਜਿਤ ਕਰਨ ਲਈ ਪ੍ਰੇਰਿਤ ਕੀਤਾ। 1994-95 ਵਿੱਚ ਸ੍ਰ. ਪਾਲ ਸਿੰਘ ਪੁਰੇਵਾਲ ਨੇ ਭਾਰਤ ਵਿੱਚ ਪ੍ਰਚਲਤ ਸੂਰਜੀ ਅਤੇ ਚੰਦਰ ਸਾਲ ਕੈਲੰਡਰਾਂ ਦੀਆਂ ਊਣਤਾਈਆਂ ਵੱਲ ਧਿਆਨ ਦਿਵਾਇਆ ਅਤੇ ਇਸ ਮਕਸਦ ਲਈ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼ ਚੰਡੀਗੜ੍ਹ, ਗੁਰੂ ਗੋਬਿੰਦ ਸਿੰਘ ਕਾਲਜ, ਵਿਸ਼ਵ ਸਿੱਖ ਸੰਮੇਲਨ ਅੰਮ੍ਰਿਤਸਰ (1995), ਅਕੈਡਮੀ ਆਫ਼ ਸਿੱਖ ਰਿਲੀਜ਼ਨ ਐਂਡ ਕਲਚਰ ਪਟਿਆਲਾ ਆਦਿ ਥਾਂਵਾਂ ਉੱਪਰ ਸੈਮੀਨਾਰ ਵੀ ਕੀਤੇ। ਇਨ੍ਹਾਂ ਸੈਮੀਨਾਰਾਂ ਵਿੱਚ ਜਿੱਥੇ ਪ੍ਰਚੱਲਤ ਕੈਲੰਡਰਾਂ ਦੀਆਂ ਖਾਮੀਆਂ ਉਜਾਗਰ ਹੋਈਆਂ ਉੱਥੇ ਸਿੱਖ ਪੰਥ ਲਈ ਇੱਕ ਢੁਕਵੇਂ ਕੈਲੰਡਰ ਦੀ ਲੋੜ ਨੂੰ ਭਰਪੂਰ ਹੁੰਗਾਰਾ ਮਿਲਿਆ। 1996 ਈ. ਤੱਕ ਵਿਦਵਾਨਾਂ ਦੀਆਂ ਬੈਠਕਾਂ ਅਤੇ ਗੋਸ਼ਟੀਆਂ ਵਿੱਚ ਸਿੱਖ ਪੰਥ ਲਈ ਢੁਕਵੇਂ ਕੈਲੰਡਰ ਦੀ ਜਰੂਰਤ ਉੱਪਰ ਵਿਚਾਰ ਵਟਾਂਦਰਾ ਜਾਰੀ ਰਿਹਾ। ਇਸ ਦੇ ਸਿੱਟੇ ਵਜੋਂ ਨਾਨਕਸ਼ਾਹੀ ਕੈਲੰਡਰ ਦੀ ਮੁਢਲੀ ਰੂਪ ਰੇਖਾ ਹੋਂਦ ਵਿੱਚ ਆਈ। ਇਸ ਉਪਰੰਤ ਸਿੱਖ ਇਤਿਹਾਸ ਦੀਆਂ ਤਾਰੀਖ਼ਾਂ ਨੂੰ ਬਹੁਤ ਘੋਖ ਵਿਚਾਰ ਕਰਨ ਉਪਰੰਤ ਨਾਨਕਸ਼ਾਹੀ ਕੈਲੰਡਰ ਵਿੱਚ ਬਦਲਣ ਦਾ ਸਿਲਸਿਲਾ ਆਰੰਭ ਹੋਇਆ। ਇਸ ਵਿੱਚ ਇੰਸਟੀਚਊਟ ਆਫ਼ ਸਿੱਖ ਸਟੱਡੀਜ਼ ਚੰਡੀਗੜ੍ਹ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨਾਲ ਸਬੰਧਤ ਇਤਿਹਾਸਕਾਰਾਂ ਤੋਂ ਇਲਾਵਾ ਹੋਰਨਾਂ ਵਿਦਵਾਨਾਂ ਨੇ ਵੀ ਬੜੀ ਦਿਲਚਸਪੀ ਦਿਖਾਈ ਤੇ ਆਪਣੀਆਂ ਸੇਵਾਵਾਂ ਦਿੱਤੀਆਂ। ਵਿਦਵਾਨਾਂ ਦੇ ਅਕਾਦਮਿਕ ਅਤੇ ਟੈਕਨੀਕਲ ਪ੍ਰਸ਼ਨਾਂ ਦੇ ਹੱਲ ਲਈ ਸ੍ਰ. ਪਾਲ ਸਿੰਘ ਪੁਰੇਵਾਲ ਨੂੰ ਕੈਨੇਡਾ ਤੋਂ ਕਈ ਵਾਰ ਭਾਰਤ ਵੀ ਆਉਣਾ ਪਿਆ। ਇਉਂ ਨਾਨਕਸ਼ਾਹੀ ਕੈਲੰਡਰ ਦਾ ਜੋ ਖਰੜਾ ਤਿਆਰ ਹੋਇਆ ਉਹ ਇੰਸਟੀਚਊਟ ਆਫ਼ ਸਿੱਖ ਸਟੱਡੀਜ਼ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਸੌਂਪ ਦਿੱਤਾ ਗਿਆ। 1998 ਈ. ਦੇ ਬੱਜ਼ਟ ਸੈਸ਼ਨ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ (15/01/98) ਤੇ ਜਨਰਲ ਹਾਊਸ (18/03/98) ਨੇ ਇਸ ਕੈਲੰਡਰ ਨੂੰ ਪ੍ਰਵਾਨ ਕਰਦਿਆਂ ਜਨਵਰੀ 1999 ਤੋਂ ਇਸ ਨੂੰ ਲਾਗੂ ਕਰਨ ਦੇ ਮਤੇ ਪਾਸ ਕਰ ਦਿੱਤੇ। ਨਾਨਕਸ਼ਾਹੀ ਕੈਲੰਡਰ ਲਾਗੂ ਤਾਂ ਹੋ ਗਿਆ ਪਰ ਕੁਝ ਜਥੇਬੰਦੀਆਂ ਅਤੇ ਵਿਅਕਤੀਆਂ ਦੁਆਰਾ ਉਠਾਏ ਗਏ ਸ਼ੰਕਿਆਂ ਕਾਰਨ ਇਸ ਉੱਪਰ ਅਮਲ ਰੋਕ ਦਿੱਤਾ ਗਿਆ, ਇਸ ਉੱਪਰ ਮੁੜ ਵਿਚਾਰ ਕਰਨ ਲਈ ਇੱਕ 7 ਮੈਂਬਰੀ ਕਮੇਟੀ ਨਿਯੁਕਤ ਕਰ ਦਿੱਤੀ ਗਈ। ਅਖਬਾਰਾਂ ਵਿੱਚ ਇਹ

ਪ੍ਰਕਾਸ਼ਿਤ ਕਰਵਾਇਆ ਗਿਆ ਕਿ ਜਿਸ ਕਿਸੇ ਨੂੰ ਨਾਨਕਸ਼ਾਹੀ ਕੈਲੰਡਰ ਸਬੰਧੀ ਕੋਈ ਇਤਰਾਜ਼ ਹੈ ਤਾਂ ਉਹ 22 ਫ਼ਰਵਰੀ 1999 ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਣ ਵਾਲੀ ਮੀਟਿੰਗ ਵਿੱਚ ਆਵੇ ਤੇ ਆਪਣੇ ਵਿਚਾਰ ਪ੍ਰਗਟਾਵੇ। ਉਪਰੋਕਤ ਮੀਟਿੰਗ ਵਿੱਚ ਜਿੱਥੇ ਪਾਲ ਸਿੰਘ ਪੁਰੇਵਾਲ ਦੀ ਨਾਨਕਸ਼ਾਹੀ ਕੈਲੰਡਰ ਬਣਾਉਣ ਲਈ ਸ਼ਲਾਘਾ ਕੀਤੀ ਗਈ ਉੱਥੇ ਇਹ ਵੀ ਫੈਸਲਾ ਕੀਤਾ ਗਿਆ ਕਿ 15 ਅਪਰੈਲ 1999 ਤੱਕ ਵਾਦ ਵਿਵਾਦ ਵਾਲੇ ਸਾਰੇ ਮਸਲੇ ਮੁਲਤਵੀ ਕਰ ਦਿੱਤੇ ਜਾਣ। ਜੂਨ 1999 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਲਾਗੂ ਕਰਨ ਦਾ ਐਲਾਨ ਕੀਤਾ ਪਰ ਫਿਰ ਵਿਚਾਰ ਕਰਨ ਖਾਤਰ ਅਮਲ ਰੋਕ ਦਿੱਤਾ ਗਿਆ। ਨਵੰਬਰ ਅਤੇ ਦਸੰਬਰ 1999 ਵਿੱਚ ਇਸ ਮਸਲੇ ਨੂੰ ਸੁਲਝਾਉਣ ਲਈ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦੋ ਮੀਟਿੰਗਾਂ ਹੋਈਆਂ। ਅੰਤ ਇੱਕ ਹੋਰ 7 ਮੈਂਬਰੀ ਕਮੇਟੀ ਇਸ ਉੱਪਰ ਵਿਚਾਰ ਕਰਨ ਲਈ ਗਠਿਤ ਕੀਤੀ ਗਈ। ਇਸਦੀ ਪਹਿਲੀ ਮੀਟਿੰਗ 6 ਜਨਵਰੀ 2000 ਨੂੰ ਹੋਈ ਜਿਸ ਵਿੱਚ ਕੈਲੰਡਰ ਦੀ ਪੰਥ ਨੂੰ ਵੱਧ ਤੋਂ ਵੱਧ ਜਾਣਕਾਰੀ ਦੇਣ ਲਈ ਸੈਮੀਨਾਰ ਕਰਵਾਉਣ ਦਾ ਨਿਰਣਾ ਲਿਆ ਗਿਆ। 2-3 ਸਾਲ ਇੰਜ ਹੀ ਬੀਤ ਗਏ ਤੇ ਨਾਨਕਸ਼ਾਹੀ ਕੈਲੰਡਰ ਦਾ ਮਾਮਲਾ ਲਟਕਦਾ ਰਿਹਾ। ਇਸ ਦੌਰਾਨ ਦੇਸ ਵਿਦੇਸ਼ ਦੀਆਂ ਸਿੱਖ ਜਥੇਬੰਦੀਆਂ ਤੇ ਪੰਥਕ ਪ੍ਰਤੀਨਿਧਾਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਵਾਰ ਵਾਰ ਬੇਨਤੀ ਕੀਤੀ ਗਈ ਕਿ ਨਾਨਕਸ਼ਾਹੀ ਕੈਲੰਡਰ ਦੇ ਮਸਲੇ ਨੂੰ ਜਲਦੀ ਤੋਂ ਜਲਦੀ ਸੁਲਝਾਇਆ ਜਾਵੇ। 5 ਜੂਨ 2001 ਨੂੰ ਧਰਮ ਪ੍ਰਚਾਰ ਕਮੇਟੀ ਨੇ ਮਤਾ ਪਾਸ ਕਰਕੇ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਨਾਨਕਸ਼ਾਹੀ ਕੈਲੰਡਰ ਦਾ ਵਾਦ ਵਿਵਾਦ ਸੁਲਝਾਉਣ ਲਈ ਫਿਰ ਬੇਨਤੀ ਕੀਤੀ। ਨਵੰਬਰ 2002 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਕੀਤੀ ਕਿ ਨਾਨਕਸ਼ਾਹੀ ਕੈਲੰਡਰ ਬਾਰੇ ਕੋਈ ਅੰਤਿਮ ਨਿਰਣਾ ਕਰਨ ਲਈ ਕਦਮ ਚੁੱਕੇ ਜਾਣ। ਫਲਸਰੂਪ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਨੇ 8 ਜਨਵਰੀ 2003 ਨੂੰ ਸਿੱਖ ਇਤਿਹਾਸਕਾਰਾਂ, ਵਿਦਵਾਨਾਂ ਤੇ ਕੈਲੰਡਰ ਮਾਹਿਰਾਂ ਦੀ 11 ਮੈਂਬਰੀ ਕਮੇਟੀ ਨਿਯੁਕਤ ਕੀਤੀ ਤਾਂ ਕਿ ਨਾਨਕਸ਼ਾਹੀ ਕੈਲੰਡਰ ਉੱਪਰ ਮੁੜ ਵਿਚਾਰ ਕਰਕੇ ਖੁਲ੍ਹੇ ਦਿਮਾਗ ਅਤੇ ਸੁਹਿਰਦਤਾ ਭਰਪੂਰ ਤਰੀਕੇ ਰਾਹੀਂ ਕੋਈ ਅੰਤਿਮ ਨਿਰਣਾ ਕੀਤਾ ਜਾ ਸਕੇ। ਇਸ ਕਮੇਟੀ ਦੇ ਮੈਂਬਰ ਹੇਠ ਲਿਖੇ ਸਨ :

1. ਪ੍ਰੋ. ਕਿਰਪਾਲ ਸਿੰਘ ਚੰਡੀਗੜ੍ਹ।
2. ਪ੍ਰੋ. ਦਰਸ਼ਨ ਸਿੰਘ ਚੰਡੀਗੜ੍ਹ।
3. ਪ੍ਰੋ. ਗੁਰਨਾਮ ਕੌਰ ਪੰਜਾਬੀ ਯੂਨੀਵਰਸਿਟੀ ਪਟਿਆਲਾ।
4. ਪ੍ਰੋ. ਜੋਧ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ।
5. ਡਾ. ਬਲਵੰਤ ਸਿੰਘ ਢਿੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ।
6. ਡਾ. ਕੁਲਵਿੰਦਰ ਸਿੰਘ ਬਾਜਵਾ, ਖਾਲਸਾ ਕਾਲਜ ਅੰਮ੍ਰਿਤਸਰ।
7. ਪ੍ਰਿੰ. ਸਵਰਨ ਸਿੰਘ ਚੂਸਲੇਵੜ, ਪੱਟੀ, ਅੰਮ੍ਰਿਤਸਰ।
8. ਸ੍ਰ. ਅਜੀਤ ਸਿੰਘ ਪੁਰੇਵਾਲ, ਸ਼ਰੀਫਪੁਰਾ ਅੰਮ੍ਰਿਤਸਰ।
9. ਪ੍ਰਿੰ. ਅਮਰਜੀਤ ਸਿੰਘ ਦਮਦਮਾ ਸਾਹਿਬ ਤਲਵੰਡੀ ਸਾਬੋ ਬਠਿੰਡਾ।
10. ਬੀਬੀ ਕਿਰਨਜੋਤ ਕੌਰ ਅੰਮ੍ਰਿਤਸਰ।
11. ਸ੍ਰ. ਪਾਲ ਸਿੰਘ ਪੁਰੇਵਾਲ ਕੈਨੇਡਾ।

ਇਸ ਕਮੇਟੀ ਦੀ ਪਹਿਲੀ ਮੀਟਿੰਗ 16 ਜਨਵਰੀ 2003 ਨੂੰ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ। ਇਸ ਮੀਟਿੰਗ ਵਿੱਚ ਸਿੱਖ ਪੰਥ ਲਈ ਨਾਨਕਸ਼ਾਹੀ ਕੈਲੰਡਰ ਦੀ ਲੋੜ ਨੂੰ ਅਸੂਲਣ ਤੌਰ 'ਤੇ ਪ੍ਰਵਾਨ ਕਰਦਿਆਂ ਇਸ ਉੱਪਰ ਲਗਾਏ ਦੋਸ਼ਾਂ 'ਤੇ ਉਠਾਏ ਸ਼ੰਕਿਆਂ ਦੇ ਸਮਾਧਾਨ ਲਈ ਵਿਦਵਾਨਾਂ ਅਤੇ ਸਿੱਖ ਸੰਸਥਾਵਾਂ ਦੇ ਪ੍ਰਤੀਨਿਧਾਂ ਨੂੰ ਸੱਦੇ ਪੱਤਰ ਭੇਜਣ ਦਾ ਫੈਸਲਾ ਵੀ ਲਿਆ ਗਿਆ। ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਦੀ ਅਗਲੀ ਮੀਟਿੰਗ 13 ਫ਼ਰਵਰੀ 2003 ਨੂੰ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਹੋਈ ਜਿਸ ਵਿੱਚ ਜਥੇਦਾਰ ਜੀ ਨੇ ਮੀਟਿੰਗ ਸੁਚਾਰੂ ਰੂਪ ਵਿੱਚ ਚਲਾਉਣ ਅਤੇ ਪ੍ਰੈੱਸ ਨੂੰ ਸੰਬੋਧਿਤ ਕਰਨ ਲਈ ਪ੍ਰੋ. ਦਰਸ਼ਨ ਸਿੰਘ (ਚੰਡੀਗੜ੍ਹ) ਨੂੰ ਕਨਵੀਨਰ ਵਜੋਂ ਕਾਰਜ ਕਰਨ ਦੀ ਜਿਮੇਂਵਾਰੀ ਸੌਂਪੀ। ਬਾਹਰੋਂ ਆਏ ਵਿਸ਼ੇ ਦੇ ਮਾਹਰਾਂ ਨੂੰ ਕੈਲੰਡਰ ਬਾਰੇ ਬਿਨਾਂ ਝਿਜਕ, ਖੁੱਲ੍ਹ ਕੇ ਆਪਣੇ ਵਿਚਾਰ ਪ੍ਰਗਟਾਉਣ ਦੀ ਬੇਨਤੀ ਵੀ ਕੀਤੀ ਗਈ। ਵਿਦਵਾਨਾਂ ਦੇ ਵਿਚਾਰ ਸੁਣਨ ਉਪਰੰਤ ਨਾਨਕਸ਼ਾਹੀ ਕੈਲੰਡਰ ਲਈ ਮਾਪਦੰਡ ਨਿਰਧਤਾਰਿਤ ਕੀਤੇ ਗਏ ਜੋ ਇਸ ਪ੍ਰਕਾਰ ਹਨ :-

1. ਭਾਰਤ ਵਿੱਚ ਚੱਲ ਰਹੇ ਸੂਰਜੀ ਤੇ ਚੰਦਰ ਸਾਲ ਕੈਲੰਡਰਾਂ ਵਿੱਚ ਕਈ ਕਿਸਮ ਦੀਆਂ ਤਰੁੱਟੀਆਂ ਹਨ, ਜਿਸ ਕਰਕੇ ਗੁਰ ਪੁਰਬਾਂ ਦੀਆਂ ਤਾਰੀਖ਼ਾਂ ਅੱਗੇ ਪਿੱਛੇ ਹੁੰਦੀਆਂ ਰਹਿੰਦੀਆਂ ਹਨ, ਇਸ ਲਈ ਸਿੱਖ ਪੰਥ ਨੂੰ ਇੱਕ ਨਵੇਂ ਕੈਲੰਡਰ ਦੀ ਜਰੂਰਤ ਹੈ ਜਿਸਦਾ ਆਧਾਰ ਗੁਰਬਾਣੀ ਤੋਂ ਇਲਾਵਾ ਵਿਗਿਆਨਕ ਸੂਝ ਵੀ ਹੋਵੇ।
2. ਉਪਰੋਕਤ ਅਨੁਸਾਰ ਜੋ ਨਵਾਂ ਕੈਲੰਡਰ ਬਣੇਗਾ ਉਸ ਨੂੰ ਨਾਨਕਸ਼ਾਹੀ ਜੰਤਰੀ ਨਹੀਂ ਬਲਕਿ ਨਾਨਕਸ਼ਾਹੀ ਕੈਲੰਡਰ ਕਰਕੇ ਜਾਣਿਆ ਜਾਵੇਗਾ।
3. ਨਾਨਕਸ਼ਾਹੀ ਕੈਲੰਡਰ ਸੂਰਜੀ ਮੌਸਮੀ {ਰੁੱਤੀ} ਸਾਲ (Tropical Year) ਦੀ ਲੰਬਾਈ ਉੱਪਰ ਅਧਾਰਿਤ ਹੋਵੇਗਾ।
4. ਨਾਨਕਸ਼ਾਹੀ ਸੰਮਤ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੇ ਸਾਲ ਤੋਂ ਹੋਵੇਗਾ, ਅਤੇ ਸਾਲ ਦਾ ਅਰੰਭ ਚੇਤ ਤੋਂ ਭਾਵ ਬਿਕਰਮੀ ਸੰਮਤ ੧੫੨੬ ਦੀ ੧ ਚੇਤ ਤੋਂ।
5. ਨਾਨਕਸ਼ਾਹੀ ਕੈਲੰਡਰ ਦੇ ਸਾਲ ਦਾ ਪਹਿਲਾ ਮਹੀਨਾ ਗੁਰਬਾਣੀ ਵਿੱਚ ਵਰਣਿਤ ਬਾਰਹ ਮਾਹਾ ਅਨੁਸਾਰ ਚੇਤ ਤੇ ਅਖੀਰਲਾ ਮਹੀਨਾ ਫ਼ੱਗਣ ਹੋਵੇਗਾ।
6. ਨਾਨਕਸ਼ਾਹੀ ਸਾਲ ਦੇ ਪਹਿਲੇ 5 ਮਹੀਨੇ ਚੇਤ, ਵੈਸਾਖ, ਜੇਠ, ਹਾੜ ਤੇ ਸਾਵਣ (ਹਰ ਮਹੀਨੇ) ਦੇ ਦਿਨਾਂ ਦੀ ਗਿਣਤੀ 31-31 ਹੋਵੇਗੀ। ਪਿਛਲੇ 7 ਮਹੀਨਿਆਂ ਭਾਦੋਂ, ਅੱਸੂ, ਕੱਤਕ, ਮੱਘਰ,

ਪੋਹ ਮਾਘ ਤੇ ਫ਼ੱਗਣ (ਹਰ ਮਹੀਨੇ) ਦੇ ਦਿਨਾਂ ਦੀ ਗਿਣਤੀ 30-30 ਹੋਵੇਗੀ।

7. ਸਾਂਝੇ ਸੰਮਤ (Common Era) ਅਨੁਸਾਰ ਆਉਂਦੇ ਲੀਪ ਦੇ ਸਾਲ ਵਿੱਚ ਨਾਨਕਸ਼ਾਹੀ ਸਾਲ ਦਾ ਆਖਰੀ ਮਹੀਨਾ ਫ਼ੱਗਣ 31 ਦਿਨਾਂ ਦਾ ਹੋਵੇਗਾ।
8. ਨਾਨਕਸ਼ਾਹੀ ਕੈਲੰਡਰ ਅਨੁਸਾਰ ਹਰ ਤਰੀਕ ਰਾਤ ਦੇ 12 ਵਜੇ ਆਰੰਭ ਹੋਵੇਗੀ।
9. ਸੂਰਜ ਉਦੈ ਦਾ ਸਮਾਂ ਨਿਰਧਾਰਿਤ ਕਰਨ ਲਈ ਸ਼੍ਰੀ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ ਦੇ ਰੇਖਾਂਸ਼ (Longitude) ਤੇ ਅਕਸ਼ਾਂਸ਼ (Latitude) ਨੂੰ ਕੇਂਦਰ ਮੰਨਿਆ ਜਾਵੇਗਾ।
10. ਖ਼ਾਲਸੇ ਦੇ 300 ਸਾਲਾ ਸਿਰਜਣਾ ਦਿਵਸ ਭਾਵ ਨਾਨਕਸ਼ਾਹੀ ਸੰਮਤ ੫੩੧ ਮੁਤਾਬਿਕ 1999 ਈ. ਦੀ ਵੈਸਾਖੀ ਤੋਂ ਗੁਰ ਪੁਰਬਾਂ ਤੇ ਸਿੱਖ ਇਤਿਹਾਸ ਦੇ ਦਿਹਾੜਿਆਂ ਨੂੰ ਨਾਨਕਸ਼ਾਹੀ ਕੈਲੰਡਰ ਦੀਆਂ ਤਾਰੀਖ਼ਾਂ ਵਿੱਚ ਬਦਲ ਦਿੱਤਾ ਜਾਵੇਗਾ। ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਬਦਲਣ ਲਈ ਅੰਗਰੇਜ਼ੀ ਤਾਰੀਖ਼ ਨੂੰ ਨਹੀਂ ਬਲਕਿ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਜਾਵੇਗਾ।
11. ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਪੰਥ ਵਿੱਚ ਕੱਤਕ ਸੁਦੀ ੧੫ (ਪੂਰਨਮਾਸ਼ੀ) ਨੂੰ ਮਨਾਉਣ ਦੀ ਪ੍ਰਥਾ ਕਾਫੀ ਦੇਰ ਤੋਂ ਚਲੀ ਆ ਰਹੀ ਹੈ। ਸਿੱਖ ਪੰਥ ਦੇ ਅਗਲੇ ਫੈਸਲੇ ਤੱਕ ਇਹ ਗੁਰਪੁਰਬ ੧ ਵੈਸਾਖ ਦੀ ਬਜਾਏ ਕੱਤਕ ਸੁਦੀ ੧੫ (ਪੂਰਨਮਾਸ਼ੀ) ਨੂੰ ਹੀ ਮਨਾਇਆ ਜਾਵੇਗਾ।
12. ਇਸੇ ਤਰ੍ਹਾਂ ਸੱਭਿਆਚਾਰਕ ਅਤੇ ਇਤਿਹਾਸਕ ਤੌਰ ’ਤੇ ਮਹੱਤਵਪੂਰਨ ਤਿਉਹਾਰ ਦਿਵਾਲੀ ਅਤੇ ਹੋਲਾ ਮਹੱਲਾ ਪਹਿਲੇ ਦੀ ਤਰ੍ਹਾਂ ਪ੍ਰਚੱਲਤ ਪ੍ਰੰਪਰਾ ਅਨੁਸਾਰ ਮਨਾਏ ਜਾਣਗੇ।
13. ਨਾਨਕਸ਼ਾਹੀ ਕੈਲੰਡਰ ਵਿੱਚ ਨਾਨਕਸ਼ਾਹੀ ਸੰਗਰਾਂਦ ਦੇ ਨਾਲ ਨਾਲ ਮੱਸਿਆ ਅਤੇ ਪੂਰਨਮਾਸ਼ੀ ਦੀਆਂ ਤਾਰੀਖ਼ਾਂ ਵੀ ਦਰਸਾਈਆਂ ਜਾਣਗੀਆਂ।

ਉਪਰੋਕਤ ਮਾਪਦੰਡਾਂ ਅਨੁਸਾਰ ਨਾਨਕਸ਼ਾਹੀ ਕੈਲੰਡਰ ਦੇ ਮੁਢਲੇ ਖਰੜੇ ਉੱਪਰ ਨਜ਼ਰਸਾਨੀ ਕਰਨ ਲਈ ਕੈਲੰਡਰ ਨਿਰਣੈ ਕਮੇਟੀ ਨੇ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ 10 ਮਾਰਚ ਤੇ 20 ਮਾਰਚ 2003 ਨੂੰ ਦੋ ਮੀਟਿੰਗਾਂ ਕੀਤੀਆਂ। ਇਨ੍ਹਾਂ ਮੀਟਿੰਗਾਂ ਵਿੱਚ ਵਿਸੇਸ਼ ਤੌਰ ’ਤੇ ਸੱਦੇ ਸਿੱਖ ਵਿਦਵਾਨਾਂ, ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਦੇ ਬਹੁਮੁੱਲੇ ਵਿਚਾਰਾਂ ਤੋਂ ਵੀ ਲਾਭ ਉਠਾਇਆ ਗਿਆ। ਜਿਨ੍ਹਾਂ ਵਿਦਵਾਨਾਂ ਤੇ ਸੰਸਥਾਵਾਂ ਨੇ ਆਪਣੇ ਸੁਝਾਅ ਲਿਖਤੀ ਰੂਪ ਵਿੱਚ ਭੇਜੇ ਸਨ ਉਨ੍ਹਾਂ ਨੂੰ ਵੀ ਵੀਚਾਰਿਆ ਗਿਆ। ਸਿੱਖ ਇਤਿਹਾਸ ਦੀਆਂ ਤਾਰੀਖ਼ਾਂ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਤਬਦੀਲ ਕਰਨ ਲਈ ਕੈਲੰਡਰ ਨਿਰਣੈ ਕਮੇਟੀ ਦੀ ਸਬ ਕਮੇਟੀ ਦੀ ਇੱਕ ਮੀਟਿੰਗ 18 ਮਾਰਚ 2003 ਨੂੰ ਡਾ. ਬਲਵੰਤ ਸਿੰਘ ਢਿੱਲੋਂ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਇੱਕ 23 ਮਾਰਚ 2003 ਨੂੰ ਸ੍ਰ. ਅਨੁਰਾਗ ਸਿੰਘ ਲੁਧਿਆਣਾ ਦੇ ਘਰ ਕੀਤੀ ਗਈ।

ਅੰਤ 28 ਮਾਰਚ 2003 ਨੂੰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸਿੱਖ ਵਿਦਵਾਨਾਂ, ਜਥੇਬੰਦੀਆਂ ਅਤੇ ਸੰਸਥਾਵਾਂ ਦੇ ਨੁਮਾਇੰਦਿਆਂ ਦਾ ਇੱਕ ਹੋਰ ਵੱਡਾ ਇੱਕਠ ਕੀਤਾ ਗਿਆ। ਇਸ ਇਕੱਠ ਵਿੱਚ ਕੈਲੰਡਰ ਨਿਰਣੈ ਕਮੇਟੀ ਦੀ ਰਿਪੋਰਟ ਪੇਸ਼ ਕੀਤੀ ਗਈ ਤੇ ਸੰਗਤ ਵਿੱਚ ਹਾਜਰ ਵਿਦਵਾਨਾਂ ਤੇ ਨੁਮਾਇੰਦਿਆਂ ਨੂੰ ਨਾਨਕਸ਼ਾਹੀ ਕੈਲੰਡਰ ਦੇ ਨਵੇਂ ਖਰੜੇ ਉੱਪਰ ਵਿਚਾਰ ਪੇਸ਼ ਕਰਨ ਦੀ ਬੇਨਤੀ ਕੀਤੀ ਗਈ। ਫਲਸਰੂਪ ਨਾਨਕਸ਼ਾਹੀ ਕੈਲੰਡਰ ਦੇ ਇਸ ਖਰੜੇ ਨੂੰ ਸਰਬਸੰਮਤੀ ਨਾਲ ਸਵੀਕਾਰ ਕਰਨ ਦਾ ਐਲਾਨ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਨੇ ਕੀਤਾ ਤਾਂ ਜੈਕਾਰਿਆਂ ਦੀ ਗੂੰਜ ਵਿੱਚ ਇਸਦਾ ਸਵਾਗਤ ਕੀਤਾ ਗਿਆ। ਨਾਨਕਸ਼ਾਹੀ ਕੈਲੰਡਰ ਦੀ ਸਰਬ ਸੰਮਤੀ ਨਾਲ ਪ੍ਰਵਾਨਗੀ ਸਬੰਧੀ ਜੋ ਪੱਤਰ ਸਿੰਘ ਸਾਹਿਬ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖਿਆ ਉਹ ਇਸ ਪ੍ਰਕਾਰ ਹੈ:-

“ਨਾਨਕਸ਼ਾਹੀ ਕੈਲੰਡਰ ਬਾਰੇ ਨਿਰਣਾ ਕਰਨ ਲਈ ਸਿੱਖ ਵਿਦਵਾਨਾਂ, ਸਿੱਖ ਇਤਿਹਾਸਕਾਰਾਂ ਅਤੇ ਕੈਲੰਡਰ ਮਾਹਿਰਾਂ ਦੀ 11 ਮੈਂਬਰੀ ਕਮੇਟੀ ਗਠਿਤ ਕੀਤੀ ਗਈ ਸੀ। ਇਸ ਕਮੇਟੀ ਨੇ ਵੱਖ ਵੱਖ ਪੰਥਕ ਸੰਪਰਦਾਵਾਂ, ਸੰਸਥਾਵਾਂ ਦੇ ਪ੍ਰਤੀਨਿਧਾਂ ਤੇ ਸਿੱਖ ਵਿਦਵਾਨਾਂ ਨਾਲ ਵਿਚਾਰ ਵਟਾਂਦਰੇ ਤੇ ਘੋਖ ਕਰਨ ਉਪਰੰਤ ਨਾਨਕਸ਼ਾਹੀ ਕੈਲੰਡਰ ਤਿਆਰ ਕਰ ਦਿੱਤਾ ਹੈ। 28 ਮਾਰਚ 2003 ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਇਕੱਤਰਤਾ ਵਿੱਚ ਇਸ ਕੈਲੰਡਰ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਕੈਲੰਡਰ ਦੀ ਇੱਕ ਕਾਪੀ ਆਪ ਜੀ ਨੂੰ ਭੇਜੀ ਜਾ ਰਹੀ ਹੈ ਜਿਸ ਨੂੰ ਪ੍ਰਕਾਸ਼ਿਤ ਕਰਕੇ ਸਿੱਖ ਜਗਤ ਵਿੱਚ ਪ੍ਰਚਾਰਨ ਤੇ ਲਾਗੂ ਕਰਨ ਲਈ ਵੱਡੇ ਪੱਧਰ ’ਤੇ ਉਪਰਾਲੇ ਕੀਤੇ ਜਾਣ।”

ਸਿੰਘ ਸਾਹਿਬ ਦੁਆਰਾ ਪ੍ਰਵਾਨ ਕੀਤੇ ਇਸ ਖਰੜੇ ਨੂੰ ਜਦ ਪ੍ਰੋ. ਕਿਰਪਾਲ ਸਿੰਘ ਜੀ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 29 ਮਾਰਚ 2003 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿੱਚ ਪੇਸ਼ ਕੀਤਾ ਤਾਂ ਉੱਥੇ ਵੀ ਇਸਦਾ ਭਰਪੂਰ ਸਵਾਗਤ ਕੀਤਾ ਗਿਆ। ਉਪਰੋਕਤ ਇਜਲਾਸ ਵਿੱਚ ਪਾਸ ਹੋਇਆ ਮਤਾ ਇਸ ਪ੍ਰਕਾਰ ਹੈ :-

“ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੁੱਜੇ ਪੱਤਰ ਅ:ਤ: 03/3045 ਮਿਤੀ 28/03/2003 ਅਨੁਸਾਰ ਨਾਨਕਸ਼ਾਹੀ ਕੈਲੰਡਰ ਧਰਮ ਪ੍ਰਚਾਰ ਕਮੇਟੀ ਦੇ ਮਤਾ ਨੰਬਰ 698 ਮਿਤੀ 10/12/1997 ਅੰਤ੍ਰਿੰਗ ਕਮੇਟੀ ਦੇ ਮਤਾ ਨੰਬਰ 178 ਮਿਤੀ 15/09/98 ਜਨਰਲ ਹਾਊਸ ਦੇ ਮਤਾ ਨੰਬਰ 100 ਮਿਤੀ 18/03/98 ਰਾਹੀਂ ਪ੍ਰਵਾਨ ਹੋ ਕੇ ਲਾਗੂ ਕਰਨ ਦਾ ਫੈਸਲਾ ਹੋਇਆ ਸੀ, ਨੂੰ ਗੁਰ ਪੁਰਬਾਂ ਅਤੇ ਵਿਸ਼ੇਸ਼ ਦਿਨਾਂ-ਦਿਹਾਰਾਂ ਦੀਆਂ ਤਾਰੀਖ਼ਾਂ ਨੂੰ ਸੋਧਣ ਲਈ ਰੋਕ ਲਗਾ ਦਿੱਤੀ ਸੀ ਜੋ ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਰਪ੍ਰਸਤੀ ਹੇਠ 11 ਮੈਂਬਰੀ ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਵੱਲੋਂ ਆਪਣੀਆਂ ਵੱਖ ਵੱਖ ਮੀਟਿੰਗਾਂ ਰਾਹੀਂ ਸਿੱਖ

ਕੌਮ ਦੀਆਂ ਸਮੁੱਚੀਆਂ ਧਾਰਮਿਕ ਜਥੇਬੰਦੀਆਂ, ਸਿੰਘ ਸਭਾਵਾਂ ਤੇ ਬੁੱਧੀਜੀਵੀਆਂ ਦੇ ਸੁਝਾਵਾਂ ਨੂੰ ਘੋਖ ਕੇ ਮਿਤੀ 28 ਮਾਰਚ 2003 ਨੂੰ ਸਰਬ ਸੰਮਤੀ ਨਾਲ ਸੋਧੀਆਂ ਹੋਈਆਂ ਤਾਰੀਖ਼ਾਂ ਅਨੁਸਾਰ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦੀ ਸਹਿਮਤੀ ਪ੍ਰਗਟਾ ਦਿੱਤੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਜਨਰਲ ਇਜਲਾਸ ਪਹਿਲੇ ਹੋਏ ਫੈਸਲਿਆਂ ਅਨੁਸਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 11 ਮੈਂਬਰੀ ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਦੀ ਸੰਮਤੀ ਰਿਪੋਰਟ ਦੇ ਆਧਾਰ 'ਤੇ ਸੋਧੀਆਂ ਹੋਈਆਂ ਤਾਰੀਖ਼ਾਂ ਤੇ ਨਾਨਕਸ਼ਾਹੀ ਕੈਲੰਡਰ ਨੂੰ ਵੈਸਾਖੀ 2003 ਤੋਂ ਲਾਗੂ ਕਰਨ ਦੀ ਪ੍ਰਵਾਨਗੀ ਦਿੰਦਾ ਹੈ। ਇਸ ਖਰੜੇ ਮੁਤਾਬਿਕ ਡਾਇਰੀ ਅਤੇ ਕੈਲੰਡਰ ਆਦਿ ਸ੍ਰ. ਪਾਲ ਸਿੰਘ ਪੁਰੇਵਾਲ ਦੀ ਦੇਖ ਰੇਖ ਹੇਠ; ਧਰਮ ਪ੍ਰਚਾਰ ਕਮੇਟੀ ਵੱਲੋਂ ਮਨਾਈਆਂ ਜਾਣ ਵਾਲੀਆਂ ਸ਼ਤਾਬਦੀਆਂ ਮੱਦ ਵਿੱਚੋਂ ਖਰਚ ਕਰਕੇ ਛਪਵਾਉਣ ਦੀ ਪ੍ਰਵਾਨਗੀ ਦਿੰਦਾ ਹੈ। ਇਹ ਇਜਲਾਸ ਵੈਸਾਖੀ 2003 ਤੋਂ ਸਮੂਹ ਗੁਰਦੁਆਰਾ ਸਾਹਿਬਾਨ ਵਿਖੇ ਗੁਰਪੁਰਬ ਅਤੇ ਹੋਰ ਦਿਨ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਏ ਜਾਣ ਲਈ ਸਿੱਖ ਸੰਗਤਾਂ ਨੂੰ ਸਮਾਜਿਕ ਅਤੇ ਪਰਵਾਰਿਕ ਕਾਰ ਵਿਹਾਰ ਇਸ ਕੈਲੰਡਰ ਅਨੁਸਾਰ ਕਰਨ ਦੀ ਅਪੀਲ ਕਰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਇਜਲਾਸ ਸਿੱਖ ਪੰਥ ਦੇ ਨਿਰਾਲੇ, ਨਿਆਰੇ ਅਤੇ ਨਿਵੇਕਲੇ ਸਰੂਪ ਨੂੰ ਦ੍ਰਿੜ ਕਰਵਾਉਣ ਵਾਲਾ, ਸਿੱਖ ਕੌਮ ਦੀਆਂ ਭਾਵਨਾਵਾਂ ਅਨੁਸਾਰ ਨਾਨਕਸ਼ਾਹੀ ਕੈਲੰਡਰ ਤਿਆਰ ਕਰਨ ਲਈ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬਾਨ ਅਤੇ 11 ਮੈਂਬਰੀ ਕਮੇਟੀ ਵੱਲੋਂ ਕੀਤੀ ਗਈ ਅਣਥੱਕ ਮਿਹਨਤ ਦੀ ਭਰਪੂਰ ਪ੍ਰਸੰਸਾ ਕਰਦਾ ਹੈ।"

ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਦੀਆਂ ਵੱਖੋ ਵੱਖਰੀਆਂ ਮੀਟਿੰਗਾਂ ਵਿੱਚ ਸ਼ਾਮਲ ਹੋ ਕੇ ਜਿਨ੍ਹਾਂ ਸਿੱਖ ਵਿਦਵਾਨਾਂ, ਪੰਥਕ ਪ੍ਰਤੀਨਿਧਾਂ, ਸੰਸਥਾਵਾਂ ਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਨਾਨਕਸ਼ਾਹੀ ਕੈਲੰਡਰ ਨੂੰ ਅਮਲੀ ਰੂਪ ਵਿੱਚ ਲਿਆਉਣ ਦੀ ਪ੍ਰਕਿਰਿਆ ਵਿੱਚ ਆਪਣਾ ਯੋਗਦਾਨ ਪਾਇਆ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨਃ-

1. ਸਿੰਘ ਸਾਹਿਬ ਜਥੇਦਾਰ ਬਲਵੰਤ ਸਿੰਘ, ਜਥੇਦਾਰ ਤਖ਼ਤ ਸ਼੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਬਠਿੰਡਾ।
2. ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਜੀ, ਜਥੇਦਾਰ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ।
3. ਪ੍ਰੋ. ਕਿਰਪਾਲ ਸਿੰਘ ਜੀ ਬਡੂੰਗਰ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ।
4. ਸ੍ਰ. ਹਰਬੇਅੰਤ ਸਿੰਘ, ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ।
5. ਸ੍ਰ. ਰਘਵੀਰ ਸਿੰਘ, ਨਿੱਜੀ ਸਹਾਇਕ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ।
6. ਸ੍ਰ. ਤਰਸੇਮ ਸਿੰਘ ਚੇਅਰਮੈਨ ਧਰਮ ਪ੍ਰਚਾਰ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ।
7. ਸ੍ਰ. ਅਵਤਾਰ ਸਿੰਘ ਹਿੱਤ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦਿੱਲੀ।
8. ਸ੍ਰ. ਜਗਮੋਹਨ ਸਿੰਘ ਟੋਨੀ, ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
9. ਡਾ. ਖੜਕ ਸਿੰਘ ਚੰਡੀਗੜ੍ਹ।
10. ਸ੍ਰ. ਮਨਜੀਤ ਸਿੰਘ ਕਲਕੱਤਾ ਅੰਮ੍ਰਿਤਸਰ।
11. ਡਾ. ਗੁਰਬਚਨ ਸਿੰਘ ਬਚਨ, ਅੰਮ੍ਰਿਤਸਰ।
12. ਸੰਤ ਬਾਬਾ ਕਸ਼ਮੀਰਾ ਸਿੰਘ, ਮੁਖੀ ਸੰਤ ਸਮਾਜ ਜਲੰਧਰ।
13. ਸੰਤ ਤੇਜਾ ਸਿੰਘ ਨਿਰਮਲ ਪੰਥ, ਖੁੱਡਾ ਹੁਸ਼ਿਆਰਪੁਰ।
14. ਭਾਈ ਅਜੈਬ ਸਿੰਘ ਅਭਿਆਸੀ, ਦਮਦਮੀ ਟਕਸਾਲ।
15. ਸ੍ਰ. ਕੁਲਵੰਤ ਸਿੰਘ ਉਰਦਨ, ਤਹਿਸੀਲ ਅਜਨਾਲਾ ਅੰਮ੍ਰਿਤਸਰ।
16. ਗਿਆਨੀ ਅਜੀਤ ਸਿੰਘ ਮੋਗਾ।
17. ਕਰਨਲ ਸੁਰਜੀਤ ਸਿੰਘ ਨਿਸ਼ਾਨ ਚੰਡੀਗੜ੍ਹ।
18. ਸ੍ਰ. ਅਨੁਰਾਗ ਸਿੰਘ ਲੁਧਿਆਣਾ।
19. ਪ੍ਰੋ. ਸੂਬਾ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ।
20. ਡਾ. ਸੁਖਪ੍ਰੀਤ ਸਿੰਘ ਉਦੋਕੇ।
21. ਡਾ. ਗੁਰਦੇਵ ਸਿੰਘ ਗਿਰਗਲਾ ਅੰਮ੍ਰਿਤਸਰ।
22. ਪ੍ਰਿੰ. ਸੰਤੋਖ ਸਿੰਘ, ਸਿੰਘ ਸਭਾ ਅੰਮ੍ਰਿਤਸਰ।
23. ਪ੍ਰੋ. ਜਸਬੀਰ ਸਿੰਘ ਸਾਬਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ।
24. ਭਾਈ ਜਸਬੀਰ ਸਿੰਘ ਰੋਡੇ, ਸਾਬਕਾ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ।
25. ਗਿਆਨੀ ਕੇਵਲ ਸਿੰਘ ਜੀ ਸਾਬਕਾ ਜਥੇਦਾਰ ਤਖ਼ਤ ਸ਼੍ਰੀ ਦਮਦਮਾ ਸਾਹਿਬ।
26. ਸ੍ਰ. ਜਸਵਿੰਦਰ ਸਿੰਘ ਐਡਵੋਕੇਟ, ਅਕਾਲ ਪੁਰਖ਼ ਕੀ ਫ਼ੌਜ ਅੰਮ੍ਰਿਤਸਰ।
27. ਜਥੇਦਾਰ ਕੁਲਦੀਪ ਸਿੰਘ ਵਡਾਲਾ।
28. ਡਾ. ਬਿਕਰਮ ਸਿੰਘ, ਗੁਰਮਤਿ ਕਾਲਜ ਪਟਿਆਲਾ।
29. ਸ੍ਰ. ਬਲਵੰਤ ਸਿੰਘ ਬਹੋੜੂ, ਅੰਮ੍ਰਿਤਸਰ।
30. ਸ੍ਰ. ਹਰਕਰਮਜੀਤ ਸਿੰਘ ਢਿੱਲੋਂ, ਪਟਿਆਲਾ।
31. ਸ੍ਰ. ਚਮਕੌਰ ਸਿੰਘ ਐਡੀਟਰ ਗੁਰਮਤਿ ਪ੍ਰਕਾਸ਼।
32. ਪ੍ਰਿੰ. ਰਾਜਿੰਦਰ ਸਿੰਘ ਕਪੂਰਥਲਾ।
33. ਡਾ. ਹਰਜਿੰਦਰ ਸਿੰਘ ਦਿਲਗੀਰ।
34. ਜਥੇਦਾਰ ਚੜ੍ਹਤ ਸਿੰਘ, ਨੁਮਾਇੰਦੇ ਨਿਹੰਗ ਸਿੰਘ ਜਥੇਬੰਦੀਆਂ।
35. ਬਾਬਾ ਦਰਸ਼ਨ ਸਿੰਘ ਦਸ਼ਮੇਸ਼ ਤਰਨਾ ਦਲ, ਨਿਹੰਗ ਜਥੇਬੰਦੀ।
36. ਸ੍ਰ. ਚਰਨ ਸਿੰਘ ਲੁਹਾਰਾ, ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
37. ਸ੍ਰ. ਕੰਵਰਪਾਲ ਸਿੰਘ, ਅਕਾਲ ਫੈਡਰੇਸ਼ਨ ਅੰਮ੍ਰਿਤਸਰ।
38. ਸ੍ਰ. ਇੰਦਰਜੀਤ ਸਿੰਘ ਗੋਗੋਆਣੀ, ਗੁਰਮਤਿ ਸਾਹਿਤ ਸਭਾ ਅੰਮ੍ਰਿਤਸਰ।

39. ਸ੍ਰ. ਸਵਰਨ ਸਿੰਘ, ਇੰਚਾਰਜ਼, ਸਿੱਖ ਮਿਸ਼ਨ ਜੰਮੂ ਕਸ਼ਮੀਰ।
40. ਸ੍ਰ. ਦਿਲਜੀਤ ਸਿੰਘ ਬੇਦੀ, ਇੰਚਾਰਜ਼ ਪਬਲੀਸਿਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ।
41. ਬਾਬਾ ਗੁਰਬਚਨ ਸਿੰਘ, ਮੁੱਖ ਸੇਵਾਦਾਰ ਦਸ਼ਮੇਸ਼ ਪਰਿਵਾਰ, ਇੰਟਰਨੈਸ਼ਨਲ ਸੰਸਥਾ ਅੰਮ੍ਰਿਤਸਰ।

ਨਾਨਕਸ਼ਾਹੀ ਨਿਰਣੈ ਕਮੇਟੀ ਦੀਆਂ ਮੀਟਿੰਗ ਵਿੱਚ ਵਿਚਾਰ ਪ੍ਰਗਟਾਉਣ ਵਾਲੇ ਉਪਰੋਕਤ ਸੱਜਣਾਂ ਤੇ ਸੰਸਥਾਵਾਂ ਤੋਂ ਇਲਾਵਾ ਕੁੱਝ ਵਿਦਵਾਨਾਂ ਤੇ ਸੰਸਥਾਵਾਂ ਨੇ ਆਪਣੇ ਸੁਝਾਅ ਲਿਖਤੀ ਰੂਪ ਵਿੱਚ ਵੀ ਭੇਜੇ ਜਿਨ੍ਹਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ:-

1. ਸ੍ਰ. ਤਰਲੋਚਨ ਸਿੰਘ, ਚੇਅਰਮੈਨ ਨੈਸ਼ਨਲ ਕਮਿਸ਼ਨ ਫਾਰ ਮਾਇਨੌਰਟੀ, ਨਵੀਂ ਦਿੱਲੀ।
2. ਯੂ.ਪੀ. ਸਿੱਖ ਪ੍ਰਤੀਨਿਧੀ ਬੋਰਡ, ਲਖਨਊ।
3. ਡਾ. ਸੱਜਣ ਸਿੰਘ ਲਿਸ਼ਕ, ਪਟਿਆਲਾ।
4. ਭਾਈ ਅਰਦੱਮਣ ਸਿੰਘ ਝਬਾਲ, ਪ੍ਰਧਾਨ ਇੰਟਰਨੈਸ਼ਨਲ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਅੰਮ੍ਰਿਤਸਰ।
5. ਸ੍ਰ. ਜਰਨੈਲ ਸਿੰਘ, ਜਥੇਦਾਰ ਅਕਾਲੀ ਦਲ ਜਮਸ਼ੇਦਪੁਰ ਝਾਰਖੰਡ।
6. ਸ਼੍ਰੀ ਗੁਰੂ ਸਿੰਘ ਸਭਾ, ਸਾਊਥਹਾਲ ਲੰਡਨ ਇੰਗਲੈਂਡ।
7. ਸ੍ਰ. ਪ੍ਰੀਤਮ ਸਿੰਘ ਜਨਰਲ ਸਕੱਤਰ, ਸ਼੍ਰੀ ਗੁਰੂ ਸਿੰਘ ਸਭਾ ਮੱਧ ਪ੍ਰਦੇਸ਼ ਤੇ ਛੱਤੀਸ਼ਗੜ੍ਹ।
8. ਸਿਵਲ ਲਾਈਨਜ਼ ਸਿੰਘ ਸਭਾ ਫੈਡਰੇਸ਼ਨ ਦਿੱਲੀ।
9. ਓਨਟੇਰੀਓ ਗੁਰਦੁਆਰਾਜ਼ ਕਮੇਟੀ, ਟੋਰੰਟੋ, ਕੈਨੇਡਾ।
10. ਵਰਲਡ ਸਿੱਖ ਇੰਟੈਕਚੁਅਲ ਕੌਂਸਲ, ਨਾਰਥ ਅਮਰੀਕਾ।
11. ਸ੍ਰ. ਸੰਤੋਖ ਸਿੰਘ ਓਟਵਾ, ਸਿੱਖ ਸੋਸਾਇਟੀ ਕੈਨੇਡਾ।
12. ਖਾਲੜਾ ਮਿਸ਼ਨ ਕਮੇਟੀ, ਅੰਮ੍ਰਿਤਸਰ।
13. ਸ੍ਰ. ਪ੍ਰਿਤਪਾਲ ਸਿੰਘ ਬਿੰਦਰਾ, ਟੋਰੰਟੋ ਕੈਨੇਡਾ।
14. ਸ੍ਰ. ਲਾਲ ਸਿੰਘ, ਨਾਭਾ ਜੇਲ੍ਹ, ਨਾਭਾ।
15. ਗਿਆਨੀ ਗੁਰਬਖਸ਼ ਸਿੰਘ ਰਾਹੀ, ਬਰਨਾਲਾ।
16. ਸ੍ਰ. ਮਲੂਕ ਸਿੰਘ ਚੰਡੀਗੜ੍ਹ।
17. ਸ੍ਰ. ਬਲਵੀਰ ਸਿੰਘ ਸੂਦ ਲੁਧਿਆਣਾ।
18. ਸ੍ਰ. ਇੰਦਰਜੀਤ ਸਿੰਘ ਮੋਹਾਲੀ।
19. ਸ੍ਰ. ਕਰਨੈਲ ਸਿੰਘ ਗਿੱਲ, ਓਟਵਾ ਕੈਨੇਡਾ। {ਵਰਡ ਸਿੱਖ ਆਰਗੇਨਾਈਜ਼ੇਸ਼ਨ (ਇੰਟਰਨੈਸ਼ਨਲ)}
20. ਸ੍ਰ. ਜਸਪਾਲ ਸਿੰਘ ਪਲਾਹ, ਕੈਨੇਡਾ।
21. ਸ੍ਰ. ਧਰਮ ਸਿੰਘ ਪੰਨੂੰ, ਆਸ਼ਵਾ, ਕੈਨੇਡਾ।
22. ਸ੍ਰ. ਗੁਰਮੀਤ ਸਿੰਘ ਆਸਟ੍ਰੇਲੀਆ।
23. ਸ੍ਰ. ਪਰਮਜੀਤ ਸਿੰਘ, ਸ੍ਰ. ਨਰਿੰਦਰ ਸਿੰਘ ਢਿੱਲੋਂ, ਸ੍ਰ. ਅਵਤਾਰ ਸਿੰਘ ਸੰਧੂ, ਸ੍ਰ. ਪੂਰਨਜੀਤ ਸਿੰਘ, ਸ੍ਰ. ਮੋਹਨ ਸਿੰਘ, ਸਰੀ, ਵੈਨਕੂਵਰ ਕੈਨੇਡਾ।
24. ਸ੍ਰ. ਬਹਾਦਰ ਸਿੰਘ (ਈ-ਮੇਲ ਰਾਹੀਂ)
25. ਸ੍ਰ. ਐੱਸ.ਐੱਸ ਮਾਨ (ਈ-ਮੇਲ ਰਾਹੀਂ)
26. ਸ੍ਰ. ਅਮਨਦੀਪ ਸਿੰਘ ਗਰੇਵਾਲ (ਈ-ਮੇਲ ਰਾਹੀਂ)
27. ਸ੍ਰ. ਗੋਪਾਲ ਸਿੰਘ ਕੈਨੇਡਾ।

ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਨੇ ਮੁੱਢਲੇ ਨਾਨਕਸ਼ਾਹੀ ਕੈਲੰਡਰ ਦਾ ਗਹਿਨ ਅਧਿਐਨ ਕਰਕੇ ਉਸ ਉੱਪਰ ਨਜ਼ਰਸ਼ਾਨੀ ਕੀਤੀ ਹੈ। ਇਤਿਹਾਸ ਦੇ ਵੱਖੋ ਵੱਖਰੇ ਸਰੋਤਾਂ ਦਾ ਅਧਿਐਨ ਕਰਕੇ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਹੋਰ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਦਿਹਾੜਿਆਂ ਨੂੰ ਨਾਨਕਸ਼ਾਹੀ ਕੈਲੰਡਰ ਅਨੁਸਾਰ ਪੱਕੇ ਤੌਰ 'ਤੇ ਨਿਸ਼ਚਤ ਕਰ ਦਿੱਤਾ ਹੈ। ਤਾਰੀਖ਼ ਨਿਸ਼ਚਤ ਕਰਦਿਆਂ ਅੰਗਰੇਜ਼ੀ ਤਾਰੀਖ਼ਾਂ ਨੂੰ ਨਹੀਂ ਬਲਕਿ ਦੇਸੀ ਤਾਰੀਖ਼ਾਂ (ਚੇਤ, ਵੈਸਾਖ ਆਦਿ ਦੀਆਂ ਤਾਰੀਖ਼ਾਂ) ਨੂੰ ਧਿਆਨ ਵਿੱਚ ਰੱਖਿਆ ਹੈ। ਮਿਸਾਲ ਦੇ ਤੌਰ 'ਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ੨੩ ਪੋਹ ਦਾ ਹੈ ਅਤੇ ਹਮੇਸ਼ਾਂ ਹੀ ੨੩ ਪੋਹ ਨੂੰ ਆਇਆ ਕਰੇਗਾ। ਇਹ ਕੈਲੰਡਰ ਕਿਸੇ ਖ਼ਾਸ ਫ਼ਿਰਕੇ ਜਾਂ ਧਰਮ ਦਾ ਵਿਰੋਧ ਕਰਨ ਲਈ ਨਹੀਂ ਬਲਕਿ ਸਿੱਖ ਧਰਮ ਲਈ ਸਹੀ ਸਾਇੰਟਿਫਿਕ ਤੇ ਵਧੇਰੇ ਉਪਯੋਗੀ ਕੈਲੰਡਰ ਦੀ ਜਰੂਰਤ ਨੂੰ ਮੁੱਖ ਰੱਖਕੇ ਬਣਾਇਆ ਹੈ। ਇਹ ਧਿਆਨ ਵੀ ਰੱਖਿਆ ਹੈ ਕਿ ਪ੍ਰੰਪਰਾਗਤ ਕੈਲੰਡਰਾਂ ਦੇ ਉਲਟ ਇਹ ਕੈਲੰਡਰ ਸਰਲ ਤੇ ਸਾਦਾ ਹੋਵੇ ਤਾਂ ਕਿ ਇਸਨੂੰ ਲੋਕ ਸਹਿਜੇ ਹੀ ਸਮਝ ਅਤੇ ਅਪਨਾ ਸਕਣ। ਇਸੇ ਕਰਕੇ ਹੀ ਸਭਨਾਂ ਮਹੀਨਿਆਂ ਦੇ ਦਿਨ 31 ਜਾਂ 30 ਰੱਖੇ ਗਏ ਹਨ ਜਿਸ ਨਾਲ ਨਾਨਕਸ਼ਾਹੀ ਕੈਲੰਡਰ ਦੀਆਂ ਸੰਗਰਾਦਾਂ ਸਾਂਝੇ ਸੰਨ ਦੀਆਂ ਤਾਰੀਖ਼ਾਂ ਵਿੱਚ ਪੱਕੇ ਤੌਰ 'ਤੇ ਨਿਸ਼ਚਤ ਹੋ ਗਈਆਂ ਹਨ। ਇਸ ਲਈ ਭਵਿੱਖ ਵਿੱਚ ਜਦੋਂ ਕਦੀ ਵੀ ਸਾਂਝੇ ਸੰਨ ਵਿੱਚ ਸਮਾਯੋਜਨ (Adjustment) ਕੀਤੀ ਗਈ ਤਾਂ ਉਹ ਨਾਨਕਸ਼ਾਹੀ ਕੈਲੰਡਰ ਵਿੱਚ ਆਪਣੇ ਆਪ ਹੀ ਹੋ ਜਾਵੇਗੀ। ਸਹੂਲਤ ਲਈ ਨਾਨਕਸ਼ਾਹੀ ਕੈਲੰਡਰ ਦੇ ਬਰਾਬਰ 2020 ਤੱਕ ਦੀਆਂ ਹੋਲਾ ਮਹੱਲਾ, ਬੰਦੀ ਛੋੜ ਦਿਵਸ (ਦੀਵਾਲੀ) ਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀਆਂ ਤਾਰੀਖ਼ਾਂ ਵੀ ਦਿੱਤੀਆਂ ਹਨ। ਸਥਾਨਕ ਮੇਲਿਆਂ ਦੀਆਂ ਤਾਰੀਖ਼ਾਂ ਨਿਸ਼ਚਤ ਕਰਨ ਲਈ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਉਮੀਦ ਹੈ ਇਹ ਨਾਨਕਸ਼ਾਹੀ ਕੈਲੰਡਰ ਗੁਰਮਤਿ ਤੋਂ ਪ੍ਰੇਰਿਤ ਸਿੱਖ ਪੰਥ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਦਾ ਭਵਿੱਖ ਵਿੱਚ ਪੰਥ ਦੇ ਇਤਿਹਾਸ ਵਿੱਚ ਅਹਿਮ ਭੂਮਿਕਾ ਨਿਭਾਏਗਾ।

ਗੁਰੂ ਪੰਥ ਦੇ ਦਾਸ : ਪਾਲ ਸਿੰਘ ਪੁਰੇਵਾਲ
3855-47 ਸਟ੍ਰੀਟ ਐਡਮੰਟਨ, ਅਲਬਰਟਾ, 653, ਕੈਨੇਡਾ।
ਫੋਨ: (780)463-2306;
ਈ-ਮੇਲ: <pspurewal@gmail.com>
ਬਲਵੰਤ ਸਿੰਘ ਢਿੱਲੋਂ (ਡਾ.)
ਮੁਖੀ ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਵਸ ਦੀ ਤਾਰੀਖ਼

ਪਾਲ ਸਿੰਘ ਪੁਰੇਵਾਲ

ਪਿਛਲੇ 100 ਸਾਲਾਂ ਵਿੱਚ ਗੁਰੂ ਨਾਨਕ ਸਾਹਿਬ ਜੀ ਦੀ ਜਨਮ ਤਾਰੀਖ਼ ਬਾਰੇ ਇਨਾਂ ਕੁਝ ਲਿਖਿਆ ਜਾ ਚੁੱਕਾ ਹੈ ਕਿ ਹੋਰ ਕੁਝ ਲਿਖਣਾ ਸ਼ਾਇਦ ਵਾਲ਼ ਦੀ ਖੱਲ ਲਾਹੁਣੀ ਸਮਝਿਆ ਜਾਵੇ। ਪਰ ਇਕ ਐਸਾ ਦ੍ਰਿਸ਼ਟੀ ਕੋਣ ਹੈ ਜਿਸ ਤੋਂ ਅਜੇ ਤਕ ਇਸ ਵਿਸ਼ੇ ਨੂੰ ਕਿਸੇ ਨੇ ਛੋਹਿਆ ਨਹੀਂ। ਇਸ ਪੇਪਰ ਵਿਚ ਅਸੀਂ ਇਸ ਨਵੇਂ ਦ੍ਰਿਸ਼ਟੀ ਕੋਣ ਨੂੰ ਉਜਾਗਰ ਕਰਨ ਦਾ ਯਤਨ ਕਰਾਂਗੇ। ਇਸ ਤੋਂ ਪਹਿਲਾਂ ਕਿ ਇਹ ਦ੍ਰਿਸ਼ਟੀ ਕੋਣ ਪੇਸ਼ ਕੀਤਾ ਜਾਵੇ ਅੱਜ ਤੱਕ ਜੋ ਵਿਚਾਰ ਇਸ ਸੰਧਰਭ ਵਿਚ ਆਏ ਹਨ ਉਨ੍ਹਾਂ ਦਾ ਸਾਰੰਸ਼ ਦੇਣਾ ਅਨਉਚਿੱਤ ਨਹੀਂ ਹੋਵੇਗਾ।

ਪਹਿਲਾ ਪੱਖ

ਇਹ ਪੱਖ ਪੁਰਾਣੀਆਂ ਜਨਮ ਸਾਖੀਆਂ ਦੇ ਹਵਾਲੇ ਰਾਹੀਂ ਕੱਤਕ ਸੁਦੀ ਪੂਰਨਮਾਸ਼ੀ ੧੫੨੬ ਬਿਕਰਮੀ ਪ੍ਰਕਾਸ਼ ਦਿਵਸ ਮੰਨਣ ਵਾਲਿਆਂ ਦਾ ਹੈ। ਪੁਰਾਣੇ ਸੋਮਿਆਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਆਯੂ 70 ਸਾਲ, 5 ਮਹੀਨੇ ਅਤੇ 7 ਦਿਨ ਲਿਖੀ ਹੋਈ ਹੈ, ਅਤੇ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ਼ ਅੱਸੂ ਵਦੀ ੧੦, ੧੫੯੬ ਬਿ: ਮਿਲਦੀ ਹੈ। ਇਸ ਪੱਖ ਦੇ ਵਿਚਾਰਵਾਨ ਜੋਤੀ ਜੋਤ ਸਮਾਉਣ ਦੀ ਤਾਰੀਖ਼ ਅਤੇ ਪ੍ਰਕਾਸ਼ ਦੀਆਂ ਤਾਰੀਖ਼ਾਂ ਨੂੰ ਤਾਂ ਸਹੀ ਮੰਨਦੇ ਹਨ ਪਰ ਆਯੂ 70 ਸਾਲ, 5 ਮਹੀਨੇ ਤੇ 7 ਦਿਨ ਨੂੰ ਠੀਕ ਨਹੀਂ ਮੰਨਦੇ ਕਿਉਂਕਿ ਕੱਤਕ ਸੁਦੀ ਪੂਰਨਮਾਸ਼ੀ, ੧੫੨੬ ਬਿ: ਤੋਂ ਅੱਸੂ ਵਦੀ ੧੦, ੧੫੯੬ ਬਿ: ਤੱਕ ਸਮਾਂ 70 ਸਾਲ ਤੋਂ ਘੱਟ ਬਣਦਾ ਹੈ।

ਪ੍ਰਕਾਸ਼ ਮਿਤੀ- ਕੱਤਕ ਸੁਦੀ ਪੂਰਨਮਾਸ਼ੀ, ੧੫੨੬ ਬਿ: = 20 ਅਕਤੂਬਰ 1469 ਸ:ਸ: (ਸਾਂਝਾ ਸਾਲ), = ੨੧ ਕੱਤਕ ੧੫੨੬ ਬਿਕਰਮੀ ਸੂਰਜੀ (ਸੰਗ੍ਰਾਂਦੀਂ), = ਸ਼ੁੱਕਰਵਾਰ

ਜੋਤੀ ਜੋਤ ਸਮਾਉਣ ਦੀ ਮਿਤੀ- ਅੱਸੂ ਵਦੀ ੧੦, ੧੫੯੬ ਬਿ: = 7 ਸਤੰਬਰ 1539 ਸ:ਸ:, = ੮ ਅੱਸੂ ੧੫੯੬ ਬਿ: ਸੂਰਜੀ, = ਐਤਵਾਰ।

ਗੁਰੂ ਜੀ ਦੀ ਆਯੂ

(ੳ) ਕੱਤਕ ਸੁਦੀ ਪੂਰਨਮਾਸ਼ੀ, ੧੫੨੬ ਬਿ: ਤੋਂ ਅੱਸੂ ਵਦੀ ੧੦, ੧੫੯੬ ਬਿ: ਤੱਕ = ੬੯ ਸਾਲ, ੧੦ ਮਹੀਨੇ, ੧੦ ਦਿਨ (ਚੰਦ੍ਰਸਾਲ ਅਨੁਸਾਰ)

(ਅ) ੨੧ ਕੱਤਕ, ੧੫੨੬ ਬਿ: ਤੋਂ ੮ ਅੱਸੂ, ੧੫੯੬ ਬਿ: ਤੱਕ =੬੯ ਸਾਲ ੧੦ ਮਹੀਨੇ, ੧੮ ਦਿਨ (ਸੂਰਜੀ ਸਾਲ ਅਨੁਸਾਰ)

(ੲ) 20 ਅਕਤੂਬਰ, 1469 ਸ:ਸ: ਤੋਂ 7 ਸਤੰਬਰ, 1539 ਸ:ਸ: ਤੱਕ =69 ਸਾਲ, 10 ਮਹੀਨੇ, 18 ਦਿਨ (ਈਸਵੀ ਸਾਲ ਮੁਤਾਬਿਕ)

ਦੂਜਾ ਪੱਖ

ਅਧੁਨਿਕ ਖੋਜਕਾਰਾਂ ਦਾ ਵਿਚਾਰ ਹੈ ਕਿ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ਼ ਅੱਸੂ ਸੁਦੀ ੧੦, ੧੫੯੬ ਬਿ: ਹੈ। ਇਹ ਤਾਰੀਖ਼ ਪਹਿਲੇ ਪੱਖ ਵਾਲਿਆਂ ਨਾਲੋਂ 15 ਦਿਨ ਬਾਅਦ ਦੀ ਹੈ, ਕਿਉਂਕਿ ਉੱਤਰੀ ਭਾਰਤ ਵਿੱਚ ਪ੍ਰਚੱਲਤ ਚੰਦ੍ਰਮਾਸ ਵਿੱਚ ਸੁਦੀ ਦਾ ਪੱਖ (ਚਾਨਣਾ ਪੱਖ), ਵਦੀ ਪੱਖ (ਅਨ੍ਹੇਰਾ ਪੱਖ) ਤੋਂ ਪਿੱਛੋਂ ਆਉਂਦਾ ਹੈ। ਇਸ ਵਿਚਾਰ ਵਾਲੇ ਗੁਰੂ ਜੀ ਦੀ ਆਯੂ 70, ਸਾਲ, 5 ਮਹੀਨੇ, ਅਤੇ 7 ਦਿਨ ਮੰਨਦੇ ਹਨ। ਆਯੂ ਨੂੰ ਜੋਤੀ ਜੋਤ ਦੀ ਤਾਰੀਖ਼ (ਚੰਦ੍ਰਮਾਸ ਅਨੁਸਾਰ) ’ਚੋਂ ਘਟਾ ਕੇ ਗੁਰੂ ਜੀ ਦੀ ਜਨਮ ਤਾਰੀਖ਼ ਵੈਸਾਖ ਸੁਦੀ ੩, ੧੫੨੬ ਬਿ: ਬਣਾ ਲੈਂਦੇ ਹਨ।

ਹੁਣ ਇਨ੍ਹਾਂ ਚੰਦ੍ਰਮਾਸੀ ਤਾਰੀਖ਼ਾਂ ਨੂੰ ਵੀ ਬਿ: (ਸੂਰਜੀ) ਅਤੇ ਸ:ਸ: ਦੀਆਂ ਤਾਰੀਖ਼ਾਂ ਵਿੱਚ ਬਦਲੀਏ:

ਪ੍ਰਕਾਸ਼ ਮਿਤੀ- ਵੈਸਾਖ ਸੁਦੀ ੩, ੧੫੨੬ ਬਿ: = ੧੫ ਅਪ੍ਰੈਲ, ੧੪੬੯ ਸ:ਸ: = ੨੦ ਵੈਸਾਖ, ੧੫੨੬ ਬਿ: (ਸੂਰਜੀ ਸਿਧਾਂਤ) = ਸਨਿੱਚਰਵਾਰ

ਜੋਤੀ ਜੋਤ ਸਮਾਉਣ ਦੀ ਮਿਤੀ- ਅੱਸੂ ਸੁਦੀ ੧੦, ੧੫੯੬ ਬਿ: = ੨੨ ਸਤੰਬਰ, ੧੫੩੯ ਸ:ਸ: = ੨੩ ਅੱਸੂ, ੧੫੯੬ ਬਿ: (ਸੂਰਜੀ ਸਿਧਾਂਤ) = ਸੋਮਵਾਰ

(ਸ) ਗੁਰੂ ਜੀ ਦੀ ਆਯੂ (ਸ) ਵੈਸਾਖ ਸੁਦੀ ੩, ੧੫੨੬ ਬਿ: ਤੋਂ ਅੱਸੂ ਸੁਦੀ ੧੦, ੧੫੯੬ ਬਿ: ਤੱਕ =੭੦ ਸਾਲ, ੫ ਮਹੀਨੇ, ੭ ਦਿਨ (ਚੰਦ੍ਰਸਾਲ ਅਨੁਸਾਰ)

(ਹ) ੨੦ ਵੈਸਾਖ, ੧੫੨੬ ਬਿ: ਤੋਂ ੨੩ ਅੱਸੂ, ੧੫੯੬ ਬਿ: ਤੱਕ =੭੦ ਸਾਲ, ੫ ਮਹੀਨੇ, ੩ ਦਿਨ (ਸੂਰਜੀ ਸਾਲ ਅਨੁਸਾਰ)

(ਕ) 15 ਅਪ੍ਰੈਲ, 1469 ਸ:ਸ: ਤੋਂ 22 ਸਤੰਬਰ, 1539 ਸ:ਸ: ਤੱਕ =70 ਸਾਲ, 5 ਮਹੀਨੇ, 7 ਦਿਨ (ਈਸਵੀ ਸਾਲ ਮੁਤਾਬਿਕ)

(ੳ) ਤੇ (ਸ) ਦੀਆਂ ਤਾਰੀਖ਼ਾਂ ਬਿਕਰਮੀ ਸੰਮਤ ਦੇ ਚੰਦ੍ਰਮਾਂ ਦੇ ਸੁਦੀ ਤੇ ਵਦੀ ਦੇ ਪੱਖ ਅਨੁਸਾਰ ਹਨ।

(ਅ) ਤੇ (ਹ) ਦੀਆਂ ਤਾਰੀਖ਼ਾਂ ਉਸੀ ਸੰਮਤ ਦੇ ਸੂਰਜੀ (ਸੰਗ੍ਰਾਂਦੀਂ) ਮਹੀਨਿਆਂ ਅਨੁਸਾਰ ਹਨ।

ਉੱਤਰੀ ਭਾਰਤ ਵਿੱਚ ਚੰਦ੍ਰਮਾਸ ਵਦੀ ਏਕਮ ਨਾਲ ਅਰੰਭ ਹੁੰਦਾ ਹੈ ਜੋ ਕਿ ਆਮ ਤੌਰ ’ਤੇ ਪਿਛਲੇ ਮਹੀਨੇ ਦੀ ਪੂਰਨਮਾਸ਼ੀ ਤੋਂ ਅਗਲੇ ਦਿਨ ਹੁੰਦੀ ਹੈ, ਅਤੇ ਪੂਰਨਮਾਸ਼ੀ ਵਾਲੇ ਦਿਨ ਮਹੀਨਾ ਪੂਰਾ ਹੁੰਦਾ ਹੈ। ਸੂਰਜੀ ਮਹੀਨੇ ਸੰਗ੍ਰਾਂਦ ਤੋਂ ਸ਼ੁਰੂ ਹੁੰਦੇ ਹਨ। ਸਾਧਾਰਨ ਚੰਦ੍ਰ ਸਾਲ ਸੂਰਜੀ ਸਾਲ ਤੋਂ 11 ਦਿਨ ਛੋਟਾ ਹੈ। ਇਸ ਲਈ ਚੰਦ੍ਰ ਸਾਲ ਦਾ ਸੂਰਜੀ ਸਾਲ ਨਾਲ ਮੇਲ ਰੱਖਣ ਲਈ ਹਰ ਤੀਜੇ ਜਾਂ ਚੌਥੇ ਸਾਲ ਚੰਦ੍ਰ ਸਾਲ ਵਿੱਚ 1 ਮਹੀਨਾ ਵਧਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਇਸ ਸਾਲ ਵਿੱਚ 13 ਮਹੀਨੇ ਹੋ ਜਾਂਦੇ ਹਨ ਅਤੇ ਇਕੋ ਨਾਂ ਦੇ 2 ਮਹੀਨੇ ਹੁੰਦੇ ਹਨ। ਵਾਧੂ

ਮਹੀਨੇ ਨੂੰ ਮਲਮਾਸ ਜਾਂ ਲੌਂਦ ਦਾ ਮਹੀਨਾ ਆਖਿਆ ਜਾਂਦਾ ਹੈ। 19 ਸਾਲਾਂ ਵਿੱਚ 7 ਮਲਮਾਸ ਹੰਦੇ ਹਨ। ਕਿਉਂਕਿ ਚੰਦ੍ਰਮਾਸ ਦੇ ਮਹੀਨੇ 29 ਜਾਂ 30 ਦਿਨ ਦੇ ਹੁੰਦੇ ਹਨ, ਅਤੇ ਸੂਰਜੀ ਬਿਕਰਮੀ ਮਹੀਨੇ 29, 30, 31, ਜਾਂ 32 ਦਿਨ ਦੇ, ਅਤੇ ਕਿਉਂਕਿ ਚੰਦ੍ਰਮਾਸਾਂ ਵਿੱਚ ਲੌਂਦ ਦੇ ਮਹੀਨੇ ਆ ਜਾਂਦੇ ਹਨ, ਇਸ ਕਰਕੇ ਆਯੂ ਦੀ ਗਣਿਤ ਦੋਹਾਂ (ਸੂਰਜੀ ਅਤੇ ਚੰਦ੍ਰੀ) ਕੈਲੰਡਰਾਂ ਅਨੁਸਾਰ ਕਰਨ ਨਾਲ ਕਦੇ ਮੇਲ ਨਹੀਂ ਖਾਵੇਗੀ, ਜਿਵੇਂ ਕਿ (ੳ) ਦੀ (ਅ) ਨਾਲ, ਅਤੇ (ਸ) ਦੀ (ਹ) ਨਾਲ ਤੁਲਨਾਂ ਕੀਤਿਆਂ ਸਪਸ਼ਟ ਹੁੰਦਾ ਹੈ। ਜੇ ਆਯੂ ਦੇ ਨਾਲ ਇਹ ਨਹੀਂ ਦੱਸਿਆ ਜਾਂਦਾ ਕਿ ਆਯੂ ਕਿਸ ਕੈਲੰਡਰ ਅਨੁਸਾਰ ਹੈ ਤਾਂ ਪਾਠਕ ਗ਼ਲਤ ਸਿੱਟੇ ’ਤੇ ਪਹੁੰਚ ਸਕਦੇ ਹਨ। ਹੇਠ ਲਿਖੀ ਉਦਾਹਰਣ ਇਸ ਨੂੰ ਹੋਰ ਵੀ ਸਪਸ਼ਟ ਕਰ ਦੇਵੇਗੀ:

(ਖ) ਚੇਤ ਸੁਦੀ ੧, ੨੦੪੯ ਬਿ: ੨੨ ਚੇਤ ਨੂੰ ਸੀ

(ਗ) ਚੇਤ ਸੁਦੀ ੧, ੨੦੫੦ ਬਿ: ੧੧ ਚੇਤ ਨੂੰ ਸੀ

(ਘ) ਚੇਤ ਸੁਦੀ ੧, ੨੦੫੧ ਬਿ: ੨੯ ਚੇਤ ਨੂੰ ਸੀ

ਭਾਵੇਂ (ਖ) ਤੇ (ਗ) ਵਿੱਚ, ਅਤੇ (ਗ) ਤੇ (ਘ) ਵਿੱਚ ਚੰਦ੍ਰਸਾਲ ਅਨੁਸਾਰ ਪੂਰੇ 1 ਸਾਲ ਦਾ ਫ਼ਰਕ ਹੈ, ਪਰ ਪਹਿਲੀ ਹਾਲਤ ਵਿੱਚ ਸੰਗ੍ਰਾਂਦਾਂ ਮੁਤਾਬਿਕ 1 ਸਾਲ ਤੋਂ 11 ਦਿਨ ਘੱਟ ਹਨ ਅਤੇ ਦੂਜੀ ਵਿੱਚ 1 ਸਾਲ ਤੋਂ 18 ਦਿਨ ਵੱਧ। (ਖ) ਤੇ (ਘ) ਵਿੱਚ ਚੰਦ੍ਰਸਾਲ ਅਨੁਸਾਰ ਪੂਰੇ 2 ਸਾਲ ਹਨ, ਪਰ ਸੰਗ੍ਰਾਂਦਾਂ ਮੁਤਾਬਿਕ 2 ਸਾਲ ਅਤੇ 7 ਦਿਨ।

ਵੈਸਾਖ ਸੁਦੀ ੩ ਦਾ ਪੱਖ ਪੂਰਨ ਵਾਲਿਆਂ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਇਹ ਚੰਦ੍ਰ-ਸੂਰਜੀ ਸੰਮਤ ਦੁਆਰਾ ਗਣਿਤ ਕੀਤੀ ਹੋਈ ਤਾਰੀਖ਼ ਹੈ। ਉਨ੍ਹਾਂ ਵੱਲੋਂ ਪਰਵਾਨਿਤ ਜੋਤੀ ਜੋਤ ਸਮਾਉਣ ਦੀ ਤਾਰੀਖ਼ ਅੱਸੂ ਸੁਦੀ ੧੦, ੧੫੯੬ ਬਿ: ਵਿੱਚੋਂ 70 ਸਾਲ, 5 ਮਹੀਨੇ, 7 ਦਿਨ ਘਟਾ ਕੇ। ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਇਸ ਦੀ ਗਣਿਤ ਭਾਈ ਮਨੀ ਸਿੰਘ ਨੇ ਕੀਤੀ ਸੀ ਜਾਂ ਹੋਰ ਕਿਸੇ ਪ੍ਰਾਚੀਨ ਲਿਖਾਰੀ ਨੇ। ਇਸ ਤੋਂ ਪਹਿਲਾਂ ਕਿ ਅਸੀਂ ਇਨ੍ਹਾਂ ਦੋਹਾਂ ਵਿਚਾਰਧਾਰਾਂ ਤੋਂ ਵੱਖਰੀ ਤੇ ਵਿਲੱਖਣਤਾ ਵਾਲੀ ਤਾਰੀਖ਼ ਪੇਸ਼ ਕਰੀਏ, ਗਿ: ਈਸ਼ਰ ਸਿੰਘ ਨਾਰ੍ਹਾ ਵੱਲੋਂ ਜਿਸ ਟੇਵੇ ਨੂੰ ਆਪਣੀ ਪੁਸਤਕ ‘ਵੈਸਾਖ ਨਹੀਂ ਕੱਤਕ’ ਵਿੱਚ ਸਹੀ ਸਾਬਿਤ ਕਰਨ ਦਾ ਯਤਨ ਕੀਤਾ ਗਿਆ ਸੀ, ਉਸ ਵਿੱਚ ਕੁੱਝ ਸ੍ਵੈ-ਵਿਰੋਧੀ ਤੱਥਾਂ ’ਤੇ ਵਿਚਾਰ ਕਰੀਏ:

1) ਟੇਵੇ ਵਿੱਚ ਕੱਤਕ ਪੂਰਨਮਾਸ਼ੀ ੯ ਮੱਘਰ, ੧੫੨੬ ਬਿ: ਨੂੰ ਦਿਖਾਈ ਗਈ ਹੈ। ਪਰ ਕੱਤਕ ਸੁਦੀ ਪੂਰਨਮਾਸ਼ੀ, ੧੫੨੬ ਬਿ: ੨੧ ਕੱਤਕ, 20 ਅਕਤੂਬਰ, 1469 ਸਾਂ:ਸਾ:, ਸ਼ੁੱਕਰਵਾਰ ਨੂੰ ਸੀ। ਕੱਤਕ ਪੂਰਨਮਾਸ਼ੀ ਤੋਂ ਅਗਲੀ ਪੂਰਨਮਾਸ਼ੀ 19 ਨਵੰਬਰ, 1469 ਸ:ਸ:, 22 ਮੱਘਰ ਐਤਵਾਰ ਨੂੰ ਸੀ। ਇਹ ਪੂਰਨਮਾਸ਼ੀ ਮੱਘਰ ਸੁਦੀ ੧੫ ਸੀ, ਨਾਂ ਕਿ ਕੱਤਕ ਸੁਦੀ ੧੫। ਦਰ ਅਸਲ ੯ ਮੱਘਰ ਨੂੰ ਮੱਘਰ ਸੁਦੀ ਦੂਜ ਸੀ।

2) ਟੇਵੇ ਵਿੱਚ ਦਿੱਤਾ ਦਿਨ ਵੀਰਵਾਰ ਹੈ। ਇਹ ਵੀ ਗ਼ਲਤ ਹੈ। ਕੱਤਕ ਪੂਰਨਮਾਸ਼ੀ ਨੂੰ ਸ਼ੁੱਕਰਵਾਰ ਸੀ। ਵੀਰਵਾਰ ੯ ਮੱਘਰ ਨੂੰ ਵੀ ਨਹੀਂ ਸੀ, ਬਲਕਿ ਉਸ ਮਿਤੀ ਨੂੰ ਸੋਮਵਾਰ ਸੀ। ਸੂਰਜ ਚੰਦ੍ਰਮਾਂ ਨੂੰ ਜ਼ਰੂਰ ਪੂਰਨਮਾਸ਼ੀ ਦੀ ਸਥਿਤੀ ਵਿੱਚ ਦਿਖਾਇਆ ਹੈ, ਪਰ ਸਾਰੇ ਗ੍ਰਹਾਂ ਦੀਆਂ ਰਾਸ਼ੀਆਂ ਗਲਤ ਹਨ । ਰਾਹੂ ਦੀ ਥਾਂ ਕੇਤੂ ਅਤੇ ਕੇਤੂ ਦੀ ਥਾਂ ਰਾਹੂ ਹੈ।

3) ਗਿ: ਜੀ ਨੇ ਇਸ ਗੱਲ ’ਤੇ ਬੜਾ ਜ਼ੋਰ ਦਿੱਤਾ ਹੈ ਕਿ 500 ਸਾਲ ਬਾਅਦ ੨੦੨੬ ਬਿ: ਨੂੰ ਪੂਰਨਮਾਸ਼ੀ ਫਿਰ ੯ ਮੱਘਰ ਨੂੰ ਵਾਪਰੀ ਤੇ ਇਸ ਨੂੰ ਗੁਰੂ ਜੀ ਦਾ ਕ੍ਰਿਸ਼ਮਾ ਦੱਸਿਆ ਹੈ। ਇਹ ਠੀਕ ਹੈ ਕਿ ੨੦੨੬ ਬਿ: ਕੱਤਕ ਪੂਰਨਮਾਸ਼ੀ ੯ ਮੱਘਰ ਮੁਤਾਬਿਕ 23 ਨਵੰਬਰ, 1969 ਸ:ਸ: ਨੂੰ ਹੀ ਸੀ। ਪਰ ਬੜੀ ਸਰਲ ਗਣਿਤ ਨਾਲ ਸਿੱਧ ਕੀਤਾ ਜਾ ਸਕਦਾ ਹੈ ਕਿ 500 ਸਾਲ ਪਹਿਲਾਂ ਬਿ: ਸੂਰਜੀ ਕੈਲੰਡਰ ਅਨੁਸਾਰ ਉਹੀ ਤਿਥ ਉਸੇ ਮਹੀਨੇ ਦੀ ਉਸੀ ਤਾਰੀਖ਼ ਨੂੰ ਨਹੀਂ ਹੋ ਸਕਦੀ। ਔਸਤ ਗਣਿਤ ਨਾਲ ਜੋ ਤਿਥੀ ਸੂਰਜ ਸਿਧਾਂਤ ਅਨੁਸਾਰ ਕਿਸੇ ਵੀ ਮਹੀਨੇ ਦੀ ਕਿਸੇ ਤਾਰੀਖ਼ (ਪ੍ਰਵਿਸ਼ਟੇ) ਨੂੰ ਹੋਏਗੀ, 500 ਸਾਲ ਪਹਿਲਾਂ ਉਸੇ ਮਹੀਨੇ ਦੇ ਉਸੇ ਪ੍ਰਵਿਸ਼ਟੇ ਨੂੰ ਉਸ ਤੋਂ 12 ਤਿਥੀਆਂ ਪਹਿਲਾਂ ਦੀ ਤਿਥ ਹੋਏਗੀ। ਹੁਣ, ੯ ਮੱਘਰ, ੨੦੨੬ ਬਿ: ਨੂੰ ਪੂਰਨਮਾਸ਼ੀ ਸੀ, ਇਸ ਲਈ ੫੦੦ ਸਾਲ ਪਹਿਲਾਂ ੯ ਮੱਘਰ ਨੂੰ ਪੂਰਨਮਾਸ਼ੀ ਤੋਂ ੧੨ ਤਿਥਾਂ ਪਹਿਲਾਂ ਸੁਦੀ ਤੀਜ ਹੋਵੇਗੀ।

ਲੇਖਿਕ ਕ੍ਰਿਤ 500 ਸਾਲਾ ਜੰਤਰੀ ਵਿੱਚੋਂ ਦੇਖਿਆ ਜਾ ਸਕਦਾ ਹੈ ਕਿ 9 ਮੱਘਰ ੧੫੨੬ ਬਿ: ਨੂੰ ਮੱਘਰ ਸੁਦੀ ੨, ਸੋਮਵਾਰ ਸੀ। ਉਪ੍ਰੋਕਤ ਗਣਿਤ ਤੋਂ ੧ ਤਿਥ ਦਾ ਫ਼ਰਕ ਇਸ ਕਰਕੇ ਹੈ ਕਿ ਇਥੇ ਦਿੱਤੀ ਗਣਿਤ ਔਸਤ ਤੇ ਸਥੂਲ ਗਣਿਤ ਹੈ। ਸੂਖਸ਼ਮ ਗਣਿਤ ਨਾਲੋਂ 1 ਤਿਥ ਦਾ ਫ਼ਰਕ ਹੋ ਸਕਦਾ ਹੈ।

4) ਟੇਵੇ ਵਿੱਚ ਦਿੱਤੇ ਗ੍ਰਹ, ਰਾਹੂ, ਕੇਤੂ, ਸ਼ਨੀ, ਬ੍ਰਹਸਪਤਿ, ਬੁੱਧ ਅਤੇ ਸ਼ੁੱਕਰ ਸਭ ਗ਼ਲਤ ਸਥਾਨਾਂ ’ਤੇ ਹਨ ।

5) ਦੋਹਾਂ ਪੱਖਾਂ ਦੇ ਵਿਚਾਰਵਾਨ ਇਸ ਤੇ ਸਹਿਮਤ ਹਨ ਕਿ ਗੁਰੂ ਜੀ ਦਾ ਜਨਮ ਅੱਧੀ ਰਾਤ ਤੋਂ ਬਾਅਦ ਦਾ ਹੈ । ਪਰ ਟੇਵੇ ਵਿੱਚ ਦਿੱਤਾ ਜਨਮ ਦਾ ਸਮਾਂ 61 ਘੜੀ 18 ਪਲ ਅੱਧੀ ਰਾਤ ਤੋਂ ਪਹਿਲਾਂ ਦਾ ਬਣਦਾ ਹੈ । ਇਹ ਵੀ ਗ਼ਲਤ ਹੈ ।

ਅਸੀਂ ਬੜੇ ਭਰੋਸੇ ਨਾਲ ਕਹਿ ਸਕਦੇ ਹਾਂ ਕਿ ਜਾਂ ਤਾਂ ਇਹ ਟੇਵਾ ਕਿਸੇ ਪੰਡਿਤ ਦਾ ਨਹੀਂ ਬਣਾਇਆ ਹੋਇਆ ਅਤੇ ਜਾਂ ਫਿਰ ਉਸ ਪੰਡਿਤ ਨੂੰ ਪਤਾ ਹੀ ਨਹੀਂ ਸੀ ਕਿ ਟੇਵੇ ਕੀ ਹੁੰਦੇ ਹਨ।

ਸ: ਕਰਮ ਸਿੰਘ ਹਿਸਟੋਰੀਅਨ ਦੀ ਪੁਸਤਕ - ਕੱਤਕ ਕਿ ਵਿਸਾਖ - ਵਿੱਚ ਦਿੱਤੇ ਟੇਵੇ ’ਤੇ ਵਿਚਾਰ

ਸ: ਕਰਮ ਸਿੰਘ ਲਿਖਦੇ ਹਨ --- “ਟੇਵੇ ਦੀ ੮ ਵਿਸਾਖ ਬੁੱਧਵਾਰ ਦੀ ਲਿਖਤ ਅਸ਼ੁੱਧ ਹੈ। ਪਰ ਜਦ ਸੰਮਤ ੧੫੨੭ ਦੀ ਵਿਸਾਖ ਸੁਦੀ ੩ ਤੋਂ ਹਿਸਾਬ ਕਰੀਦਾ ਹੈ ਤਾਂ ਇਸ ਸਾਲ ਵਿਸਾਖ ਸੁਦੀ ੩ ਬੁੱਧਵਾਰ ੮

ਵਿਸਾਖ ਹੀ ਬਣਦੀ ਹੈ, ਇਸ ਤੋਂ ਮਲੂਮ ਹੁੰਦਾ ਹੈ ਕਿ ਟੇਵਾ ਬਣਾਉਣ ਵਾਲੇ ਨੇ ਇੱਕ ਸਾਲ ਦਾ ਭੁਲੇਖਾ ਖਾਧਾ ਹੈ। ਮਾਲੂਮ ਹੁੰਦਾ ਹੈ ਕਿ ਟੇਵਾ ਬਣਾਉਣ ਵਾਲੇ ਨੇ ੧੫੨੬ ਨੂੰ ਗਤ ਮੰਨ ਕੇ ਉਸਦਾ ੧੫੨੭ ਵਰਤਮਾਨ ਕਰ ਦਿਤਾ ਅਤੇ ਫੇਰ ਭੁੱਲਕੇ ਸੰਮਤ ੧੫੨੭ ਵਰਤਮਾਨ ਦਾ ਟੇਵਾ ਬਣਾਉਣ ਦੀ ਥਾਂ ਸੰਮਤ ੧੫੨੭ ਗਤ ਦਾ ਟੇਵਾ ਬਣਾ ਦਿੱਤਾ ਜਿਸ ਨਾਲ ਟੇਵੇ ਵਿਚ ਪੂਰੇ ਇਕ ਸਾਲ ਦਾ ਫ਼ਰਕ ਪੈ ਗਿਆ।"

ਸ: ਕਰਮ ਸਿੰਘ ਦੇ ਉਪ੍ਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਉਹ ਇਸ ਟੇਵੇ ਨੂੰ ਵਿਸਾਖ ਸੁਦੀ ੩ ਦਾ ਮੰਨਦੇ ਹਨ। ਉਨ੍ਹਾਂ ਨੂੰ ਵੀ ਟੇਵਿਆਂ ਬਾਰੇ ਇਲਮ ਨਹੀਂ ਸੀ, ਨਹੀਂ ਤਾਂ ਉਹ ਇਸ ਟੇਵੇ ਨੂੰ ਵਿਸਾਖ ਸੁਦੀ ਤੀਜ ਦੀ ਪੁਸ਼ਟੀ ਲਈ ਕਦਾਚਿਤ ਨਾ ਵਰਤਦੇ । ਇਹ ਟੇਵਾ ਵਦੀ ਤੀਜ ਦਾ ਤਾਂ ਹੋ ਸਕਦਾ ਹੈ ਪਰ ਸੁਦੀ ਤੀਜ ਦਾ ਬਿਲਕੁਲ ਨਹੀ। ਇਹ ਗੱਲ ਚੰਦ੍ਰਮਾ ਅਤੇ ਸੂਰਜ ਦੀਆਂ ਟੇਵੇ ਵਿੱਚ ਸਥਿਤੀਆਂ ਤੋਂ ਸਪਸ਼ਟ ਹੈ। ਜਿ ਇਹ ਟੇਵਾ ਕੁੱਝ ਦਸਦਾ ਹੈ ਤਾਂ ਉਹ ਕੇਵਲ ਇਹ ਕਿ ਕਿਸੇ ਨੇ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਮਿਤੀ ਅੱਸੂ ਵਦੀ ੧੦, ੧੫੯੬ ਬਿ: ਵਿੱਚੋਂ ੭੦ ਸਾਲ ੫ ਮਹੀਨੇ ੭ ਦਿਨ ਘਟਾ ਕੇ ਵੈਸਾਖ ਵਦੀ ੩ ਦਾ ਟੇਵਾ ਬਣਾਉਣ ਦਾ ਯਤਨ ਕੀਤਾ ਹੈ, ਨਾ ਕਿ ਸੁਦੀ ੩ ਦਾ। ਇਸ ਨਾਲ ਘੱਟੋ ਘੱਟ ਇਕ ਹੋਰ ਸੋਮੇਂ ਤੋਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ਼ ਵਦੀ ੧੦ ਹੋਣ ਦੀ ਪ੍ਰੋੜਤਾ ਹੋ ਜਾਂਦੀ ਹੈ। ਅਚੰਭੇ ਵਾਲੀ ਗੱਲ ਇਹ ਹੈ ਕਿ ਗੁਰੂ ਜੀ ਦੀ ਜੋਤੀ ਜੋਤ ਸਮਾਉਣ ਦੀ ਜਿਸ ਤਾਰੀਖ਼ ਨੂੰ ਸ: ਕਰਮ ਸਿੰਘ ਸਹੀ ਨਹੀਂ ਮੰਨਦੇ ਉਸੇ ਦੀ ਪ੍ਰੋੜਤਾ ਉਨ੍ਹਾਂ ਦੇ ਦਿੱਤੇ ਟੇਵੇ ਤੋਂ ਹੀ ਹੋ ਜਾਂਦੀ ਹੈ! ਸ: ਕਰਮ ਸਿੰਘ ਹਿਸਟੋਰੀਅਨ ਦੀ ਗਣਿਤ ਠੀਕ ਨਹੀਂ ਹੈ। ਸੰਮਤ ੧੫੨੭ ਬਿ: ੮ ਵੈਸਾਖ ਨੂੰ ਮੰਗਲਵਾਰ, ਅਤੇ ਵੈਸਾਖ ਸੁਦੀ ੨ ਸੀ, ਨਾ ਕਿ ਬੁੱਧਵਾਰ ਅਤੇ ਵੈਸਾਖ ਸੁਦੀ ੩ । ਕੱਤਕ ਪੂਰਨਮਾਸ਼ੀ ਵਾਲੇ ਟੇਵੇ ਵਿੱਚ ਬ੍ਰਹਸਪਤਿ ਗਿਆਰ੍ਹਵੀਂ ਰਾਸ਼ੀ ਵਿੱਚ ਹੈ, ਅਤੇ ਵੈਸਾਖ ਦੇ ਟੇਵੇ ਵਿੱਚ ਚੌਥੀ ਰਾਸ਼ੀ ਵਿੱਚ। ਬ੍ਰਹਸਪਤਿ ਇੱਕ ਰਾਸ਼ੀ ਵਿੱਚ ਤਕਰੀਬਨ ਇੱਕ ਸਾਲ ਰਹਿੰਦਾ ਹੈ। ਇਸ ਲਈ ਇਨ੍ਹਾਂ ਦੋਹਾਂ ਟੇਵਿਆਂ ਵਿੱਚ ਘੱਟ ਤੋਂ ਘੱਟ ੧੦ ਸਾਲ ਅਤੇ ਵੱਧ ਤੋਂ ਵੱਧ ੮ ਸਾਲ ਦਾ ਫ਼ਰਕ ਹੈ। ਦੋਹਾਂ ਟੇਵਿਆਂ ਵਿੱਚ ਬਹੁਤ ਗ਼ਲਤੀਆਂ ਹਨ।

ਕੱਤਕ ਪੂਰਨਮਾਸ਼ੀ ਦਾ ਪੱਖ ਪੂਰਨ ਵਾਲੇ ਵਿਦਵਾਨ ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀ ਨਾਮਾ (ਰਚਨਾ 11 ਅਕਤੂਬਰ 1769 ਸੰਨ)' ਦਾ ਹਵਾਲਾ ਵੀ ਦਿੰਦੇ ਹਨ, ਪਰ ਆਪ ਹੇਠ ਲਿਖੀਆਂ ਦੋ ਮਿਸਾਲਾਂ ਤੋਂ ਦੇਖ ਸਕਦੇ ਹੋ ਕਿ ਆਪਣੀ ਗੱਲ ਨੂੰ ਸਹੀ ਸਾਬਤ ਕਰਨ ਲਈ ਕੇਸਰ ਸਿੰਘ ਦੀ ਤਾਰੀਖ਼ ਦੇ ਤੱਥਾਂ ਨੂੰ ਕਿਸ ਤਰ੍ਹਾਂ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ:-

ਬੰਸਾਵਲੀ ਨਾਮਾ - ***"ਸੰਮਤ ਪੰਦ੍ਰਾਂ ਸੈ ਛੱਬੀ ਭਏ। ਤਬ ਬਾਬਾ ਨਾਨਕ ਸਾਹਿਬ ਜੀ ਜਨਮ ਲੈ ਲਏ। ਮਾਹ ਕਾਤਕ ਦਿਨ ਚਉਦਾਂ ਚਾਰ। ਪੁੰਨਿਆਂ ਰਾਤਿ ਗੁਰੂ ਨਾਨਕ ਜੀ ਲੀਨਾ ਅਵਤਾਰ ॥੧੨੦॥"***

ਗਿਆਨੀ ਈਸ਼ਰ ਸਿੰਘ ਨਾਰ੍ਹਾ ਆਪਣੀ ਪੁਸਤਕ 'ਵਿਸਾਖ ਨਹੀਂ ਕੱਤਕ' ਵਿੱਚ ਇਸ ਦਾ ਹਵਾਲਾ ਇਸ ਤਰ੍ਹਾਂ ਦਿੰਦੇ ਹਨ - ***"ਮਹਾਂ ਕਾਰਤਕ ਦਿਨ ਚਾਰ। ਪੁੰਨਿਆਂ ਰਾਤ ਗੁਰੂ ਨਾਨਕ ਲੀਨਾ ਅਵਤਾਰ*"*** ਅਤੇ *ਨੋਟ ਵਿੱਚ ਇਸ ਤਰ੍ਹਾਂ ਲਿਖਦੇ ਹਨ - "ਇਹ ਮਹਾਂ ਕਾਰਤਕ ਦਿਨ ਚਾਰ ਦਾ ਭਾਵ ਮਹਾਨਤਾ ਭਰਿਆ ਕੱਤਕ ਮਹੀਨਾ (ਚਾਰ) ਸ੍ਰੇਸ਼ਟ ਦਿਨ ਪੁੰਨਿਆ ਹੈ।"

ਸਿਤਮ ਵਾਲੀ ਗੱਲ ਹੈ ਕਿ ਗਿਆਨੀ ਜੀ ਮੂਲ ਪਾਠ ਵਿੱਚੋਂ 'ਚਉਦਾਂ' ਹੜਪ ਕਰ ਗਏ ਹਨ, ਅਤੇ 'ਮਾਹ' ਜਿਸ ਦਾ ਅਰਥ ਮਹੀਨਾਂ ਹੈ ਨੂੰ 'ਮਹਾਂ' ਵਿੱਚ ਬਦਲ ਦਿੱਤਾ ਹੈ। ਮੂਲ ਪਾਠ ਵਿੱਚ 'ਮਾਹ ਕਾਤਕ ਦਿਨ ਚਉਦਾਂ ਚਾਰ' ਦਾ ਅਰਥ ਹੈ ਕੱਤਕ ਮਹੀਨਾ ਅਠਾਰਾਂ ਦਿਨ ਗਏ । ਪਰ ਕੱਤਕ ਪੂਰਨਮਾਸ਼ੀ ਸੰਮਤ ੧੫੨੬ ਬਿ: ਨੂੰ ੨੧ ਕੱਤਕ ਸੀ, ਇਸ ਲਈ ਛਿੱਬਰ ਦੀ ਪੂਰਨਮਾਸ਼ੀ ਅਤੇ ੧੮ ਕੱਤਕ ਮੇਲ ਨਹੀਂ ਖਾਂਦੇ।

ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਸਬੰਧੀ ਕਨਿੰਘਮ ਜੀ ਆਪਣੀ ਪੁਸਤਕ The History of The Sikhs ਵਿੱਚ ਜ਼ਿਕਰ ਕਰਦੇ ਹਨ ਕਿ ਇੱਕ ਲਿਖਤ ੧੩ ਕੱਤਕ ਦਿੰਦੀ ਹੈ ਅਤੇ ਇੱਕ ਹੋਰ ੧੮ ਕੱਤਕ।

ਹੁਣ ਜ਼ਰਾ ਦੇਖੋ ਕਿ ਛਿੱਬਰ ਦਾ ਇਹੀ ਹਵਾਲਾ ਡਾ. ਹਰਜਿੰਦਰ ਸਿੰਘ ਦਿਲਗੀਰ ਆਪਣੇ ਲੇਖ ਵਿੱਚ ਇਸ ਤਰ੍ਹਾਂ ਦਿੰਦੇ ਹਨ - ***"ਸੰਮਤ ਪੰਦ੍ਰਾਂ ਸੈ ਛੱਬੀ ਭਏ। ਤਬ ਬਾਬਾ ਨਾਨਕ ਸਾਹਿਬ ਜੀ ਜਨਮ ਲੈ ਲਏ। ਮਹਾਂ ਕਾਰਤਕ ਪੁੰਨਿਆਂ ਰਾਤ ਗੁਰੂ ਨਾਨਕ ਲੀਨਾ ਅਵਤਾਰ ।"*** ਡਾ. ਦਿਲਗੀਰ ਜੀ ਮੂਲ ਪਾਠ ਵਿੱਚੋਂ 'ਦਿਨ ਚਉਦਾਂ ਚਾਰ' ਉਡਾ ਗਏ ਹਨ ਕਿਉਂਕਿ ਸ਼ਾਇਦ ਉਨ੍ਹਾਂ ਨੂੰ ਪਤਾ ਸੀ ਕਿ ੧੫੨੬ ਬਿ. ਵਿੱਚ ਕੱਤਕ ਪੂਰਨਮਾਸ਼ੀ ੧੮ ਕੱਤਕ ਨੂੰ ਨਹੀਂ ਸੀ। ਨਾਲ ਹੀ 'ਮਾਹ' ਨੂੰ 'ਮਹਾਂ' ਵਿੱਚ ਬਦਲ ਦਿੱਤਾ ਹੈ। ਇਸ ਨੂੰ ਕਹਿੰਦੇ ਹਨ ਖੋਜ!

ਡਾ. ਗੰਡਾ ਸਿੰਘ ਸੰਪਾਦਿਤ 'ਗੁਰਪ੍ਰਣਾਲੀਆਂ' ਵਿੱਚ ਪਹਿਲੀ ਗੁਰ-ਪ੍ਰਨਾਲੀ ਭਾਈ ਕੇਸਰ ਸਿੰਘ ਦੀ ਹੈ। ਉਸ ਵਿੱਚ ਗੁਰੂ ਸਾਹਿਬ ਦੇ ਪ੍ਰਕਾਸ਼ ਬਾਰੇ ਇਸ ਤਰ੍ਹਾਂ ਲਿਖਿਆ ਮਿਲਦਾ ਹੈ: "ਬਾਬਾ ਨਾਨਕ ਦੇਵ ਜੀ ਜਨਮੇ ਰਾਇ ਭੋਇ ਭੱਟੀ ਦੀ ਤਲਵੰਡੀ ਬਾਰ ਵਿੱਚ। ਸੰਮਤ ੧੫੨੬ ਕਤਕ ਦਿਨ ਗਿਆਂ ਅਠਾਰਾਂ ੧੮ ਬੁੱਧਵਾਰ, ਪੁੰਨਿਆਂ ਸੁਦੀ ਦੁਇ ਪਹਿਰ ਅਤੇ ਇਕ ਘੜੀ ਰਾਤ ਗਈ। ਅਨੁਰਾਧਾ ਨਿਛੱਤ੍ਰ ਵਿੱਚ"

ਇਥੇ ਦਿੱਤੇ ਤੱਥਾਂ ਵਿੱਚੋਂ ਬੁੱਧਵਾਰ ਗ਼ਲਤ ਹੈ, ਸਹੀ ਸ਼ੁੱਕ੍ਰਵਾਰ ਹੈ। ਕੱਤਕ ੨੧ ਸੀ, ੧੮ ਨਹੀਂ।

ਸੁਆਮੀਕੰਨੂ ਪਿੱਲੇ ਨੇ ਆਪਣੀ ਪੁਸਤਕ Indian Ephemeris Part I Vol I ਵਿੱਚ ਲਿਖਿਆ ਹੈ ਕਿ ਜੇ ਕਿਸੇ ਪਰਖੀ ਜਾ ਰਹੀ ਤਾਰੀਖ਼ ਵਿੱਚ ਦਿੱਤੇ ਹੋਏ ਵਾਰ ਨਾਲੋਂ ਅਸਲੀ ਵਾਰ ਦਾ ਇੱਕ ਦਿਨ ਤੋਂ ਵੱਧ ਦਾ ਫ਼ਰਕ ਹੋਵੇ ਤਾਂ ਐਸੀ ਤਾਰੀਖ਼ ਨੂੰ ਗ਼ਲਤ ਸਮਝੋ।

ਅਨੁਰਾਧਾ ਨਛੱਤਰ ਵਿੱਚ ਕੱਤਕ ਪੂਰਨਮਾਸ਼ੀ ਨਾਂਹ ਕਦੇ ਹੋਈ ਹੈ, ਨਾਂਹ ਕਦੇ ਹੋਵੇਗੀ। ਜੇਕਰ ਚੰਦ੍ਰਮਾਂ ਅਨੁਰਾਧਾ ਨਛੱਤਰ ਵਿੱਚ ਹੋਵੇ ਅਤੇ ਪੂਰਨਮਾਸ਼ੀ ਹੋਵੇ ਤਾਂ ਮਹੀਨਾ ਜੇਠ ਦਾ ਹੋਵੇਗਾ। ਕਿਉਂਕਿ ਕੱਤਕ

ਪੂਰਨਮਾਸ਼ੀ ਨਾਲ ਇਹ ਤਿੰਨ ਤੱਥ - ਵਾਰ, ਪ੍ਰਵਿਸ਼ਟਾ (ਸੂਰਜੀ ਤਾਰੀਖ਼), ਅਤੇ ਨਛੱਤਰ - ਮੇਲ ਨਹੀਂ ਖਾਂਦੇ ਅਤੇ ਫ਼ਰਜ਼ੀ ਹਨ, ਇਸ ਲਈ ਪੂਰਨਮਾਸ਼ੀ 'ਤੇ ਵੀ ਪ੍ਰਸ਼ਨ ਚਿੰਨ ਲੱਗ ਜਾਂਦਾ ਹੈ।

ਦਮਦਮੀ ਟਕਸਾਲ ਵਲੋਂ ਛਪੀ ਪੁਸਤਕ 'ਗੁਰਬਾਣੀ ਪਾਠ ਦਰਸ਼ਨ' ਵਿੱਚ ਗੁਰੂ ਸਾਹਿਬ ਦੇ ਪ੍ਰਕਾਸ਼ ਦੀ ਤਾਰੀਖ਼ ਛਿੱਬਰ ਦੀ ਗੁਰ ਪਰਨਾਲੀ ਦੇ ਆਧਾਰ 'ਤੇ ਇਸ ਤਰ੍ਹਾਂ ਦਰਜ ਹੈ "ਅਵਤਾਰ ਧਾਰਨ ਸੰਮਤ -੧੫੨੬ ਬਿ: ਕੱਤਕ ਸੁਦੀ ਪੂਰਨਮਾਸ਼ੀ, ਦੋ ਘੜੀ ਰਾਤ ਢਲੀ ਤੋਂ ਅਨਰਾਧਾ ਨਛੱਤਰ ਸੀ।"

'ਸ੍ਰੀ ਗੁਰ ਬਿਲਾਸ ਪਾਤਸ਼ਾਹੀ ੧੦' ਕਵੀ ਸੋਹਨ ਜੀ ਲਿਖਤ (ਰਚਨਾ ੨੧ ਜੁਲਾਈ ੧੭੧੮ ਸੰਨ) ਵਿੱਚ ਇਵੇਂ ਦਰਜ ਹੈ - ***"ਸਵੈਯਾ ॥ ਸੁਨੀ ਪੁਕਾਰ ਦਾਤਾਰ ਪ੍ਰਭੂ, ਗੁਰ ਨਾਨਕ ਕੋ ਜਗ ਮਾਹਿ ਪਠਾਯਾ । ਸੰਮਤ ਸੋਮ ਔ ਤਤ ਮਿਲੈ ਦ੍ਰਿਗ ਰੁਤ, ਸਭੇ ਜਗ ਮੰਗਲ ਛਾਯਾ । ਕਤਕ ਮਾਸ ਕੇ ਅਰਧ ਗਏ, ਥਿਤ ਪੂਰਨ ਮਾਸ ਮਹਾ ਸੁਖ ਦਾਯਾ । ਜਾਨ ਸਸੀ ਸੁਤ ਵਾਰ ਭਲੇ ਨਿਸ ਜਾਮ ਸਵਾ ਰਹਿ ਰੂਪ ਦਿਖਾਯਾ ॥੩੮੫॥ ਦੋਹਰਾ ॥ ਨਿਛਤਰ ਅਨਰਾਧਾ ਭਲੇ ਸਭ ਗ੍ਰਹਿ ਨਿਜ ਅਸਥਾਨ । ਸੁਨ ਜੇਠਾ ਭਵ ਪਾਇਓ ਗੁਰ ਨਾਨਕ ਸੁਖ ਖਾਂਨ ॥੩੮੬॥"***

ਇਹ ਤਾਰੀਖ਼ ੧੫੨੬ ਸੰਮਤ, ਕੱਤਕ ਮਹੀਨਾ ਅੱਧ ਬੀਤੇ, ਬੁੱਧਵਾਰ, ਅਨੁਰਾਧਾ ਨਛੱਤ੍ਰ , ਪੂਰਨਮਾਸ਼ੀ ਦੀ ਬਣਦੀ ਹੈ। ਅਸੀਂ ਉੱਪਰ ਦਸ ਆਏ ਹਾਂ ਕਿ ਕਿਵੇਂ ਇਹ ਸਭ ਤੱਤ ਕੱਤਕ ਪੂਰਨਮਾਸ਼ੀ ਨਾਲ ਮੇਲ ਨਹੀਂ ਖਾਂਦੇ। ਕਵੀ ਸੋਹਨ ਦੀ ਇਹ ਰਚਨਾ ਪਹਿਲੋਂ ਦੀ ਹੋਣ ਕਾਰਨ ਛਿੱਬਰ ਨੇ ਗੁਰੂ ਸਾਹਿਬ ਦੇ ਪ੍ਰਕਾਸ਼ ਦੀ ਤਾਰੀਖ਼ ਇਸ ਸੋਮੇ ਤੋਂ ਲਈ ਜਾਪਦੀ ਹੈ।

ਹੁਣ ਅਸੀਂ ਇੱਕ ਨਵੀਨ ਪੱਖ ਪੇਸ਼ ਕਰਦੇ ਹਾਂ :

ਇਹ ਆਮ ਗਿਆਨ ਹੈ ਕਿ ਕਿਸੇ ਵਿਅਕਤੀ ਦੀ ਆਯੂ ਸੂਰਜੀ ਸਾਲਾਂ ਨਾਲ ਗਿਣੀ ਜਾਂਦੀ ਹੈ ਨਾਂ ਕਿ ਚੰਦ੍ਰ ਸਾਲਾਂ ਨਾਲ। ਇਸ ਗੱਲ ਦੀ ਪੁਸ਼ਟੀ ਬੜੀ ਅਸਾਨੀ ਨਾਲ ਕਿਸੇ ਪਿੰਡ ਵਿੱਚ ਜਾ ਕੇ ਕਿਸੇ ਬਜ਼ੁਰਗ ਤੋਂ, ਜੋ ਪੜ੍ਹੇ ਲਿਖੇ ਨਾ ਹੋਣ, ਉਨ੍ਹਾਂ ਦੀ ਜਨਮ ਤਾਰੀਖ਼ ਪੁੱਛਣ ਨਾਲ ਕੀਤੀ ਜਾ ਸਕਦੀ ਹੈ। ਜਵਾਬ ਹਮੇਸ਼ਾਂ ਇਹੀ ਹੋਵੇਗਾ ਕਿ ਅਜੋਕਾ ਮਹੀਨਾ ਇੰਨੇ ਦਿਨ ਗਿਆ ਸੀ (ਜੇ ਉਨ੍ਹਾਂ ਨੂੰ ਜਨਮ ਤਾਰੀਖ਼ ਦਾ ਪਤਾ ਹੋਵੇ!) ਉਹ ਇਹ ਕਹਿਣਗੇ ਕਿ ਚੇਤ ੮ ਦਿਨ, ਜਾਂ ਵੈਸਾਖ 20 ਦਿਨ ਗਿਆ ਸੀ, ---- ਇਤ ਆਦਿ। ਉਹ ਕਦੇ ਸੁਦੀ ਜਾਂ ਵਦੀ ਦੀ ਤਾਰੀਖ਼ ਨਹੀ ਦੱਸਣਗੇ।

ਆਓ ਹੁਣ ਗਣਿਤ ਬਿ: ਸੂਰਜੀ ਕੈਲੰਡਰ ਅਨੁਸਾਰ ਕਰੀਏ:

ਲੇਖਿਕ ਨੇ ਗੁਰੂ ਨਾਨਕ ਦੇਵ ਜੀ ਦੀ ਆਯੂ 70 ਸਾਲ, 5 ਮਹੀਨੇ, 7 ਦਿਨ (ਬਿਕਰਮੀ ਸੂਰਜੀ ਕੈਲੰਡਰ ਅਨੁਸਾਰ), ਸਹੀ ਮੰਨੀ ਹੈ। ਇਹ ਪੁਰਾਣੇ ਸੋਮਿਆਂ ਵਿੱਚ ਲਿਖੀ ਮਿਲਦੀ ਹੈ। ਅਤੇ ਅਜੋਕੇ ਵਿਦਵਾਨ ਵੀ ਇਸ ਨੂੰ ਠੀਕ ਮੰਨਦੇ ਹਨ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ਼ ਅੱਸੂ ਵਦੀ ੧੦, ੧੫੯੬ ਬਿ: ਨੂੰ ਠੀਕ ਮੰਨਿਆ ਹੈ। ਇਹ ਤਾਰੀਖ਼ ਕਰਤਾਰਪੁਰ ਵਾਲੀ ਬੀੜ ਅਤੇ ਹੋਰ ਹੱਥ ਲਿਖਤ ਉਤਾਰਿਆਂ ਵਿੱਚ ਦਰਜ ਹੈ। ਡਾ: ਪਿਆਰ ਸਿੰਘ ਅਨੁਸਾਰ ਇਹ ਤਾਰੀਖ਼ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਪ੍ਰਚੱਲਤ ਹੋ ਚੁੱਕੀ ਸੀ। ਇਸ 'ਤੇ ਇਹ ਟਿੱਪਣੀ ਕੀਤੀ ਜਾ ਸਕਦੀ ਹੈ ਕਿ ਜੇ ਇਹ ਗ਼ਲਤ ਹੁੰਦੀ ਤਾਂ ਗੁਰੂ ਸਾਹਿਬ ਇਸ ਦੀ ਸੋਧ ਲਈ ਜ਼ਰੂਰ ਕੋਈ ਕਦਮ ਚੁੱਕਦੇ। ਇਨ੍ਹਾਂ ਤਾਰੀਖ਼ਾਂ ਦੇ ਆਧਾਰ 'ਤੇ ਗਣਿਤ ਇਸ ਪ੍ਰਕਾਰ ਹੈ:

ਜੋਤੀ ਜੋਤ ਸਮਾਉਣ ਦੀ ਮਿਤੀ ਅੱਸੂ ਵਦੀ ੧੦, ੧੫੯੬ ਬਿ: =੮ ਅੱਸੂ । ੮ ਅੱਸੂ, ੧੫੯੬ ਬਿ: ਵਿਚੋਂ ਆਯੂ ਘਟਾਓ ੭ ਦਿਨ ੫ ਮਹੀਨੇ ੭੦ ਸਾਲ ਤਾਂ ਪ੍ਰਕਾਸ਼ ਦੀ ਮਿਤੀ ਬਣਦੀ ਹੈ =੧ ਵੈਸਾਖ, ੧੫੨੬ ਬਿ: (ਗੁਰੂ ਜੀ ਦੀ ਆਯੂ ੨੫੭੩੧ ਦਿਨ = ੩੬੭੫ ਹਫ਼ਤੇ, ੬ ਦਿਨ) ਇਸ ਤਰ੍ਹਾਂ ਗੁਰੂ ਜੀ ਦੇ ਪ੍ਰਕਾਸ਼ ਹੋਣ ਦੀ ਤਾਰੀਖ਼ ੧ ਵੈਸਾਖ (ਵੈਸਾਖੀ ਜਾਂ ਵਸੋਆ) ਬਣਦੀ ਹੈ। ਰਹੱਸ ਵਾਲੀ ਗੱਲ ਇਹ ਹੈ ਕਿ ਉਸ ਵੈਸਾਖੀ ਵਾਲੇ ਦਿਨ ਪੂਰਨਮਾਸ਼ੀ ਵੀ ਸੀ, ਸੋਮਵਾਰ ਦਾ ਦਿਨ ਅਤੇ ੨੭ ਮਾਰਚ ੧੪੬੯ ਸ:ਸ: (ਜੂਲੀਅਨ)।

ਇਸ ਸਿੱਟੇ 'ਤੇ ਪਹਿਲਾਂ ਕੋਈ ਨਹੀਂ ਪੁੱਜਿਆ ਇਸ ਦੇ ਦੋ ਕਾਰਨ ਹਨ। ਪਹਿਲਾ ਇਹ ਕਿ ਸਭ ਖੋਜਕਾਰ ਗਣਿਤ ਚੰਦ੍ਰਸਾਲ ਨਾਲ ਕਰਦੇ ਰਹੇ। ਦੂਜੇ, ਜੇ ਗਣਿਤ ਸੂਰਜੀ ਸਾਲ ਨਾਲ ਵੀ ਕਰਦੇ ਤਾਂ ਕਿਉਂਕਿ ਡਾ: ਗੰਡਾ ਸਿੰਘ ਨੇ ਅੱਸੂ ਵਦੀ ੧੦, ੧੫੯੬ ਬਿ: ਨੂੰ ੭ ਅੱਸੂ ਦੱਸਿਆ ਹੈ, ਇੱਕ ਦਿਨ ਦਾ ਫ਼ਰਕ ਪੈ ਜਾਣਾ ਸੀ (ਜਦ ਕਿ ਉੱਪਰ ਦੱਸੇ ਅਨੁਸਾਰ ਸਹੀ ੮ ਅੱਸੂ ਹੈ)। ਡਾ: ਗੰਡਾ ਸਿੰਘ ਨੇ ੭ ਅੱਸੂ ਦੀ ਤਾਰੀਖ਼ ਸਵਾਮੀਕਨੂੰ ਪਿੱਲੇ ਦੀ 'Indian Ephemeris Part I Vol I' ਵਿਚੋਂ ਲਈ ਹੈ, ਪਰ ਉਸ ਪੁਸਤਕ ਦੀਆਂ ਸੂਰਜੀ ਤਾਰੀਖ਼ਾਂ ਤਾਮਿਲਨਾਡੂ ਪ੍ਰਨਾਲੀ ਅਨੁਸਾਰ ਹਨ, ਅਤੇ ਪੰਜਾਬ ਨਾਲੋਂ ਅੱਧੀਆਂ ਤਾਰੀਖ਼ਾਂ ਵਿੱਚ ਇੱਕ ਦਿਨ ਦਾ ਫ਼ਰਕ ਹੈ।

ਲੇਖਿਕ ਦੀ ਗਣਿਤ ਸਿੱਧ ਕਰਦੀ ਹੈ ਕਿ ਕੱਤਕ ਸੁਦੀ ਪੂਰਨਮਾਸ਼ੀ ਵਾਲੇ ਵਿਚਾਰਵਾਨਾਂ ਦੀ ਪੂਰਨਮਾਸ਼ੀ ਠੀਕ ਹੈ, ਮਹੀਨਾ ਗ਼ਲਤ, ਅਤੇ ਵੈਸਾਖ ਸੁਦੀ ਤੀਜ ਵਾਲਿਆਂ ਦੀ ਸੁਦੀ ਤੀਜ ਗ਼ਲਤ ਹੈ ਪਰ ਸੂਰਜੀ ਮਹੀਨਾ ਠੀਕ। ਵਿਦਵਾਨਾਂ ਦੇ ਵਿਚਾਰਨ ਲਈ ਜੋ ਤਾਰੀਖ਼ ਇਸ ਪੇਪਰ ਰਾਹੀਂ ਪੇਸ਼ ਕੀਤੀ ਜਾ ਰਹੀ ਹੈ, ਉਹ ਇਸ ਪ੍ਰਕਾਰ ਹੈ: ੧ ਵੈਸਾਖ ੧੫੨੬ ਬਿ: (ਵੈਸਾਖੀ, ਵਸੋਆ) ਚੇਤ ਸੁਦੀ ੧੫, ਪੂਰਨਮਾਸ਼ੀ 27 ਮਾਰਚ, 1469 ਸ:ਸ: ਸੋਮਵਾਰ

ਭਾਈ ਗੁਰਦਾਸ ਦੀ ਵਾਰ ਵਿੱਚ ***'ਸਤਿਗੁਰ ਨਾਨਕ ਪ੍ਰਗਟਿਆ'*** ਵਾਲੀ ਪਉੜੀ ਵਿੱਚ 'ਵਸੋਆ' ਸ਼ਬਦ 'ਕੇਵਲ ਤੇ ਕੇਵਲ' ਵੈਸਾਖੀ ਅਤੇ ਵੈਸਾਖ ੧ ਦਾ ਪ੍ਰਤੀਕ ਹੈ। ਇਸ ਦੇ ਵਿੰਗੇ ਟੇਢੇ ਅਰਥ ਕਰਨ ਦੀ ਲੋੜ ਨਹੀਂ ਪੈਂਦੀ।

ਲੇਖਿਕ ਦੇ ਵਿਚਾਰ ਵਿੱਚ ਗੁਰੂ ਅਮਰਦਾਸ ਜੀ ਵੱਲੋਂ ਬਾਉਲੀ ਸਾਹਿਬ ਤਿਆਰ ਕਰਵਾਉਣ ਉਪ੍ਰੰਤ ਵਸੋਆ ਪੁਰਬ ਮਨਾਉਣ ਦੀ ਆਗਿਆ ਦੇਣ, ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਵਿਸਾਖੀ ਦੇ

ਦਿਹਾੜੇ ਨੂੰ ਖ਼ਾਲਸਾ ਪੰਥ ਦੀ ਸਿਰਜਣਾ ਲਈ ਚੁਣਨ ਦਾ ਕਾਰਨ ਇਸ ਦਿਹਾੜੇ ਦਾ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਵਸ ਹੋਣਾ ਸੀ। ਇਸ ਤਾਰੀਖ਼ ਨਾਲ ਹੇਠ ਲਿਖੇ ਸਾਰੇ ਤੱਤ ਮੇਲ ਖਾ ਜਾਂਦੇ ਹਨ:-

ਗੁਰੂ ਜੀ ਦੀ ਆਯੂ 70 ਸਾਲ 5 ਮਹੀਨੇ 7 ਦਿਨ।

ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਮਿਤੀ - ਅੱਸੂ ਵਦੀ ੧੦, ੧੫੯੬ ਬਿਕਰਮੀ।

ਪੂਰਨਮਾਸ਼ੀ।

ਗੁਰੂ ਜੀ ਦੇ ਆਗਮਨ ਸਬੰਧੀ ਭਾਈ ਗੁਰਦਾਸ ਜੀ ਵੱਲੋਂ ਵਸੋਆ ਸ਼ਬਦ ਦੀ ਵਰਤੋਂ।

ਗੁਰੂ ਅਮਰਦਾਸ ਜੀ ਵੱਲੋਂ ਬਾਉਲੀ ਸਾਹਿਬ ਤਿਆਰ ਕਰਵਾਉਣ ਉਪ੍ਰੰਤ ਵਸੋਆ ਪੁਰਬ ਮਨਾਉਣ ਦੀ ਆਗਿਆ।

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਵਿਸਾਖੀ ਦੇ ਦਿਹਾੜੇ ਨੂੰ ਖ਼ਾਲਸਾ ਪੰਥ ਦੀ ਸਿਰਜਣਾ ਲਈ ਚੁਣਨਾ ਸਿੱਧ ਕਰਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਤਾਰੀਖ਼ ੧ ਵੈਸਾਖ ਹੀ ਹੈ।

ਜੋ ਪ੍ਰਸਿੱਧ ਲਿਖਾਰੀ ਅਤੇ ਵਿਦਵਾਨ ਵੈਸਾਖ ਮਹੀਨੇ ਦੀ ਤਾਰੀਖ਼ ਨਾਲ ਸਹਿਮਤ ਹਨ ਉਨ੍ਹਾਂ ਦੇ ਨਾਮ ਹਨ: 1. ਸ. ਕਰਮ ਸਿੰਘ ਹਿਸਟੋਰੀਅਨ 2. ਭਾਈ ਕਾਨ੍ਹ ਸਿੰਘ ਨਾਭਾ 3. ਡਾ. ਗੰਡਾ ਸਿੰਘ 4. ਪ੍ਰਿੰ. ਸਤਬੀਰ ਸਿੰਘ 5. ਪ੍ਰੋ. ਸਾਹਿਬ ਸਿੰਘ 6. ਡਾ. ਹਰੀ ਰਾਮ ਗੁਪਤਾ 7. ਐਮ. ਏ. ਮੈਕਾਲਿਫ਼।

ਜਨਮ ਸਾਖੀਆਂ ਜੋ ਵੈਸਾਖ ਦੀ ਤਾਰੀਖ਼ ਦਿੰਦੀਆਂ ਹਨ: 1. ਮੇਹਰਬਾਨ ਵਾਲੀ ਜਨਮ ਸਾਖੀ; 2. ਭਾਈ ਮਨੀ ਸਿੰਘ ਦੀ ਗਿਆਨ ਰਤਨਾਵਲੀ; 3. ਬੀ-40 ਜਨਮ ਸਾਖੀ; 4. ਪੁਰਾਤਨ ਜਨਮ ਸਾਖੀ; 5. ਪੱਥਰ ਦੇ ਛਾਪੇ ਵਾਲੀ ਜਨਮ ਸਾਖੀ ਜੋ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਆਰਕਾਈਵਜ਼ ਵਿਭਾਗ ਵਿੱਚ ਸਾਂਭੀ ਪਈ ਹੈ।

ਮੈਕਾਲਿਫ਼ ਅਨੁਸਾਰ ਪਹਿਲਾਂ ਗੁਰਪੁਰਬ ਨਨਕਾਣਾ ਸਾਹਿਬ ਵਿਖੇ ਵੈਸਾਖ ਵਿੱਚ ਹੀ ਮਨਾਇਆ ਜਾਂਦਾ ਸੀ ਪਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸਮੇਂ ਸੰਨ 1816 ਤੋਂ ਕੱਤਕ ਪੂਰਨਮਾਸ਼ੀ ਨੂੰ ਮਨਾਉਣਾ ਅਰੰਭ ਹੋ ਗਿਆ। ਐਮ. ਏ. ਮੈਕਾਲਿਫ਼ ਲਿਖਦੇ ਹਨ: "ਹੰਦਾਲੀ ਅਤੇ ਸਾਰੀਆਂ ਅਜੋਕੀਆਂ ਜਨਮ ਸਾਖੀਆਂ ਜਿਸ ਮਹੀਨੇ ਵਿੱਚ ਬਾਬੇ ਨਾਨਕ ਦਾ ਪ੍ਰਕਾਸ਼ ਹੋਇਆ, ਕਾਰਤਿਕ ਦਿੰਦੀਆਂ ਹਨ ਪਰ ਮਨੀ ਸਿੰਘ ਵਾਲੀ ਅਤੇ ਹੋਰ ਸਾਰੀਆਂ ਪੁਰਾਤਨ ਜਨਮ ਸਾਖੀਆਂ ਵਿੱਚ ਗੁਰੂ ਸਾਹਿਬ ਦੇ ਪ੍ਰਕਾਸ਼ ਦਾ ਮਹੀਨਾ ਵੈਸਾਖ ਦਿੱਤਾ ਹੋਇਆ ਹੈ।"

ਗੁਰੂ ਸਾਹਿਬ ਦੇ ਪ੍ਰਕਾਸ਼ ਮਹੀਨੇ ਦੀ ਕੱਤਕ ਵਿੱਚ ਸ਼ੁਰੂਆਤ ਦੀ ਪ੍ਰਕ੍ਰਿਆ ਇਸ ਢੰਗ ਨਾਲ ਹੋਈ:

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅੰਮ੍ਰਿਤਸਰ ਵਿੱਚ ਭਾਈ ਸੰਤ ਸਿੰਘ ਗਿਆਨੀ ਰਹਿੰਦਾ ਸੀ, ਜਿਸ ਦਾ ਮਹਾਰਾਜੇ ਦੇ ਮਨ ਵਿੱਚ ਬੜਾ ਸਤਿਕਾਰ ਸੀ। ਅੰਮ੍ਰਿਤਸਰ ਤੋਂ ਕੋਈ ਪੰਜ ਕੁ ਮੀਲ ਦੂਰ ਇੱਕ ਪੁਰਾਣਾ ਸਰੋਵਰ ਹੈ ਜਿਸ ਦਾ ਨਾਮ ਰਾਮ ਤੀਰਥ ਭਾਵ ਹਿੰਦੂ ਦੇਵਤੇ ਰਾਮ ਦਾ ਤੀਰਥ। ਉਸ ਸਥਾਨ 'ਤੇ ਕਾਰਤਿਕ ਮਹੀਨੇ ਦੀ ਪੂਰਨਮਾਸ਼ੀ ਨੂੰ ਹਿੰਦੂ ਮੇਲਾ ਲੱਗਦਾ ਸੀ, ਜੋ ਹੁਣ ਵੀ ਲੱਗਦਾ ਹੈ। ਮੁੱਖ ਰੂਪ ਵਿੱਚ ਇਹ ਸਥਾਨ ਹਿੰਦੂ ਹੈ। ਭਾਈ ਸਾਹਿਬ ਦੀਆਂ ਅੱਖਾਂ ਵਿੱਚ ਇਹ ਹੋਰ ਵੀ ਰੜਕਦਾ ਸੀ ਕਿਉਂਕਿ ਇਸ ਸਥਾਨ ਦੀ ਮੁਰੰਮਤ ਕਰਵਾਉਣ ਵਾਲਾ, ਜ਼ਕਰੀਆ ਖ਼ਾਨ ਦਾ ਇਨਸਾਨੀਅਤ ਹੀਣ ਮੁੱਖ ਮੰਤ੍ਰੀ, ਸਿੱਖਾਂ ਦਾ ਘਾਣ ਕਰਨ ਵਾਲਾ, ਲੱਖਪਤ ਰਾਇ ਸੀ। ਭਾਈ ਸੰਤ ਸਿੰਘ ਦੀ ਇੱਛਾ ਸੀ ਇਸ ਮੇਲੇ ਦੇ ਉਲਟ ਅੰਮ੍ਰਿਤਸਰ ਵਿੱਚ ਉਸੇ ਦਿਨ ਮੇਲਾ ਸਥਾਪਿਤ ਕੀਤਾ ਜਾਵੇ ਤਾ ਕਿ ਸਿੱਖਾਂ ਨੂੰ ਰਾਮ ਤੀਰਥ ਦੀ ਹਿੰਦੂ ਯਾਤਰਾ ਤੋਂ ਰੋਕਿਆ ਜਾ ਸਕੇ। ਉਸ ਨੇ ਗ਼ਲਤੀ ਨਾਲ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦੀ ਹੰਦਾਲੀ ਤਾਰੀਖ਼ ਨੂੰ ਅਪਣਾ ਲਿਆ, ਅਤੇ ਐਲਾਨ ਕਰ ਦਿੱਤਾ ਕਿ ਅੰਮ੍ਰਿਤਸਰ ਵਿੱਚ ਕਾਰਤਿਕ ਪੂਰਨਮਾਸ਼ੀ ਨੂੰ ਨਵਾਂ ਮੇਲਾ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਦੇ ਸਨਮਾਨ ਵਿੱਚ ਹੈ।

ਇਸ ਵਿੱਚ ਰੱਤੀ ਵੀ ਸ਼ੱਕ ਨਹੀਂ ਕਿ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਵੈਸਾਖ ਵਿੱਚ ਹੋਇਆ ਹੈ। ਸਭ ਪੁਰਾਤਨ ਜਨਮ ਸਾਖੀਆਂ ਇਸੇ ਨੂੰ ਹੀ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਮਹੀਨਾ ਦੱਸਦੀਆਂ ਹਨ। ਸੰਮਤ ੧੮੭੪ ਸੰਨ 1817 ਤੱਕ ਵੀ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਵਰ੍ਹੇਗੰਢ ਉਤਸਵ ਸਦਾ ਨਨਕਾਣਾ ਸਾਹਿਬ ਵਿਖੇ ਵੈਸਾਖ ਮਹੀਨੇ ਹੀ ਮਨਾਇਆ ਜਾਂਦਾ ਰਿਹਾ ਹੈ।

ਮੁੱਕਦੀ ਗੱਲ -- ਨਾਨਕ ਪ੍ਰਕਾਸ਼ ਵਿੱਚ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਸਮਾਂ ਕਾਰਤਿਕ ਪੂਰਨਮਾਸ਼ੀ ਸੰਮਤ ੧੫੨੬; ਜੋਤੀ ਜੋਤ ਸਮਾਉਣ ਦੀ ਤਾਰੀਖ਼ ਅੱਸੂ ਵਦੀ ੧੦ ਸੰਮਤ ੧੫੯੬ ਅਤੇ ਹੈਰਾਨੀਜਨਕ ਉਪ੍ਰੋਕਤ ਤਾਰੀਖ਼ਾਂ ਨਾਲ ਮੇਲ ਨਾਂਹ ਖਾਣ ਵਾਲੀ ਆਯੂ 70 ਸਾਲ 5 ਮਹੀਨੇ ਅਤੇ 7 ਦਿਨ ਦਿੱਤੇ ਹਨ, ਜਦ ਕਿ ਇਹ ਆਯੂ ਬਹੁਤ ਨੇੜਤਾ ਨਾਲ ਪੁਰਾਤਨ ਜਨਮ ਸਾਖੀ ਵਿੱਚ ਦਿੱਤੀ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦੀ ਤਾਰੀਖ਼ ਨਾਲ ਮੇਲ ਖਾ ਜਾਂਦੀ ਹੈ।" - MAx Arthur MAcAuliffe, The Sikh Religion, first edition 1909CE, reprinted by Low Price Publications. Delhi 1996 p.lxxxiv. -

(ਅੰਗ੍ਰੇਜ਼ੀ ਤੋਂ ਅਨੁਵਾਦ ਪਾਲ ਸਿੰਘ ਪੁਰੇਵਾਲ)

ਨੋਟ: ਇਹ ਖੋਜ ਪੱਤਰ ਬਹੁਤ ਸਾਲ ਪਹਿਲਾਂ ਅੰਗ੍ਰੇਜ਼ੀ ਵਿੱਚ ਲਿਖਿਆ ਗਿਆ ਸੀ ਜਿਸ ਦਾ ਪੰਜਾਬੀ ਰੂਪ 1995 ਵਿੱਚ ਵਿਸ਼ਵ ਸਿੱਖ ਸੰਮੇਲਨ ਇਤਿਹਾਸ ਸੰਬੰਧੀ ਸੈਮੀਨਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਾਪਿਆ ਗਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਤੇ ਪੰਜਾਬੀ ਯੂਨੀਵਰਸਿਟੀ ਦੀਆਂ ਖੋਜ ਪੱਤ੍ਰਕਾਵਾਂ ਵਿੱਚ ਵੀ ਪ੍ਰਕਾਸ਼ਿਤ ਹੋਇਆ।

ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਤੇ ਜੋਤੀ-ਜੋਤ ਪੁਰਬ ਅਤੇ ਗੁਰੂ ਅੰਗਦ ਸਾਹਿਬ ਜੀ ਦਾ ਗੁਰਗੱਦੀ ਪੁਰਬ

ਕਿਰਪਾਲ ਸਿੰਘ ਬਠਿੰਡਾ

ਸ. ਪਾਲ ਸਿੰਘ ਪੁਰੇਵਾਲ ਨੇ ਨਾਨਕਸ਼ਾਹੀ ਕੈਲੰਡਰ ਵਿੱਚ ਗੁਰੂ ਸਾਹਿਬਾਨ ਦੇ ਗੁਰਪੁਰਬ ਨਿਸ਼ਚਿਤ ਕਰਨ ਲਈ 34 ਪੁਰਾਤਨ ਅਤੇ ਨਵੀਨ ਲਿਖਾਰੀਆਂ ਦੀਆਂ ਪੁਸਤਕਾਂ ਵਿੱਚੋਂ ਤਾਰੀਖ਼ਾਂ ਨੋਟ ਕਰਕੇ ਇੱਕ ਸੂਚੀ ਬਣਾਈ ਅਤੇ 14 ਨਵੰਬਰ 1995 ਨੂੰ ਚੰਡੀਗੜ੍ਹ ਵਿਖੇ ਗੁਰੂ ਗੋਬਿੰਦ ਸਿੰਘ ਕਾਲਜ ਫ਼ਾਰ ਮੈੱਨ ਵਿੱਚ ਹੋਈ ਮੀਟਿੰਗ 'ਚ ਪੇਸ਼ ਕੀਤੀ। ਇਸ ਸੂਚੀ ਵਿੱਚੋਂ ਪ੍ਰਤੱਖ ਤੌਰ 'ਤੇ ਵੇਖਿਆ ਗਿਆ ਕਿ ਕੇਵਲ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਛੱਡ ਕੇ ਬਾਕੀ ਕਿਸੇ ਵੀ ਗੁਰੂ ਸਾਹਿਬਾਨ ਦੇ ਪ੍ਰਕਾਸ਼ ਦਿਹਾੜਿਆਂ ਵਿੱਚ ਇਕਸਾਰਤਾ ਨਹੀਂ ਸਗੋਂ ਮਤਭੇਦ ਹੀ ਹਨ ਜਦੋਂ ਕਿ ਜੋਤੀ-ਜੋਤ ਸਮਾਉਣ ਦੀਆਂ ਸਾਰੀਆਂ ਤਾਰੀਖ਼ਾਂ ਸੰਬੰਧੀ ਨਵੀਨ ਅਤੇ ਪੁਰਾਤਨ ਲਿਖਾਰੀਆਂ ਦੀ ਆਮ ਸਹਿਮਤੀ ਹੀ ਹੈ। ਇਸ ਦਾ ਕਾਰਨ ਇਹ ਹੈ ਕਿ ਜਨਮ ਵੇਲੇ ਕਿਸੇ ਨੂੰ ਨਹੀਂ ਪਤਾ ਹੁੰਦੈ ਕਿ ਇਸ ਬਾਲਕ ਨੇ ਵੱਡਾ ਹੋ ਕੇ ਗੁਰੂ ਬਣਨਾ ਹੈ ਅਤੇ ਇੰਨੇ ਮਹਾਨ ਰੁਤਬੇ 'ਤੇ ਪਹੁੰਚੇਗਾ, ਜਿਸ ਦੇ ਸਿਰ ਉੱਪਰ ਚਹੁੰ ਕੁੰਟਾਂ ਵਿੱਚ ਛਤਰ ਝੁਲੇਗਾ। ਇਸ ਲਈ ਉਨ੍ਹਾਂ ਦੇ ਜਨਮ ਦਿਨਾਂ ਦਾ ਕਿਸੇ ਨੇ ਬਹੁਤਾ ਰੀਕਾਰਡ ਨਹੀਂ ਰੱਖਿਆ ਪਰ ਜੋਤੀ-ਜੋਤ ਸਮਾਉਣ ਵੇਲੇ ਤਾਂ ਉਨ੍ਹਾਂ ਦੇ ਆਲੇ ਦੁਆਲੇ ਅਣਗਿਣਤ ਸਿੱਖ-ਸੇਵਕ ਹੋਣ ਕਰਕੇ ਉਨ੍ਹਾਂ ਦੇ ਜੋਤੀ-ਜੋਤ ਸਮਾਉਣ ਦੀ ਤਾਰੀਖ਼ ਸੰਬੰਧੀ ਕਿਸੇ ਨੂੰ ਕੋਈ ਭੁਲੇਖਾ ਨਹੀਂ ਰਿਹਾ ਤੇ ਤਾਰੀਖ਼ ਠੀਕ ਠੀਕ ਹੀ ਨੋਟ ਕੀਤੀ ਗਈ ਹੈ। ਇਸ ਲਈ ਗੁਰੂ ਸਾਹਿਬਾਨ ਦੇ ਜੋਤੀ-ਜੋਤ ਸਮਾਉਣ ਦੀ ਤਾਰੀਖ਼ 'ਚੋਂ ਉਨ੍ਹਾਂ ਦੀ ਕੁੱਲ ਸਰੀਰਕ ਉਮਰ ਜਾਂ ਗੁਰਿਆਈ ਦੇ ਕੁੱਲ ਸਮੇਂ ਨੂੰ ਘਟਾ ਕੇ ਪ੍ਰਕਾਸ਼ ਦਿਹਾੜਿਆਂ ਅਤੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਦੀਆਂ ਤਾਰੀਖ਼ਾਂ ਨਿਸ਼ਚਿਤ ਕੀਤੀਆਂ ਜਾਂਦੀਆਂ ਸਨ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਤੇ ਜੋਤੀ-ਜੋਤ ਸਮਾਉਣ ਅਤੇ ਗੁਰੂ ਅੰਗਦ ਸਾਹਿਬ ਜੀ ਦੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਦੀਆਂ ਤਾਰੀਖ਼ਾਂ ਸੰਬੰਧੀ ਸਿੱਖ ਇਤਿਹਾਸ ਵਿੱਚ ਵੱਡੇ ਭੁਲੇਖੇ ਹਨ। ਹਥਲੇ ਲੇਖ ਰਾਹੀਂ ਇਨ੍ਹਾਂ ਤਿੰਨਾਂ ਪੁਰਬਾਂ ਦੀਆਂ ਤਾਰੀਖ਼ਾਂ ਸੰਬੰਧੀ ਇਸ ਭੁਲੇਖੇ ਨੂੰ ਦੂਰ ਕਰਨ ਦਾ ਯਤਨ ਕੀਤਾ ਗਿਆ ਹੈ।

ਗੁਰੂ ਨਾਨਕ ਸਾਹਿਬ ਜੀ ਦਾ ਜੋਤੀ-ਜੋਤ ਪੁਰਬ:

ਸ. ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕੀਤੀ ਸੂਚੀ ਵਿੱਚ ਤਕਰੀਬਨ ਸਾਰੇ ਹੀ ਲਿਖਾਰੀ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਦੀ ਤਿੱਥ ਅੱਸੂ ਵਦੀ ੧੦ ਸੰਮਤ ੧੫੯੬ ਲਿਖਦੇ ਹਨ। ਕੇਵਲ ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕਰਵਾਈ ਸ਼ੁੱਧ ਗੁਰਪ੍ਰਣਾਲੀ ਵਿੱਚ ਅੱਸੂ ਸੁਦੀ ੧੦ ਸੰਮਤ ੧੫੯੬, ੩ ਕੱਤਕ ਦਿਨ ਵੀਰਵਾਰ ਲਿਖਿਆ ਹੈ। ਗੁਰਪ੍ਰਣਾਲੀ ੭ ਅਤੇ ਮਹਿਮਾ ਪ੍ਰਕਾਸ਼ ਵਿੱਚ ਵਦੀ/ਸੁਦੀ ਦੋਵੇਂ ਹੀ ਲਿਖੀਆਂ ਪਈਆਂ ਹਨ। (ਇਹ ਦੱਸਣਯੋਗ ਹੈ ਕਿ ਅੱਸੂ ਵਦੀ ੧੦ ਸੰਮਤ ੧੫੯੬ ਨੂੰ ਦਿਨ ਐਤਵਾਰ ੮ ਅੱਸੂ; ੭ ਸਤੰਬਰ ੧੫੩੯ ਬਣਦਾ ਹੈ ਅਤੇ ਅੱਸੂ ਸੁਦੀ ੧੦ ਸੰਮਤ ੧੫੯੬ ਨੂੰ ੨੩ ਅੱਸੂ; 22 ਸਤੰਬਰ 1539 ਈ: ਜੂਲੀਅਨ ਬਣਦਾ ਹੈ। ਵਦੀ ਸੁਦੀ ਦੇ ਨਾਲ 15 ਦਿਨ ਦਾ ਫ਼ਰਕ ਪੈ ਜਾਂਦਾ ਹੈ)

ਡਾ: ਹਰਜਿੰਦਰ ਸਿੰਘ ਦਿਲਗੀਰ ਨੇ ਆਪਣੀ ਪੁਸਤਕ 'ਸਿੱਖ ਤਵਾਰੀਖ਼' (ਭਾਗ ਪਹਿਲਾ ਅਡੀਸ਼ਨ 2008 ਈ:) ਦੇ ਪੰਨਾ 177 'ਤੇ ਤਾਂ ਗੁਰੂ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਦੀ ਤਾਰੀਖ਼ 22 ਸਤੰਬਰ 1539 ਲਿਖੀ ਹੈ, ਜਿਸ ਦਿਨ ਅੱਸੂ ਸੁਦੀ ੧੦ ਸੰਮਤ ੧੫੯੬ ਬਣਦਾ ਹੈ ਪਰ ਆਪਣੀ ਦੂਜੀ ਪੁਸਤਕ 'ਨਾਨਕਸ਼ਾਹੀ ਕੈਲੰਡਰ' ਦੇ ਪੰਨਾ ਨੰ: ੪੯ 'ਤੇ ਲਿਖ ਦਿੱਤਾ ਕਿ ਮਿਹਰਬਾਨ ਪ੍ਰਣਾਲੀ ਮੰਨਣ ਵਾਲਿਆਂ ਨੇ ਗੁਰੂ ਨਾਨਕ ਸਾਹਿਬ ਦਾ ਜੋਤੀ-ਜੋਤ ਸਮਾਉਣ ਦਾ ਦਿਨ ਵੀ ਗ਼ਲਤ ਲਿਖ ਦਿੱਤਾ, ਜੋ ਅਸਲ ਵਿੱਚ ਅੱਸੂ ਵਦੀ ੧੦ ਸੰਮਤ ੧੫੯੬ (੭ ਸਤੰਬਰ ੧੫੩੯) ਹੈ ਪਰ ਮਿਹਰਵਾਨ ਨੇ ਇਸ ਨੂੰ ਅੱਸੂ ਸੁਦੀ ੧੦ ਯਾਨਿ 22 ਸਤੰਬਰ 1539 ਲਿਖ ਦਿੱਤਾ, ਜੋ ਅਸਲ ਵਿੱਚ ਮਾਤਾ ਸੁਲੱਖਣੀ ਦੇ ਚੜ੍ਹਾਈ ਕਰਨ ਦਾ ਦਿਨ ਹੈ। (ਇਸ ਦਾ ਭਾਵ ਹੈ ਕਿ ਡਾ: ਦਿਲਗੀਰ ਨੂੰ ਆਪਣੀ ਪੁਸਤਕ 'ਸਿੱਖ ਤਵਾਰੀਖ਼' ਵਿੱਚ ਲਿਖੀ ਤਾਰੀਖ਼ ਯਾਦ ਨਹੀਂ ਕਿ ਉਸ ਨੇ ਖ਼ੁਦ ਕਿੱਥੋਂ ਵੇਖ ਕੇ ਲਿਖੀ ਹੈ।)

ਜੋਤੀ-ਜੋਤਿ ਸਮਾਉਣਾ

X 22 ਸਤੰਬਰ 1539 ਦੇ ਦਿਨ ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿਚ ਜੋਤੀ ਜੋਤਿ ਸਮਾ ਗਏ। ਆਪ ਦਾ ਸਸਕਾਰ ਰਾਵੀ ਦਰਿਆ ਦੇ ਕੰਢੇ 'ਤੇ ਕੀਤਾ ਗਿਆ। ਮਗਰੋਂ ਕੁਝ ਲੋਕਾਂ ਨੇ ਇਹ ਮਨਘੜਤ ਕਹਾਣੀ ਬਣਾਈ ਕਿ ਸਸਕਾਰ ਵੇਲੇ ਹਿੰਦੂਆਂ ਅਤੇ ਮੁਸਲਮਾਨਾਂ ਦਾ ਝਗੜਾ ਹੋ ਗਿਆ ਅਤੇ ਹਿੰਦੂ ਸਸਕਾਰ ਕਰਨਾ ਚਾਹੁੰਦੇ ਸਨ ਅਤੇ ਮੁਸਲਮਾਨ ਦਫ਼ਨਾਉਣਾ ਚਾਹੁੰਦੇ ਸਨ। ਇਹ ਕਹਾਣੀ ਬੇਮਤਲਬ ਹੈ। ਪਹਿਲੀ

ਡਾ: ਦਿਲਗੀਰ ਵੱਲੋਂ ਲਿਖੀ ਪੁਸਤਕ 'ਸਿੱਖ ਤਵਾਰੀਖ਼' (ਭਾਗ ਪਹਿਲਾ ਅਡੀਸ਼ਨ 2008 ਈ:) ਦਾ ਪੰਨਾ 177 ਦੀ ਫੋਟੋ ਕਾਪੀ (1)

18. ਡਾ ਬੀ.ਵੀ ਰਮਨ 'ਨੋਟੇਬਲ ਹੌਰੋ ਸਕੋਪਜ਼'।

ਇੰਵ ਹੀ ਮਿਹਰਬਾਨ ਪ੍ਰਣਾਲੀ ਵਾਲੇ ਲੇਖਕਾਂ ਨੇ ਗੁਰੂ ਨਾਨਕ ਸਾਹਿਬ ਦਾ ਜੋਤੀ-ਜੋਤਿ ਦਿਨ ਵੀ ਗ਼ਲਤ ਲਿਖਿਆ ਹੈ, ਜੋ ਅਸਲ ਵਿਚ ਅਸੂ ਵਦੀ 10 ਸੰਮਤ 1596 (7 ਸਤੰਬਰ 1539) ਹੈ, ਪਰ ਮਿਹਰਬਾਨ ਨੇ ਇਸ ਨੂੰ ਅੱਸੂ ਸੁਦੀ 10, ਯਾਨਿ 22 ਸਤੰਬਰ 1539) ਲਿਖ ਦਿੱਤਾ ਸੀ, ਜੋ ਦਰਅਸਲ ਮਾਤਾ ਸੁਲੱਖਣੀ ਦੇ ਚੜ੍ਹਾਈ ਕਰਨ ਦਾ ਦਿਨ ਹੈ।

ਡਾ: ਦਿਲਗੀਰ ਵੱਲੋਂ ਲਿਖੀ ਪੁਸਤਕ 'ਨਾਨਕਸ਼ਾਹੀ ਕੈਲੰਡਰ' ਦਾ ਪੰਨਾ 49 ਦੀ ਫੋਟੋ ਕਾਪੀ (2)

ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕਾਰਵਾਈ ਸ਼ੁੱਧ ਗੁਰਪ੍ਰਣਾਲੀ ਤਾਂ ਸਿਰੇ ਤੋਂ ਗ਼ਲਤ ਹੈ ਕਿਉਂਕਿ ਇਸ ਵਿੱਚ ਅੱਸੂ ਸੁਦੀ ੧੦ ਸੰਮਤ ੧੫੯੫, ੩ ਕੱਤਕ ਲਿਖਿਆ ਹੋਣ ਕਰਕੇ ਜਿੱਥੇ ਇੱਕ ਸਾਲ ਦਾ ਫ਼ਰਕ ਹੈ, ਉੱਥੇ ਇਸ ਤਿੱਥ ਨੂੰ ਕੱਤਕ ਵੀ ੩ ਨਹੀਂ ਬਲਕਿ ੪ ਕੱਤਕ

ਬਣਦਾ ਹੈ।

ਸ: ਕਰਮ ਸਿੰਘ ਹਿਸਟੋਰੀਅਨ ਨੇ ਅੱਸੂ ਵਦੀ ੧੦ ਦੀ ਬਜਾਏ ਅੱਸੂ ਸੁਦੀ ੧੦ ਨੂੰ ਸਹੀ ਮੰਨ ਕੇ ਆਪਣੀਆਂ ਤਾਰੀਖ਼ਾਂ ਕੱਢੀਆਂ ਹਨ, ਜਿਸ ਤੋਂ ਵੇਖ ਕੇ ਭਾਈ ਕਾਨ੍ਹ ਸਿੰਘ ਨਾਭਾ, ਡਾ: ਗੰਡਾ ਸਿੰਘ, ਗਿਆਨੀ ਸੋਹਣ ਸਿੰਘ ਸੀਤਲ, ਪ੍ਰੋ: ਸਾਹਿਬ ਸਿੰਘ ਆਦਿਕ ਲੇਖਕਾਂ ਨੇ ਵੀ ਅੱਸੂ ਸੁਦੀ ੧੦ ਦੇ ਹਿਸਾਬ ਹੀ ਆਪਣੀਆਂ ਤਾਰੀਖ਼ਾਂ ਲਿਖ ਦਿੱਤੀਆਂ, ਪਰ ਸੁਦੀ ਪੱਖ ਦੀ ਇਹ ਤਿੱਥ ਮੰਨਣਯੋਗ ਨਹੀਂ ਹੈ ਕਿਉਂਕਿ ਕਰਤਾਰਪੁਰੀ ਬੀੜ (ਕਰਤਾਰਪੁਰੀ ਬੀੜ ਦੇ ਦਰਸ਼ਨ- ੧. ਭਾਈ ਕਾਨ੍ਹ ਸਿੰਘ ਨਾਭਾ, ੨. ਭਾਈ ਜੋਧ ਸਿੰਘ) ਵਿੱਚ ਪਹਿਲੇ ਪੰਜ ਗੁਰੂ ਸਾਹਿਬਾਨ ਅਤੇ ਬਾਬਾ ਗੁਰਦਿੱਤਾ ਜੀ ਦੇ ਜੋਤੀ-ਜੋਤ ਸਮਾਉਣ ਦੀਆਂ ਤਿੱਥਾਂ ਅਤੇ ਸੰਮਤ ਦਿੱਤੇ ਹੋਏ ਹਨ। ਇਸ ਬੀੜ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਦੀ ਤਿੱਥ ਅੱਸੂ ਵਦੀ ੧੦, ਸੰਮਤ ੧੫੯੬ ਲਿਖੀ ਹੋਈ ਹੈ। ਇਸ ਲਈ ਅੱਸੂ ਸੁਦੀ ੧੦ ਮੰਨਣਾ ਸਹੀ ਨਹੀਂ ਲੱਗਦਾ।


ਸ. ਪਾਲ ਸਿੰਘ ਪੁਰੇਵਾਲ ਨੇ ਜੋਤੀ ਜੋਤ ਸਮਾਉਣ ਦੀ ਤਾਰੀਖ਼ *ਅੱਸੂ ਵਦੀ ੧੦ ਸੰਮਤ* ੧੫੯੬ (ਜੋ ਕਰਤਾਰਪੁਰੀ ਬੀੜ ਵਿੱਚ ਦਰਜ ਹੈ) ਨੂੰ ਸਹੀ ਮੰਨ ਕੇ ਇਸ ਤਿੱਥ ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕਰਕੇ ***੮ ਅੱਸੂ ਨਾਨਕਸ਼ਾਹੀ ਸੰਮਤ ੭੧; ੭ ਸਤੰਬਰ 1539 ਲਿਖਿਆ ਹੈ।*** ਇਸ ਤਾਰੀਖ਼ ਨੂੰ ਸਭ ਤੋਂ ਵੱਧ ਭਰੋਸੇਯੋਗ ਮੰਨਿਆ ਜਾ ਸਕਦਾ ਹੈ ਕਿਉਂਕਿ ਇਹ ਤਾਰੀਖ਼ ਕਰਤਾਰਪੁਰੀ ਬੀੜ ਵਿੱਚ ਦਰਜ ਹੋਣ ਤੋਂ ਇਲਾਵਾ ਭਾਈ ਬਾਲੇ ਵਾਲੀ ਜਨਮ ਸਾਖੀ, ਗੁਰ ਬਿਲਾਸ ਪਾ: 6, ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਗੁਰ ਬੰਸਾਵਲੀ 1, ਬੰਸਾਵਲੀ ਨਾਮਾ, ਗੁਰ ਪ੍ਰਣਾਲੀਆਂ 1 ਤੋਂ 6 ਅਤੇ 9, 10, ਗੁਰਵੰਸ ਦਰਪਣ ਪੱਤਰ, ਗੁਰਮਤਿ ਰਹਿਤ ਮਰਯਾਦਾ, ਗੁਰਬਾਣੀ ਪਾਠ ਦਰਸ਼ਨ, ਗਿਆਨੀ ਸਰਦੂਲ, ਡਾ: ਗੰਡਾ ਸਿੰਘ (ਉਰਦੂ ਜੰਤਰੀ) ਆਦਿਕ ਵਿਦਵਾਨਾਂ ਨਾਲ ਵੀ ਮੇਲ ਖਾਂਦੀ ਹੈ।

ਗੁਰ ਨਾਨਕ ਸਾਹਿਬ ਜੀ ਦੇ ਪ੍ਰਗਟ ਹੋਣ ਦੀ ਤਾਰੀਖ਼

ਹੈਰਾਨੀ ਇਸ ਗੱਲ ਦੀ ਹੈ ਕਿ ਬਹੁਤੇ ਲਿਖਾਰੀ ਜਿਵੇਂ ਕਿ ਗੁਰ ਬੰਸਾਵਲੀ 1, ਗੁਰ ਪ੍ਰਣਾਲੀ 2, ਗੁਰ ਪ੍ਰਣਾਲੀ 3, ਗੁਰ ਪ੍ਰਣਾਲੀ 4, ਗੁਰ ਪ੍ਰਣਾਲੀ 7, ਗੁਰ ਪ੍ਰਣਾਲੀ 10, ਗਿਆਨੀ ਸਰਦੂਲ ਸਿੰਘ ਆਦਿਕ ਨੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਗਟ ਹੋਣ ਦੀ ਤਾਰੀਖ਼ ਕੱਤਕ ਸੁਦੀ ੧੫ ਸੰਮਤ ੧੫੨੬ ਅਤੇ ਜੋਤੀ-ਜੋਤ ਸਮਾਉਣ ਦੀ ਤਾਰੀਖ਼ ਅੱਸੂ ਵਦੀ ੧੦ ਸੰਮਤ ੧੫੯੬ ਲਿਖਣ ਉਪਰੰਤ ਵੀ ਉਨ੍ਹਾਂ ਦੀ ਕੁਲ ਸਰੀਰਕ ਆਯੂ 70 ਸਾਲ 5 ਮਹੀਨੇ 7 ਦਿਨ ਲਿਖੀ ਹੈ। ਜਦ ਇਹ ਸਵਾਲ ਉੱਠਣੇ ਸ਼ੁਰੂ ਹੋਏ ਕਿ ਜੇ ਇਹ ਦੋਵੇਂ ਤਾਰੀਖ਼ਾਂ ਸਹੀ ਹਨ ਤਾਂ ਗੁਰੂ ਸਾਹਿਬ ਜੀ ਦੀ ਉਮਰ 70 ਸਾਲ 5 ਮਹੀਨੇ 7 ਦਿਨ ਨਹੀਂ ਬਣਦੀ; ਤਾਂ ਕੁਝ ਲਿਖਾਰੀਆਂ ਜਿਵੇਂ ਕਿ ਗੁਰ ਪ੍ਰਣਾਲੀ 5 ਅਤੇ 6, ਗੁਰਵੰਸ ਦਰਪਣ ਪੱਤ੍ਰ, ਸੂਰਜ ਪ੍ਰਕਾਸ਼ (ਵਾਰਤਿਕ), ਗੁਰਮਤਿ ਰਹਿਤ ਮਰਯਾਦਾ, ਗੁਰਬਾਣੀ ਪਾਠ ਦਰਸ਼ਨ ਨੇ ਦੋਵਾਂ ਤਾਰੀਖ਼ਾਂ ਨੂੰ ਤਾਂ ਸਹੀ ਮੰਨਿਆ ਪਰ ਉਮਰ 69 ਸਾਲ 10 ਮਹੀਨੇ 10 ਦਿਨ ਲਿਖ ਦਿੱਤੀ।

ਸ. ਕਰਮ ਸਿੰਘ ਹਿਸਟੋਰੀਅਨ ਨੇ ਜੋਤੀ ਜੋਤ ਸਮਾਉਣ ਦੀ ਤਾਰੀਖ਼ ਅੱਸੂ ਵਦੀ ੧੦ ਦੀ ਥਾਂ ਅੱਸੂ ਸੁਦੀ ੧੦ ਨੂੰ ਸਹੀ ਮੰਨਿਆ ਤੇ ਇਸ ਵਿੱਚੋਂ ਗੁਰੂ ਸਾਹਿਬਾਨ ਜੀ ਦੀ ਕੁੱਲ ਉਮਰ 70 ਸਾਲ 5 ਮਹੀਨੇ 7 ਦਿਨ ਘਟਾ ਕੇ ਗੁਰੂ ਸਾਹਿਬ ਜੀ ਦੇ ਪ੍ਰਗਟ ਹੋਣ ਦੀ ਤਾਰੀਖ਼ ਵੈਸਾਖ ਸੁਦੀ ੩ ਸੰਮਤ ੧੫੨੬, ੨੦ ਵੈਸਾਖ, 15 ਅਪ੍ਰੈਲ 1469 ਬਣਾ ਲਈ। ਇਹ ਦੱਸਣਯੋਗ ਹੈ ਕਿ ਭਾਈ ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਗੁਰੂ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਿੱਥ ਵੈਸਾਖ ਸੁਦੀ ੩ ਸੰਮਤ ੧੫੨੬ ਹੀ ਲਿਖੀ ਹੋਈ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬ ਇਤਿਹਾਸ ਵਿਭਾਗ ਦੇ ਸਾਬਕਾ ਮੁਖੀ ਡਾ: ਸੁਖਦਿਆਲ ਸਿੰਘ ਦਾ ਤਾਂ ਬਾਬਾ ਆਦਮ ਹੀ ਨਿਰਾਲਾ ਹੈ। ਉਨ੍ਹਾਂ ਨੇ ਇੱਕ ਪੁਸਤਕ 'ਸ਼੍ਰੋਮਣੀ ਸਿੱਖ ਇਤਿਹਾਸ: 1469-1708' ਲਿਖੀ ਹੈ, ਜਿਸ ਵਿੱਚ ਬਾਬਰਬਾਣੀ ਦੇ ਸ਼ਬਦ: ***"ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥"*** ਦੇ ਹਵਾਲੇ ਨਾਲ ਉਸ ਪੁਸਤਕ ਦੇ ਪੰਨਾ ਨੰ: 40 'ਤੇ ਲਿਖਿਆ ਹੈ: 'ਆਪ 69 ਸਾਲ 10 ਮਹੀਨੇ 10 ਦਿਨ ਦੀ ਉਮਰ ਬਤੀਤ ਕਰਕੇ ਅੱਸੂ ਵਦੀ ਦਸਮੀ ਸੰਮਤ 1597 ਮੁਤਾਬਕ 22 ਸਤੰਬਰ 1540 ਈ: ਵਿੱਚ ਜੋਤੀ-ਜੋਤ ਸਮਾ ਗਏ ਸਨ।'


ਉਨ੍ਹਾਂ ਨੂੰ ਭਾਈ ਲਹਿਣਾ ਜੀ ਮਿਲੇ ਹੋਏ ਸਨ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਆਪਣਾ ਅਗਲਾ ਉਤਰਅਧਿਅਕਾਰੀ ਥਾਪਿਆ ਅਤੇ ਆਪ 69 ਸਾਲ 10 ਮਹੀਨੇ 10 ਦਿਨ ਦੀ ਉਮਰ ਬਤੀਤ ਕਰਕੇ ਅੱਸੂ ਵਦੀ ਦਸਮੀ ਸੰਮਤ 1597 ਬਿ. ਮੁਤਾਬਕ 22 ਸਤੰਬਰ 1540 ਈ. ਵਿਚ ਜੋਤੀ ਜੋਤ ਸਮਾ ਗਏ ਸਨ।

ਡਾ. ਸੁਖਦਿਆਲ ਸਿੰਘ ਦੀ ਕਿਤਾਬ (ਸ਼੍ਰੋਮਣੀ ਸਿੱਖ ਇਤਿਹਾਸ ਪਹਿਲਾ ਅਡੀਸ਼ਨ 2014 ਈ:) ਦੇ ਪੰਨਾ ਨੰ. 40 ਦੀ ਫੋਟੋ ਕਾਪੀ। (3)

ਇਸ ਲੇਖਕ ਦਾ ਮੰਨਣਾ ਹੈ ਕਿ ਇਸ ਸ਼ਬਦ ਵਿੱਚ ਸੰਨ 1521 ਵਿੱਚ ਬਾਬਰ ਵੱਲੋਂ ਸੈਦਪੁਰ 'ਤੇ ਕੀਤੇ ਹਮਲੇ ਅਤੇ 1540 ਵਿੱਚ ਸ਼ੇਰ ਸ਼ਾਹ ਸੂਰੀ ਵੱਲੋਂ ਬਾਬਰ ਦੇ ਪੁੱਤਰ ਹਮਾਯੂੰ ਨੂੰ ਭਜਾ ਦਿੱਤੇ ਜਾਣ ਤੱਕ ਦਾ ਹਾਲ; ਗੁਰੂ ਸਾਹਿਬਾਨ ਨੇ ਆਪਣੀ ਅੱਖੀਂ ਵੇਖ ਕੇ ਹੀ ਇਸ ਸ਼ਬਦ 'ਚ ਵਰਣਨ ਕੀਤਾ ਹੈ। ਸੰਨ 1540 ਈ: ਦੀ ਇਹ ਤਾਰੀਖ਼ ਹੇਠ ਲਿਖੇ ਕਾਰਨਾਂ ਕਰਕੇ ਮੰਨਣਯੋਗ ਨਹੀਂ :


1. ਪੰਨਾਂ 31 'ਤੇ ਡਾ: ਸੁਖਦਿਆਲ ਸਿੰਘ ਲਿਖਦਾ ਹੈ: 'ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ, ਸੰਮਤ ੧੫੨੬ ਬਿਕਰਮੀ ਮੁਤਾਬਕ ਸੰਨ 1469 ਈ: ਵਿੱਚ ਹੋਇਆ'।

ਟਿੱਪਣੀ: (ੳ) ਕੱਤਕ ਦੀ ਪੂਰਨਮਾਸ਼ੀ ੧੫੨੬ ਤੋਂ ਅੱਸੂ ਵਦੀ ੧੦ ਸੰਮਤ ੧੫੯੭ ਤੱਕ ਗੁਰੂ ਜੀ ਦੀ ਉਮਰ 70 ਸਾਲ 10 ਮਹੀਨੇ 10 ਦਿਨ ਬਣਦੀ ਹੈ, ਨਾ ਕਿ 69 ਸਾਲ 10 ਮਹੀਨੇ 10 ਦਿਨ; ਜਿਵੇਂ ਕਿ ਡਾ: ਸੁਖਦਿਆਲ ਸਿੰਘ ਲਿਖਦਾ ਪਿਆ ਹੈ।

(ਅ) ਕੱਤਕ ਦੀ ਪੂਰਨਮਾਸ਼ੀ ਦੀ ਤਾਰੀਖ਼ ਮੰਨਣ ਵਾਲਿਆਂ ਦਾ ਮੂਲ ਸ੍ਰੋਤ ਭਾਈ ਬਾਲੇ ਵਾਲੀ ਜਨਮਸਾਖੀ ਹੈ। ਇਸ ਜਨਮ ਸਾਖੀ

ਦੀਆਂ ਪਹਿਲੀਆਂ 3 ਲਾਈਨਾਂ ਹੀ ਪੜ੍ਹੋ ਤਾਂ ਪਤਾ ਲੱਗ ਜਾਵੇਗਾ ਕਿ ਇਹ ਜਨਮਸਾਖੀ ਕਿੰਨੀ ਕੁ ਸਹੀ ਹੈ। ਇਸ ਜਨਮਸਾਖੀ ਦੀ ਸ਼ੁਰੂਆਤ ਇਸ ਤਰ੍ਹਾਂ ਹੈ:


"੧ਓ ਸਤਿਗੁਰਪ੍ਰਸਾਦਿ ॥ ਜਨਮ ਪਤ੍ਰੀ ਬਾਬੇ ਨਾਨਕ ਜੀ ਕੀ ਸੰਮਤ ਪੰਦ੍ਰਾ ਸੈ ਬਿਆਸੀ ੧੫੮੨ ਮਿਤੀ ਬੈਸਾਖ ਸੁਦੀ ੫ ਪੋਥੀ ਲਿਖੀ ਪੈੜੇ ਮੋਖੇ ॥ ਸੁਲਤਾਂਨਪੁਰ ਦੇ ਖਤਰੇਟੇ ਗੁਰੂ ਅੰਗਦ ਜੀ ਲਖਾਈ ਪੈੜੇ ਮੋਖੇ ਲਿਖੀ ॥"



ਭਾਈ ਬਾਲੇ ਵਾਲੀ ਜਨਮਸਾਖੀ ਦੇ ਪੰਨਾ ਨੰਬਰ 2 ਦੀ ਫੋਟੋ ਕਾਪੀ

ਟਿੱਪਣੀ: ਭਾਈ ਲਹਿਣਾ ਜੀ; ਗੁਰੂ ਨਾਨਕ ਜੀ ਨੂੰ ਪਹਿਲੀ ਵਾਰ ਸੰਮਤ ੧੫੮੯ ਵਿੱਚ ਮਿਲਣ ਆਏ ਹਨ ਅਤੇ ੧੫੯੬ ਵਿੱਚ ਗੁਰਗੱਦੀ 'ਤੇ ਬਿਰਾਜਮਾਨ ਹੋਏ ਹਨ। ਡਾ: ਸੁਖਦਿਆਲ ਸਿੰਘ ਤਾਂ 1597 ਮੰਨਦਾ ਹੈ, ਇਸ ਲਈ ਜਦੋਂ ਭਾਈ ਲਹਿਣਾ ਜੀ ਦਾ ਗੁਰੂ ਨਾਨਕ ਸਾਹਿਬ ਜੀ ਨਾਲ ਕੋਈ ਮੇਲ ਹੀ ਨਹੀਂ ਸੀ ਹੋਇਆ ਅਤੇ ਨਾ ਹੀ ਉਨ੍ਹਾਂ ਦਾ ਨਾਮ ਕਿਸੇ ਨੇ ਗੁਰੂ ਅੰਗਦ ਜੀ ਰੱਖਿਆ ਸੀ ਤਾਂ ਗੁਰੂ ਨਾਨਕ ਜੀ ਨਾਲ ਪਹਿਲੀ ਮਿਲਣੀ ਤੋਂ 7-8 ਸਾਲ ਪਹਿਲਾਂ ਅਤੇ ਗੁਰੂ ਪਦਵੀ ਹਾਸਲ ਕਰਨ ਤੋਂ 14-15 ਸਾਲ ਪਹਿਲਾਂ (ਸੰਮਤ ੧੫੮੨ 'ਚ) ਹੀ ਗੁਰੂ ਅੰਗਦ ਜੀ ਨੇ ਭਾਈ ਬਾਲਾ ਜੀ ਤੋਂ ਪੁੱਛ ਕੇ ਭਾਈ ਪੈੜੇ ਤੋਂ ਜਨਮ ਸਾਖੀ ਕਿਵੇਂ ਲਿਖਵਾ ਦਿੱਤੀ?

(ੲ) ਇਸੇ ਜਨਮ ਸਾਖੀ ਦੇ ਪੰਨਾ 3 'ਤੇ ਇਸ ਤਰ੍ਹਾਂ ਲਿਖਿਆ ਹੋਇਆ ਹੈ: ***'ਬਾਲਾ ਸੰਧੂ ਜਟੇਟਾ ਗੁਰੂ ਅੰਗਦ ਜੀ ਦੇ ਦਰਸਨ ਨੂੰ ਆਇਆ ਗੁਰੂ ਅੰਗਦ ਜੀ ਛਪੇ ਰਹਦੇ ਸੇ ਬਾਲੇ ਸੰਧੂ ਨੂ ਏਹ ਚਾਹ ਸੀ ਜੇ ਕਰ ਗੁਰੂ ਪ੍ਰਗਟ ਹੋਵੇ ਦਰਸਨ ਨੁ ਜਾਈਏ ॥ ਤਾਂ ਬਾਲੇ ਸੁਣਿਆ ਜੋ ਗੁਰੂ ਨਾਨਕ ਜੀ ਗੁਰੂ ਅੰਗਦ ਜੀ ਨੂੰ ਗੁਰੂ ਥਾਪ ਗਏ ਹੈ ਪਰ ਨਹੀ ਜਾਣੀਦਾ ਜੋ ਕੇੜੇ ਥਾਵ ਛਪ ਬੈਠੇ ਹੈ ਫੇਰ ਖਬਰ ਸੁਣੀ ਜੁ ਖਡੂਰ ਖਹਰਿਆ ਦੀ ਵਿਚ ਬੈਠੇ ਹੈ ॥ ਏਹ ਸੁਣ ਕਰ ਬਾਲਾ ਗੁਰੂ ਅੰਗਦ ਜੀ ਦੇ ਦਰਸਨ ਨੁ ਆਇਆ ਜੋ ਕੁਛ ਸਕਤ ਆਹੀ ਸੋ ਭੇਟ ਲੈ ਆਯਾ ਗੁਰੂ ਢੂਢ ਲਧੋਸੁ ਅਗੇ ਦੇਖੇ ਤਾਂ ਗੁਰੂ ਅੰਗਦ ਜੀ ਬੈਠੇ ਹੈ ਬਾਲੇ ਜਾਇ ਮਥਾ ਟੇਕਿਆ ਅਗੋ ਗੁਰੂ ਅੰਗਦ ਜੀ ਬੋਲੇ ਆਉ ਭਾਈ ਸਤ ਕਰਤਾਰ ਬੈਠੋ ਜੀ ਗੁਰੂ ਅੰਗਦ ਜੀ ਬਾਲੇ ਸੰਧੂ ਨੁ ਪੁਛਣ ਲਗੇ ਭਾਈ ਸਿਖਾ ਕਿਥੋ ਆਇਓ ਕਿਵਕਰ ਆਵਣਾ ਹੋਇਆ ਹੈ ਕਉਣ ਹੋਦੇ ਹੋ ਤਾ ਬਾਲੇ ਸੰਧੂ ਹਥ ਜੋੜ ਕਰ ਅਰਦਾਸ ਕੀਤੀ ਜੀ ਗੁਰੂ ਜੀ ਜਟੇਟਾ ਹਾਂ ਗੋਤ ਸੰਧੂ ਹੈ ਨਾਮ ਬਾਲਾ ਹੈ ਵਤਨ ਜਨਮ ਰਾਇਭੋਇ ਦੀ ਤਲਵੰਡੀ ਹੈ ਮੈ ਗੁਰੂ ਕੇ ਦਰਸਨ ਨੁ ਆਇਆ ਹਾਂ ਫੇਰ ਗੁਰੂ ਅੰਗਦ ਜੀ ਪੁਛਯਾ ਭਾਈ ਬਾਲੇ ਤੂੰ ਸਿਖ ਕਿਸ ਦਾ ਹੈ ਤੈਨੂ ਕਉਣ ਮਿਲਿਆ ਹੈ ਫੇਰ ਬਾਲਾ ਬੋਲਯਾ ਜੀ ਗੁਰੂ ਜੀ ਹਉਂ ਗੁਰੂ ਨਾਨਕ ਜੀ ਦਾ ਸਿਖ ਹਾਂ ਮੈਨੂ ਗੁਰੂ ਨਾਨਕ ਜੀ ਮਿਲਯਾ ਹੈ ਫੇਰ ਗੁਰੂ ਅੰਗਦ ਜੀ ਪੁਛਿਆ ਭਾਈ ਬਾਲਾ ਤੁ ਗੁਰੂ ਡਿਠਾ ਸੀ ਫੇਰ ਬਾਲੇ ਕਹਯਾ ਜੀ ਮੈਥੋਂ ੩ ਤ੍ਰੈ ਵਰੇ ਗੁਰੂ ਨਾਨਕ ਜੀ ਵਡੇ ਸੇ ਮੈ ਗੁਰੂ ਨਾਨਕ ਜੀ ਦੇ ਪਿਛੇ ਲਗਾ ਫਿਰਦਾ ਸਾਂ ਪਰ ਜੀ ਤਦ ਅਸਾਂ ਨੁ ਏਹ ਮਤ ਨਾ ਸੀ ਜੋ ਏਹ ਵਡਾ ਗੁਰੂ ਹੈ ਪਰ ਸਲਾਮੀ ਰਹਦੇ ਸੇ ॥ ਏਹ ਗਲ ਜਾਂ ਭਾਈ ਬਾਲੇ ਆਖੀ ਤਾਂ ਗੁਰੂ ਅੰਗਦ ਜੀ ਦਾ ਬੈਰਾਗ ਛੁਟ ਗਇਆ।"***




ਭਾਈ ਬਾਲੇ ਵਾਲੀ ਜਨਮਸਾਖੀ ਦੇ ਪੰਨਾ ਨੰਬਰ 3 ਦੀ ਕਾਪੀ

ਟਿੱਪਣੀ: ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਭਾਈ ਬਾਲਾ ਜੀ, ਜਿਸ ਨੇ ਚਾਰ ਉਦਾਸੀਆਂ ਦੌਰਾਨ ਗੁਰੂ ਜੀ ਦੇ ਨਾਲ ਐਨਾ ਲੰਬਾ ਸਾਥ ਨਿਭਾਇਆ ਹੋਵੇ, ਉਸ ਨੂੰ ਪਹਿਲਾਂ ਇਹ ਖ਼ਬਰ ਵੀ ਨਾ ਮਿਲੀ ਹੋਵੇ ਕਿ ਗੁਰੂ ਨਾਨਕ ਜੀ ਜੋਤੀ-ਜੋਤ ਸਮਾ ਚੁੱਕੇ ਹਨ ਤੇ ਹੁਣ ਗੁਰੂ ਅੰਗਦ ਜੀ ਗੁਰਗੱਦੀ 'ਤੇ ਬਿਰਾਜਮਾਨ ਹਨ। ਦੂਸਰੇ ਪਾਸੇ ਗੁਰੂ ਅੰਗਦ ਸਾਹਿਬ ਜੀ ਨੂੰ ਵੀ ਗੁਰੂ ਨਾਨਕ ਜੀ ਦਾ ਲੰਬਾ ਚਿਰ ਸਾਥੀ ਰਹੇ ਭਾਈ ਬਾਲਾ ਜੀ ਬਾਰੇ ਕੋਈ ਜਾਣਕਾਰੀ ਹੀ ਨਾ ਹੋਵੇ ਕਿ ਉਹ ਕੌਣ ਹੈ।

(ਸ) ਅੱਗੇ ਪੰਨਾ 4 'ਤੇ ਲਿਖਿਆ ਹੈ: ***"ਓਹ ਰਾਤ ਗੁਜਰੀ ਫਿਰ ਭਲਕ ਹੋਇਆ ॥ ਤਾ ਫੇਰ ਗੁਰੂ ਅੰਗਦ ਜੀ ਆਖਿਆ ਭਾਈ ਬਾਲੇ ਨੁ ਸਦੋ ਤਾਂ ਭਾਈ ਬਾਲੇ ਆਇ ਮਥਾ ਟੇਕਿਆ ਫਿਰ ਬਾਲੇ ਨੂੰ ਗੁਰੂ ਅੰਗਦ ਜੀ ਪੁਛਣ ਲਗੇ ਭਾਈ ਬਾਲਾ ਕੁਛ ਤੈਨੂ ਏਹ ਭੀ ਮਾਲੂਮ ਹੈ ਜੋ ਗੁਰੂ***

ਨਾਨਕ ਜਨਮੇ ਸੀ ਸੋ ਕਿਕੂ ਜਨਮੇ ਸੀ ॥


ਫੁਟਨਜਨਮਪਤ੍ਰੀਗੁਰੂਨਾਨਕਜੀਕੀ। ਸਾਖੀ੧
ਬਾਊਬੰਮੀਏਨਾਹੀ ਓਹਰਤ੍ਰਭੁਜਗੀਫਿਰਭੁਲਕਹੋਇਆ।
ਤਾਂਫੇਰਗੁਰੂਅੰਗਦਜੀਆਖਿਆ ਭਾਈਬਾਲੇਨੂਜਦੋਤਾਂਭਾ
ਈਬਾਲੇਆਇਮਥਾਟੇਕਿਆ ਫਿਰਬਾਲੇਨੂਗੁਰੂਅੰਗਦਜੀ
ਪੁਛਣਲਗੇ ਭਾਈਬਾਲਾਕ੍ਰਿਤੈਨੂਏਹਭੀਮਲੂਮਹੈਜੋਗੁਰੂ
ਨਾਨਕਜਨਮੇਸੀਸੋਕਿਕੂਜਨਮੇਸੀ।ਬਾਲੇਕਹਿਆਜੀਏਹ
ਮੈਨੂਮਲੂਮਨਾਹੀ ਪਰਜੀਇਤਨੀਮੈਸੁਣੀਸੀਲੋਕਾਦੇਮੂਹੋ
ਜੋਹਰਦਿਆਲਮਿਸਰਆਖਦਾਹੈਜੋਭਾਈਏਨੇਮਹੂਰਤਤੇ
ਤੈਸਤਾਈਏਨਛਤ੍ਰੇ ਅਤੇਕਤਕਦੀਪੂਰਨਮਾਸੀ ਸੰਸਾਰਤੇ
ਕੋਈਨਾਹੀਜਨਮਿਆਏਹਕਾਲੂਵੇਦੀਦੇਘਰਕੋਈਅਵ
ਤਾਰੀਜਨਮਿਆਹੈ ਇਤਨੀਮੈਸੁਣੀਸੀਅਤੇਹੋਰਭੀਸੁਣੀ

(ਭਾਈ ਬਾਲੇ ਵਾਲੀ ਜਨਮਸਾਖੀ ਦੇ ਪੰਨਾ ਨੰਬਰ 4 ਦੀ ਫੋਟੋ ਕਾਪੀ)

ਬਾਲੇ ਕਹਿਆ ਜੀ ਏਹ ਮੈਨੁ ਮਾਲੂਮ ਨਹੀ ਪਰ ਜੀ ਇਤਨੀ ਮੈ ਸੁਣੀ ਹੈ ਜੀ ਲੋਕਾ ਦੇ ਮੂਹੋ ਜੋ ਹਰਦਿਆਲ ਮਿਸਰ ਆਖਦਾ ਹੈ ਜੋ ਭਾਈ ਏਨੇ ਮੂਹਰਤ ਤੇ ਤੈ ਸਤਾਈਏ ਨਛਤ੍ਰੇ ਅਤੇ ਕਤਕ ਦੀ ਪੂਰਨਮਾਸੀ ਸੰਸਾਰ ਤੇ ਕੋਈ ਨਹੀਂ ਜਨਮਿਆ ਏਹ ਕਾਲੂ ਬੇਦੀ ਦੇ ਘਰ ਕੋਈ ਅਵਤਾਰੀ ਜਨਮਿਆ ਹੈ ॥

ਟਿੱਪਣੀ: ਸਤਾਈਵਾਂ ਨਛੱਤਰ ਰੇਵਤੀ ਹੈ। ਸ੍ਵਾਮੀਕੰਨੂ ਪਿਲੇ ਦੀ 701 ਤੋਂ ਲੈ ਕੇ 2000 ਤੱਕ ਦੀ ਜੰਤਰੀ ਫਰੋਲ ਕੇ ਵੇਖੀ ਜਾ ਸਕਦੀ ਹੈ। ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ 27ਵਾਂ ਨਛੱਤਰ ਰੇਵਤੀ ਕਦੇ ਨਹੀਂ ਮਿਲੇਗਾ ਕਿਉਂਕਿ ਕੱਤਕ ਦੀ ਪੂਰਨਮਾਸ਼ੀ ਨੂੰ ਰੇਵਤੀ ਨਛੱਤਰ ਹੋ ਹੀ ਨਹੀਂ ਸਕਦਾ। ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਕੇਵਲ 4 ਨਛੱਤਰ ਅਸ਼ਵਨੀ, ਭਰਣੀ, ਕ੍ਰਿਤਿਕਾ ਅਤੇ ਰੋਹਿਣੀ ਵਿੱਚੋਂ ਕੋਈ ਇਕ ਨਛੱਤਰ ਹੀ ਹੋ ਸਕਦਾ ਹੈ। ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਜਦ 27ਵਾਂ ਨਛੱਤਰ ਹੋ ਹੀ ਨਹੀਂ ਸਕਦਾ ਤਾਂ ਇਹ ਗੱਲ ਠੀਕ ਹੀ ਲਿਖੀ ਹੈ ਕਿ ਕੱਤਕ ਦੀ ਪੂਰਨਮਾਸ਼ੀ ਨੂੰ ਏਸ ਨਛੱਤਰ ਵਿੱਚ ਕੋਈ ਬਾਲਕ ਨਹੀਂ ਜਨਮਿਆ, ਇਸ ਲਈ ਗੁਰੂ ਨਾਨਕ ਸਾਹਿਬ ਜੀ ਦਾ ਜਨਮ ਵੀ ਕੱਤਕ ਦੀ ਪੂਰਨਮਾਸ਼ੀ ਨੂੰ 27ਵੇਂ ਨਛੱਤਰ ਵਿੱਚ ਨਹੀਂ ਹੋਇਆ। ਇਸ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਇਹ ਜਨਮਸਾਖੀ ਜਾਅਲੀ ਹੈ। ਜਿਸ ਜਨਮਸਾਖੀ ਦੇ ਪਹਿਲੇ ਚਾਰ ਪੰਨੇ ਪੜ੍ਹਨ ਤੋਂ ਇਸ ਦੇ ਜਾਅਲੀ ਹੋਣ ਦੇ 3 ਸਬੂਤ ਮਿਲਦੇ ਹੋਣ ਅਤੇ 100 ਸਾਲ ਪਹਿਲਾਂ ਸ: ਕਰਮ ਸਿੰਘ ਹਿਸਟੋਰੀਅਨ ਵੱਲੋਂ 'ਕੱਤਕ ਕਿ ਵੈਸਾਖ' ਪੁਸਤਕ ਵਿੱਚ ਇਸ ਜਨਮਸਾਖੀ ਨੂੰ ਜਾਅਲੀ ਸਿੱਧ ਕੀਤੇ ਜਾਣ ਬਾਅਦ ਵੀ ਜੇ ਯੂਨੀਵਰਸਿਟੀਆਂ ਦੇ ਪ੍ਰੋਫੈਸਰ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਭਾਈ ਬਾਲੇ ਵਾਲੀ ਜਨਮਸਾਖੀ ਦੇ ਆਧਾਰ 'ਤੇ ਕੱਤਕ ਦੀ ਪੂਰਨਮਾਸ਼ੀ ਨੂੰ ਮੰਨਦੇ ਹੋਣ ਤਾਂ ਉਨ੍ਹਾਂ ਦੀਆਂ ਲਿਖਤਾਂ ਨੂੰ ਪ੍ਰਮਾਣਿਕ ਕਿਵੇਂ ਮੰਨਿਆ ਜਾ ਸਕਦਾ ਹੈ ਕਿਉਂਕਿ ਜਿੰਨੇ ਵੀ ਲੇਖਕਾਂ ਨੇ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਕੱਤਕ ਦੀ ਪੂਰਨਮਾਸ਼ੀ ਲਿਖਿਆ ਹੈ, ਉਨ੍ਹਾਂ ਸਭਨਾਂ ਦਾ ਮੂਲ ਸ੍ਰੋਤ ਇਹ ਬਾਲੇ ਵਾਲੀ ਜਨਮਸਾਖੀ ਹੀ ਹੈ।

2. ਹੈਰਾਨੀ ਦੀ ਗੱਲ ਇਹ ਹੈ ਕਿ ਡਾ: ਸੁਖਦਿਆਲ ਸਿੰਘ ਆਪਣੀ ਇਕ ਹੋਰ ਪੁਸਤਕ ***"ਪੰਜਾਬ ਦਾ ਇਤਿਹਾਸ/ਗੁਰੂ-ਕਾਲ 1469-1708"*** ਜਿਲਦ ਪੰਜਵੀਂ ਦੇ ਪੰਨਾ 48 'ਤੇ ਲਿਖਦੇ ਹਨ: ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਆਪਣਾ ਅਗਲਾ ਉੱਤਰਾਧਿਕਾਰੀ ਥਾਪਿਆ ਅਤੇ ਆਪ 69 ਸਾਲ 10 ਮਹੀਨੇ 10 ਦਿਨ ਦੀ ਉਮਰ ਬਤੀਤ ਕਰਕੇ ਅੱਸੂ ਵਦੀ ਦਸਮੀ ਸੰਮਤ ੧੫੯੬ ਬਿਕਰਮੀ ਮੁਤਾਬਿਕ 22 ਸਤੰਬਰ 1539 ਈ: ਵਿੱਚ ਜੋਤੀ-ਜੋਤ ਸਮਾ ਗਏ ਸਨ।

ਟਿੱਪਣੀ: (ੳ). ਹੱਦ ਹੋ ਗਈ ਕਿ ਡਾ: ਸੁਖਦਿਆਲ ਸਿੰਘ ਮੁਤਾਬਕ ਸੰਮਤ ੧੫੯੬ ਬਿ: ਵਿੱਚ ਵੀ ਗੁਰੂ ਜੀ ਦੀ ਉਮਰ ੬੯ ਸਾਲ ੧੦ ਮਹੀਨੇ ੧੦ ਦਿਨ ਅਤੇ ਅਗਲੇ ਸਾਲ ਸੰਮਤ ੧੫੯੭ ਵਿੱਚ ਵੀ ੬੯ ਸਾਲ ੧੦ ਮਹੀਨੇ ੧੦ ਦਿਨ ਜਦੋਂ ਕਿ ਉਨ੍ਹਾਂ ਦੇ ਪ੍ਰਗਟ ਹੋਣ ਦੀ ਉਹੀ ਤਾਰੀਖ਼ ਕੱਤਕ ਦੀ ਪੂਰਨਮਾਸ਼ੀ ਸੰਮਤ ੧੫੨੬ ਹੀ ਮੰਨਦਾ ਹੈ।

(ਅ) ਡਾ: ਸੁਖਦਿਆਲ ਸਿੰਘ ਮੁਤਾਬਕ ਅੱਸੂ ਵਦੀ ਦਸਮੀ ਸੰਮਤ ੧੫੯੬ ਬਿ. ਨੂੰ ਵੀ 22 ਸਤੰਬਰ ਅਤੇ ਅੱਸੂ ਵਦੀ ਦਸਮੀ ਸੰਮਤ ੧੫੯੭ ਬਿ. ਨੂੰ ਵੀ 22 ਸਤੰਬਰ !! ਇਹ ਦੂਸਰੀ ਵੱਡੀ ਗ਼ਲਤੀ ਹੈ ਕਿਉਂਕਿ ਸਾਧਾਰਨ ਤੋਂ ਸਾਧਾਰਨ ਵਿਅਕਤੀ ਨੂੰ ਵੀ ਇਹ ਪਤਾ ਹੈ ਕਿ ਚੰਦਰ ਕੈਲੰਡਰ ਦੀ ਕੋਈ ਵੀ ਤਿੱਥ ਜਿਹੜੀ ਸੂਰਜੀ ਕੈਲੰਡਰ ਦੀ ਇਸ ਸਾਲ ਦੀ ਕਿਸੇ ਤਾਰੀਖ਼ ਨੂੰ ਆਈ ਹੋਵੇ ਉਹੀ ਤਿੱਥ ਅਗਲੇ ਸਾਲ ਉਸੇ ਤਾਰੀਖ਼ ਤੋਂ ੧੦/੧੨ ਦਿਨ ਪਹਿਲਾਂ ਜਾਂ ਕਈ ਵਾਰ ਦੋ ਤਿੰਨ ਸਾਲਾਂ ਪਿੱਛੋਂ ੧੮/੧੯ ਦਿਨ ਬਾਅਦ ਵਿੱਚ ਆਉਂਦੀ ਹੈ। ਕਿਸੇ ਯੂਨੀਵਰਸਿਟੀ ਦੇ ਵਿਭਾਗ ਦਾ ਮੁਖੀ ਇਸ ਤਰ੍ਹਾਂ ਦੀ ਗ਼ਲਤੀ ਕਰੇ ਕਿ ਅੱਸੂ ਵਦੀ ੧੦ ਲਗਾਤਾਰ ਦੋ ਸਾਲ (ਸੰਮਤ ੧੫੯੬ ਅਤੇ ੧੫੯੭) ਇਕ ਹੀ ਤਾਰੀਖ਼ 22 ਸਤੰਬਰ ਨੂੰ ਵਿਖਾ ਦੇਵੇ ਤਾਂ ਉਸ ਦੀਆਂ ਲਿਖਤਾਂ 'ਤੇ ਸਵਾਲੀਆ ਚਿੰਨ੍ਹ ਲੱਗਣਾ ਲਾਜ਼ਮੀ ਹੈ।

3. ਅੱਸੂ ਵਦੀ ੧੦ ਸੰਮਤ ੧੫੯੬ ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕਰਕੇ ਬਣਦਾ ਹੈ ੮ ਅੱਸੂ, 7 ਸਤੰਬਰ 1539 ਈ: ਅਤੇ ਅੱਸੂ ਸੁਦੀ ੧੦ ਸੰਮਤ ੧੫੯੬ ਨੂੰ ਤਬਦੀਲ ਕਰਕੇ ਬਣਦਾ ਹੈ ੨੩ ਅੱਸੂ, 22 ਸਤੰਬਰ 1539 ਈ: । ਇਸ ਵਿਦਵਾਨ ਨੇ ਅੱਸੂ ਵਦੀ ੧੦ ਸੰਮਤ ੧੫੯੬ ਤਾਂ ਉਹੀ ਤਾਰੀਖ਼ ਲੈ ਲਈ ਜਿਹੜੀ ਕਰਤਾਰਪੁਰੀ ਬੀੜ ਵਿੱਚ ਦਰਜ ਹੈ ਅਤੇ ਜਿਸ ਨੂੰ ਇਹ ਆਪ ਹੀ ਗ਼ਲਤ ਮੰਨ ਰਿਹਾ ਹੈ ਪਰ 22 ਸਤੰਬਰ 1539 ਈ: ਸ. ਕਰਮ ਸਿੰਘ ਹਿਸਟੋਰੀਅਨ ਜਾਂ ਉਸ ਤੋਂ ਨਕਲ ਕਰਨ ਵਾਲੇ ਕਿਸੇ ਵਿਦਵਾਨ ਦੀ ਪੁਸਤਕ ਵਿੱਚੋਂ ਲੈ ਲਈ ਜਿਹੜੀ ਅੱਸੂ ਸੁਦੀ ੧੦ ਦੇ ਹਿਸਾਬ ਨਾਲ 22 ਸਤੰਬਰ ਕੱਢੀ ਗਈ ਸੀ। ਹੋਰ ਮਾਰਕਾ ਮਾਰ ਦਿੱਤਾ ਕਿ ਆਪਣੀ ਦੂਸਰੀ ਪੁਸਤਕ ਵਿੱਚ ਆਪਣੀ ਹੀ ਤਾਰੀਖ਼ ਸੰਮਤ ੧੫੯੬ ਨੂੰ ਰੱਦ ਕਰਕੇ ਉਸ ਦੀ ਬਜਾਏ ੧੫੯੭ ਲਿਖ ਕੇ ਨਵੀਂ ਖੋਜ ਦੱਸ ਰਿਹਾ ਹੈ ਅਤੇ ਅੱਸੂ ਵਦੀ ੧੦ ਨੂੰ ਪਿਛਲੇ ਸਾਲ ਦੀ ਸਮਝ ਕੇ ਜੂਲੀਅਨ ਤਾਰੀਖ਼ 22 ਸਤੰਬਰ ਹੀ ਲਿਖੀ ਜਾ ਰਿਹਾ ਹੈ ਜਦੋਂ ਕਿ ਅੱਸੂ ਵਦੀ ੧੦ ਸੰਮਤ ੧੫੯੭ ਨੂੰ 27 ਅਗਸਤ 1540 ਸੀ।

4. ਗੁਰਬਾਣੀ ਵਿਆਕਰਣ ਦੇ ਨਿਯਮਾਂ ਦੀ ਸਮਝ ਰੱਖਣ ਵਾਲੇ ਵਿਅਕਤੀ ਜਾਣਦੇ ਹਨ ਕਿ ***'ਗਾਵੈ, ਵੇਖੈ, ਆਵਨਿ, ਆਖੈ' ਆਦਿਕ ਕਿਰਿਆਵਾਚੀ ਸ਼ਬਦ ਵਰਤਮਾਨ ਕਾਲ ਸੂਚਕ ਹੁੰਦੇ ਹਨ ਅਤੇ 'ਆਖੁ, ਕਰੇਗੁ, ਹੋਸੀ, ਸਮਾਲਸੀ, ਜਾਨਿ, ਉਠਸੀ, ਸੁਣਾਇਸੀ' ਆਦਿਕ ਕਿਰਿਆਵਾਚੀ ਸ਼ਬਦ ਭਵਿਖਕਾਲ ਸੂਚਕ ਹੁੰਦੇ ਹਨ।*** ਇਸ ਨਿਯਮ ਅਨੁਸਾਰ; ਵੀਚਾਰ ਅਧੀਨ ਸ਼ਬਦ ਵਿੱਚ ਜਿੱਥੇ ਵਰਤਮਾਨ ਕਾਲ ਸੂਚਕ ਕਿਰਿਆਵਾਂ ਆਈਆਂ ਹਨ ਓਥੇ ਸੰਮਤ ੧੫੭੮ ਜਦੋਂ ਬਾਬਰ ਨੇ ਸੈਦਪੁਰ 'ਤੇ ਹਮਲਾ ਕੀਤਾ ਸੀ ਉਸੇ ਸਮੇਂ ਮੁਗਲ ਫ਼ੌਜਾਂ ਵੱਲੋਂ ਕੀਤੀ ਦੁਰਗਤੀ ਦਾ ਹਾਲ ਭਾਈ ਲਾਲੋ ਜੀ ਨੂੰ ਸੰਬੋਧਨ ਹੁੰਦੇ ਹੋਏ ਉਚਾਰਿਆ ਸ਼ਬਦ ***'ਆਵਨਿ ਅਠਤਰੈ'*** ਤੋਂ ਭਾਵ ਸੰਮਤ ੧੫੭੮ (ਸੰਨ 1521 ਈ.) ਵਿੱਚ ਮੁਗਲ ਹਾਕਮ; ਹਿੰਦੋਸਤਾਨ ਵਿੱਚ ਆਉਂਦੇ ਹਨ/ਆਏ ਹਨ ਅਤੇ ***'ਜਾਨਿ ਸਤਾਨਵੈ'*** = ਸੰਮਤ ੧੫੯੭ (ਸੰਨ 1540 ਈ.) ਵਿੱਚ ਚਲੇ ਜਾਣਗੇ। ***'ਹੋਰ ਵੀ ਉਠਸੀ ਮਰਦ ਕਾ ਚੇਲਾ'*** ਭਾਵ ਕੋਈ ਹੋਰ ਵੀ ਸੂਰਮਾ ਉਠੇਗਾ (ਜਿਹੜਾ ਮੁਗਲਾਂ ਦੀ ਸੰਤਾਨ ਨੂੰ ਭਜਾ ਦੇਵੇਗਾ)।

ਨੋਟ: ਇੱਥੇ ਇਸ਼ਾਰਾ ਸ਼ੇਰ ਸ਼ਾਹ ਸੂਰੀ ਵੱਲ ਹੈ, ਜਿਸ ਨੇ ਸੰਮਤ ੧੫੯੭ ਵਿੱਚ ਬਾਬਰ ਦੇ ਪੁੱਤਰ ਹਮਾਯੂੰ ਨੂੰ ਹਿੰਦੁਸਤਾਨ ਵਿੱਚੋਂ ਮਾਰ ਭਜਾਇਆ ਸੀ ਤੇ ਆਪ ਇੱਥੋਂ ਦਾ ਰਾਜਾ ਬਣ ਗਿਆ।

ਇਸੇ ਤਰ੍ਹਾਂ ਬਾਕੀ ਦੇ ਸਾਰੇ ਸ਼ਬਦ ਵਿੱਚ ਵਰਤਮਾਨ ਕਾਲ ਅਤੇ ਭਵਿੱਖ ਕਾਲ 'ਚ ਨਾਲੋ ਨਾਲ ਗੱਲ ਕੀਤੀ ਗਈ ਹੈ ਪਰ ਇਸ ਵਿਦਵਾਨ ਲੇਖਕ (ਡਾ. ਸੁਖਦਿਆਲ ਸਿੰਘ) ਨੇ ਸਾਰੇ ਦੇ ਸਾਰੇ ਸ਼ਬਦ ਦੇ ਭੂਤ ਕਾਲ ਵਿੱਚ ਅਰਥ ਕਰਕੇ ਅਰਥਾਂ ਦੇ ਅਨਰਥ ਕਰ ਦਿੱਤੇ ਭਾਵ ਜੋ ਸ਼ਬਦ ਸੰਨ 1521 'ਚ ਉਚਾਰਿਆ ਗਿਆ ਸੀ ਉਸ ਨੂੰ ਸੰਨ 1540 'ਚ ਉਚਾਰਿਆ ਸਿੱਧ ਕੀਤਾ, ਇਸ ਨਾਲ ਜਿੱਥੇ ਗੁਰੂ ਨਾਨਕ ਜੀ ਦੇ ਜੋਤੀ ਸਮਾਉਣ ਦੀ ਸਰਬ ਪ੍ਰਵਾਨਿਤ ਤਾਰੀਖ਼ 1539 ਈ. ਨੂੰ ਰੱਦ ਕਰ ਦਿੱਤਾ ਓਥੇ ਗੁਰੂ ਨਾਨਕ ਸਾਹਿਬ ਜੀ ਦੁਆਰਾ ਕੀਤੀ 19 ਸਾਲ ਪਹਿਲਾਂ ਭਵਿੱਖਬਾਣੀ 'ਤੇ ਵੀ ਸੰਦੇਹ ਜਤਾਇਆ ਗਿਆ ਹੈ। ਇਸ ਵਿਦਵਾਨ ਵੱਲੋਂ ਕੀਤੇ ਇਹ ਅਰਥ ਕਿਸੇ ਵੀ ਹੋਰ ਵਿਦਵਾਨ ਦੁਆਰਾ ਕੀਤੇ ਗੁਰਬਾਣੀ ਦੇ ਅਰਥਾਂ ਨਾਲ ਮੇਲ ਨਹੀਂ ਖਾਂਦੇ।

5. ਚਲੋ ਜੇ ਮੰਨ ਵੀ ਲਿਆ ਜਾਵੇ ਕਿ ਇਹ ਸ਼ਬਦ ਭਵਿੱਖਬਾਣੀ ਨਹੀਂ ਬਲਕਿ ਸੰਮਤ ੧੫੯੭ ਤੱਕ ਗੁਰੂ ਸਾਹਿਬ ਜੀ ਨੇ ਆਪਣੀ ਹੈਯਾਤੀ ਵਿੱਚ ਹੀ ਅੱਖੀਂ ਡਿੱਠਾ ਹਾਲ ਵਰਣਨ ਕੀਤਾ ਹੈ ਤਾਂ ਡਾ: ਸੁਖਦਿਆਲ ਸਿੰਘ ਨੇ ਕਿਵੇਂ ਮੰਨ ਲਿਆ ਕਿ ਗੁਰੂ ਨਾਨਕ ਜੀ ਸੰਮਤ ੧੫੯੭ ਵਿੱਚ ਵੀ ਅੱਸੂ ਵਦੀ ੧੦ ਨੂੰ ਹੀ ਜੋਤੀ-ਜੋਤ ਸਮਾਏ ਹਨ। ਇਸ ਤਾਰੀਖ਼ ਸੰਬੰਧੀ ਨਾ ਕੋਈ ਇਤਿਹਾਸਕ ਹਵਾਲਾ ਹੈ ਅਤੇ ਨਾ ਹੀ ਇਸ ਵੱਲੋਂ ਜਿਸ ਸ਼ਬਦ ਦਾ ਸਹਾਰਾ ਲੈ ਕੇ ਗੁਰੂ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਦਾ ਸੰਮਤ ੧੫੯੬ ਦੀ ਬਜਾਏ ੧੫੯੭ ਲਿਖਿਆ ਹੈ; ਉਸ ਸ਼ਬਦ ਵਿੱਚੋਂ ਕੋਈ ਸੰਕੇਤ ਮਿਲਦਾ ਹੈ ਕਿ ਗੁਰੂ ਸਾਹਿਬ ਜੀ ਕਿਸ ਸੰਮਤ, ਮਹੀਨੇ ਜਾਂ ਤਿੱਥ ਨੂੰ ਜੋਤੀ-ਜੋਤ ਸਮਾਏ ਹਨ। ਜੇ ਹੋਰ ਇਤਿਹਾਸਕਾਰ; ਡਾ: ਸੁਖਦਿਆਲ ਸਿੰਘ ਵਾਂਙ ਆਪਣੇ ਹੀ ਮਨ ਦੀਆਂ ਮਿੱਥਾਂ ਨਾਲ ਗੁਰੂ ਸਾਹਿਬ ਜੀ ਦਾ ਜੋਤੀ-ਜੋਤ ਸਮਾਉਣਾ ਸੰਮਤ ੧੫੯੭ ਦੀ ਬਜਾਏ ੧੫੯੮ ਜਾਂ ੧੫੯੯ ਜਾਂ ੧੬੦੦ ਲਿਖ ਦੇਵੇ ਤਾਂ ਕੀ ਅਜਿਹੇ ਇਤਿਹਾਸਕਾਰ; ਪਹਿਲਾਂ ਤੋਂ ਹੀ ਗੁਰ ਇਤਿਹਾਸ ਦੀਆਂ ਤਾਰੀਖ਼ਾਂ ਸੰਬੰਧੀ ਬਣੀ ਅਨੇਕਤਾ ਨੂੰ ਹੋਰ ਨਹੀਂ ਵਧਾ ਰਹੇ? ਕਿਸੇ ਡੇਰੇਦਾਰ ਵੱਲੋਂ ਮਨ ਦੀਆਂ ਉਡਾਰੀਆਂ ਲਾਉਂਦੇ ਹੋਏ ਇਸ ਤਰ੍ਹਾਂ ਦੀਆਂ ਤਾਰੀਖ਼ਾਂ ਲਿਖੀਆਂ ਜਾਣਾ ਤਾਂ ਹੋਰ ਗੱਲ ਹੈ ਪਰ ਯੂਨੀਵਰਸਿਟੀਆਂ ਦੇ ਪੀ. ਐੱਚ. ਡੀ ਵਿਦਵਾਨ; ਇਸ ਤਰ੍ਹਾਂ ਦੀਆਂ ਖ਼ਿਆਲੀ ਉਡਾਰੀਆਂ ਮਾਰਨ ਲੱਗ ਜਾਣ ਤਾਂ ਸਿੱਖ ਇਤਿਹਾਸ ਨੂੰ ਕੌਣ ਦਰੁਸਤ ਕਰੇਗਾ?

ਉਪਰੋਕਤ ਸਾਰੇ ਤੱਥਾਂ ਨੂੰ ਵੇਖ ਕੇ ਪੰਜਾਬੀ ਦਾ ਮੁਹਾਵਰਾ ਚੇਤੇ ਆਉਂਦਾ ਹੈ ***"ਨਕਲ ਮਾਰਨ ਵਾਸਤੇ ਵੀ ਅਕਲ ਦੀ ਲੋੜ ਹੁੰਦੀ ਹੈ"***, ਪਰ ਇਸ ਵਿਦਵਾਨ ਨੇ ਤਾਂ ਨਕਲ ਮਾਰਨ ਸਮੇਂ ਅਕਲ ਦੀ ਬਿਲਕੁਲ ਹੀ ਵਰਤੋਂ ਨਹੀਂ ਕੀਤੀ। ਯੂਨੀਵਰਸਿਟੀ ਦੇ ਇੱਕ ਵਿਭਾਗ ਦੇ ਮੁੱਖੀ ਪ੍ਰੋਫੈਸਰ ਵੱਲੋਂ ਕੀਤੀ ਇਹ ਨਵੀਂ ਖੋਜ ਸ਼ੱਕ ਪੈਦਾ ਕਰਦੀ ਹੈ ਕਿ ਇਸ ਯੂਨੀਵਰਸਿਟੀ ਨੇ ਅਜਿਹੇ ਮੁਖੀ ਪ੍ਰੋਫੈਸਰਾਂ ਦੀ ਦੇਖ-ਰੇਖ ਹੇਠ ਕਿਸ ਤਰ੍ਹਾਂ ਦੇ ਵਿਦਵਾਨ ਇਤਿਹਾਸਕਾਰ ਪੈਦਾ ਕੀਤੇ ਹੋਣਗੇ? ਇਸ ਸਬੰਧੀ ਪੰਜਾਬੀ ਯੂਨੀਵਰਸਿਟੀ ਨੂੰ ਵੀ ਚਾਹੀਦਾ ਹੈ ਕਿ ਯੂਨੀਵਰਸਿਟੀ ਦੀ ਭਰੋਸੇਯੋਗਤਾ (Creditiablity) ਨੂੰ ਢਾਹ ਲਾ ਰਹੇ ਆਪਣੇ ਪ੍ਰੋਫੈਸਰਾਂ ਦੀਆਂ ਖੋਜਾਂ ਦਾ ਮੁੜ ਮੁਲਾਂਕਣ ਕਰੇ।

6. ਕੱਤਕ ਪੂਰਨਮਾਸ਼ੀ ਦਾ ਪੱਖ ਪੂਰਨ ਵਾਲੇ ਵਿਦਵਾਨ ਆਪਣੀ ਮਿੱਥ ਦੀ ਪ੍ਰੋੜ੍ਹਤਾ ਕਰਨ ਲਈ ਕਿਸ ਤਰ੍ਹਾਂ ਤੱਥਾਂ ਦੀ ਤੋੜ-ਮਰੋੜ ਕਰਦੇ ਹਨ ਉਸ ਦੀ ਇੱਕ ਉਦਾਹਰਨ ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀ ਨਾਮਾ (ਰਚਨਾਂ 11 ਅਕਤੂਬਰ 1769 ਈ:)' ਦਾ ਹਵਾਲਾ ਹੈ :

ਲੇਖੇ ਜੋਖੇ ਨੂੰ ਦੋਨੋਂ ਖਬਰਦਾਰ। ਕਾਮ ਪਟਿਵਾਰੀ ਦਾ, ਨਿਸੰਗ ਕਰੇ ਜਬਾਬੁ ਸਵਾਰੁ।੧੧੯।
ਕੰਮੁ-ਕਿਰਤੁ ਹੱਟੀ ਤੁਰ ਪਈ। ਸਭ ਜਗ ਮੈ ਤਿਨ ਸੋਭਾ ਲਈ।
ਸੰਮਤ ਪੰਦ੍ਰਾਂ ਸੈ ਛਬੀ ਭਏ। ਤਬ ਬਾਬਾ ਨਾਨਕ ਸਾਹਿਬ ਜੀ ਜਨਮ ਲੈ ਲਏ।
ਮਾਹ ਕਾਤਕ ਦਿਨ ਚਉਦਾਂ ਚਾਰ। ਪੁੰਨਿਆ ਰਾਤਿ ਗੁਰੂ ਨਾਨਕ ਜੀ ਲੀਨਾ ਅਵਤਾਰ।੧੨੦।"

ਕੇਸਰ ਸਿੰਘ ਛਿੱਬਰ ਦੇ ਬੰਸਾਵਲੀ ਨਾਮਾ ਵਿਚੋਂ ਫੋਟੋ ਕਾਪੀ

"ਸੰਮਤ ਪੰਦ੍ਰਾਂ ਸੈ ਛੱਬੀ ਭਏ। ਤਬ ਬਾਬਾ ਨਾਨਕ ਸਾਹਿਬ ਜੀ ਜਨਮ ਲੈ ਲਏ। ਮਾਹ ਕਾਤਕ ਦਿਨ ਚਉਦਾਂ ਚਾਰ। ਪੁੰਨਿਆਂ ਰਾਤਿ ਗੁਰੂ ਨਾਨਕ ਜੀ ਲੀਨਾ ਅਵਤਾਰ। ੧੨੦।" ਪਰ ਗਿਆਨੀ ਈਸ਼ਰ ਸਿੰਘ ਨਾਰਾ ਆਪਣੀ ਪੁਸਤਕ 'ਵਿਸਾਖ ਨਹੀਂ ਕੱਤਕ' ਦੇ ਪੰਨਾ 222 ਵਿੱਚ ਇਸ ਦਾ ਹਵਾਲਾ ਇਸ ਤਰ੍ਹਾਂ ਦਿੰਦੇ ਹਨ ***"ਮਹਾਂ ਕਾਰਤਕ ਦਿਨ ਚਾਰ। ਪੁੰਨਿਆਂ ਰਾਤ ਗੁਰੂ ਨਾਨਕ ਲੀਨਾ ਅਵਤਾਰ*"*** ਅਤੇ *ਨੋਟ ਵਿੱਚ ਇਸ ਤਰ੍ਹਾਂ ਲਿਖਦੇ ਹਨ: 'ਇਹ ਮਹਾਂ ਕਾਰਤਕ ਦਿਨ ਚਾਰ ਦਾ ਭਾਵ ਮਹਾਨਤਾ ਭਰਿਆ ਕਤਕ ਮਹੀਨਾ (ਚਾਰ) ਸ੍ਰੇਸ਼ਟ ਦਿਨ ਪੁੰਨਿਆ ਹੈ।'

ਦਾ ਮਨਾਂਦੇ ਡਿੱਠਾ ਸੀ ਜਾਂ ਪੁਛ ਪੁਛਾ ਕੇ ਨਿਸਚੇ ਕੀਤਾ ਹੀ ਐਸਾ ਲਿਖਿਆ ਸੀ–
"ਸੰਮਤ ੧੫੨੬ ਭਏ। ਤਬ ਬਾਬਾ ਨਾਨਕ ਸਾਹਿਬ ਜਨਮ ਲਏ।
ਮਹਾਂ ਕਾਰਤਕ ਦਿਨ ਚਾਰ। ਪੁੰਨਿਆ ਰਾਤ ਗੁਰੂ ਨਾਨਕ ਲੀਨਾ ਅਵਤਾਰ*
(ਬੰਸਾਵਲੀ ਨਾਮਾਂ ਦਸਾਂ ਪਾਤਸ਼ਾਹੀਆਂ ਦਾ ਚਰਣ ੧ ਲਿਖਤ ਭਾਈ ਕੇਸਰ ਸਿੰਘ ਛਿੱਬਰ)।

ਈਸਰ ਸਿੰਘ ਨਾਰਾ ਦੀ ਕਿਤਾਬ (ਵਿਸਾਖ ਨਹੀਂ ਕੱਤਕ) ਵਿਚੋਂ ਫੋਟੋ ਕਾਪੀ।

ਸਿਤਮ ਵਾਲੀ ਗੱਲ ਹੈ ਕਿ ਗਿਆਨੀ ਜੀ ਮੂਲ ਪਾਠ ਵਿੱਚੋਂ ***'ਚਉਦਾਂ'*** ਹੜਪ ਕਰ ਗਏ ਹਨ ਅਤੇ 'ਮਾਹ' ਜਿਸ ਦਾ ਅਰਥ ਮਹੀਨਾਂ ਹੈ ਨੂੰ ***'ਮਹਾਂ'*** ਵਿੱਚ ਬਦਲ ਦਿੱਤਾ ਗਿਆ। ਮੂਲ ਪਾਠ ਵਿੱਚ ***'ਮਾਹ ਕਾਤਕ ਦਿਨ ਚਉਦਾਂ ਚਾਰ'*** ਦਾ ਅਰਥ ਹੈ : ਕੱਤਕ ਮਹੀਨਾ ਅਠਾਰਾਂ ਦਿਨ ਗਏ। ਇਸ ਵਿਦਵਾਨ ਨੇ ਇਹ ਵੀ ਚੈੱਕ ਨਹੀਂ ਕੀਤਾ ਕਿ ਜਿਸ ਕੇਸਰ ਸਿੰਘ ਛਿੱਬਰ ਦੀ ਲਿਖਤ ਉਹ ਵਰਤ ਰਹੇ ਹਨ ਉਹੀ ਸ਼ੱਕੀ ਹੈ ਕਿਉਂਕਿ ਕੱਤਕ ਪੂਰਨਮਾਸ਼ੀ ਸੰਮਤ ੧੫੨੬ ਬਿ: (ਸੰਨ 1469 ਈ.) ਨੂੰ ੨੧ ਕੱਤਕ ਸੀ, ਜਦੋਂ ਕਿ ਛਿੱਬਰ ਦੀ ਲਿਖਤ ਵਿੱਚ ਪੂਰਨਮਾਸ਼ੀ ਅਤੇ ੧੮ ਕੱਤਕ ਲਿਖਿਆ ਹੈ ਜੋ ਆਪਸ ਵਿੱਚ ਮੇਲ ਨਾ ਖਾਂਦੇ ਹੋਣ ਕਰਕੇ ਛਿੱਬਰ ਦੀ ਇਹ ਲਿਖਤ ਹੀ ਸ਼ੱਕੀ ਹੋ ਜਾਂਦੀ ਹੈ।

ਹੁਣ ਜ਼ਰਾ ਦੇਖੋ ਕਿ ਛਿੱਬਰ ਦਾ ਇਹੀ ਹਵਾਲਾ ਡਾ. ਹਰਜਿੰਦਰ ਸਿੰਘ ਦਿਲਗੀਰ ਆਪਣੇ ਲੇਖ ਵਿੱਚ ਇਸ ਤਰ੍ਹਾਂ ਦਿੰਦੇ ਹਨ :

3. **ਕੇਸਰ ਸਿੰਘ ਛਿਬਰ** (ਬੰਸਾਵਲੀਨਮਾ ਦਸਾਂ ਪਾਤਸਾਹੀਆਂ ਦਾ, ਲਿਖਤ 1780 ਦੀ): "ਸੰਮਤ ਪੰਦਰਾਂ ਸੈ ਛੱਬੀ ਭਏ। ਤਬ ਬਾਬਾ ਨਾਨਕ ਸਾਹਿਬ ਜਨਮ ਲਏ। ਮਹਾਂ ਕਾਰਤਕ ਪੁੰਨਿਆ ਰਾਤ ਗੁਰੂ ਨਾਨਕ ਲੀਨਾ ਅਵਤਾਰ।"

ਡਾ. ਹਰਜਿੰਦਰ ਸਿੰਘ ਦਿਲਗੀਰ ਦੀ ਪੁਸਤਕ (ਨਾਨਕਸ਼ਾਹੀ ਕੈਲੰਡਰ) ਦੇ ਪੰਨਾ ਨੰ. 48 ਦੀ ਫੋਟੋ

"ਸੰਮਤ ਪੰਦ੍ਰਾਂ ਸੈ ਛੱਬੀ ਭਏ। ਤਬ ਬਾਬਾ ਨਾਨਕ ਸਾਹਿਬ ਜੀ ਜਨਮ ਲੈ ਲਏ। ਮਹਾਂ ਕਾਰਤਕ ਪੁੰਨਿਆਂ ਰਾਤ ਗੁਰੂ ਨਾਨਕ ਲੀਨਾ ਅਵਤਾਰ।" ਡਾ. ਦਿਲਗੀਰ ਜੀ ਮੂਲ ਪਾਠ ਵਿੱਚੋਂ ***'ਦਿਨ ਚਉਦਾਂ ਚਾਰ'*** ਉੱਡਾ ਗਏ ਹਨ ਕਿਉਂਕਿ ਸ਼ਾਇਦ ਉਨ੍ਹਾਂ ਨੂੰ ਪਤਾ ਸੀ ਕਿ ੧੫੨੬ ਬਿ. ਵਿੱਚ ਕੱਤਕ ਪੂਰਨਮਾਸ਼ੀ ੧੮ ਕੱਤਕ ਨੂੰ ਨਹੀਂ ਸੀ। ਨਾਲ ਹੀ ***'ਮਾਹ'*** ਨੂੰ ***'ਮਹਾਂ'*** ਵਿੱਚ ਬਦਲ ਦਿੱਤਾ ਗਿਆ ਹੈ। ਕੀ ਇਹੀ ਹੈ ਖੋਜ ?

ਦੂਸਰੀ ਮਿਸਾਲ ਹੈ ਦੋਵਾਂ ਹੀ ਵਿਦਵਾਨਾਂ ਭਾਵ ਗਿਆਨੀ ਈਸ਼ਰ ਸਿੰਘ ਨਾਰਾ ਅਤੇ ਡਾ: ਹਰਜਿੰਦਰ ਸਿੰਘ ਦਿਲਗੀਰ ਨੇ ਸ਼੍ਰੀ ਬੀ. ਵੀ. ਰਮਨ ਦੀ ਲਿਖਤ 'ਨੋਟੇਬਬਲ ਹਾਰੋਸਕੋਪ' (Notable Horoscope) 'ਚ ਦਰਜ ਟੇਵਾ ਨੰ: 13 ਦਾ ਗਲਤ ਹਵਾਲਾ ਦਿੱਤਾ ਹੈ ਕਿ ਸ਼੍ਰੀ ਬੀ. ਵੀ. ਰਮਨ ਨੇ ਵੀ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਕੱਤਕ ਸੁਦੀ ਪੂਰਨਮਾਸ਼ੀ ਸੰਮਤ ੧੫੨੬ (ਸੰਨ 1469) ਵਿੱਚ ਹੋਇਆ ਮੰਨਿਆ ਹੈ। ਇਨ੍ਹਾਂ ਵਿਦਵਾਨਾਂ ਨੇ ਇਸ ਟੇਵੇ ਦੇ ਉੱਪਰ ਲਿਖਿਆ ਵੀ ਨਹੀਂ ਪੜ੍ਹਿਆ ਕਿ ਇਹ ਟੇਵਾ ਸੰਨ 1469 ਦਾ ਨਹੀਂ ਬਲਕਿ 8 ਨਵੰਬਰ 1470 ਦਾ ਹੈ।

ਉਕਤ ਦੋਵੇਂ ਉਦਾਹਰਨਾਂ ਤੋਂ ਜਾਪਦਾ ਹੈ ਕਿ ਇਨ੍ਹਾਂ ਵਿਦਵਾਨਾਂ ਨੇ ਪਹਿਲਾਂ ਹੀ ਧਾਰ ਲਿਆ ਹੋਇਆ ਸੀ ਕਿ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਕੱਤਕ ਦੀ ਪੂਰਨਮਾਸ਼ੀ ਸਿੱਧ ਕਰਨਾ ਹੀ ਕਰਨਾ ਹੈ ਭਾਵੇਂ ਕਿ ਆਪਣੇ ਵੱਲੋਂ ਦਿੱਤੇ ਹਵਾਲੇ ਵਾਲੇ ਸਰੋਤ ਵਿੱਚ ਇਨ੍ਹਾਂ ਨੂੰ ਕਿੰਨਾ ਵੀ ਬਦਲਾਅ ਕਿਉਂ ਨਾ ਕਰਨਾ ਪਵੇ ਜਦ ਕਿ ਇਸ ਟੇਵੇ ਨੂੰ ਹੇਠ ਲਿਖੇ ਕੁਝ ਕਾਰਨਾਂ ਕਰਕੇ ਸਬੂਤ ਵਜੋਂ ਸਹੀ ਨਹੀਂ ਮੰਨਿਆ ਜਾ ਸਕਦਾ :

(ੳ) ਇਸ ਟੇਵੇ ਦੇ ਉੱਪਰ ਹੀ ਲਿਖਿਆ ਹੈ- *ਜਨਮ 8 ਨਵੰਬਰ 1470 (OS= Old Style ਭਾਵ ਜੂਲੀਅਨ) ਨੂੰ ਹੋਇਆ।

(ਅ) ਇਸ ਟੇਵੇ ਦੇ ਥੱਲੇ ਲਿਖਿਆ ਹੈ * (I am indebted to Mr. Nahar Singh Gyani of Gujjarwal, Ludhiana District, for the birth details of Guru Nanak. According to most reliable sources, the Guru was born on the Full Moon day of Karthika, Samvat 1526, Thursday at midnight, in the nakshatra of Krittika, Simha Lagna.) ਭਾਵ ਮੈਂ, ਗੁੱਜਰਵਾਲ ਜ਼ਿਲ੍ਹਾ ਲੁਧਿਆਣਾ ਦੇ ਨਾਹਰ ਸਿੰਘ ਗਿਆਨੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਗੁਰੂ ਨਾਨਕ ਦੇ ਜਨਮ ਦਿਨ ਦੇ ਵੇਰਵੇ ਦਿੱਤੇ। ਬਹੁਤ ਭਰੋਸੇਮੰਦ ਸੂਤਰਾਂ ਅਨੁਸਾਰ, ਗੁਰੂ ਜੀ ਦਾ ਜਨਮ, ਸੰਮਤ ੧੫੨੬ ਦੇ ਕੱਤਕ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ, ਵੀਰਵਾਰ ਅੱਧੀ ਰਾਤ ਨੂੰ, ਕ੍ਰਿਤਿਕਾ ਨਕਸ਼ਤਰ, ਸਿੰਘ ਲਗਨ ਦੇ ਵਿੱਚ ਹੋਇਆ ਸੀ।

No. 13.-GURU NANAK

Birth Details.—*Born on 8th November 1470 (O.S.) at midnight (L.M.T.). (Lat. 31° 39′ N., Long. 74° 47′ E.)

Planetary Positions.—The Sun 220° 30′; the Moon 38° 18′; Mars 211° 24′; Mercury 232° 24′; Jupiter 164° 30′; Venus 186°; Saturn 39° 6′; Rahu 263° 48′; and Lagna 136° 28′. Ayanamsa 15°.

		Moon Saturn	Ketu
	RASI		
			Lagna
Rahu	Sun Mars Mercury	Venus	Jupit.

Moon Sat.		Jupiter Ketu	
	NAVAMSA		Mars
			Lagna
	Venus Rahu	Sun Mercury	

Balance of the Sun's Dasa at birth : Year 0-9-23.

Special Features.—Simha or Leo rises unaspected by or unassociated with any malefics or benefics. The Lagna is


*** I am indebted to Mr. Nahar Singh Gyani of Gujjarwal, Ludhiana District, for the birth details of Guru Nanak. According to most reliable sources, the Guru was born on the Full Moon day of Karthika, Samvat 1526, Thursday at midnight, in the nakshatra of Krittika, Simha Lagna.**

ਸ਼੍ਰੀ ਬੀ. ਵੀ. ਰਮਨ ਦੀ ਪੁਸਤਕ ਵਿਚੋਂ ਟੇਵਾ ਨੰ: 13 ਦੀ ਫੋਟੋ ਕਾਪੀ।

ਉਕਤ ਨੋਟ ਨੂੰ ਪੜ੍ਹ ਕੇ ਕੋਈ ਵੀ ਵਿਦਵਾਨ ਇਸ ਟੇਵੇ ਨੂੰ ਸਬੂਤ ਵਜੋਂ ਨਹੀਂ ਵਰਤੇਗਾ ਕਿਉਂਕਿ ਇਸ ਦੇ ਲਿਖਾਰੀ ਨੇ ਤਾਂ ਸਾਫ਼ ਲਿਖ ਦਿੱਤਾ ਹੈ ਕਿ ਇਹ ਟੇਵਾ ਉਸ ਤਾਰੀਖ਼ (1470 ਈ:) ਦਾ ਬਣਾਇਆ ਹੈ ਜਿਸ ਦੇ ਵੇਰਵੇ ਉਨ੍ਹਾਂ ਨੂੰ ਗਿਆਨੀ ਨਾਹਰ ਸਿੰਘ ਵੱਲੋਂ ਦਿੱਤੇ ਗਏ ਸਨ। ਟੇਵਾ ਬਣਾਉਣ ਵਾਲੇ ਨੇ ਕੋਈ ਗਰੰਟੀ ਨਹੀਂ ਲਈ ਕਿ ਇਹ ਤਾਰੀਖ਼ਾਂ ਸਹੀ ਹਨ। ਭਰੋਸੇਯੋਗ ਸੂਤਰਾਂ ਦੇ ਹਵਾਲੇ ਨਾਲ ਉਹ ਸੰਮਤ ੧੫੨੬/

1469 ਈ: ਵੀ ਲਿਖ ਰਹੇ ਹਨ ਪਰ ਟੇਵਾ ਉਸ ਨੇ ਸਾਲ 1470 ਦੀ ਉਸੇ ਤਾਰੀਖ਼ ਦਾ ਬਣਾ ਦਿੱਤਾ ਜਿਹੜੀ ਉਸ ਨੂੰ ਗਿਆਨੀ ਨਾਹਰ ਸਿੰਘ ਵੱਲੋਂ ਦਿੱਤੀ ਗਈ ਸੀ। ਇਸ ਤਰ੍ਹਾਂ ਦੇ ਟੇਵੇ ਤਾਂ ਜਿਹੜੀ ਮਰਜ਼ੀ ਤਿੱਥ ਜਾਂ ਸੰਮਤ ਦੇ ਬਣਾ ਲਓ ਪਰ ਉਨ੍ਹਾਂ ਨੂੰ ਕਿਸੇ ਸਬੂਤ ਵਜੋਂ ਨਹੀਂ ਲਿਆ ਜਾ ਸਕਦਾ ਜਦੋਂ ਕਿ ਇਹ ਵਿਦਵਾਨ 8 ਨਵੰਬਰ 1470 ਦੀ ਤਾਰੀਖ਼ ਲਈ ਬਣਾਏ ਟੇਵੇ ਨੂੰ ਹੀ ਕੱਤਕ ਦੀ ਪੂਰਨਮਾਸ਼ੀ ਸੰਮਤ ੧੫੨੬ (20 ਅਕਤੂਬਰ 1469) ਦੀ ਤਾਰੀਖ਼ ਸਿੱਧ ਕਰਨ ਲਈ ਵਰਤ ਰਹੇ ਹਨ।

(ੲ). ਗਿਆਨੀ ਈਸ਼ਰ ਸਿੰਘ ਨਾਰਾ ਨੇ ਆਪਣੀ ਪੁਸਤਕ 'ਵਿਸਾਖ ਨਹੀਂ ਕੱਤਕ' ਦੇ ਪੰਨਾ ਨੰ: 129 'ਤੇ ਕਿਸੇ ਹੋਰ ਪੰਡਿਤ ਵੱਲੋਂ ਬਣਾਇਆ ਟੇਵਾ (ਜਿਸ ਉੱਪਰ ਕਿਸੇ ਦਾ ਨਾਂ ਵੀ ਨਹੀਂ ਲਿਖਿਆ) ਵੀ ਸਬੂਤ ਵਜੋਂ ਦਿੱਤਾ ਹੈ।



ਈਸਰ ਸਿੰਘ ਨਾਰਾ ਦੀ ਕਿਤਾਬ (ਵਿਸਾਖ ਨਹੀਂ ਕੱਤਕ) ਵਿਚੋਂ ਫੋਟੋ ਕਾਪੀ।

ਹਾਲਾਂਕਿ ਇਸ ਦੇ ਥੱਲੇ ਗਿਆਨੀ ਜੀ ਨੇ ਖ਼ੁਦ ਹੀ ਲਿਖਿਆ ਹੈ ਕਿ ਮੈਂ ਇਸ ਦਾ ਨਾ ਖੰਡਨ ਕਰਦਾ ਹਾਂ, ਨਾ ਹੀ ਮੰਡਨ ਕਰਦਾ ਹਾਂ; ਪਰ ਥੋੜ੍ਹਾ ਅੱਗੇ ਜਾ ਕੇ ਪੰਨਾ 135 'ਤੇ ਇਸੇ ਟੇਵੇ ਦਾ ਇਸ ਆਧਾਰ 'ਤੇ ਮੰਡਨ ਵੀ ਕਰ ਦਿੱਤਾ ਕਿ ਇਹ ਬੀ. ਵੀ. ਰਮਨ ਦੇ ਟੇਵੇ ਨਾਲ ਮੇਲ ਖਾਂਦਾ ਹੈ।

ਜੇਕਰ ਟੇਵਿਆਂ ਬਾਰੇ ਜਾਣਕਾਰੀ ਰੱਖਣ ਵਾਲਾ ਵਿਅਕਤੀ ਦੋਵਾਂ ਟੇਵਿਆਂ ਨੂੰ ਬਰਾਬਰ-ਬਰਾਬਰ ਰੱਖ ਕੇ ਵੇਖੇ ਤਾਂ ਉਸ ਨੂੰ ਸਹਿਜੇ ਹੀ ਪਤਾ ਲੱਗ ਜਾਵੇਗਾ ਕਿ ਦੋਵਾਂ ਟੇਵਿਆਂ ਦੇ ਸਮੇਂ ਵਿੱਚ ਘੱਟ ਤੋਂ ਘੱਟ 9.3 ਸਾਲ ਦਾ ਫ਼ਰਕ ਹੈ। ਕਾਰਨ ਇਹ ਹੈ ਕਿ ਰਾਹੂ ਅਤੇ ਕੇਤੂ ਆਪਸ ਵਿੱਚ 180° ਦੀ ਦੂਰੀ 'ਤੇ ਭਾਵ ਇੱਕ ਦੂਜੇ ਦੀ ਵਿਰੋਧੀ ਦਿਸ਼ਾ ਵਿੱਚ ਹਨ ਅਤੇ ਸ਼੍ਰੀ ਐੱਨ.ਸੀ. ਲੈਹਰੀ ਮੁਤਾਬਿਕ ਇਹ 6793.47 ਦਿਨ (18.6 ਸਾਲ) ਵਿੱਚ ਆਪਣਾ ਚੱਕਰ ਪੂਰਾ ਕਰਦੇ ਹਨ। ਇਸ ਹਿਸਾਬ ਨਾਲ 9.3 ਸਾਲਾਂ ਮਗਰੋਂ ਇਹ ਆਪਣੀ ਪੋਜੀਸ਼ਨ ਇੱਕ ਦੂਸਰੇ ਨਾਲ ਬਦਲ ਲੈਂਦੇ ਹਨ ਭਾਵ ਜਿਸ ਰਾਸ਼ੀ ਵਿੱਚ 9.3 ਸਾਲ ਪਹਿਲਾਂ ਰਾਹੂ ਸੀ, ਓਥ ਕੇਤੂ ਆ ਜਾਂਦਾ ਹੈ ਅਤੇ ਕੇਤੂ ਵਾਲੀ ਰਾਸ਼ੀ ਵਿੱਚ ਰਾਹੂ। 18.6 ਸਾਲਾਂ ਮਗਰੋਂ ਇਹ ਮੁੜ ਆਪਣੀ ਪਹਿਲੀ ਪੋਜੀਸ਼ਨ ਵਿੱਚ ਆ ਜਾਂਦੇ ਹਨ।

ਹੁਣ ਦੋਵਾਂ ਟੇਵਿਆਂ ਨੂੰ ਨਾਲ-ਨਾਲ ਰੱਖ ਕੇ ਵੇਖੋ ਤਾਂ ਪਤਾ ਲੱਗ ਜਾਵੇਗਾ ਕਿ ਬੇਨਾਮੀ ਟੇਵੇ ਵਿੱਚ 'ਰਾਹੂ' ਚੌਥੀ ਰਾਸ਼ੀ ਵਿੱਚ ਅਤੇ 'ਕੇਤੂ' ਦਸਵੀਂ ਰਾਸ਼ੀ ਵਿੱਚ ਹੈ ਜਦ ਕਿ ਇਸ ਦੇ ਉਲ਼ਟ ਬੀ. ਵੀ ਰਮਨ ਵਾਲੇ ਟੇਵੇ ਵਿੱਚ ਰਾਹੂ ਦਸਵੀਂ ਰਾਸ਼ੀ ਅਤੇ ਕੇਤੂ ਚੌਥੀ ਰਾਸ਼ੀ ਵਿੱਚ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਦੋਵਾਂ ਟੇਵਿਆਂ ਵਿੱਚ ਘੱਟ ਤੋਂ ਘੱਟ 9.3 ਸਾਲਾਂ ਦਾ ਫ਼ਰਕ ਹੈ, ਪਰ ਦੋਵੇਂ ਸਿੱਖ ਵਿਦਵਾਨਾਂ ਨੂੰ 'ਕੱਤਕ ਦੀ ਪੂਰਨਮਾਸ਼ੀ' ਵੇਖ ਕੇ ਹੀ ਇੰਨਾ ਚਾਅ ਚੜ੍ਹ ਗਿਆ ਕਿ ਇਨ੍ਹਾਂ ਨੇ ਨਾ ਹੀ ਟੇਵੇ ਉੱਪਰ ਲਿਖੀ ਤਾਰੀਖ਼ (8 ਨਵੰਬਰ 1470) ਵੇਖਿਆ ਅਤੇ ਨਾ ਹੀ ਇਹ ਵਿਚਾਰਿਆ ਕਿ ਇਹ ਟੇਵਾ ਤਾਂ ਗਿਆਨੀ ਨਾਹਰ ਸਿੰਘ ਦੁਆਰਾ ਦਿੱਤੀ ਤਾਰੀਖ਼ 'ਤੇ ਆਧਾਰਿਤ ਹੀ ਬੀ. ਵੀ. ਰਮਨ ਨੇ ਬਣਾਇਆ ਹੈ, ਨਾ ਕਿ ਇਹ ਬੀ. ਵੀ. ਰਮਨ ਦੀ ਆਪਣੀ ਖੋਜ ਸੀ, ਪਰ ਗਿਆਨੀ ਈਸ਼ਰ ਸਿੰਘ ਨਾਰਾ ਅਤੇ ਡਾ: ਹਰਜਿੰਦਰ ਸਿੰਘ ਦਿਲਗੀਰ ਨੇ ਇਸ ਟੇਵੇ ਨੂੰ ਆਪਣੇ ਵੱਲੋਂ ਸਬੂਤ ਦੇ ਤੌਰ 'ਤੇ ਲੈ ਲਿਆ।

(ਸ). ਬੇਨਾਮੀ ਟੇਵੇ ਨੂੰ ਸਹੀ ਸਿੱਧ ਕਰਨ ਲਈ ਗਿਆਨੀ ਈਸ਼ਰ ਸਿੰਘ ਨਾਰਾ ਨੇ ਇੱਕ ਹੋਰ ਗ਼ਲਤ ਜਾਣਕਾਰੀ ਦਿੱਤੀ ਕਿ "500 ਸਾਲਾ ਜਨਮ ਸ਼ਤਾਬਦੀ ਹੁਣ ਠੀਕ ਉਸੇ ਟੇਵੇ (ਜਨਮ ਕੁੰਡਲੀ) ਦੇ ਮੁਤਾਬਕ (ਸੰਮਤ ੧੫੨੬ ਤੋਂ ਠੀਕ 500 ਸਾਲਾਂ ਬਾਅਦ) ਸੰਮਤ ੨੦੨੬ ਵਿੱਚ ਮੁੜ ੯ ਮੱਘਰ (23 ਨਵੰਬਰ 1969) ਨੂੰ ਆਈ ਹੈ। ਇਹ ਕਰਤਾਰ ਦੇ ਹੁਕਮ ਅੰਦਰ ਸੂਰਜ ਚੰਨ ਦੀ ਚਾਲ ਦਾ ਪੱਕਾ ਸਬੂਤ ਹੈ। ਗੁਰੂ ਨਾਨਕ ਵਾਕ ਹੈ ***"ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥"*** ਕਿੰਨੀ ਹੈਰਾਨੀ ਦੀ ਗੱਲ ਹੈ ਕਿ 500 ਸਾਲ ਪਹਿਲੇ ਲਿਖੇ ਟੇਵੇ ਨੂੰ ਸਹੀ ਸਾਬਤ ਕਰਨ ਵਾਸਤੇ ਸੰਮਤ ੧੫੨੬ ਵਿੱਚ ੯ ਮੱਘਰ ਦੇ ਦਿਨ ਨੂੰ ਕੱਤਕ ਦੀ ਪੂਰਨਮਾਸ਼ੀ ਆਈ ਹੈ।"

ਟਿੱਪਣੀ: (1). ਇਹ ਝੂਠ ਹੈ ਕਿ ਸੰਮਤ ੧੫੨੬ ਨੂੰ ਕੱਤਕ ਦੀ ਪੂਰਨਮਾਸ਼ੀ ੯ ਮੱਘਰ ਨੂੰ ਸੀ ਕਿਉਂਕਿ ਉਸ ਸਾਲ ਕੱਤਕ ਸੁਦੀ ਪੂਰਨਮਾਸ਼ੀ ਨੂੰ ੨੧ ਕੱਤਕ ਦਿਨ ਸ਼ੁੱਕਰਵਾਰ; 20 ਅਕਤੂਬਰ 1469 ਈ. ਸੀ। ਇਹ ਤਾਰੀਖ਼ ਸ੍ਵਾਮੀਕੰਨੂ ਪਿੱਲੇ ਦੀ ਜੰਤਰੀ ਅਤੇ ਸ: ਪਾਲ ਸਿੰਘ ਪੁਰੇਵਾਲ ਦੀ 500 ਸਾਲਾ ਜੰਤਰੀ ਵਿੱਚੋਂ ਵੇਖੀ ਜਾ ਸਕਦੀ ਹੈ ਜਾਂ ਇੰਡੀਅਨ ਕੈਲੰਡਰ ਵਿੱਚ ਦਿੱਤੇ ਟੇਬਲਜ਼ (Tables) 'ਚ ਦਰਜ ਡਾਟੇ (Data) ਦੀ ਸਹਾਇਤਾ ਨਾਲ ਗਣਿਤ (Calculate) ਕਰਕੇ ਚੈੱਕ ਕੀਤੀ ਜਾ ਸਕਦੀ ਹੈ।

(2). ਦੂਜੀ ਗਲਤ ਜਾਣਕਾਰੀ ਇਹ ਹੈ ਕਿ 'ਗੁਰੂ ਨਾਨਕ ਦੇ ਵਾਕ ਅਨੁਸਾਰ 500 ਸਾਲ ਪਹਿਲਾਂ ਲਿਖੇ ਟੇਵੇ ਨੂੰ ਸੱਚਾ ਸਾਬਤ ਕਰਨ ਵਾਸਤੇ ਸੰਮਤ ੨੦੨੬ ਵਿੱਚ ੯ ਮੱਘਰ ਦੇ ਦਿਨ ਨੂੰ ਕੱਤਕ ਦੀ ਪੂਰਨਮਾਸ਼ੀ ਆਈ ਹੈ।'

ਇਹ ਠੀਕ ਹੈ ਕਿ ਸੰਮਤ ੨੦੨੬ ਵਿੱਚ ੯ ਮੱਘਰ ਨੂੰ ਕੱਤਕ ਦੀ ਪੂਰਨਮਾਸ਼ੀ ਆਈ ਸੀ, ਪਰ ਕਿਸੇ ਵੀ ਸਾਲ ਦੀ ਸੂਰਜੀ ਤਾਰੀਖ਼ (ਪ੍ਰਵਿਸ਼ਟੇ) ਨੂੰ ਜਿਹੜੀ ਤਿੱਥ ਆਉਂਦੀ ਹੈ, ਉਹੀ ਤਿੱਥ 500 ਸਾਲ ਪਹਿਲਾਂ ਉਸੇ ਪ੍ਰਵਿਸ਼ਟੇ ਨੂੰ ੧੨±੧ ਭਾਵ 11, 12 ਜਾਂ 13) ਤਿੱਥਾਂ ਦੇ ਅੰਤਰ ਨਾਲ ਹੁੰਦੀ ਹੈ। ਮਿਸਾਲ ਦੇ ਤੌਰ 'ਤੇ ੧ ਵੈਸਾਖ ੧੫੨੬/ 27 ਮਾਰਚ 1469

ਈ: ਜੂਲੀਅਨ ਨੂੰ ਚੇਤ ਸੁਦੀ ੧੫ (ਪੂਰਨਮਾਸ਼ੀ) ਸੀ ਅਤੇ 500 ਸਾਲਾਂ ਬਾਅਦ ਸੰਮਤ ੨੦੨੬/ ਸੰਨ 1969 ਈ: ਗ੍ਰੈਗੋਰੀਅਨ ਨੂੰ ੧ ਵੈਸਾਖ/ 13 ਅਪ੍ਰੈਲ ਵੈਸਾਖ ਵਦੀ ੧੨ ਸੀ ਭਾਵ ਪੂਰੀਆਂ 12 ਤਿੱਥਾਂ ਦਾ ਅੰਤਰ ਸੀ। ਇਸੇ ਤਰ੍ਹਾਂ ਬਾਕੀ ਦੇ ਕਿਸੇ ਵੀ ਪ੍ਰਵਿਸ਼ਟੇ ਦੀ ਪਰਖ ਕੀਤੀ ਜਾ ਸਕਦੀ ਹੈ। ਗਿਆਨੀ ਈਸ਼ਰ ਸਿੰਘ ਨਾਰਾ ਜੀ ਜਿਸ ਨੂੰ ਕੈਲੰਡਰ ਬਾਰੇ ਕੋਈ ਗਿਆਨ ਨਹੀਂ ਹੈ, ਉਸ ਨੂੰ ਆਪਣੇ ਗਲਤ ਕਥਨ (ਕਿ 1469 ਵਿੱਚ ੯ ਮੱਘਰ ਨੂੰ ਕੱਤਕ ਦੀ ਪੂਰਨਮਾਸ਼ੀ ਸੀ ਅਤੇ ਕਰਤਾਰ ਦੇ ਹੁਕਮ ਅਨੁਸਾਰ 500 ਸਾਲਾ ਸ਼ਤਾਬਦੀ ਦੌਰਾਨ 1969 ਨੂੰ ਵੀ ਕੱਤਕ ਦੀ ਪੂਰਨਮਾਸ਼ੀ ੯ ਮੱਘਰ ਨੂੰ ਹੀ ਆਈ ਹੈ) ਨੂੰ ਸੱਚਾ ਸਿੱਧ ਕਰਨ ਲਈ ਬਿਨਾਂ ਮਤਲਬ ਕਰਤਾਰ ਦੇ ਹੁਕਮ ਅਤੇ ਗੁਰੂ ਵਾਕ ***"ਭੈ ਵਿਚਿ ਸੂਰਜ ਭੈ ਵਿਚਿ ਚੰਦ ॥ ਕੋਹ ਕਰੋੜੀ ਚਲਤ ਨ ਅੰਤ ॥"*** ਦਾ ਹਵਾਲਾ ਨਹੀਂ ਦੇਣਾ ਚਾਹੀਦਾ ਸੀ ਕਿਉਂਕਿ ਇਸ ਗੁਰੂ ਵਾਕ ਵਿੱਚੋਂ ਕੋਈ ਸੰਕੇਤ ਨਹੀਂ ਮਿਲਦਾ ਕਿ 500 ਸਾਲ ਪਹਿਲਾਂ ਜਿਸ ਪ੍ਰਵਿਸ਼ਟੇ ਨੂੰ ਜਿਹੜੀ ਤਿੱਥ ਆਈ ਸੀ 500 ਸਾਲ ਬਾਅਦ ਉਸੇ ਪ੍ਰਵਿਸ਼ਟੇ ਨੂੰ ਉਹੀ ਤਿੱਥ ਹੋਵੇਗੀ।

(ਹ). ਖੋਜੀ ਵਿਦਵਾਨਾਂ ਦਾ ਪਹਿਲਾ ਕੰਮ ਹੁੰਦਾ ਹੈ ਕਿ ਉਹ ਇਤਿਹਾਸਕ ਸਰੋਤਾਂ 'ਚੋਂ ਤੱਥ ਇਕੱਤਰ ਕਰਨ, ਫਿਰ ਉਨ੍ਹਾਂ ਦੇ ਸਹੀ ਜਾਂ ਗ਼ਲਤ ਹੋਣ ਦੀ ਤਸਦੀਕ ਕਰਨ ਕਿ ਇਹ ਕੈਲੰਡਰ ਨਿਯਮਾਂ ਆਧਾਰਿਤ ਹਨ? ਸੋਮਿਆਂ ਵਿੱਚ ਦਿੱਤੀਆਂ ਤਾਰੀਖ਼ਾਂ ਦੇ ਹਿਸਾਬ ਗੁਰੂ ਸਾਹਿਬ ਜੀ ਦੀ ਕੁਲ ਉਮਰ ਜਾਂ ਗੁਰਿਆਈ ਦਾ ਸਮਾਂ ਪੂਰਾ ਬਣਦਾ ਹੈ, ਜਾਂ ਨਹੀਂ? ਫਿਰ ਇਨ੍ਹਾਂ ਸੋਮਿਆਂ ਵਿੱਚੋਂ ਸਭ ਤੋਂ ਵੱਧ ਭਰੋਸੇਯੋਗ ਤਾਰੀਖ਼ ਸੰਬੰਧੀ ਆਪਣਾ ਫ਼ੈਸਲਾ ਲੈਂਦੇ ਹਨ; ਜਿਵੇਂ ਕਿ ਸ: ਪਾਲ ਸਿੰਘ ਪੁਰੇਵਾਲ ਨੇ ਕੀਤਾ ਹੈ, ਪਰ ਇਹ ਵਿਦਵਾਨ, ਗੁਰੂ ਸਾਹਿਬਾਨ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਫ਼ੈਸਲਾ ਪਹਿਲਾਂ ਹੀ ਕਰੀ ਬੈਠੇ ਹਨ ਅਤੇ ਸਬੂਤ ਬਾਅਦ ਵਿੱਚ ਇਕੱਠੇ ਕਰਦੇ ਪ੍ਰਤੀਤ ਹੁੰਦੇ ਹਨ । ਇੱਥੋਂ ਤੱਕ ਕਿ ਜੇ ਆਪਣੀ ਪਹਿਲਾਂ ਬਣਾਈ ਧਾਰਨਾ ਦੀ ਪੁਸ਼ਟੀ ਲਈ ਮੂਲ ਸਰੋਤਾਂ 'ਚੋਂ ਅੱਧ-ਪਚੱਧ ਲੈਣਾ ਪਵੇ ਜਾਂ ਉਨ੍ਹਾਂ ਨੂੰ ਕੁਝ ਬਦਲਣਾ ਵੀ ਪਵੇ ਤਾਂ ਉਸ ਤੋਂ ਵੀ ਕੋਈ ਗੁਰੇਜ਼ ਨਹੀਂ ਕਰਦੇ; ਜਿਵੇਂ ਕਿ ਇਨ੍ਹਾਂ ਦੋਵਾਂ ਵਿਦਵਾਨਾਂ ਨੇ ਕੇਸਰ ਸਿੰਘ ਛਿੱਬਰ ਦੀ ਲਿਖਤ ਵਿੱਚ ਕੀਤਾ ਹੈ ਅਤੇ ਸੰਨ 1470 ਦੇ ਟੇਵੇ ਨੂੰ 1469 ਦੀ ਕੱਤਕ ਸੁਦੀ ਪੂਰਨਮਾਸ਼ੀ ਸਿੱਧ ਕਰਨ ਲਈ ਵਰਤ ਲਿਆ। ਇਹ ਸਾਹਿਤਕ ਬੇਈਮਾਨੀ ਅਤੇ ਕੌਮ ਨਾਲ ਧੋਖਾ ਜਾਪਦਾ ਹੈ।

ਸ: ਪਾਲ ਸਿੰਘ ਪੁਰੇਵਾਲ ਨੇ ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਦੀ ਆਮ ਸਮਿਤੀ ਵਾਲੀ ਤਾਰੀਖ਼ ਅੱਸੂ ਵਦੀ ੧੦ ਸੰਮਤ ੧੫੯੬ (ਜੋ ਕਿ ਕਰਤਾਰਪੁਰੀ ਬੀੜ ਵਿੱਚ ਵੀ ਦਰਜ ਹੈ) ਨੂੰ ਸਹੀ ਮੰਨ ਕੇ ਇਸ ਤਿੱਥ ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕਰਕੇ ੮ ਅੱਸੂ; ਨਾਨਕਸ਼ਾਹੀ ਸੰਮਤ ੭੧; 7 ਸਤੰਬਰ 1539 ਲਿਖਿਆ ਹੈ। ਇਸ ਵਿੱਚੋਂ ਗੁਰੂ ਜੀ ਦੀ ਕੁਲ ਉਮਰ 70 ਸਾਲ 5 ਮਹੀਨੇ 7 ਦਿਨ ਘਟਾ ਕੇ ਪ੍ਰਕਾਸ਼ ਦਿਹਾੜਾ ਚੇਤ ਸੁਦੀ ਪੂਰਨਮਾਸ਼ੀ, ਬਿਕਰਮੀ ਸੰਮਤ ੧੫੨੬, ੧ ਵੈਸਾਖ, ਨਛੱਤਰ ਹਸਤ; ਨਾਨਕਸ਼ਾਹੀ ਸੰਮਤ ੧; 27 ਮਾਰਚ 1469 ਜੂਲੀਅਨ ਲਿਖਿਆ ਹੈ। ਇਹ ਤਾਰੀਖ਼ ਕਈ ਪੱਖਾਂ ਤੋਂ ਵਾਚਿਆਂ ਬਾਕੀਆਂ ਨਾਲੋਂ ਵੱਧ ਭਰੋਸੇਯੋਗ ਅਤੇ ਦਰੁਸਤ ਜਾਪਦੀ ਹੈ। ਇਸ ਤਾਰੀਖ਼ ਵਿੱਚ ਹੇਠ ਲਿਖੀਆ ਖ਼ੂਬੀਆਂ ਹਨ ਜੋ ਹੋਰ ਕਿਸੇ ਲੇਖਕ ਦੀਆਂ ਤਾਰੀਖ਼ਾਂ ਵਿੱਚ ਨਹੀਂ ਹਨ :

1. **ਜੋਤੀ-ਜੋਤ ਸਮਾਉਣ ਦੀ ਤਿੱਥ/ਸੰਮਤ ਕਰਤਾਰਪੁਰੀ ਬੀੜ ਨਾਲ ਮੇਲ ਖਾਂਦੀ ਹੈ।**
2. ਪ੍ਰਕਾਸ਼ ਦਿਹਾੜੇ ਤੋਂ ਜੋਤੀ-ਜੋਤ ਸਮਾਉਣ ਤੱਕ ***ਸਤਿਗੁਰੂ ਜੀ ਦੀ ਕੁਲ ਸਰੀਰਕ ਆਯੂ 70 ਸਾਲ 5 ਮਹੀਨੇ 7 ਦਿਨ ਬਣਦੀ ਹੈ, ਜੋ ਇਤਿਹਾਸਕ ਤੱਥਾਂ ਨਾਲ ਮੇਲ ਖਾਂਦੀ ਹੈ।***
3. ***ਇਹ ਤਾਰੀਖ਼ ਕੈਲੰਡਰ ਵਿਗਿਆਨ ਦੀ ਕਸਵੱਟੀ 'ਤੇ ਪੂਰੀ ਉੱਤਰਦੀ ਹੈ*** ਜਦੋਂ ਕਿ ਸ: ਕਰਮ ਸਿੰਘ ਹਿਸਟੋਰੀਅਨ ਨੂੰ ਛੱਡ ਕੇ ਬਾਕੀ ਲੇਖਕਾਂ ਵਿੱਚੋਂ ਕਿਸੇ ਦੀਆਂ ਵੀ ਤਾਰੀਖ਼ਾਂ ਕੈਲੰਡਰ ਵਿਗਿਆਨ ਦੀ ਕਸੌਟੀ 'ਤੇ ਪੂਰੀਆਂ ਨਹੀਂ ਉੱਤਰਦੀਆਂ।
4. ***ਗੁਰੂ ਅਮਰਦਾਸ ਜੀ ਵੱਲੋਂ ਗੋਇੰਦਵਾਲ ਵਿਖੇ ਹਰ ਸਾਲ ੧ ਵੈਸਾਖ ਨੂੰ ਵੈਸਾਖੀ ਦਾ ਉਤਸਵ ਮਨਾਉਣਾ ਸ਼ੁਰੂ ਕਰਨਾ ਅਤੇ ਸੰਮਤ ੧੭੫੬ (ਸੰਨ 1699) ਵਿੱਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਪ੍ਰਗਟ ਕਰਨ ਲਈ ੧ ਵੈਸਾਖ ਦੀ ਚੋਣ ਕਰਨੀ; ਇਸ ਸਚਾਈ 'ਤੇ ਮੋਹਰ ਲਾਉਂਦੀਆਂ ਹਨ ਕਿ ਤੀਸਰੇ ਅਤੇ ਦਸਵੇਂ ਪਾਤਸ਼ਾਹ ਨੇ ੧ ਵੈਸਾਖ ਨੂੰ ਮਹੱਤਵ ਇਸੇ ਕਾਰਨ ਦਿੱਤਾ ਹੈ ਕਿਉਂਕਿ ਇਸ ਦਿਨ ਰੱਬੀ ਨੂਰ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ।***
5. ***ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਪੂਰਨਮਾਸ਼ੀ ਨੂੰ ਹੋਣ ਦੀ ਪ੍ਰਚਲਿਤ ਧਾਰਨਾ ਨੂੰ ਵੀ ਪੂਰਾ ਕਰਦਾ ਹੈ ਭਾਵੇਂ ਕਿ ਇਹ ਕੱਤਕ ਦੀ ਬਜਾਇ ਚੇਤ ਦੀ ਪੂਰਨਮਾਸ਼ੀ ਹੈ।***
6. ***'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ। ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ।.... ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।'*** ਭਾਈ ਗੁਰਦਾਸ ਜੀ (ਵਾਰ ੧ ਪਉੜੀ ੨੭) ਪੰਕਤੀ 'ਚ ਦਰਜ 'ਵਿਸੋਆ' ਦਾ ਅਰਥ ਹੈ: ਵੈਸਾਖ ਮਹੀਨੇ ਦਾ ਪਹਿਲਾ ਦਿਨ = ੧ ਵੈਸਾਖ = ਵੈਸਾਖੀ ਭਾਵ ਕਿ ਭਾਈ ਸਾਹਿਬ ਜੀ ਵੀ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ੧ ਵੈਸਾਖ ਮੰਨਦੇ ਹਨ।
7. ***ਜਨਮ ਸਾਖੀਆਂ, ਜੋ ਵੈਸਾਖ ਮਹੀਨੇ ਦੀ ਤਾਰੀਖ਼ ਦਿੰਦੀਆਂ ਹਨ : 1. ਭਾਈ ਮੇਹਰਬਾਨ ਵਾਲੀ ਜਨਮਸਾਖੀ, 2. ਭਾਈ ਮਨੀ ਸਿੰਘ ਦੀ ਗਿਆਨ ਰਤਨਾਵਲੀ, 3. ਬੀ-40 ਜਨਮ ਸਾਖੀ, 4. ਪੁਰਾਤਨ ਜਨਮਸਾਖੀ, 5. ਪੱਥਰ ਦੇ ਛਾਪੇ ਵਾਲੀ ਜਨਮਸਾਖੀ, ਜੋ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਆਰਕਾਈਵਜ਼ ਵਿਭਾਗ ਵਿੱਚ ਸਾਂਭੀ ਪਈ ਹੈ ਆਦਿਕ।***
8. ***ਪ੍ਰਸਿੱਧ ਲਿਖਾਰੀ ਅਤੇ ਵਿਦਵਾਨ, ਜੋ ਵੈਸਾਖ ਮਹੀਨੇ ਦੀ ਤਾਰੀਖ਼ ਨਾਲ ਸਹਿਮਤ ਹਨ : 1. ਸ. ਕਰਮ ਸਿੰਘ ਹਿਸਟੋਰੀਅਨ, 2. ਭਾਈ ਕਾਨ੍ਹ ਸਿੰਘ ਨਾਭਾ, 3. ਡਾ. ਗੰਡਾ ਸਿੰਘ, 4. ਪ੍ਰਿੰ. ਸਤਬੀਰ ਸਿੰਘ, 5. ਪ੍ਰੋ. ਸਾਹਿਬ ਸਿੰਘ, 6. ਡਾ. ਹਰੀ ਰਾਮ ਗੁਪਤਾ, 7.***


ਐਮ. ਏ. ਮੈਕਾਲਿਫ਼ ਆਦਿਕ।

9. ***ਮੈਕਾਲਿਫ਼ ਅਨੁਸਾਰ ਸੰਨ 1816 ਤੱਕ ਗੁਰੂ ਨਾਨਕ ਜੀ ਦਾ ਗੁਰਪੁਰਬ; ਨਨਕਾਣਾ ਸਾਹਿਬ ਵਿਖੇ ਵੈਸਾਖ ਵਿੱਚ ਹੀ ਮਨਾਇਆ ਜਾਂਦਾ ਰਿਹਾ ਹੈ।***

10. ***ਸ: ਕਰਮ ਸਿੰਘ ਹਿਸਟੋਰੀਅਨ ਮੁਤਾਬਕ ਕੁਝ ਸਿੰਘ ਸਭਾਵਾਂ; ਜਿਵੇਂ ਕਿ ਸਿੰਘ ਸਭਾ ਭਸੌੜ, ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ੧ ਵੈਸਾਖ ਮੰਨਦੀਆਂ ਸਨ।***

ਗੁਰੂ ਅੰਗਦ ਸਾਹਿਬ ਜੀ ਦਾ ਗੁਰਗੱਦੀ ਪੁਰਬ :

ਗੁਰੂ ਅੰਗਦ ਸਾਹਿਬ ਜੀ ਦੇ ਗੁਰਿਆਈ ਪੁਰਬ ਦਿਹਾੜੇ ’ਚ ਇਤਿਹਾਸਕਾਰਾਂ ਮੁਤਾਬਕ ਤਿੰਨ ਮਹੀਨਿਆਂ ਦਾ ਅੰਤਰ ਹੈ। ਇਸ ਫ਼ਰਕ ਦਾ ਕਾਰਨ ਸ: ਕਰਮ ਸਿੰਘ ਵੱਲੋਂ ਹੋਈ ਮਨੁੱਖੀ ਗਲਤੀ ਹੈ। ਸ: ਕਰਮ ਸਿੰਘ ਹਿਸਟੋਰੀਅਨ ਦੁਆਰਾ ਕੀਤੀ ਸਿੱਖ ਇਤਿਹਾਸ ਦੀ ਖੋਜ ਲਾਜਵਾਬ ਹੈ, ਪਰ ਇਹ ਵੀ ਸੱਚ ਹੈ ਕਿ ਹਰ ਇਨਸਾਨ ਤੋਂ ਸਹਿਜ ਸੁਭਾ ਕੁਝ ਲਗਤੀਆਂ ਹੋ ਜਾਂਦੀਆਂ ਹਨ **"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥"** (ਮਃ ੧/੬੧) ਇਸ ਲਈ ਸੋਧ ਦੀ ਗੁੰਜਾਇਸ਼ ਹਮੇਸ਼ਾਂ ਬਣੀ ਰਹਿੰਦੀ ਹੈ। ਉਨ੍ਹਾਂ ਆਪਣੀ ਪੁਸਤਕ ‘ਗੁਰਪੁਰਬ ਨਿਰਣੈ’ ਵਿੱਚ ਕਵੀ ਸੰਤੋਖ ਸਿੰਘ ਦਾ ਹਵਾਲਾ **"ਦਵਾਦਸ ਬਰਖ ਟਿਕੇ ਗੁਰਗਾਦੀ। ਖਸਟ ਮਾਸ ਨੌ ਦਿਨ ਐਹਲਾਦੀ।"** ਭਾਵ ਗੁਰੂ ਅੰਗਦ ਸਾਹਿਬ ਜੀ 12 ਬਰਸ 6 ਮਹੀਨੇ 9 ਦਿਨ ਗੁਰਗੱਦੀ ’ਤੇ ਬਿਰਾਜਮਾਨ ਰਹੇ। ਗੁਰਵੰਸ ਦਰਪਣ ਪੱਤਰ, ਸੂਰਜ ਪ੍ਰਕਾਸ਼ ਵਾਰਤਿਕ, ਗੁਰਮਤਿ ਰਹਿਤ ਮਰਿਆਦਾ, ਗੁਰਬਾਣੀ ਪਾਠ ਦਰਸ਼ਨ ਅਤੇ ਕਰਤਾਰਪੁਰੀ ਬੀੜ ਆਦਿਕ ਮੁਤਾਬਕ ਗੁਰੂ ਅੰਗਦ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਦੀ ਤਿੱਥ ਚੇਤ ਸੁਦੀ ੪ ਸੰਮਤ ੧੬੦੯ ਲਿਖਿਆ ਹੈ ਅਤੇ ਇਹੋ ਤਾਰੀਖ਼ ਪੰਥ ’ਚ ਪ੍ਰਚਲਤ ਹੈ। ‘ਗੁਰਪੁਰਬ ਨਿਰਣੈ’ ਵਿੱਚ ਸਤਿਗੁਰੂ ਜੀ ਦਾ ਗੁਰਗੱਦੀ ਪੁਰਬ ਨਿਸ਼ਚਿਤ ਕਰਨ ਲਈ ਸ: ਕਰਮ ਸਿੰਘ ਹਿਸਟੋਰੀਅਨ ਨੇ ਉਨ੍ਹਾਂ ਦੇ ਜੋਤੀ-ਜੋਤ ਸਮਾਉਣ ਦੀ ਤਿੱਥ ਚੇਤ ਸੁਦੀ ੪, ਸੰਮਤ ੧੬੦੯ ’ਚੋਂ ਗੁਰਿਆਈ ਦਾ ਸਮਾਂ 12 ਸਾਲ 6 ਮਹੀਨੇ 9 ਦਿਨ ਘਟਾਉਣ ਦੀ ਬਜਾਏ ਗ਼ਲਤੀ ਨਾਲ 12 ਸਾਲ 9 ਮਹੀਨੇ 6 ਦਿਨ ਘਟਾ ਕੇ ਹਾੜ ਵਦੀ ੧੩ ਸੰਮਤ ੧੫੯੬ ਲਿਖ ਲਿਆ ਜਿਸ ਨੂੰ ਦੂਸਰੀਆਂ ਪਧਤੀਆਂ ’ਚ ਤਬਦੀਲ ਕਰਕੇ ੧੭ ਹਾੜ; 14 ਜੂਨ 1539 ਦੀ ਗ਼ਲਤ ਤਾਰੀਖ਼ ਲਿਖੀ ਮਿਲਦੀ ਹੈ। ਇਸ ਗਲਤੀ ਵੱਲ ਕਿਸੇ ਦਾ ਧਿਆਨ ਨਾ ਗਿਆ ਜਿਸ ਕਾਰਨ ਇੱਥੋਂ ਵੇਖ ਕੇ ਕੁਝ ਹੋਰ ਨਾਮਵਰ ਇਤਿਹਾਸਕਾਰ ਅਤੇ ਵਿਦਵਾਨ ਵੀ ਇਹੀ ਤਾਰੀਖ਼ ਲਿਖਦੇ ਆ ਰਹੇ ਹਨ। ਇਸ ਗਲਤੀ ਵੱਲ ਪਹਿਲੀ ਵਾਰ ਸ: ਪਾਲ ਸਿੰਘ ਪੁਰੇਵਾਲ ਦਾ ਧਿਆਨ ਗਿਆ। ਉਨ੍ਹਾਂ ਨੇ ਗੁਰੂ ਅੰਗਦ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਦੀ ਤਿੱਥ ਚੇਤ ਸੁਦੀ ੪, ਸੰਮਤ ੧੬੦੯ ’ਚੋਂ 12 ਸਾਲ 6 ਮਹੀਨੇ 9 ਦਿਨ ਘਟਾਏ ਤਾਂ ਗੁਰਿਆਈ ਦੀ ਸਹੀ ਤਿੱਥ ਅੱਸੂ ਵਦੀ ੧੦ ਸੰਮਤ ੧੫੯੬ ਬਣੀ। ਇਹੋ ਤਿੱਥ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਦੀ ਹੈ। ਪਰ ਗੁਰਵੰਸ ਪੱਤਰ, ਸੂਰਜ ਪ੍ਰਕਾਸ਼ (ਵਾਰਤਿਕ), ਗੁਰਮਤਿ ਰਹਿਤ ਮਰਿਆਦਾ, ਗੁਰਬਾਣੀ ਪਾਠ ਦਰਸ਼ਨ


੩. ਗੱਦੀ ਨਸ਼ੀਨੀ

(੨੯) ਸਭ ਮੰਨਦੇ ਹਨ ਕਿ:–

‘ਦਵਾਦਸ ਬਰਖ ਟਿਕੇ ਗੁਰ ਗਾਦੀ।
ਖਸਟ ਮਾਸ ਨੌ ਦਿਨ ਐਹਲਾਦੀ।’

ਇਸ ਹਸਾਬ ਗੁਰੂ ਜੀ:–

ਵਰ੍ਹੇ	ਮਹੀਨੇ	ਥਿਤ
੧੬੦੯	੦	੩
੧੨	੯	੬
੧੫੯੬	੨	੨੭

ਸ: ਕਰਮ ਸਿੰਘ ਹਿਸਟੋਰੀਅਨ ਲਿਖਤ ਗੁਰਪੁਰਬ ਨਿਰਣੈ ਵਿੱਚੋਂ ਫ਼ੋਟੋ ਕਾਪੀ (12)

’ਚ ਗੁਰੂ ਅੰਗਦ ਸਾਹਿਬ ਜੀ ਨੂੰ ਗੁਰਿਆਈ ਮਿਲਣ ਦੀ ਤਿੱਥ **ਅੱਸੂ ਵਦੀ ੫,੧੫੯੬ ਹੈ**; ਇਹੋ ਤਿੱਥ ਪੰਥ ’ਚ ਪ੍ਰਚਲਤ ਹੋਣ ਕਰਕੇ ਸਹੀ ਮੰਨ ਲਈ ਗਈ ਕਿਉਂਕਿ ਹੋ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਪੁੱਤਰਾਂ ਵੱਲੋਂ ਗੱਦੀ ਦੇ ਸੰਭਾਵਤ ਦਾਅਵੇਦਾਰ ਹੋਣ ਨੂੰ ਭਾਂਪਦੇ ਹੋਏ ਬਾਬਾ ਲਹਿਣਾ ਜੀ ਨੂੰ ਗੁਰਗੱਦੀ ਕੁਝ ਦਿਨ ਪਹਿਲਾਂ ਹੀ ਸੌਂਪ ਕੇ 4 ਦਿਨ ਆਪਣੀ ਨਿਗਰਾਨੀ ਹੇਠ ਰੱਖਣ ਤੋਂ ਬਾਅਦ ਉਨ੍ਹਾਂ ਨੂੰ ਸਿੱਖੀ ਦਾ ਅਗਲਾ ਪ੍ਰਚਾਰ ਕੇਂਦਰ ਖਡੂਰ ਸਾਹਿਬ ਸਥਾਪਤ ਕਰਨ ਦੀ ਹਿਦਾਇਤ ਕੀਤੀ ਹੋਵੇ। **ਅੱਸੂ ਵਦੀ ੫ ਸੰਮਤ ੧੫੯੬ ਨੂੰ** ਬਾਕੀ ਦੀਆਂ ਪੱਧਤੀਆਂ ਵਿੱਚ ਤਬਦੀਲ ਕੀਤਿਆਂ ਬਣਦਾ ਹੈ **ਦਿਨ ਬੁੱਧਵਾਰ, ੪ ਅੱਸੂ ਸੰਮਤ ੧੫੯੬ ਬਿਕਰਮੀ, ਨਛੱਤਰ ਕ੍ਰਿਤਿਕਾ; ਨਾਨਕਸ਼ਾਹੀ ਸੰਮਤ ੭੧ ; 3 ਸਤੰਬਰ 1539 ਈ.।**

ਇਸ ਹਥਲੇ ਲੇਖ ਦੀ ਸਮੁੱਚੀ ਵੀਚਾਰ ’ਚ ਹੇਠ ਲਿਖੇ ਤੱਥ ਸਾਮ੍ਹਣੇ ਆਏ ਹਨ

1. ***ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ = ਚੇਤ ਸੁਦੀ ਪੂਰਨਮਾਸ਼ੀ ਬਿਕਰਮੀ ਸੰਮਤ ੧੫੨੬, ੧ ਵੈਸਾਖ, ਦਿਨ ਸੋਮਵਾਰ, ਨਛੱਤਰ ਹਸਤ; ਨਾਨਕਸ਼ਾਹੀ ਸੰਮਤ ੧; 27 ਮਾਰਚ 1469 ਜੂਲੀਅਨ। ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ ੧ ਵੈਸਾਖ/14 ਅਪ੍ਰੈਲ***
2. ***ਗੁਰੂ ਨਾਨਕ ਸਾਹਿਬ ਜੀ ਦਾ ਜੋਤੀ-ਜੋਤ ਪੁਰਬ ਅੱਸੂ ਵਦੀ ੧੦ ਸੰਮਤ ੧੫੯੬, ੮ ਅੱਸੂ, ਦਿਨ ਐਤਵਾਰ, ਪੁਨਰਵਸੁ ਨਛੱਤਰ, ਨਾਨਕਸ਼ਾਹੀ ਸੰਮਤ ੭੧; 7 ਸਤੰਬਰ 1539 ਜੂਲੀਅਨ। ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ ੮ ਅੱਸੂ/22 ਸਤੰਬਰ।***
3. ***ਗੁਰੂ ਅੰਗਦ ਸਾਹਿਬ ਜੀ ਦਾ ਗੁਰਗੱਦੀ ਪੁਰਬ = ਅੱਸੂ ਵਦੀ ੫ ਸੰਮਤ ੧੫੯੬, ੪ ਅੱਸੂ; ਦਿਨ ਬੁੱਧਵਾਰ, ਨਛੱਤਰ ਕ੍ਰਿਤਿਕਾ; ਨਾਨਕਸ਼ਾਹੀ ਸੰਮਤ ੭੧; 3 ਸਤੰਬਰ 1539 ਜੂਲੀਅਨ। ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ ੪ ਅੱਸੂ/18 ਸਤੰਬਰ।***

ਬੰਦੀਛੋੜ ਦਿਵਸ ਦੀ ਕਿਹੜੀ ਤਾਰੀਖ਼

ਸਿੱਖ ਇਤਿਹਾਸ ਦੀਆਂ ਇਤਿਹਾਸਕ ਤਾਰੀਖ਼ਾਂ ਲੱਭਣ ਲਈ ਸਿਰਫ਼ ਦੋ ਹੀ ਮੁੱਢਲੇ ਸੋਮੇ ਹਨ : (1). ਸਮਕਾਲੀ ਮੁਗ਼ਲ ਇਤਿਹਾਸ (2). ਭੱਟ ਵਹੀਆਂ। ਇਨ੍ਹਾਂ ਦੋਵਾਂ ਹੀ ਸੋਮਿਆਂ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾ ਹੋਣ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪਹੁੰਚਣ ਦੀ ਕੋਈ ਵੀ ਪ੍ਰਮਾਣਿਕ ਤਾਰੀਖ਼ ਨਹੀਂ ਮਿਲਦੀ। ਇਸ ਦੇ ਬਾਵਜੂਦ ਸਿੱਖ ਕੌਮ ਦੇ ਆਗੂ ਅਤੇ ਕਈ ਸਿੱਖ ਪ੍ਰਚਾਰਕ; ਬੰਦੀਛੋੜ ਦਿਵਸ ਨੂੰ ਦੀਵਾਲੀ ਨਾਲ਼ ਜੋੜ ਕੇ ਝੂਠ ਬੋਲਦੇ ਆ ਰਹੇ ਹਨ ਕਿ ਛੇਵੇਂ ਪਾਤਿਸ਼ਾਹ 52 ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਅ ਕਰਵਾ ਕੇ ਦੀਵਾਲੀ ਵਾਲੇ ਦਿਨ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚੇ ਸਨ। ਇਸ ਦੀ ਖ਼ੁਸ਼ੀ ਵਿੱਚ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਦਰਬਾਰ ਸਾਹਿਬ ਵਿੱਚ ਦੀਪਮਾਲਾ ਕੀਤੀ ਸੀ। ਇਸ ਤਰ੍ਹਾਂ ਜਿੱਥੇ ਇਤਿਹਾਸ ਦੀ ਤੋੜ ਮਰੋੜ ਹੋ ਰਹੀ ਹੈ ਉੱਥੇ ਸਿੱਖੀ ਸਿਧਾਂਤਾਂ ਨੂੰ ਵੀ ਨੁਕਸਾਨ ਪਹੁੰਚਦਾ ਹੈ।

ਕੇਵਲ ਦੋ ਭੱਟ ਵਹੀਆਂ ਹਨ, ਜਿਨ੍ਹਾਂ 'ਚੋਂ ਇੱਕ ਵਿੱਚ ਗੁਰੂ ਸਾਹਿਬ ਜੀ ਦੀ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਈ ਦੀ ਤਾਰੀਖ਼ ਹੈ ਅਤੇ ਦੂਜੀ ਵਿੱਚ ਦਰਬਾਰ ਸਾਹਿਬ ਵਿਖੇ ਪਹੁੰਚਣ ਦੀ ਤਾਰੀਖ਼ ਦਿੱਤੀ ਹੋਈ ਹੈ। ਬਹੁਤੇ ਇਤਿਹਾਸਕਾਰਾਂ ਨੇ ਇਨ੍ਹਾਂ ਦੋਵੇਂ ਭੱਟ ਵਹੀਆਂ ਦੇ ਹਵਾਲਿਆਂ ਨਾਲ ਹੀ ਗੁਰ ਇਤਿਹਾਸ ਦੀਆਂ ਤਾਰੀਖ਼ਾਂ ਲਿਖੀਆਂ ਹਨ। ਸੋ ਆਓ ਇਨ੍ਹਾਂ ਦੋ ਭੱਟ ਵਹੀਆਂ ਵਿੱਚ ਦਰਜ ਤਾਰੀਖ਼ਾਂ ਦਾ ਤੁਜ਼ਕ-ਏ-ਜਹਾਂਗੀਰੀ ਵਿੱਚ ਦਰਜ ਤਾਰੀਖ਼ਾਂ ਅਤੇ ਹੋਰ ਇਤਿਹਾਸਕਾਰਾਂ ਦੀਆਂ ਤਰੀਖ਼ਾਂ ਨਾਲ ਮਿਲਾਣ ਕਰ ਕੇ ਵੇਖੀਏ।

ਗੁਰੂ ਕੀਆਂ ਸਾਖੀਆਂ ਭਾਈ ਸਵਰੂਪ ਸਿੰਘ ਕੌਸ਼ਿਸ਼ ਸੰਪਾਦਨਾ ਪ੍ਰੋ: ਪਿਆਰਾ ਸਿੰਘ ਪਦਮ ਪ੍ਰਕਾਸ਼ਕ ਸਿੰਘ ਬ੍ਰਦਰਜ਼-1991 ਸੀ.ਈ. : **'ਗੁਰੂ ਹਰਿਗੋਬਿੰਦ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ, ਸੋਢੀ ਖੱਤ੍ਰੀ ਚੱਕ ਗੁਰੂ ਕਾ ਪਰਗਣਾ ਨਿਝਰਆਲਾ, ਸੰਮਤ ਸੋਲਾਂ ਸੈ ਛਿਹਤ੍ਰ ਕੱਤਕ ਮਾਸੇ ਕ੍ਰਿਸ਼ਨਾ ਪੱਖੇ ਚੌਦਸ ਕੇ ਦਿਹੁੰ ਗੁਰੂ ਜੀ ਬਾਵਨ ਰਾਜਯੋਂ ਕੇ ਗੈਲ ਗੜ੍ਹ ਗੁਆਲੀਅਰ ਸੇ ਬੰਧਨ ਮੁਕਤ ਹੂਏ।**

ਨਾਇਕ ਹਰੀਰਾਮ ਦਰੋਗਾ ਨੇ ਬੰਦੀ ਛੋੜ ਗੁਰੂ ਹਰਿਗੋਬਿੰਦ ਜੀ ਕੇ ਬੰਧਨ-ਮੁਕਤ ਹੋਨੇ ਕੀ ਖੁਸ਼ੀ ਮੇਂ ਦੀਪਮਾਲਾ ਕੀ।'

ਨੋਟ: ਉਕਤ ਕੱਤਕ ਵਦੀ ੧੪, ਸੰਮਤ ੧੬੭੬ ਨੂੰ ਕੈਲੰਡਰ ਦੀਆਂ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕਰਨ 'ਤੇ ੨੬ ਕੱਤਕ ਸੰਮਤ ੧੬੭੬, ਦਿਨ ਮੰਗਲਵਾਰ; 26 ਅਕਤੂਬਰ 1619 ਈ: ਜੂਲੀਅਨ ਬਣਦਾ ਹੈ। ਹੇਠ ਲਿਖੇ ਕੁਝ ਕਾਰਨਾਂ ਕਰਕੇ ਭੱਟ ਵਹੀ ਦੀ ਇਹ ਤਾਰੀਖ਼ ਸ਼ੰਦੇਹ ਪੈਦਾ ਕਰਦੀ ਹੈ :

(1). ਹਿੰਦੂ ਤਿਉਹਾਰ ਦੀਵਾਲੀ; ਕਦੇ ਕੱਤਕ ਵਦੀ ੧੪ ਨੂੰ ਹੁੰਦੀ ਹੈ ਤੇ ਕਦੇ ਕੱਤਕ ਦੀ ਮੱਸਿਆ ਨੂੰ, ਪਰ ਹਿੰਦੂ ਸ਼ਾਸਤਰਾਂ ਮੁਤਾਬਕ ਸੰਮਤ ੧੬੭੬ ਦੀ ਕੱਤਕ ਵਦੀ ੧੪ ਨੂੰ ਹੀ ਦੀਵਾਲੀ ਸੀ ਅਤੇ ਇਸੇ ਦਿਨ ਗੁਰੂ ਜੀ ਦੀ ਰਿਹਾਈ ਦੱਸਣ ਵਾਲੇ ਭੱਟ ਲੇਖਕ ਨੇ ਫਿਰ ਦੀਵਾਲੀ ਦਾ ਜ਼ਿਕਰ ਕਿਉਂ ਨਹੀਂ ਕੀਤਾ ? ਭਾਰਤ ਦਾ ਇਹ ਇੱਕ ਖ਼ਾਸ ਤੇ ਪ੍ਰਸਿੱਧ ਤਿਉਹਾਰ ਹੈ, ਜਿਸ ਤੋਂ ਹਰ ਕੋਈ ਵਾਕਫ਼ ਹੈ ਜਦਕਿ ਕੱਤਕ ਵਦੀ ੧੪ ਜੋ ਇਸ ਵਿੱਚ ਦਿੱਤੀ ਹੈ ਉਸ ਨੂੰ ਭਾਵੇਂ ਕੋਈ ਨਾ ਹੀ ਜਾਣਦਾ ਹੋਵੇ।

(2). ਭੱਟ ਵਹੀ ਅਨੁਸਾਰ ਨਾਇਕ ਹਰੀਰਾਮ ਦਰੋਗਾ ਨੇ ਗੁਰੂ ਸਾਹਿਬ ਦੀ ਰਿਹਾਈ ਉਪਰੰਤ ਆਪਣੀ ਹਵੇਲੀ ਪਹੁੰਚਣ 'ਤੇ ਖ਼ੁਸ਼ੀ 'ਚ ਦੀਪਮਾਲਾ ਕੀਤੀ:- ਹੁਣ ਜਦ ਹੈ ਹੀ ਕੱਤਕ ਵਦੀ ੧੪ ਨੂੰ ਦੀਵਾਲੀ ਤਾਂ ਗਵਾਲੀਅਰ (ਸ਼ਹਿਰ) ਸਮੇਤ ਪੂਰੇ ਭਾਰਤ 'ਚ ਦੀਪਮਾਲਾ ਹੋਵੇਗੀ? ਪਰ ਇੱਥੇ ਕੇਵਲ ਹਰੀਰਾਮ ਦਰੋਗਾ ਹੀ ਦੀਪਮਾਲਾ ਕਰਦਾ ਹੈ। ਕਿਉਂ ? ਇਹ ਵੀ ਨਹੀਂ ਕਹਿ ਸਕਦੇ ਕਿ ਪੂਰੇ ਭਾਰਤ 'ਚ ਗੁਰੂ ਜੀ ਦੀ ਰਿਹਾਈ ਦੀ ਖ਼ੁਸ਼ੀ ਵਜੋਂ ਦੀਪਮਾਲਾ ਕੀਤੀ ਗਈ ਹੋਵੇ ਕਿਉਂਕਿ ਦੀਵਾਲੀ ਵਾਲੇ ਦਿਨ ਤਾਂ ਵੈਸੇ ਹੀ ਸਾਰੇ ਲੋਕ ਦੀਪਮਾਲਾ ਕਰਦੇ ਹਨ।

(3). ਹਰੀ ਰਾਮ ਦਰੋਗੇ ਦੀ ਹਵੇਲੀ ਵਾਲੀ ਥਾਂ ਅੱਜ ਕੱਲ੍ਹ ਬੰਦੀ-ਛੋੜ ਗੁਰਦੁਆਰਾ (ਗਵਾਲੀਅਰ) ਸੁਸ਼ੋਭਤ ਹੈ। ਇੱਥੇ ਹਰ ਸਾਲ ਅੱਸੂ ਵਦੀ ਮੱਸਿਆ ਨੂੰ ਬੰਦੀ ਛੋੜ ਦਿਨ ਦੀ ਯਾਦ ਵਿੱਚ ਜੋੜ-ਮੇਲਾ ਲੱਗਦਾ ਹੈ। ਜੇ ਗੁਰੂ ਜੀ ਦੀਵਾਲੀ ਵਾਲੇ ਦਿਨ ਕੱਤਕ ਵਦੀ ੧੪ ਨੂੰ ਰਿਹਾ ਹੋਏ ਹੁੰਦੇ ਤਾਂ ਗਵਾਲੀਅਰ ਵਿਖੇ ਅੱਸੂ ਵਦੀ ਮੱਸਿਆ ਨੂੰ ਬੰਦੀਛੋੜ ਦਿਵਸ ਕਿਉਂ ਮਨਾਇਆ ਜਾ ਰਿਹਾ ਹੈ? ਇਨ੍ਹਾਂ ਕਾਰਨਾਂ ਕਰਕੇ ਭੱਟ ਵਹੀ ਦੀ ਇਹ ਤਾਰੀਖ਼ ਮੰਨਣਯੋਗ ਨਹੀਂ।

ਵੱਖ ਵੱਖ ਇਤਿਹਾਸਕਾਰਾਂ ਨੇ ਜੋ ਤਾਰੀਖ਼ਾਂ ਦਿੱਤੀਆਂ ਹਨ ਉਹ ਵੀ ਬਿਨਾਂ ਕਿਸੇ ਜਾਚ-ਪੜਤਾਲ ਤੋਂ ਹੀ ਲਿਖੀਆਂ ਹਨ। ਆਓ ਹੁਣ ਉਨ੍ਹਾਂ ਦੀ ਪੁਣ-ਛਾਣ ਕਰੀਏ :

ਅੰਮ੍ਰਿਤਸਰ ਦੀ ਤਵਾਰੀਖ਼ ਨਾਮੀ ਡਾਇਰੀ ਵਿੱਚ ਐਡਵੋਕੇਟ ਸਤਨਾਮ ਸਿੰਘ ਖ਼ਾਲਸਾ ਗੁਰੂ ਮਹਾਰਾਜ ਦੀ ਰਿਹਾਈ 1612 ਨੂੰ ਮੰਨਦਾ ਹੈ। ਵਿਦਵਾਨ ਲੇਖਕ ਪਿਆਰਾ ਸਿੰਘ ਪਦਮ 'ਸੰਖੇਪ ਸਿੱਖ ਇਤਿਹਾਸ' ਵਿੱਚ ਪੰਨਾ 38, 39 'ਤੇ ਦੁਬਿਸਤਾਨਿ ਮਜ਼ਾਹਬ ਦੇ ਕਰਤਾ ਮੁਹੱਸਨ ਫ਼ਾਨੀ ਦੇ ਹਵਾਲੇ ਨਾਲ ਲਿਖਦਾ ਹੈ ਕਿ ਗੁਰੂ ਸਾਹਿਬ ਨੂੰ 12 ਵਰ੍ਹੇ ਕੈਦ 'ਚ ਰੱਖਿਆ ਗਿਆ ਅਤੇ 1619 ਵਿੱਚ ਗੁਰੂ ਜੀ ਦੀ ਰਿਹਾਈ ਹੋਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰਮੁਖੀ ਵਿੱਚ ਛਪੇ ਸਿੱਖ ਇਤਿਹਾਸ ਭਾਗ 1 ਵਿੱਚ ਪ੍ਰੋ. ਕਰਤਾਰ ਸਿੰਘ ਐਮ. ਏ. ਲਿਖਦੇ ਹਨ ਕਿ ਗੁਰੂ ਸਾਹਿਬ 1614 ਵਿੱਚ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾ ਹੋਏ ਹਨ। ਇਨ੍ਹਾਂ ਸਾਰੇ ਲੇਖਕਾਂ ਨੇ ਵੀ ਦਿਵਾਲੀ ਦਾ ਕੋਈ ਜ਼ਿਕਰ ਨਹੀਂ ਕੀਤਾ ਅਤੇ ਨਾ ਹੀ 'ਸੰਨ' ਤੋਂ ਇਲਾਵਾ ਕੋਈ ਮਿਤੀ ਦਿੱਤੀ ਹੈ। ਸ਼੍ਰੋਮਣੀ ਕਮੇਟੀ ਆਪਣੀਆਂ ਧਾਰਮਿਕ ਪੋਥੀਆਂ ਵਿੱਚ ਵੀ ਛੇਵੀਂ ਪਾਤਿਸ਼ਾਹੀ ਜੀ ਦੀ ਗਵਾਲੀਅਰ ਕਿਲ੍ਹੇ ਤੋਂ ਰਿਹਾਈ ਦਾ ਕੇਵਲ ਸੰਨ 1614 ਲਿਖਦੀ ਹੈ; ਇੱਥੇ ਵੀ ਕੋਈ ਤਾਰੀਖ਼ ਨਹੀਂ ਦਿੱਤੀ ਗਈ ਜਦ ਕਿ ਦੂਜੇ ਪਾਸੇ ਸ. ਕਿਰਪਾਲ ਸਿੰਘ ਅਤੇ ਸ. ਖੜਕ ਸਿੰਘ ਤੋਂ ਲਿਖਵਾਈ ਗਈ 'ਸਿੱਖ

ਹਿਸਟਰੀ' ਦੇ ਪੰਨਾ 175 'ਤੇ ਗੁਰੂ ਸਾਹਿਬਾਨ ਦੀ ਰਿਹਾਈ 28 ਨਵੰਬਰ 1619 ਲਿਖੀ ਹੈ ਅਤੇ ਨਾਲ ਹੀ ਇਹ ਦੋਵੇਂ ਲੇਖਕ ਇਹ ਵੀ ਲਿਖਦੇ ਹਨ ਕਿ ਸ਼ਾਇਦ ਰਿਹਾਈ 30 ਦਸੰਬਰ 1619 ਨੂੰ ਹੋਈ ਹੋਵੇ। (ਇਨ੍ਹਾਂ ਦੋਵੇਂ ਦਿਨਾਂ 'ਚ ਵੀ ਦੀਵਾਲੀ ਨਹੀਂ ਕਿਉਂਕਿ ਸੰਨ 1619 'ਚ ਦੀਵਾਲੀ 26 ਅਕਤੂਬਰ ਨੂੰ ਸੀ)। ਇਨ੍ਹਾਂ ਇਤਿਹਾਸਕਾਰਾਂ ਵੱਲੋਂ ਦਿੱਤੀਆਂ ਤਾਰੀਖ਼ਾਂ ਦੇ ਸੋਮੇ (ਸਰੋਤ) ਦਾ ਵੀ ਕੋਈ ਹਵਾਲਾ ਨਹੀਂ ਦਿੱਤਾ ਗਿਆ, ਫਿਰ ਇਹ ਮਿਤੀਆਂ ਸਹੀ ਕਿਵੇਂ ਮੰਨੀਆਂ ਜਾਣ?

ਸ਼੍ਰੋਮਣੀ ਕਮੇਟੀ ਦੀ ਹੀ ਹਿਸਟਰੀ ਆਫ਼ ਦਾ ਸਿੱਖਸ ਵਿਚ ਛੇਵੀਂ ਪਾਤਿਸ਼ਾਹੀ ਦੇ ਅੰਮ੍ਰਿਤਸਰ ਵਿਖੇ ਵਾਪਸ ਪਹੁੰਚਣ ਦੀ ਤਾਰੀਖ਼ 28 ਜਨਵਰੀ 1620 ਦਿੱਤੀ ਹੈ (ਨੋਟ: ਇਹ 28 ਜਨਵਰੀ 1620 ਦਾ ਦਿਨ; ਦ੍ਰਿਕ ਗਣਿਤ ਸਿਧਾਂਤ ਮੁਤਾਬਕ ੧ ਫ਼ੱਗਣ ਸੰਮਤ ੧੬੭੬ ਦਿਨ ਸ਼ੁੱਕਰਵਾਰ ਨੂੰ ਹੈ ਅਤੇ ਸੂਰਜੀ ਸਿਧਾਂਤ ਅਨੁਸਾਰ ੨ ਫ਼ੱਗਣ ਸੰਮਤ ੧੬੭੬ ਦਿਨ ਸ਼ੁੱਕਰਵਾਰ ਨੂੰ ਹੈ)। ਇਸ 28 ਤਾਰੀਖ਼ ਦਾ ਵੀ ਲੇਖਕ ਨੇ ਕੋਈ ਸਰੋਤ ਨਹੀਂ ਦਿੱਤਾ ਅਤੇ ਨਾ ਹੀ ਇਸ ਤਾਰੀਖ਼ ਨੂੰ ਦੀਵਾਲੀ ਸੰਭਵ ਹੈ।

ਬਹੁ ਚਰਚਿਤ ਅਤੇ ਵਿਵਾਦਿਤ ਪੁਸਤਕ 'ਗੁਰ ਬਿਲਾਸ ਪਾਤਿਸ਼ਾਹੀ ਛੇਵੀਂ', ਜੋ ਕਿ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸੰਪਾਦਿਤ ਕੀਤੀ ਹੈ ਅਤੇ ਸ਼੍ਰੋਮਣੀ ਕਮੇਟੀ ਨੇ ਛਾਪੀ ਹੈ; ਇਸ ਵਿੱਚ ਵੀ ਗੁਰੂ ਮਹਾਰਾਜ ਦੇ ਅੰਮ੍ਰਿਤਸਰ ਪਹੁੰਚਣ ਦੀ ਕਿਤੇ ਮਿਤੀ ਨਹੀਂ ਦਿੱਤੀ ਗਈ ਅਤੇ ਨਾ ਹੀ ਕਿਧਰੇ ਲਿਖਿਆ ਕਿ ਗੁਰੂ ਜੀ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਪਹੁੰਚੇ ਹਨ ਹਾਲਾਂਕਿ ਇਸ ਕਿਤਾਬ ਵਿੱਚ ਜ਼ਿਆਦਾਤਰ ਹਿੰਦੂ ਮਿਥਿਹਾਸ ਦੀ ਪੁਸ਼ਟੀ ਲਈ ਗੁਰੂ ਸਾਹਿਬਾਨ ਦਾ ਨਾਂ ਵਾਰ-ਵਾਰ ਵਰਤਿਆ ਹੈ। ਇਹ ਵੀ ਦਰਜ ਨਹੀਂ ਕਿ ਗੁਰੂ ਜੀ ਦੀ ਰਿਹਾਈ ਸਮੇਂ ਜਾਂ ਅੰਮ੍ਰਿਤਸਰ ਪਹੁੰਚਣ 'ਤੇ ਕੋਈ ਦੀਪਮਾਲਾ ਕੀਤੀ ਗਈ।

ਨੋਟ : ਵੱਖ ਵੱਖ ਪੁਸਤਕਾਂ ਦੇ ਉਕਤ ਹਵਾਲੇ 'ਸਿੱਖ ਸਭਿਅਤਾ ਦੇ ਮੂਲ ਆਧਾਰ' ਲੇਖਕ ਸ: ਅਤਿੰਦਰਪਾਲ ਸਿੰਘ ਖ਼ਾਲਸਤਾਨੀ ਸਾਬਕਾ M.P. ਦੀ ਪੁਸਤਕ ਵਿੱਚੋਂ ਲਏ ਗਏ ਹਨ।

ਡਾ. ਇੰਦੂ ਭੂਸ਼ਨ ਬੈਨਰਜੀ ਅਨੁਸਾਰ ਗੁਰੂ ਸਾਹਿਬਾਨ ਨੂੰ 1607 ਈ: ਵਿੱਚ ਗ੍ਰਿਫ਼ਤਾਰ ਕੀਤਾ ਗਿਆ ਅਤੇ 1612 ਵਿੱਚ ਰਿਹਾਅ, ਪਰ ਉਨ੍ਹਾਂ ਨੇ ਵੀ ਕੋਈ ਤਾਰੀਖ਼ ਨਹੀਂ ਦਿੱਤੀ।

ਗੁਰੂ ਕੀਆਂ ਸਾਖੀਆਂ ਵਿੱਚੋਂ ਭੱਟ ਵਹੀ ਜਾਦੋਬੰਸੀਆਂ ਬੜਤੀਆਂ ਕੀ ਦੇ ਹਾਵਾਲੇ ਨਾਲ ਡਾ. ਹਰਜਿੰਦਰ ਸਿੰਘ ਦਿਲਗੀਰ; ਆਪਣੀ ਪੁਸਤਕ ਦੇ ਪੰਨਾ 230 'ਤੇ ਗੁਰੂ ਸਾਹਿਬਾਨ ਦੀ ਰਿਹਾਈ ਦਾ ਸਮਾਂ 26 ਅਕਤੂਬਰ 1619 ਲਿਖਦਾ ਹੈ; ਜਿਵੇਂ ਕਿ ਭੱਟ ਵਹੀ ਨੇ ਉਸ ਦਿਨ ਦੀਵਾਲੀ ਦਾ ਕੋਈ ਜ਼ਿਕਰ ਨਹੀਂ ਕੀਤਾ ਉਸੇ ਤਰ੍ਹਾਂ ਇਸ ਵਿਦਵਾਨ ਇਤਿਹਾਸਕਾਰ ਨੇ ਵੀ ਦੀਵਾਲੀ ਵਾਲੇ ਦਿਨ ਦਾ ਕੋਈ ਜ਼ਿਕਰ ਨਹੀਂ ਕੀਤਾ। ਦੂਸਰਾ ਕਾਰਨ ਇਹ ਹੈ ਕਿ 'ਗੁਰੂ ਕੀਆਂ ਸਾਖੀਆਂ' ਦੇ ਸੰਪਾਦਕ (ਪ੍ਰੋ. ਪਿਆਰਾ ਸਿੰਘ ਪਦਮ) ਨੇ ਇਸ ਦੀ ਭੂਮਿਕਾ ਵਿੱਚ ਹੀ ਲਿਖਿਆ ਹੈ ਕਿ "ਅਸਲ ਭੱਟ ਵਹੀਆਂ ਮੌਜੂਦ ਨਹੀਂ, ਭੱਟ ਵਹੀਆਂ ਦੀ ਸੰਪਾਦਨਾ ਕਰਨ ਵਾਲੇ ਸਵਰੂਪ ਸਿੰਘ ਕੌਸ਼ਿਸ਼ ਦੀ ਅਸਲ ਲਿਖਤ ਵੀ ਨਹੀਂ ਮਿਲਦੀ। ਸਵਰੂਪ ਸਿੰਘ ਦੀ ਨਕਲ ਦਰ ਨਕਲ ਵੀ ਨਹੀ ਮਿਲਦੀ। ਸਾਡੇ ਪਾਸ ਸਿਰਫ਼ ਅਖੀਰ 'ਤੇ ਗਿਆਨੀ ਗਰਜਾ ਸਿੰਘ ਵੱਲੋਂ ਕੀਤੀ ਨਕਲ ਹੀ ਮੌਜੂਦ ਹੈ, ਇਸ ਲਈ ਨਕਲ ਕਰਦੇ ਸਮੇਂ ਹੋਈਆਂ ਸੁਭਾਵਕ ਗ਼ਲਤੀਆਂ ਕਾਰਨ ਮਿਲਾਵਟ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।"

ਮਿਸਾਲ ਦੇ ਤੌਰ 'ਤੇ ਪ੍ਰੋ: ਪਿਆਰਾ ਸਿੰਘ ਵੱਲੋਂ ਸੰਪਾਦਿਤ ਕੀਤੀ ਪੁਸਤਕ ਦੇ ਪੰਨਾ ਨੰਬਰ 30 ਉੱਤੇ ਲਿਖਿਆ ਹੈ : ***'ਗੁਰੂ ਹਰਿਗੋਬਿੰਦ ਜੀ ਮਹਲਾ ਛਟਾ, ਤਾਊ ਗੁਰੂ ਪ੍ਰਿਥੀ ਚੰਦ ਕੀ ਮੁਕਾਣ ਦੇਣ ਗੋਇੰਦਵਾਲ ਸੇ ਗਾਮ ਹੇਅਰ ਪਰਗਣਾ ਪੱਟੀ ਗੁਰੂ ਮਿਹਰਵਾਨ ਜੀ ਕੇ ਘਰ ਆਏ ਸਾਲ ਸੋਲਾਂ ਸੈ ਸਤੱਤਰ ਪੋਖ ਪ੍ਰਵਿਸ਼ਟੇ ਅਠਾਈ ਦਿਹੁੰ ਸ਼ੁੱਕਰਵਾਰ ਕੋ।'***

ਟਿੱਪਣੀ : ੨੮ ਪੋਹ ਸੰਮਤ ੧੬੭੭ ਵਾਲੇ ਦਿਨ ਮੰਗਲਵਾਰ; 26 ਦਸੰਬਰ 1620 ਬਣਦਾ ਹੈ, ਇਸ ਲਈ ਭੱਟ ਵਹੀ ਦੀ ੨੮ ਪੋਹ ਸੰਮਤ ੧੬੭੭ (26 ਦਸੰਬਰ 1620) ਤਾਰੀਖ਼ ਵਿੱਚ ਜਾਂ ੨੮ ਪੋਹ ਗ਼ਲਤ ਹੈ ਜਾਂ ਫਿਰ ਦਿਨ ਸ਼ੁੱਕਰਵਾਰ ਗ਼ਲਤ ਹੈ)।

ਡਾ. ਦਿਲਗੀਰ; ਆਪਣੀ ਪੁਸਤਕ 'ਸਿੱਖ ਤਵਾਰੀਖ਼' ਦੇ ਪੰਨਾ 231 'ਤੇ ਲਿਖਦੇ ਹਨ: 'ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜਹਾਂਗੀਰ ਨਾਲ ਇੱਕ ਮੁਲਾਕਾਤ ਗੋਇੰਦਵਾਲ ਵਿਖੇ 27 ਜਨਵਰੀ 1620 ਨੂੰ ਹੋਈ। ਦੂਸਰੀ ਮੁਲਾਕਾਤ 8 ਫ਼ਰਵਰੀ 1620 ਨੂੰ ਕਲਾਨੌਰ ਵਿਖੇ ਹੋਈ। ਤੁਜ਼ਕ-ਏ-ਜਹਾਂਗੀਰੀ ਦੇ ਹਵਾਲੇ ਨਾਲ ਲਿਖਦੇ ਹਨ ਕਿ ਉਸ ਮੀਟਿੰਗ ਵਿੱਚ ਗੁਰੂ ਅਰਜਨ ਸਾਹਿਬ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਵਾਲੇ ਚੰਦੂ ਨੂੰ ਸਿੱਖਾਂ ਦੇ ਹਵਾਲੇ ਕਰਨ ਦਾ ਹੁਕਮ ਜਾਰੀ ਕੀਤਾ ਗਿਆ। ਇੱਥੋਂ ਜਹਾਂਗੀਰ ਅਤੇ ਗੁਰੂ ਸਾਹਿਬਾਨ ਨੇ ਇਕੱਠਿਆਂ ਸਾਈਂ ਮੀਆਂਮੀਰ ਨਾਲ 16 ਫ਼ਰਵਰੀ ਨੂੰ ਲਾਹੌਰ 'ਚ ਮੁਲਾਕਾਤ ਕੀਤੀ। 1620 ਦੀਆਂ ਗਰਮੀਆਂ ਵਿੱਚ ਜਹਾਂਗੀਰ ਅਤੇ ਗੁਰੂ ਸਾਹਿਬਾਨ ਇਕੱਠੇ ਕਸ਼ਮੀਰ ਦੇ ਦੌਰੇ 'ਤੇ ਗਏ। ਇਸ ਤੋਂ ਪਿੱਛੋਂ ਗੁਰੂ ਜੀ; ਜਹਾਂਗੀਰ ਤੋਂ ਵੱਖਰੇ ਹੋ ਕੇ ਧਰਮ ਪ੍ਰਚਾਰ ਲਈ ਨਿਕਲ ਗਏ। ***ਕਸ਼ਮੀਰ ਤੋਂ ਵਾਪਸੀ ਸਮੇਂ ਗੁਰੂ ਜੀ 28 ਦਸੰਬਰ 1620 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਵੀ ਆਏ। ਰਿਹਾਈ ਤੋਂ ਮਗਰੋਂ ਗੁਰੂ ਜੀ ਦਾ ਅੰਮ੍ਰਿਤਸਰ ਵਿਖੇ ਇਹ ਪਹਿਲਾ ਦੌਰਾ ਸੀ।*** ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਇਸ ਦਿਨ ਹਿੰਦੂਆਂ ਦੀ ਦੀਵਾਲੀ ਦਾ ਤਿਉਹਾਰ ਨਹੀਂ ਸੀ। (ਸੰਨ 1620 ਵਿੱਚ 15 ਅਕਤੂਬਰ ਨੂੰ ਦੀਵਾਲੀ ਸੀ) ਅੰਮ੍ਰਿਤਸਰ ਵਿੱਚ ਦੀਵਾਲੀ ਮਹੰਤਾਂ ਦੇ ਵੇਲੇ ਤੋਂ ਮਨਾਉਣੀ ਸ਼ੁਰੂ ਹੋਈ ਸੀ।'

ਅੰਮ੍ਰਿਤਸਰ ਵਿਖੇ ਪਹੁੰਚਣ ਦੀ ਪ੍ਰੋੜ੍ਹਤਾ ਵਜੋਂ ਡਾ: ਦਿਲਗੀਰ ਵੱਲੋਂ ਭੱਟ ਵਹੀ ਤਲਾਉਂਡਾ, ਪਰਗਣਾ ਜੀਂਦ ਦਾ ਦਿੱਤਾ ਹਵਾਲਾ ਇੰਝ ਹੈ : ***'ਗੁਰੂ ਹਰਿਗੋਬਿੰਦ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ ਸੰਮਤ ਸੋਲਾ ਸੈ ਸਤੱਤ੍ਰਾ ਮਾਘ ਪ੍ਰਵਿਸ਼ਟੇ ਪਹਿਲੀ ਕੇ ਦਿਹੁੰ ਹੇਹਰ ਨਗਰੀ ਸੇ ਚਲ ਕਰ ਗਾਮ ਗੁਰੂ ਕੇ ਚੱਕ ਆਏ, ... ਗੁਰੂ ਜੀ ਕੇ ਆਨੇ ਕੀ ਖੁਸ਼ੀ ਮੇਂ ਦੀਪਮਾਲਾ ਕੀ ਗਈ। .... '***(ਡਾ. ਹਰਜਿੰਦਰ ਸਿੰਘ ਦਲਗੀਰ)

ਡਾ: ਦਿਲਗੀਰ ਵੱਲੋਂ ਦਿੱਤੀਆਂ ਉਕਤ ਤਰੀਖ਼ਾਂ ਅਤੇ ਸਥਾਨ ਹੇਠਲੇ ਕੁਝ ਕਾਰਨਾਂ ਕਰਕੇ ਸੰਦੇਹ ਪੈਦਾ ਕਰਦੇ ਹਨ :

(1). ਡਾ: ਦਿਲਗੀਰ, ਜੋ ਹਮੇਸ਼ਾਂ ਭੱਟ ਵਹੀਆਂ ਦੇ ਹਵਾਲੇ ਨਾਲ ਇਤਿਹਾਸਕ ਤਾਰੀਖ਼ਾਂ ਦਰਜ ਕਰਦੇ ਹਨ ਪਰ ਗੋਇੰਦਵਾਲ, ਕਲਾਨੌਰ ਅਤੇ ਲਾਹੌਰ ਵਿਖੇ ਹੋਈਆਂ ਮੁਲਾਕਾਤਾਂ ਅਤੇ ਕਸ਼ਮੀਰ 'ਚ ਜਹਾਂਗੀਰ

ਅਤੇ ਗੁਰੂ ਸਾਹਿਬ ਦੇ ਇਕੱਠੇ ਜਾਣ ਦੀ ਪ੍ਰੋੜ੍ਹਤਾ ਲਈ ਉਨ੍ਹਾਂ ਨੇ ਕੋਈ ਹਵਾਲਾ ਨਹੀਂ ਦਿੱਤਾ ਜਦੋਂ ਕਿ ਸ. ਪਾਲ ਸਿੰਘ ਪੁਰੇਵਾਲ ਵੱਲੋਂ ਲਿਖੇ ਲੇਖ 'Bandi Chhod Date' ਵਿੱਚ ਦਿੱਤੇ ਤੁਜ਼ਕ-ਏ-ਜਹਾਂਗੀਰੀ ਦੇ ਇੰਦਰਾਜ ਡਾ: ਦਿਲਗੀਰ ਵੱਲੋਂ ਦਿੱਤੀਆਂ ਤਾਰੀਖ਼ਾਂ ਦੇ ਉਲ਼ਟ ਹੈ।

'English Translation of Jahangir's Memoirs' (ਤੁਜ਼ਕ-ਏ-ਜਹਾਂਗੀਰੀ) by Alexander Rogers and Henery Beveridge ਵਿੱਚ ਦਿੱਤੀਆਂ ਕੁਝ ਚੋਣਵੀਆਂ ਤਰੀਖ਼ਾਂ ਦਾ ਪੰਜਾਬੀ ਤਰਜਮਾ ਇਉਂ ਹੈ :

2 ਬਾਹਮਨ (ਇਰਾਨੀ ਸੂਰਜੀ ਕੈਲੰਡਰ ਮਹੀਨੇ ਬਾਹਮਨ ਦੀ 2 ਤਾਰੀਖ਼) (ਬੁੱਧਵਾਰ, 12 ਜਨਵਰੀ 1620 ਈ: ਜੂਲੀਅਨ) : ਆਪਣੇ ਪਿਤਾ ਅਕਬਰ ਦੇ ਤਖ਼ਤ 'ਤੇ ਬੈਠਣ ਵਾਲੇ ਸਥਾਨ ਕਲਾਨੌਰ ਦੇ ਬਾਗ਼ ਵਿੱਚ ਠਹਿਰੇ।

3 ਬਾਹਮਨ; (ਵੀਰਵਾਰ 13 ਜਨਵਰੀ 1620 ਈ: ਜੂਲੀਅਨ) ਨੂੰ ਕਲਾਨੌਰ ।

10 ਬਾਹਮਨ; (ਵੀਰਵਾਰ 20 ਜਨਵਰੀ 1620 ਈ: ਜੂਲੀਅਨ) ਨੂੰ ਸ਼ਾਹਜਹਾਨ ਲਾਹੌਰ ਤੋਂ ਵਾਪਸ ਕਲਾਨੌਰ ਆਇਆ ਕਿਉਂਕਿ ਉਸ ਦਾ ਪਿਤਾ ਹਾਲੀ ਕਲਾਨੌਰ ਵਿਖੇ ਹੀ ਸੀ।

ਤੁਜ਼ਕ-ਏ-ਜਹਾਂਗੀਰੀ ਵਿੱਚ ਜਹਾਂਗੀਰ ਲਿਖ ਰਹੇ ਹਨ। 'As it was reported to me that in Lahore one Miyan Sheikh Muhammad Mir [Sai'n Miyan Mir] by name, who was a Darvish [Darvesh], a Sindi [Sindhi] by origin, very eloquent, virtuous, austere, of auspicious temperament, a lord of ecstasy, had seated himself in the corner of reliance upon God and retirement, and was rich in his poverty and independent of the world, my truth-seeking mind was not at rest without meeting him, and my desire to see him increased. **As it was impossible to go to Lahore, I wrote a note to him, and explained to him the desire of my heart, and that saint, not withstanding his great age and weakness took the trouble to come. I sate [sat] with him for a long time alone, and enjoyed a thorough interview with him.** Truly he is a noble personage and in this Age he is a great gain and a delightful existence. This supplicant for Grace was taken out of himself by companionship with him and heard from him sublime words of truth and religious knowledge. Although I desired to make him some gift, I found that his spirit was too high for this, and so did not express my wish. I left him the skin of a white antelope to pray upon, and **he immediately bade me farewell and went back to Lahore.**' ਇਸ ਪੈਰੇ ਦਾ ਭਾਵ ਅਰਥ ਸਮਝਣ ਪਿੱਛੋਂ ਸਪਸ਼ਟ ਹੁੰਦਾ ਹੈ ਕਿ ਜਹਾਂਗੀਰ ਸਾਂਈ ਮੀਆਂਮੀਰ ਨੂੰ ਮਿਲਣ ਵਾਸਤੇ ਲਾਹੌਰ ਨਹੀਂ ਗਿਆ ਕਿਉਂਕਿ ਉਸ ਦੇ ਆਪਣੇ ਪਹਿਲਾਂ ਦੇ ਉਲੀਕੇ ਪ੍ਰੋਗਰਾਮ ਅਨੁਸਾਰ ਰੁਝੇਵੇਂ ਹੀ ਇੰਨੇ ਸਨ ਕਿ ਉਹ ਲਾਹੌਰ ਜਾਣ ਤੋਂ ਅਸਮਰਥ ਸੀ। ਇਸ ਲਈ ਉਨ੍ਹਾਂ ਨੇ ਸਾਂਈ ਮੀਆਂਮੀਰ ਨੂੰ ਚਿੱਠੀ ਲਿਖ ਕੇ ਮਿਲਣ ਦੀ ਇੱਛਾ ਅਤੇ ਲਾਹੌਰ ਜਾਣ ਦੀ ਆਪਣੀ ਅਸਮਰਥਾ ਦੱਸੀ। ਜਹਾਂਗੀਰ ਲਿਖਦਾ ਹੈ ਕਿ ਆਪਣੀ ਵੱਡੇਰੀ ਉਮਰ ਅਤੇ ਕਮਜ਼ੋਰੀ ਦੇ ਬਾਵਜੂਦ ਉਸ ਪਵਿੱਤਰ ਆਤਮਾ ਵਾਲੇ ਮਹਾਨ ਸੰਤ (ਸਾਈਂ ਮੀਆਂਮੀਰ) ਨੇ ਮੈਨੂੰ ਮਿਲਣ ਦਾ ਕਸ਼ਟ ਸਹਾਰਿਆ। ਮੈਂ ਇਕੱਲਿਆਂ ਲੰਬਾ ਸਮਾਂ ਉਸ ਨਾਲ ਖੁੱਲ੍ਹ ਕੇ ਗੱਲ-ਬਾਤ ਕੀਤੀ ਅਤੇ ਅਨੰਦ ਮਾਣਿਆ।

ਜਹਾਂਗੀਰ ਅੱਗੇ ਲਿਖਦਾ ਹੈ ਕਿ ਮੈਂ ਉਨ੍ਹਾਂ ਨੂੰ ਕੋਈ ਤੋਹਫ਼ਾ ਦੇਣਾ ਚਾਹੁੰਦਾ ਸੀ ਪਰ ਵੇਖਿਆ ਕਿ ਉਸ ਦੀ ਅਧਿਆਤਮਿਕ ਅਵਸਥਾ ਤੋਹਫ਼ਿਆਂ ਦੇ ਤੁਲ ਬਹੁਤ ਉੱਚੀ ਹੈ, ਇਸ ਲਈ ਮੈਂ ਆਪਣੀ ਇੱਛਾ ਪ੍ਰਗਟ ਨਹੀਂ ਕੀਤੀ। ਮੈਂ ਚਿੱਟੇ ਹਿਰਨ ਦੀ ਚਮੜੀ (ਮ੍ਰਿਗਸ਼ਾਲਾ) ਛੱਡ ਕੇ ਪ੍ਰਾਰਥਨਾ ਕੀਤੀ ਤੇ ਉਹ ਤੁਰੰਤ ਮੈਨੂੰ ਅਲਵਿਦਾ ਕਹਿ ਕੇ ਲਾਹੌਰ ਨੂੰ ਵਾਪਸ ਚਲੇ ਗਏ।

ਮੈਂ ਕਲਾਨੌਰ ਤੋਂ ਚੱਲ ਕੇ 2 ਫ਼ਰਵਰੀ ਨੂੰ ਦੌਲਤਾਬਾਦ (ਪਾਕਿਸਤਾਨ) ਪਹੁੰਚਿਆ ਅਤੇ ਇਸ ਤੋਂ ਅੱਗੇ ਪਰਗਨਾ ਕਰੋਹੀ, ਜੇਹਲਮ ਦਰਿਆ ਪਾਰ ਕਰਕੇ ਰੋਹਤਾਸ ਹੁੰਦਾ ਹੋਇਆ 12 ਫ਼ਰਵਰੀ ਨੂੰ ਹਸਨ ਅਬਦਾਲ (ਪੰਜਾ ਸਾਹਿਬ) ਪਹੁੰਚਿਆ। ਅੱਗੇ ਬਾਰਾਮੁੱਲਾ ਹੁੰਦਾ ਹੋਇਆ 20 ਮਾਰਚ 1620 ਨੂੰ ਡੱਲ ਝੀਲ ਸ਼੍ਰੀ ਨਗਰ (ਕਸ਼ਮੀਰ) ਵਿਖੇ ਜਾ ਤੰਬੂ ਗੱਡੇ।

ਤੁਜ਼ਕ-ਏ-ਜਹਾਂਗੀਰੀ ਦੀਆਂ ਉਕਤ ਤਾਰੀਖ਼ਾਂ ਮੁਤਾਬਕ ਜਦ ਜਹਾਂਗੀਰ ਲਾਹੌਰ ਗਿਆ ਹੀ ਨਹੀਂ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਉਹ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਸਾਂਈ ਮੀਆਂਮੀਰ ਨੂੰ ਲਹੌਰ ਵਿਖੇ ਮਿਲੇ ਹੋਣ। ਸੰਭਵ ਹੈ ਕਿ ਦੋਵੇਂ ਇਕੱਠੇ ਸਾਂਈ ਮੀਆਂਮੀਰ ਨੂੰ ਕਲਾਨੌਰ ਵਿਖੇ 12 ਜਨਵਰੀ 1620 ਤੋਂ ਲੈ ਕੇ 25 ਜਨਵਰੀ 1620 ਤੱਕ ਦੀਆਂ ਤਾਰੀਖ਼ਾਂ ਦੌਰਾਨ ਕਿਸੇ ਸਮੇਂ ਇਕੱਠੇ ਮਿਲੇ ਹੋਣਗੇ?

(2). ਸਾਡਾ ਸੱਭਿਅਕ ਸ਼ਿਸ਼ਟਾਚਾਰ ਹੈ ਕਿ ਜਦ ਕੋਈ ਵਿਅਕਤੀ ਲੰਬੇ ਸਮੇਂ ਤੋਂ ਬਾਅਦ ਘਰ ਆਵੇ ਤਾਂ ਅੱਗਿਓਂ ਜੇਕਰ ਆਪਣੇ ਨੇੜਲੇ ਰਿਸ਼ਤੇਦਾਰ ਦੇ ਘਰ ਦੁਖਦਾਈ ਘਟਨਾ (ਜਿਵੇਂ ਕਿ ਮੌਤ) ਹੋਈ ਹੋਵੇ ਤਾਂ ਪਹਿਲਾਂ ਓਥੇ ਅਫ਼ਸੋਸ ਕਰਨ ਜਾਂਦਾ ਹੈ। ਇਸ ਲਈ ਗੁਰੂ ਸਾਹਿਬ ਸਭ ਤੋਂ ਪਹਿਲਾਂ ਆਪਣੇ ਤਾਇਆ (ਬਾਬਾ ਪ੍ਰਿਥੀ ਚੰਦ, ਜਿਨ੍ਹਾਂ ਦੀ ਮੌਤ 8 ਅਪਰੈਲ 1619 ਨੂੰ ਹੋਈ ਸੀ, ਉਨ੍ਹਾਂ) ਦੇ ਘਰ ਪਿੰਡ ਹੇਹਰਾਂ ਜ਼ਰੂਰ ਗਏ ਹੋਣਗੇ। ਪ੍ਰੋ. ਪਿਆਰਾ ਸਿੰਘ ਵੱਲੋਂ ਸੰਪਾਦਿਤ ਕੀਤੀ ਪੁਸਤਕ ਦੇ ਪੰਨਾ ਨੰਬਰ 30 'ਤੇ ਵੀ ਲਿਖਿਆ ਹੈ ਕਿ 'ਰਿਹਾਈ ਤੋਂ ਤੁਰੰਤ ਬਾਅਦ ਪਹਿਲੇ ਆਪਣੇ ਤਾਇਆ ਜੀ ਪ੍ਰਿਥੀ ਚੰਦ ਦੀ ਮੁਕਾਣ ਦੇਣ ਲਾਹੌਰ ਲਾਗੇ ਪਿੰਡ ਹੇਹਰ ਜਾਂਦੇ ਹਨ। ਪ੍ਰਿਥੀ ਚੰਦ ੧੨ ਵੈਸਾਖ ੧੬੭੬ ਬਿ: (8 ਅਪ੍ਰੈਲ 1619) ਨੂੰ ਦੇਹਾਂਤ ਪਾ ਗਿਆ ਸੀ। ਭੱਟ ਵਹੀ 'ਮੁਲਤਾਨੀ ਸਿੰਧੀ ਖਾਤਾ ਜਲਾਨੋਂ ਕਾ' ਵਿੱਚ ਲਿਖਿਆ ਹੈ : ***'ਗੁਰੂ ਹਰਿਗੋਬਿੰਦ ਜੀ ਮਹਲਾ ਛਟਾ, ਤਾਊ ਗੁਰੂ ਪ੍ਰਿਥੀ ਚੰਦ ਕੀ ਮੁਕਾਣ ਦੇਣ ਗੋਇੰਦਵਾਲ ਸੇ***

ਗਾਮ ਹੇਅਰ ਪਰਗਣਾ ਪੱਟੀ ਗੁਰੂ ਮਿਹਰਵਾਨ ਜੀ ਕੇ ਘਰ ਆਏ ਸਾਲ ਸੋਲਾਂ ਸੈ ਸਤੱਤਰ ਪੋਖ ਪ੍ਰਵਿਸ਼ਟੇ ਅਠਾਈ ਦਿਹੁੰ ਸ਼ੁੱਕਰਵਾਰ ਕੋ।'

ਟਿੱਪਣੀ: ੨੮ ਪੋਹ ਸੰਮਤ ੧੬੭੭ ਨੂੰ ਦਿਨ ਮੰਗਲਵਾਰ; 26 ਦਸੰਬਰ 1620 ਬਣਦਾ ਹੈ, ਇਸ ਲਈ ਭੱਟ ਵਹੀ ਦੀ ੨੮ ਪੋਹ ਸੰਮਤ ੧੬੭੭ (26 ਦਸੰਬਰ 1620) ਤਾਰੀਖ਼ ਵਿੱਚ ਜਾਂ ੨੮ ਪੋਹ ਗ਼ਲਤ ਹੈ ਜਾਂ ਦਿਨ ਸ਼ੁੱਕਰਵਾਰ ਗਲਤ ਹੈ।

(3). 'ਗੁਰੂ ਕੀਆਂ ਸਾਖੀਆਂ' ਦੇ ਸੰਪਾਦਕ (ਪ੍ਰੋ. ਪਿਆਰਾ ਸਿੰਘ ਪਦਮ) ਨੇ ਇਸ ਦੀ ਭੂਮਿਕਾ ਵਿੱਚ ਹੀ ਲਿਖਿਆ ਹੈ ਕਿ ਨਕਲ ਦਰ ਨਕਲ ਕਰਦੇ ਸਮੇਂ ਹੋਈਆਂ ਸੁਭਾਵਕ ਗ਼ਲਤੀਆਂ ਕਾਰਨ ਮਿਲਾਵਟ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

(4). ਡਾ. ਦਿਲਗੀਰ ਮੁਤਾਬਕ ਗੁਰੂ ਜੀ ਜਨਵਰੀ 1613 ਨੂੰ ਦਿੱਲੀ 'ਚ ਗ੍ਰਿਫ਼ਤਾਰ ਕੀਤੇ ਗਏ ਹਨ ਅਤੇ 26 ਅਕਤੂਬਰ 1619 ਨੂੰ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾ ਹੋਏ ਹਨ ਅਤੇ 28 ਦਸੰਬਰ 1620 ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚਦੇ ਹਨ, ਜੋ ਕਿ ਉਸ ਸਮੇਂ ਸਿੱਖੀ ਦਾ ਮੁੱਖ ਕੇਂਦਰ ਸੀ। ਹੁਣ ਕੀ ਮੰਨੀਏ ਕਿ ਜਦ ਦਰਬਾਰ ਸਾਹਿਬ ਵਿਖੇ ਹਜ਼ਾਰਾਂ ਸੰਗਤਾਂ ਸਤਿਗੁਰੂ ਜੀ ਨੂੰ ਪਿਛਲੇ 7-8 ਸਾਲਾਂ ਤੋਂ ਉਡੀਕ ਰਹੀਆਂ ਹੋਣ ਤਾਂ ਗੁਰੂ ਜੀ ਨੇ ਰਿਹਾ ਹੋਣ ਤੋਂ ਲੈ ਕੇ ਦਰਬਾਰ ਸਾਹਿਬ ਪਹੁੰਚਣ ਤੱਕ 14 ਮਹੀਨੇ ਲਗਾ ਦਿੱਤੇ ਉਹ ਵੀ ਤਦ; ਜਦ ਗੁਰੂ ਜੀ ਅੰਮ੍ਰਿਤਸਰ ਦੇ ਇਰਦ-ਗਿਰਦ (ਗੋਇੰਦਵਾਲ, ਕਲਾਨੌਰ, ਲਾਹੌਰ, ਕਸ਼ਮੀਰ ਆਦਿ 'ਚ) ਹੀ ਵਿਚਰਦੇ ਰਹੇ ਹੋਣ?

(5). ਡਾ. ਦਿਲਗੀਰ ਜੀ ਮੁਤਾਬਕ ਗੁਰੂ ਜੀ 27 ਜਨਵਰੀ 1620 ਨੂੰ ਗੋਇੰਦਵਾਲ 'ਚ ਅਤੇ 8 ਫ਼ਰਵਰੀ ਨੂੰ ਕਲਾਨੌਰ ਵਿੱਚ ਜਹਾਂਗੀਰ ਨੂੰ ਮਿਲੇ, ਜਿੱਥੋਂ ਚੰਦੂ ਨੂੰ ਸਿੱਖਾਂ ਦੇ ਹਵਾਲੇ ਕਰਨ ਦਾ ਹੁਕਮ ਜਾਰੀ ਕੀਤਾ। ਗਰਮੀਆਂ (ਭਾਵ ਮਈ ਜੂਨ) 'ਚ ਗੁਰੂ ਜੀ ਜਹਾਂਗੀਰ ਨਾਲ ਕਸ਼ਮੀਰ ਜਾਂਦੇ ਹਨ। ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕਲਾਨੌਰ ਤੋਂ 50 ਕੁ ਕਿਲੋਮੀਟਰ ਦੀ ਦੂਰੀ 'ਤੇ ਅੰਮ੍ਰਿਤਸਰ ਹੈ। ਕੀ ਗੁਰੂ ਜੀ ਫ਼ਰਵਰੀ, ਮਾਰਚ ਤੇ ਅਪਰੈਲ ਵਿੱਚ ਓਥੇ ਜਾਂ ਪਿੰਡ ਹੇਹਰ ਨਹੀਂ ਗਏ ਹੋਣਗੇ ਤਾਂ ਜੋ ਸੰਗਤਾਂ ਨੂੰ 28 ਦਸੰਬਰ ਤੱਕ ਦਾ ਇੰਤਜ਼ਾਰ ਕਰਵਾਇਆ ਗਿਆ?

(6) ਭੱਟ ਵਹੀ 'ਤਲਾਉਂਡਾ ਪਰਗਣਾ ਜੀਂਦ' ਵਿੱਚ ਦਰਜ ਹੈ ਕਿ ਪਿੰਡ ਹੇਹਰਾਂ ਤੋਂ ਚੱਲ ਕੇ ਗੁਰੂ ਜੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮਾਘ ਪ੍ਰਵਿਸ਼ਟੇ ਪਹਿਲੀ ਕੇ ਦਿਹੁੰ {ਮਾਘ ਦੀ ਸੰਗਰਾਂਦ} ਸੰਮਤ ੧੬੭੭ (28 ਦਸੰਬਰ 1620) ਨੂੰ ਪਹੁੰਚੇ। ਇਸ ਦਾ ਹੀ ਹਵਾਲਾ ਡਾ. ਦਿਲਗੀਰ ਜੀ ਨੇ ਦਿੱਤਾ ਹੈ। ਕਿਉਂਕਿ ਭੱਟ ਵਹੀ 'ਚ ਸੰਗਰਾਂਦ ਦਾ ਜ਼ਿਕਰ ਹੈ ਇਸ ਲਈ ਇਹ ਵੀ ਹੋ ਸਕਦਾ ਹੈ ਕਿ ਭੱਟ ਵਹੀ ਵਿੱਚ ਸੰਮਤ ੧੬੭੭ ਦੀ ਥਾਂ ਸੰਮਤ ੧੬੭੬ ਅਤੇ ਮਾਘ ਪ੍ਰਵਿਸ਼ਟੇ ਪਹਿਲੀ ਕੇ ਦੀ ਥਾਂ ਫ਼ੱਗਣ ਪ੍ਰਵਿਸ਼ਟੇ ਪਹਿਲੀ ਕੇ ਹੋਵੇ। ਇਹ ਪ੍ਰਿੰਟਿੰਗ ਦੀ ਗ਼ਲਤੀ ਹੋ ਸਕਦੀ ਹੈ ਜਾਂ ਨਕਲ ਦਰ ਨਕਲ ਕਰਦਿਆਂ ਗਲਤੀ ਚੱਲੀ ਆ ਰਹੀ ਹੋਵੇ। ਚੇਤੇ ਰਹੇ ਕਿ ਸੰਮਤ ੧੬੭੭ ਦੇ ਮਾਘ ਦੀ ਸੰਗਰਾਂਦ 28 ਦਸੰਬਰ 1620 ਈ: ਜੂਲੀਅਨ ਨੂੰ ਸੀ ਅਤੇ ਸੰਮਤ ੧੬੭੬ ਦੇ ਫ਼ੱਗਣ ਦੀ ਸੰਗਰਾਂਦ 27 ਜਨਵਰੀ 1619 ਈ: ਜੂਲੀਅਨ ਨੂੰ ਸੀ। ਇਨ੍ਹਾਂ ਸਾਰੇ ਤੱਥਾਂ ਦੀ ਵੀਚਾਰ 'ਚੋਂ ਸਿੱਟਾ ਇਹ ਨਿਕਲਦਾ ਹੈ ਕਿ ਗੁਰੂ ਜੀ ੧ ਫ਼ੱਗਣ ਸੰਮਤ ੧੬੭੬/27 ਜਨਵਰੀ 1619 ਨੂੰ ਦਰਬਾਰ ਸਾਹਿਬ ਵਿਖੇ ਪਹੁੰਚੇ ਹੋਣਗੇ ਪਰ ਉਸ ਦਿਨ ਵੀ ਦਿਵਾਲੀ ਨਹੀਂ ਸੀ।

ਹਥਲੇ ਲੇਖ ਦੀ ਸਮੁੱਚੀ ਵਿਚਾਰ ਤੋਂ ਸਾਫ਼ ਹੋ ਜਾਂਦਾ ਹੈ ਕਿ ਗੁਰੂ ਜੀ ਦੀ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਈ ਜਾਂ ਦਰਬਾਰ ਸਾਹਿਬ (ਅੰਮ੍ਰਿਤਸਰ) ਪਹੁੰਚਣ ਦੀਆਂ ਤਾਰੀਖ਼ਾਂ ਨਾਲ ਦੀਵਾਲੀ ਦਾ ਨੇੜੇ ਦਾ ਵੀ ਕੋਈ ਸੰਬੰਧ ਨਹੀਂ, ਪਰ ਫਿਰ ਵੀ ਅਸੀਂ 'ਬੰਦੀ ਛੋੜ ਦਿਵਸ' ਨੂੰ ਦੀਵਾਲੀ ਨਾਲ ਜੋੜ ਕੇ ਭਾਈ ਗੁਰਦਾਸ ਜੀ ਦੀ 19ਵੀਂ ਵਾਰ ਦੀ 6ਵੀਂ ਪਉੜੀ ਪੜ੍ਹਦੇ ਰਹਿੰਦੇ ਹਾਂ ਜਦ ਕਿ ਇਸ ਸ਼ਬਦ 'ਚ ਭਾਈ ਸਾਹਿਬ ਜੀ ਹੋਰਨਾਂ ਉਦਾਹਰਨਾਂ ਵਾਂਗ ਦੀਵਾਲੀ ਦੇ ਦੀਵਿਆਂ ਦੀ ਆਰਜੀ ਰੌਸ਼ਨੀ ਨੂੰ ਇਕ ਮਿਸਾਲ ਵਜੋਂ ਲੈ ਰਹੇ ਹਨ, ਨਾ ਕਿ ਦੀਵਾਲੀ ਦੀ ਰਾਤ ਨੂੰ ਦੀਵੇ ਬਾਲਣ ਦੀ ਹਿਦਾਇਤ: ***"ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ। ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨਿ। ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ। ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ। ਹਰਿਚੰਦਉਰੀ ਝਾਤਿ ਵਸਾਇ ਉਚਾਲੀਅਨਿ। ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮ੍ਹਾਲੀਅਨਿ ॥ ੬ ॥"*** (ਵਾਰ ੧੯ ਪਉੜੀ ੬)

ਭਾਵ ਜਿਵੇਂ ਦੀਵਾਲੀ ਦੀ ਰਾਤ ਨੂੰ ਦੀਵੇ ਬਾਲੀਦੇ ਹਨ (ਪਰ ਥੋੜ੍ਹੇ ਸਮੇਂ ਬਾਅਦ ਹੀ ਇਹ ਬੁਝ ਕੇ ਅਲੋਪ ਹੋ ਜਾਂਦੇ ਹਨ)।

ਜਿਵੇਂ ਰਾਤ ਨੂੰ ਅਕਾਸ਼ 'ਚ ਤਾਰੇ ਚਮਕਦੇ ਹਨ (ਪਰ ਦਿਨੇ ਉਨ੍ਹਾਂ ਦਾ ਖੁਰਾ ਖੋਜ ਨਹੀਂ ਦਿੱਸਦਾ)।

ਜਿਵੇਂ ਫੁਲਾਂ ਦੀਆਂ ਬਗ਼ੀਚੀਆਂ ਕੁਝ ਸਮੇਂ ਲਈ ਬਹੁਤ ਸੋਹਣਾ ਖਿੜਦੀਆਂ ਹਨ (ਪਰ ਕੁਝ ਸਮੇਂ ਬਾਅਦ ਫੁੱਲ ਚੁਣ ਚੁਣ ਕੇ ਤੋੜ ਲਏ ਜਾਂਦੇ ਹਨ ਜਾਂ ਮੁਰਝਾ ਜਾਂਦੇ ਹਨ ਫਿਰ ਬਗ਼ੀਚੀ ਨਹੀਂ ਰਹਿੰਦੀ)।

ਜਿਵੇਂ ਤੀਰਥਾਂ 'ਤੇ ਬੜੇ ਟੋਲਿਆਂ 'ਚ ਯਾਤ੍ਰੀ ਜਾਂਦੇ ਅੱਖਾਂ ਨਾਲ ਵੇਖੀਦੇ ਹਨ (ਪਰ ਕੁਝ ਦਿਨਾਂ ਬਾਅਦ ਮੁੜ ਵਾਪਸ ਹੋ ਜਾਂਦੇ ਹਨ ਭਾਵ ਉਹ ਵੀ ਪੱਕੇ ਤੌਰ 'ਤੇ ਯਾਤ੍ਰਾ 'ਤੇ ਨਹੀਂ ਰਹਿ ਸਕਦੇ)।

ਜਿਵੇਂ ਹਰੀ ਚੰਦਉਰੀ (ਨਗਰੀ) ਛਲ-ਕਪਟ ਹੈ (ਇਉਂ ਜਗਤ-ਰਚਨਾ ਵੀ ਸਥਾਈ ਨਹੀਂ ***"ਇਹ ਜੁ ਦੁਨੀਆ ਸਿਹਰੁ ਮੇਲਾ; ਦਸਤਗੀਰੀ ਨਾਹਿ ॥"***)।

ਉਕਤ ਉਦਾਹਰਣਾਂ ਦੇ ਕੇ ਭਾਈ ਗੁਰਦਾਸ ਜੀ ਦਾ ਅਸਲ ਭਾਵ ਤਾਂ ਇਹ ਸਮਝਾਉਣਾ ਸੀ ਕਿ ਗੁਰਮੁਖ ਜਨ ਦਿਵਾਲੀ ਦੀ ਰਾਤ ਨੂੰ ਬਾਲੇ ਦੀਵੇ, ਰਾਤ ਨੂੰ ਚਮਕਣ ਵਾਲੇ ਤਾਰੇ, ਬਗ਼ੀਚੇ ਫੁੱਲ, ਤੀਰਥ-ਮੇਲਿਆਂ 'ਤੇ ਗਏ ਯਾਤਰੀ ਅਤੇ ਹਰੀਚੰਦ ਦੀ ਕਾਲਪਨਿਕ ਨਗਰੀ ਵਾਙ ਸੰਸਾਰ ਨੂੰ ਥੋੜ੍ਹੇ ਸਮੇਂ ਦੀ ਖ਼ੁਸ਼ੀ ਮੰਨ ਕੇ ਜਗਤ ਵੱਲੋਂ ਚਿਤ ਕਰ ਕੇ ਉਪਰਾਮ ਰਹਿੰਦੇ ਅਤੇ ਗੁਰੂ ਜੀ ਦੇ ਸ਼ਬਦ ਦਾ ਸਿਮਰਣ ਕਰਦੇ ਰਹਿੰਦੇ ਹਨ ਜਿਸ ਨਾਲ ਗੁਰਮੁਖਾਂ ਨੂੰ (ਆਤਮਾਨੰਦ ਰੂਪੀ) ਸੁਖ ਫਲ ਦੀ ਦਾਤ ਹੋਈ ਹੈ, (ਕਿਉਂ ਜੋ ਉਹ ਨਾਸ਼ਵੰਤ ਪਦਾਰਥਾਂ ਵਿੱਚ ਆਪਣਾ ਮਨ ਨਹੀਂ ਜੋੜਦੇ ਸਗੋਂ ਗੁਰੂ ਦੇ ਸ਼ਬਦ ਨੂੰ ਯਾਦ ਕਰਦੇ ਹਨ। ਸੋ ਕੀਰਤਨੀਏ ਜਥਿਆਂ ਨੂੰ ਚਾਹੀਦਾ ਤਾਂ ਇਹ ਸੀ ਕਿ ਇਸ ਪਉੜੀ ਦੀ ਪਹਿਲੀ ਤੁਕ ***"ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ।"*** ਦੀ ਥਾਂ ਅੰਤਮ ਤੁਕ ***"ਗੁਰਮੁਖਿ ਸੁਖ ਫਲ ਦਾਤਿ; ਸਬਦਿ ਸਮ੍ਹਾਲੀਅਨਿ ॥"*** ਨੂੰ ਸਥਾਈ ਬਣਾ ਕੇ ਕੀਰਤਨ ਕਰਨ ਕਿਉਂਕਿ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀਆਂ ਪਾਉੜੀਆਂ ਦਾ ਕੇਂਦਰੀ ਭਾਵ ਅਖੀਰਲੀ ਤੁਕ ਵਿੱਚ ਹੀ ਹੁੰਦਾ ਹੈ।

ਹੋਲੇ ਮਹੱਲੇ ਦੀ ਤਾਰੀਖ਼

ਜਿਸ ਤਰ੍ਹਾਂ ਬੰਦੀ ਛੋੜ ਦਿਵਸ ਦੀ ਇਤਿਹਾਸਕ ਤੌਰ ’ਤੇ ਸਾਡੇ ਪਾਸ ਕੋਈ ਤਾਰੀਖ਼ ਨਹੀਂ ਹੈ ਉਸੇ ਤਰ੍ਹਾਂ ਹੋਲੇ ਮਹੱਲੇ ਦੀ ਵੀ ਸਾਡੇ ਪਾਸ ਕੋਈ ਪ੍ਰਮਾਣਿਕ ਤਾਰੀਖ਼ ਨਹੀਂ ਹੈ। ਜਿਵੇਂ ਕਿ:-

1. ਭਾਈ ਕਾਨ੍ਹ ਸਿੰਘ ਨਾਭਾ ਵੱਲੋਂ ਰਚਿਤ ਮਹਾਨ ਕੋਸ਼ ਵਿੱਚ (ਹੋਲਗੜ੍ਹ ਸਿਰਲੇਖ ਹੇਠ) ਦਰਜ ਹੈ:- ਅਨੰਦਪੁਰ ਦਾ ਇੱਕ ਕਿਲਾ। ਇਸੇ ਥਾਂ ਗੁਰੂ ਗੋਬਿੰਦ ਸਿੰਘ ਜੀ ਨੇ ਦੀਵਾਨ ਲਾ ਕੇ ਸੰਮਤ ੧੭੫੭, ਚੇਤ ਬਦੀ ੧ (ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕੀਤਿਆਂ - ਸ਼ੁੱਕਰਵਾਰ, ੧੭ ਚੇਤ ਸੰਮਤ ੧੭੫੭; 14 ਮਾਰਚ 1701 ਜੂਲੀਅਨ) ਨੂੰ ਹੋਲਾ ਮਹੱਲਾ ਖੇਡ੍ਹਣ ਦੀ ਰੀਤ ਚਲਾਈ।

ਬਹੁਤੇ ਲੇਖਕ ਆਪਣੀਆਂ ਲਿਖਤਾਂ ਵਿੱਚ ਇਹੀ ਤਰੀਖ਼ਾਂ ਲਿਖਦੇ ਹਨ। (ਇਸ ਤਾਰੀਖ਼ ’ਤੇ ਸੰਦੇਹ ਕੀਤਾ ਜਾ ਸਕਦਾ ਹੈ ਕਿ ਕਿਲੇ ਦਾ ਨਾਮ ਹੋਲਗੜ੍ਹ ਰੱਖੇ ਜਾਣਾ ਹੀ ਇਸ ਗੱਲ ਦਾ ਪ੍ਰਤੀਕ ਹੈ ਕਿ ਉਸ ਸਥਾਨ ’ਤੇ ਹੋਲਾ ਮਹੱਲਾ ਪਹਿਲਾਂ ਹੀ ਖੇਡ੍ਹਿਆ ਜਾਂਦਾ ਸੀ।) ਮਹਾਨ ਕੋਸ਼ ਵਿੱਚ ਹੀ ਦਰਜ ਹੈ ਕਿ ਸੰਮਤ ੧੭੪੬ ਵਿੱਚ ਕਲਗੀਧਰ ਨੇ ਇਸ ਨਗਰ (ਅਨੰਦਪੁਰ) ਦੀ ਰੱਖਯਾ ਲਈ ਪੰਜ ਕਿਲੇ (ੳ) ਅਨੰਦਗੜ੍ਹ (ਅ) ਲੋਹਗੜ੍ਹ (ੲ) ਫ਼ਤਹਿਗੜ੍ਹ (ਸ) ਕੇਸਗੜ੍ਹ (ਹ) **ਹੋਲਗੜ੍ਹ** ਦੀ ਉਸਾਰੀ ਕੀਤੀ ਸੀ। ਇਸ ਦਾ ਭਾਵ ਹੈ ਕਿ ਹੋਲਾ ਮਹੱਲਾ ਖੇਡ੍ਹਣ ਦੀ ਰੀਤ ਸੰਮਤ ੧੭੪੬ ਤੋਂ ਪਹਿਲਾਂ ਸ਼ੁਰੂ ਹੋ ਚੁੱਕੀ ਸੀ।)

2. ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ’ਚ (ਮਹੱਲਾ ਸਿਰਲੇਖ ਹੇਠ) ਅਤੇ ਗੁਰਮਤਿ ਮਾਰਤੰਡ (ਭਾਗ ਪਹਿਲਾ ਪੰਨਾ 110 ਉੱਪਰ ਸ਼ਸਤਰ ਵਿਦਿਆ ਸਿਰਲੇਖ ਦੇ ਫੁੱਟ ਨੋਟ) ਦੋਵਾਂ ਹੀ ਪੁਸਤਕਾਂ ਵਿੱਚ ਕੇਵਲ ਚੇਤ ਵਦੀ ੧ ਨੂੰ ਹੋਲਾ ਮਹੱਲਾ ਹੁੰਦਾ ਹੈ ਦਰਜ ਕਰਨ ਤੋਂ ਇਲਾਵਾ ਹੋਰ ਕੋਈ ਵੀ ਸੰਨ ਜਾਂ ਸੰਮਤ ਨਹੀਂ ਲਿਖਿਆ।

3. ਡਾ: ਵਣਜਾਰਾ ਬੇਦੀ ਅਨੁਸਾਰ ਹੋਲੇ ਮਹੱਲੇ ਦਾ ਤਿਉਹਾਰ ਚੇਤ ਵਦੀ ੧, ਸੰਮਤ ੧੭੪੨/1 ਮਾਰਚ 1686 ਤੋਂ ਪਉਂਟਾ ਸਾਹਿਬ ਵਿਖੇ ਮਨਾਉਣਾ ਸ਼ੁਰੂ ਕਰ ਦਿੱਤਾ ਸੀ।

4. ਡਾ: ਹਰਜਿੰਦਰ ਸਿੰਘ ਦਿਲਗੀਰ ਸਿੱਖ ਤਵਾਰੀਖ਼ ਭਾਗ ਪਹਿਲਾ ਦੇ ਪੰਨਾਂ ਨੰ: 301 ’ਤੇ ਲਿਖਦੇ ਹਨ: “3 ਮਾਰਚ 1683 ਦੇ ਦਿਨ ਗੁਰੂ ਸਾਹਿਬ ਨੇ ਚੱਕ ਨਾਨਕੀ ਵਿਚ ਹੋਲਾ ਮਹੱਲਾ ਮਨਾਇਆ। ਇਸ ਮੌਕੇ ’ਤੇ ਘੋੜ-ਦੌੜ, ਕੁਸ਼ਤੀਆਂ, ਗਤਕਾ ਅਤੇ ਮਸਨੂਹੀ ਲੜਾਈਆਂ ਦੇ ਮੁਕਾਬਲੇ ਕਰਵਾਏ ਗਏ। ਇਸ ਰਸਮ ਨੂੰ ਹਿੰਦੂ ਤਿਉਹਾਰ ਹੋਲੀ ਦੇ ਦਿਨਾਂ ਵਿੱਚ ਸ਼ੁਰੂ ਕਰਨਾ ਇੱਕ ਪਾਸੇ ਤਾਂ ਲੋਕਾਂ ਨੂੰ ਹੋਲੀ ਵਿੱਚ ਰੰਗ ਪਾਉਣ ਦੀ ਬੇਹੂਦਾ ਤੇ ਬੇਮਾਅਨਾ ਰਸਮ ਤੋਂ ਹਟਾਉਣਾ ਅਤੇ ਦੂਜੇ ਪਾਸੇ ਸਿੱਖਾਂ ਨੂੰ ਜਿਸਮਾਨੀ ਤੇ ਫ਼ੌਜੀ ਪੱਖੋਂ ਤਕੜੇ ਕਰਨਾ ਵੀ ਸੀ।”

ਨੋਟ: ਭਾਵੇਂ ਡਾ: ਦਿਲਗੀਰ ਨੇ ਕਿਸੇ ਸੋਮੇ ਦਾ ਹਵਾਲਾ ਨਹੀਂ ਦਿੱਤਾ ਪਰ ਗੁਰੂ ਕੀਆਂ ਸਾਖੀਆਂ ਸੰਪਾਦਨਾ ਪ੍ਰੋ: ਪਿਆਰਾ ਸਿੰਘ ਪਦਮ ਨੇ ਸਾਖੀ ਨੰ: 37 (ਪੰਨਾ ਨੰ: 92) ਵਿੱਚ ਕੇਵਲ ਚੇਤ ਵਦੀ ੧ ਲਿਖਿਆ ਹੈ, ਕੋਈ ਸੰਮਤ ਨਹੀਂ ਲਿਖਿਆ। ਇਸ ਦੀਆਂ ਅਗਲੀਆਂ ਪਿਛਲੀਆਂ ਸਾਖੀਆਂ ਦੇ ਹਿਸਾਬ ਸੰਮਤ ੧੭੩੯ ਬਣਦਾ ਹੈ (ਜਿਸ ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕੀਤਿਆਂ ਚੇਤ ਵਦੀ ੧, ਚੇਤ ੫ ਸੰਮਤ ੧੭੩੯; 3 ਮਾਰਚ 1683 ਬਣਦਾ ਹੈ।) ਇਸ ਸਾਖੀ ਵਿੱਚ ਲਿਖਿਆ ਹੈ ਹੋਲੀਆਂ ਤੋਂ ਅਗਲੇ ਦਿਨ ਚੇਤਰ ਵਦੀ ਏਕਮ ਕੇ ਦਿਹੁੰ ਪਿਛਲੇ ਪਹਰ ਸ਼ਸਤਰ ਵਿਦਿਆ ਦੇ ਕਰਤੱਵ ਅਤੇ ਘੋੜ-ਦੌੜ ਹੋਈ। ਸਿੱਖਾਂ ਕੇ ਪੂਛਨੇ ਸੇ ਇਸ ਦਿਹੁੰ ਕਾ ਨਾਮ ‘ਹੋਲਾ ਮਹੱਲਾ’ ਰੱਖਾ। ਇਹ ਦਿਹੁੰ ਹਰ ਸਾਲ ਚੱਕ ਨਾਨਕੀ ਮੇਂ ਮਨਾਇਆ ਜਾਨਾ ਲਾਗਾ। ੩੭।

5. ਅੱਗੇ ਜਾ ਕੇ ਪੰਨਾ ਨੰ: 326 ’ਤੇ ਡਾ: ਦਿਲਗੀਰ ਲਿਖਦਾ ਹੈ: ਗੁਰੂ ਸਾਹਿਬ ਨੇ 3 ਮਾਰਚ ਸੰਨ 1702 ਦੇ ਦਿਨ ***ਇੱਕ ਨਵਾਂ ਤਿਉਹਾਰ*** ‘ਹੋਲਾ ਮਹੱਲਾ’ ਮਨਾਇਆ।

ਨੋਟ: *1.* ***(3 ਮਾਰਚ 1702 ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕੀਤਿਆਂ ਮੰਗਲਵਾਰ, ਫ਼ੱਗਣ ਸੁਦੀ ਪੂਰਨਮਾਸ਼ੀ, ੫ ਚੇਤ ੧੭੫੮। ਫ਼ੱਗਣ ਦੀ ਪੂਰਨਮਾਸ਼ੀ ਨੂੰ ਹਿੰਦੂਆਂ ਦੀ ਹੋਲੀ ਦਾ ਤਿਉਹਾਰ ਹੁੰਦਾ ਹੈ। ਇਸ ਤੋਂ ਅਗਲੇ ਦਿਨ 4 ਮਾਰਚ ਨੂੰ ਤਬਦੀਲ ਕੀਤਿਆਂ ਬੁੱਧਵਾਰ, ਚੇਤ ਵਦੀ ੨, ੬ ਚੇਤ ੧੭੫੮। ਭਾਵ ਉਸ ਸਾਲ ਚੇਤ ਵਦੀ ੧ ਕ਼ੈ ਹੋ ਗਈ ਸੀ ਜਿਵੇਂ ਕਿ 2019 ਵਿੱਚ ਹੋਈ ਸੀ ਜਿਸ ਕਾਰਨ ਨਿਹੰਗ ਸਿੰਘਾਂ ਨੇ ਹੋਲਾ ਮਹੱਲਾ 22 ਮਾਰਚ, ਚੇਤ ਵਦੀ ੨ ਨੂੰ ਮਨਾਇਆ ਜਦੋਂ ਕਿ ਸ਼੍ਰੋਮਣੀ ਕਮੇਟੀ ਨੇ ਆਪਣੇ ਕੈਲੰਡਰ (ਬਿਕਰਮੀ ਕੈਲੰਡਰ) ਮੁਤਾਬਿਕ ਫ਼ੱਗਣ ਦੀ ਪੂਰਨਮਾਸ਼ੀ ਨੂੰ 21 ਮਾਰਚ ਵਾਲੇ ਦਿਨ ਮਨਾਇਆ। ਹੁਣ ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਪਹਿਲੀ ਵਾਰ 3 ਮਾਰਚ 1702 ਨੂੰ ਪੂਰਨਮਾਸ਼ੀ ਵਾਲੇ ਦਿਨ ਹੀ ਹੋਲਾ ਮਹੱਲਾ ਖੇਡ੍ਹਣ ਦੀ ਰੀਤ ਚਲਾਈ ਹੁੰਦੀ ਤਾਂ ਉਸ ਦਿਨ ਹਿੰਦੂਆਂ ਦੀ ਹੋਲੀ ਹੋਣ ਕਰਕੇ ਹੋਲੇ ਮਹੱਲੇ ਨੂੰ ਹੋਲੀ ਤੋਂ ਇੱਕ ਦਿਨ ਪਿੱਛੋਂ ਨਹੀਂ ਕਹਿ ਸਕਦੇ; ਫਿਰ ਤਾਂ ਇਹੀ ਕਹਿਣਾ ਪਵੇਗਾ ਕਿ ਹੋਲੀ ਵਾਲੇ ਦਿਨ ਸਿੱਖ ਹੋਲਾ ਮਹੱਲਾ ਮਨਾਉਂਦੇ ਹਨ। ਪਰ ਜੇ ਮੰਨ ਲਿਆ ਜਾਵੇ ਕਿ ਡਾ: ਦਿਲਗੀਰ ਤੋਂ ਤਾਰੀਖ਼ਾਂ ਦੀ ਤਬਦੀਲੀ ਕਰਦੇ ਸਮੇਂ ਗਲਤੀ ਨਾਲ 3 ਮਾਰਚ ਲਿਖਿਆ ਗਿਆ ਅਸਲ ਵਿੱਚ ਉਹ 4 ਮਾਰਚ ਲਿਖਣਾ ਚਾਹੁੰਦੇ ਸਨ ਤਾਂ ਉਸ ਸਾਲ 4 ਮਾਰਚ ਨੂੰ ਚੇਤ ਵਦੀ ੧ ਨਹੀਂ ਬਲਕਿ ਚੇਤ ਵਦੀ ੨ ਸੀ। ਇਸ ਲਈ ਇਹ ਕਹਿਣਾ ਅਤੇ ਲਿਖਣਾ ਗਲਤ ਹੋਵੇਗਾ ਕਿ ਹੋਲੀ ਤੋਂ ਇੱਕ ਦਿਨ ਬਾਅਦ ਚੇਤ ਵਦੀ ੧ ਨੂੰ ਸਿੱਖਾਂ ਦਾ ਹੋਲਾ ਮਹੱਲਾ ਹੁੰਦਾ ਹੈ ਕਿਉਂਕਿ ਪਹਿਲੀ ਵਾਰ ਤਾਂ ਇਹ ਚੇਤ ਵਦੀ ੨ ਨੂੰ ਮਨਾਇਆ ਗਿਆ ਸੀ ਇਸ ਲਈ ਹੋਲਾ ਮਹੱਲੇ ਦੀ ਤਾਰੀਖ਼ ਚੇਤ ਵਦੀ ੨ ਹੀ ਨਿਸਚਿਤ ਕਰਨੀ ਪਵੇਗੀ।)***

ਨੋਟ: 2. ਭਾਵੇਂ ਇੱਥੇ ਵੀ ਡਾ: ਦਿਲਗੀਰ ਨੇ ਕਿਸੇ ਸੋਮੇ ਦਾ ਹਵਾਲਾ ਨਹੀਂ ਦਿੱਤਾ ਪਰ ਗੁਰੂ ਕੀਆਂ ਸਾਖੀਆਂ ਦੀ ਪੁਸਤਕ ਦੇ ਪੰਨਾ ਨੰ: 143, ਸਾਖੀ ਨੰ: 93 “ਸਾਖੀ ਕਿਲਾ ਅਨੰਦਗੜ੍ਹ ਸੇ ਹੋਲਾ ਮਹੱਲਾ ਚਢਨੇ ਕੀ

ਚਾਲੀ" ਸਿਰਲੇਖ ਹੇਠ ਬਹੁਤ ਲੰਬਾ ਚੌੜਾ ਪ੍ਰਸੰਗ ਲਿਖਿਆ ਹੈ ਜਿਸ ਵਿੱਚੋਂ ਕੇਵਲ ਟੂਕ ਮਾਤਰ ਕੁਝ ਸਤਰਾਂ ਇਸ ਤਰ੍ਹਾਂ ਹਨ:- "ਇਸੀ ਵਰਖ (ਇਸ ਸਾਖੀ ਤੋਂ ਪਹਿਲੀ ਸਾਖੀ ਨੰ: 92 ਵਿੱਚ ਸੰਮਤ ਸਤਰਾਂ ਸੈ ਅਠਾਵਨ ਲਿਖਿਆ ਹੈ ਇਸ ਲਈ ਇਸੀ ਵਰਖ ਦਾ ਭਾਵ ਸੰਮਤ ੧੭੫੮ ਹੈ।) ਪਿਛਲੇ ਸਾਲ ਕੀ ਤਰਹ ਹੋਲੀਆਂ ਕੇ ਦਿਹੁੰ ਮੇਂ ਕਿਲਾ ਹੋਲਗੜ੍ਹ ਕੇ ਨਜ਼ਦੀਕ ਬੜੀ ਚਹਿਲ ਪਹਿਲ ਹੋਈ। ਖ਼ਾਲਸਾ ਆਪਸ ਮੇਂ ਟੋਲੀਆਂ ਬਨਾਏ ਫਲਗੁਨ ਸੁਦੀ ਅਸ਼ਟਮੀ ਸੇ ਪੂਰਨਮਾ ਤੱਕ ਹੋਲੀ ਖੇਲਨੇ ਲਾਗਾ। .... ਅਗਲੇ ਦਿਵਸ ਚੇਤ ਵਦੀ ਏਕਮ ਕੇ ਦਿਹੁੰ ਤੀਜੇ ਪਹਰ ਗੁਰੂ ਜੀ ਕਾ ਬਚਨ ਪਾਇ ਸਾਰੇ ਸਿੱਖ ਕਿਲਾ ਅਨੰਦਗੜ ਕੇ ਸਾਮ੍ਹੇ ਆਏ। (ਸੰਮਤ ੧੭੫੮ ਵਿੱਚ ਹੋਲੀ ਫ਼ੱਗਣ ਸੁਦੀ ਪੂਰਨਮਾਸ਼ੀ, 3 ਮਾਰਚ 1702 ਨੂੰ ਸੀ। ਜਿਸ ਤਰ੍ਹਾਂ ਉੱਪਰ ਦੱਸਿਆ ਗਿਆ ਹੈ ਸੰਮਤ ੧੭੫੮ ਵਿੱਚ ਚੇਤ ਵਦੀ 1 ਵੀ 3 ਮਾਰਚ 1702 ਨੂੰ ਹੀ ਸੀ। ਅਗਲੇ ਦਿਨ 4 ਮਾਰਚ ਨੂੰ ਚੇਤ ਵਦੀ ੧ ਨਹੀਂ ਬਲਕਿ ਚੇਤ ਵਦੀ ੨ ਸੀ। ਇਸ ਲਈ ਅਗਲਾ ਦਿਨ ਲਿਖਿਆ ਜਾਣਾ ਢੁਕਵਾਂ ਨਹੀਂ ਹੈ।)

ਇਸ ਤੋਂ ਸਿੱਧ ਹੁੰਦਾ ਹੈ ਡਾ: ਦਿਲਗੀਰ ਨੇ ਭਾਵੇਂ ਹਵਾਲਾ ਨਹੀਂ ਦਿੱਤਾ ਪਰ ਉਨ੍ਹਾਂ ਨੇ ਹੋਲੇ ਮਹੱਲੇ ਦੀਆਂ ਦੋਵੇ ਤਾਰੀਖ਼ਾਂ 3 ਮਾਰਚ 1683 ਅਤੇ 3 ਮਾਰਚ 1702 ਗੁਰੁ ਕੀਆਂ ਸਾਖੀਆਂ ਪੁਸਤਕਾਂ ਵਿੱਚੋਂ ਹੀ ਲਈਆਂ ਹਨ। ਇੱਕੋ ਹੀ ਲੇਖਕ ਵੱਲੋਂ ਇੱਕ ਹੀ ਤਿਉਹਾਰ ਸ਼ੁਰੂ ਹੋਣ ਦੀਆਂ ਦੋ ਵੱਖ ਵੱਖ ਤਾਰੀਖ਼ਾਂ ਲਿਖੇ ਜਾਣਾ ਸਿੱਧ ਕਰਦਾ ਹੈ ਕਿ ਹੋਲਾ ਮਹੱਲਾ ਸ਼ੁਰੂ ਹੋਣ ਦੀਆਂ ਤਾਰੀਖ਼ਾਂ ਸਬੰਧੀ ਉਸ ਨੂੰ ਪੂਰਨ ਜਾਣਕਾਰੀ ਨਹੀਂ ਹੈ।

6. ਸੂਰਜ ਪ੍ਰਕਾਸ਼ ਦੀ ਰੁੱਤ ੩ ਅੰਸੂ ੨ ਵਿੱਚ ਹੋਲੇ ਮਹੱਲੇ ਦਾ ਜ਼ਿਕਰ ਇੰਝ ਕੀਤਾ ਹੈ: "ਆਯੋ ਫਾਗੁਣ ਮਾਸ ਸੁਹਾਵਤਿ। ਗਾਵਤਿ ਰਿਦੈ ਪ੍ਰਮੋਦ ਬਧਾਵਤਿ। ਸਭ ਮਹਿਂ ਕਰਿ ਬਸੰਤ ਪਰਧਾਨ। ਅਪਰ ਰਾਗ ਸਭਿ ਗਾਇਂ ਸੁਜਾਨ ॥ ੨ ॥ ਪੁਰਿ ਅਨੰਦ ਆਨੰਦ ਬਿਲੰਦਯੋ । ਜਹਿਂ ਕਹਿਂ ਗਾਵਹਿਂ ਗੁਰ ਪਦ ਬੰਦਯੋ । **ਚਲਿ ਆਯਹੁ ਹੋਲੇ ਕਾ ਮੇਲਾ ।** ਚਹੁੰ ਦਿਸ਼ਿ ਤੇ ਨਰ ਭਏ ਸਕੇਲਾ ॥ ੩ ॥"

ਨੋਟ: '**ਚਲਿ ਆਯਹੁ ਹੋਲੇ ਕਾ ਮੇਲਾ।**' (ਇਸ ਤੁਕ ਦਾ ਭਾਵ ਹੈ ਕਿ ਹੋਲੇ ਦਾ ਮੇਲਾ ਪਹਿਲਾਂ ਹੀ ਪ੍ਰਚਲਤ ਸੀ ਜਿਸ ਮੇਲੇ 'ਤੇ ਸਿੱਖ ਚਹੁੰ ਦਿਸ਼ਾਵਾਂ ਤੋਂ ਆ ਕੇ ਇਕੱਠੇ ਹੋਏ। ਭਾਵੇਂ ਇੱਥੇ ਸੰਮਤ ਦਾ ਜ਼ਿਕਰ ਨਹੀਂ ਕੀਤਾ ਪਰ ਇਸ ਤੋਂ ਪਿਛਲੀ ਰੁੱਤ ੨, ਦਾ (ਆਖਰੀ) ਅੰਸੂ ੫੦ ਵਿੱਚ ਸਭ ਤੋਂ ਛੋਟੇ ਸਾਹਿਬਜ਼ਾਦੇ ਦਾ ਜਨਮ ਸੰਮਤ ੧੭੫੫, ਲਿਖਿਆ ਹੈ। ਅੰਮ੍ਰਿਤ ਛਕਾਉਣ ਦਾ ਜ਼ਿਕਰ ਇਸ ਤੋਂ ਪਿੱਛੋਂ ਰੁੱਤ ੩, ਅੰਸੂ ੧੯ ਵਿੱਚ ਦਰਜ ਹੈ। ਇਸ ਲਈ ਇਨ੍ਹਾਂ ਦੋਵਾਂ ਤਾਰੀਖ਼ਾਂ ਦੇ ਵਿਚਕਾਰ ਚੇਤ ਵਦੀ ੧, ਸੰਮਤ ੧੭੫੫ ਦੀ ਹੀ ਹੋ ਸਕਦੀ ਹੈ। ਇਸ ਨੂੰ ਜੂਲੀਅਨ ਤਾਰੀਖ਼ਾਂ ਵਿੱਚ ਬਦਲਣ 'ਤੇ ਇਹ 6 ਮਾਰਚ 1699 ਬਣਦਾ ਹੈ। ਜਿਸ ਦਾ ਸਾਫ ਭਾਵ ਹੈ ਕਿ ਹੋਲਾ ਮਹੱਲਾ 1699 ਦੀ ਵੈਸਾਖੀ ਤੋਂ ਪਹਿਲਾਂ ਸ਼ੁਰੂ ਹੋ ਚੁੱਕਾ ਸੀ।)

7. 'ਜੀਵਨ- ਬ੍ਰਿਤਾਂਤ ਸ੍ਰੀ ਗੁਰੂ ਗੋਬਿੰਦ ਸਿੰਘ' 'ਚ ਸਭ ਤੋਂ ਪਹਿਲਾਂ ਹੋਲਾ ਮਹੱਲਾ ਮਨਾਏ ਜਾਣ ਦਾ ਭਾਵੇਂ ਪ੍ਰੋ: ਸਾਹਿਬ ਸਿੰਘ ਨੇ ਵੀ ਕੋਈ ਸੰਮਤ ਨਹੀਂ ਲਿਖਿਆ ਪਰ ਚੱਲ ਰਹੇ ਪ੍ਰਸੰਗਾਂ ਦੀ ਲੜੀ ਵਿੱਚ ਉਨ੍ਹਾਂ ਨੇ ਵੀ ਹੋਲੇ ਦਾ ਪ੍ਰਸੰਗ 1699 ਦੀ ਵੈਸਾਖੀ ਤੋਂ ਪਹਿਲਾਂ ਹੀ ਦਰਜ ਕੀਤਾ ਹੈ।

ਨੋਟ: ਦੂਸਰਾ ਨੁਕਤਾ ਇਹ ਹੈ ਕਿ ਉਨ੍ਹਾਂ ਮੁਤਾਬਿਕ ਅਨੰਦਪੁਰ ਦੀ ਪਹਿਲੀ ਲੜਾਈ 1701 ਦੇ ਸ਼ੁਰੂ ਵਿੱਚ ਦੂਸਰੀ ਲੜਾਈ ਨਵੰਬਰ 1701 ਵਿੱਚ ਹੋਈ। 1704 ਤੱਕ ਤਿੰਨ ਹੋਰ ਵੱਡੀਆਂ ਲੜਾਈਆਂ ਹੋਣ ਤੋਂ ਇਲਾਵਾ ਇਸ ਸਮੇਂ ਦੌਰਾਨ ਹੋਰ ਛੋਟੀਆਂ ਮੋਟੀਆਂ ਝੜਪਾਂ ਵੀ ਹੁੰਦੀਆਂ ਰਹੀਆਂ। ਲੜਾਈਆਂ ਦਾ ਇਹ ਸਮਾਂ ਸਿੱਧ ਕਰਦਾ ਹੈ ਕਿ ਜਦੋਂ ਇਸ ਸਮੇਂ ਦੌਰਾਨ ਤਾਂ ਅਸਲੀ ਲੜਾਈਆਂ ਹੀ ਚੱਲ ਰਹੀਆਂ ਸਨ ਤਾਂ ਉਸ ਸਮੇਂ ਦੌਰਾਨ ਮਨਸੂਹੀ ਲੜਾਈਆਂ ਦੇ ਅਭਿਆਸ ਲਈ ਕਿਸੇ ਵੱਡੇ ਮੇਲੇ ਦਾ ਆਜੋਯਨ ਕਰਨਾ ਫ਼ਬਦਾ ਨਹੀਂ ਸੋ ਲਾਜ਼ਮੀ ਤੌਰ 'ਤੇ ਮਨਸੂਈ ਯੁੱਧਾਂ ਦੇ ਅਭਿਆਸ ਲਈ ਹੋਲੇ ਮਹੱਲੇ ਦਾ ਤਿਉਹਾਰ 1699 ਦੀ ਵੈਸਾਖੀ ਤੋਂ ਪਹਿਲਾਂ ਹੀ ਸ਼ੁਰੂ ਕੀਤਾ ਹੋਵੇਗਾ ਜੋ ਪ੍ਰਵਿਸ਼ਟਾ ੧ ਚੇਤ, ਚੇਤ ਵਦੀ ੧ ਸੰਮਤ ੧੭੫੩; 26 ਫ਼ਰਵਰੀ 1697 ਵੀ ਹੋ ਸਕਦਾ ਹੈ।

ਉਪਰੋਕਤ ਸਾਰਿਆਂ ਨੂੰ ਵੇਖ ਕੇ ਸਾਡੇ ਪਾਸ ਜੋ ਸੰਨ ਅਤੇ ਸੰਮਤ ਮਿਲਦੇ ਹਨ ਉਹ ਇਸ ਤਰ੍ਹਾਂ ਹਨ:

ਸੰਮਤ ੧੭੩੯ ਬਿਕਰਮੀ/ ਸੰਨ 1683 ਜੂਲੀਅਨ (ਅ) ਸੰਮਤ ੧੭੪੨ ਬਿਕਰਮੀ/ ਸੰਨ 1686 (ੲ) ਸੰਮਤ ੧੭੫੬/ ਸੰਨ 1699 ਦੀ ਵੈਸਾਖੀ ਤੋਂ ਤਕਰੀਬਨ ਇੱਕ ਮਹੀਨਾ ਪਹਿਲਾਂ (ਸ) ਸੰਮਤ ੧੭੫੭ ਬਿਕਰਮੀ/ ਸੰਨ 1701 ਜੂਲੀਅਨ (ਹ) ਸੰਮਤ ੧੭੫੮ ਬਿਕਰਮੀ/ ਸੰਨ 1702 ਜੂਲੀਅਨ।

(ਭਾਵੇਂ ਡਾ: ਦਿਲਗੀਰ ਨੇ ਹੋਲਾ ਮਹੱਲਾ ਦੀਆਂ ਆਪਣੇ ਵੱਲੋਂ ਦਰਜ ਕੀਤੀਆਂ ਦੋਵੇਂ ਹੀ ਤਾਰੀਖ਼ਾਂ ਦੇ ਸਮਰਥਨ ਵਿੱਚ ਕੋਈ ਸੋਮਾ ਨਹੀਂ ਦਿੱਤਾ ਪਰ ਉਨ੍ਹਾਂ ਦੇ ਇਤਿਹਾਸ ਦਾ ਮੂਲ ਸੋਮਾ ਹੀ ਭੱਟ ਵਹੀਆਂ ਹਨ। ਜੇ ਕਰ ਉਨ੍ਹਾਂ ਇਹ ਤਾਰੀਖ਼ਾਂ ਭੱਟ ਵਹੀਆਂ ਵਿੱਚੋਂ ਹੀ ਲਿਖੀਆਂ ਹਨ ਤਾਂ ਇਸ ਦਾ ਭਾਵ ਹੈ ਕਿ ਭੱਟ ਵਹੀਆਂ ਕਈ ਪ੍ਰਕਾਰ ਦੀਆਂ ਹਨ ਜਿਨ੍ਹਾਂ ਵਿੱਚ ਇੱਕ ਹੀ ਘਟਨਾ ਦੀਆਂ ਵੱਖ ਵੱਖ ਤਾਰੀਖ਼ਾਂ ਲਿਖੀਆਂ ਹਨ। ਜੇ ਐਸਾ ਹੈ ਤਾਂ ਕਿਸ ਵਹੀ ਨੂੰ ਸਹੀ ਮੰਨਿਆ ਜਾਵੇ ਇਹ ਇੱਕ ਵੱਡੀ ਸਮੱਸਿਆ ਹੈ।)

ਉਪਰੋਕਤ ਸਾਰੀਆਂ ਤਾਰੀਖ਼ਾਂ ਵਿੱਚੋਂ ਕਿਹੜੀ ਠੀਕ ਹੈ ਅਤੇ ਕਿਹੜੀ ਗਲਤ ਇਸ ਦਾ ਨਿਤਾਰਾ ਕਿਵੇਂ ਕੀਤੇ ਜਾਵੇ? ਇਸ ਲਈ ਠੀਕ ਗਲਤ ਦੇ ਚੱਕਰ ਵਿੱਚ ਨਾ ਪੈਂਦੇ ਹੋਏ ਆਓ ਇਹ ਵੀਚਾਰ ਕਰੀਏ ਕਿ ਭਾਰਤੀ ਸਭਿਆਚਾਰ ਵਿੱਚ ਕਿਹੜੇ ਕਿਹੜੇ ਤਿਉਹਾਰ ਕਿਹੜੀਆਂ ਕਿਹੜੀਆਂ ਰੁੱਤਾਂ ਵਿੱਚ ਮਨਾਏ ਜਾਂਦੇ ਹਨ; ਉਸ ਹਿਸਾਬ ਨਾਲ ਹੋਲੀ ਹਿਮਕਰ (ਬਰਫ਼ਾਨੀ) ਰੁੱਤ ਦੀ ਸਮਾਪਤੀ ਅਤੇ ਬਸੰਤ ਰੁੱਤ ਦੀ ਆਮਦ ਦਾ ਸੁਨੇਹਾ ਦੇਣ ਵਾਲਾ ਤਿਉਹਾਰ ਹੈ। ਦੂਸਰਾ ਇਹ ਬਿਕਰਮੀ ਚੰਦਰ ਸਾਲ ਦੇ ਅਖੀਰਲੇ ਦਿਨ ਮਨਾਈ ਜਾਂਦੀ ਹੈ। (ਪੁਰਾਤਨ ਭਾਰਤ ਵਿੱਚ ਸੂਰਜੀ/ਚੰਦਰ ਕੈਲੰਡਰ (Lunisolar calendar) ਲਾਗੂ ਸੀ। ਸੂਰਜੀ ਕੈਲੰਡਰ ਦੇ 12 ਮਹੀਨੇ ਹੁੰਦੇ ਹਨ ਅਤੇ ਪਹਿਲਾ ਵੈਸਾਖ ਅਤੇ ਅਖੀਰਲਾ ਮਹੀਨਾ ਚੇਤ ਹੁੰਦਾ ਹੈ ਜਦੋਂ ਕਿ ਚੰਦਰ ਕੈਲੰਡਰ ਵਿੱਚ ਉਨ੍ਹਾਂ ਹੀ ਨਾਵਾਂ ਵਾਲੇ 12 ਮਹੀਨੇ ਹੁੰਦੇ ਹਨ ਜਿਸ ਦਾ ਪਹਿਲਾ ਮਹੀਨਾ ਚੇਤ ਅਤੇ ਅਖੀਰਲਾ ਫ਼ੱਗਣ ਹੁੰਦਾ ਹੈ। ਚੰਦਰ ਸਾਲ ਦੇ ਹਰ ਮਹੀਨੇ ਵਿੱਚ 2 ਪੱਖ - ਸੁਦੀ ਪੱਖ ਅਤੇ ਵਦੀ ਪੱਖ ਹੁੰਦੇ ਹਨ। ਅਮਾਵਸ ਤੋਂ ਬਾਅਦ

ਸੁਦੀ ਪੱਖ ਸ਼ੁਰੂ ਹੁੰਦਾ ਹੈ ਜਿਸ ਨੂੰ ਚਾਨਣਾ ਪੱਖ ਕਿਹਾ ਜਾਂਦਾ ਹੈ; ਇਸ ਪੱਖ ਵਿਚ ਚੰਦਰਮਾ ਥੋਹੜਾ ਥੋਹੜਾ ਕਰਕੇ ਵਧਦਾ ਜਾਂਦਾ ਹੈ ਅਤੇ ਪੂਰਨਮਾਸ਼ੀ (ਪੂਰਾ ਚੰਦ) ਹੋਣ ਤਕ 14/15 ਦਿਨ ਲੱਗ ਜਾਂਦੇ ਹਨ। ਪੂਰਨਮਾਸ਼ੀ ਤੋਂ ਬਾਅਦ ਵਦੀ ਪੱਖ ਅਰੰਭ ਹੁੰਦਾ ਹੈ ਜਿਸ ਨੂੰ ਹਨੇਰਾ ਪੱਖ ਕਹਿੰਦੇ ਹਨ। ਇਸ ਪੱਖ ਵਿਚ ਚੰਦਰਮਾ ਥੋਹੜਾ ਥੋਹੜਾ ਕਰਕੇ ਘਟਦਾ ਜਾਂਦਾ ਹੈ ਜੋ 14/15 ਦਿਨ ਪਿੱਛੋਂ ਅਮਾਵਸ (ਨਵਾਂ ਚੰਦਰਮਾ) ਤਕ ਪਹੁੰਚ ਜਾਂਦਾ ਹੈ। ਚੰਦਰ ਕੈਲੰਡਰ ਦੇ ਮਹੀਨੇ ਦੋ ਕਿਸਮਾਂ ਦੇ ਹੁੰਦੇ ਹਨ, ਅਮੰਤਾ ਅਤੇ ਪੂਰਨਮੰਤਾ। ਅਮੰਤਾ ਮਹੀਨੇ (ਜਿਸ ਦਾ ਅਰਥ ਹੈ ਅਮਾਵਸ-ਅੰਤ) ਅਮਾਵਸ (ਨਵਾਂ ਚੰਦ) ਤੋਂ ਅਮਾਵਸ ਤੱਕ, ਜਦੋਂ ਕਿ ਪੂਰਨਮੰਤਾ (ਜਿਸ ਦਾ ਅਰਥ ਪੂਰਨਮਾਸ਼ੀ-ਅੰਤ) ਮਹੀਨੇ ਪੂਰਨਮਾਸ਼ੀ ਤੋਂ ਪੂਰਨਮਾਸ਼ੀ (ਪੂਰੇ ਚੰਦਰਮਾ) ਤੱਕ ਹੁੰਦੇ ਹਨ।

ਪੰਜਾਬ ਸਮੇਤ ਬਹੁਤੇ ਉੱਤਰੀ ਭਾਰਤ ਵਿੱਚ ਪੂਰਨਮੰਤਾ ਪ੍ਰਣਾਲੀ ਵਰਤੀ ਜਾ ਰਹੀ ਹੈ, ਜਦੋਂ ਕਿ ਦੱਖਣੀ ਭਾਰਤ ਵਿੱਚ ਅਮੰਤਾ ਸਿਸਟਮ ਵਰਤਿਆ ਗਿਆ ਹੈ। ਪੰਜਾਬ ਦੇ ਨਿਯਮਾਂ ਅਨੁਸਾਰ ਚੇਤ ਦਾ ਮਹੀਨਾ ਵੰਡਿਆ ਜਾਂਦਾ ਹੈ ਭਾਵ ਪਹਿਲਾ ਅੱਧਾ ਭਾਗ (ਵਦੀ ਪੱਖ) ਪਿਛਲੇ ਸਾਲ ਵਿੱਚ ਰਹਿ ਜਾਂਦਾ ਹੈ ਅਤੇ ਦੂਸਰਾ ਅੱਧਾ ਭਾਗ (ਸੁਦੀ ਪੱਖ) ਨਵੇਂ ਸਾਲ ਵਿੱਚ ਕਿਉਂਕਿ ਨਵਾਂ ਸਾਲ ਚੇਤ ਸੁਦੀ ੧ ਤੋਂ ਸ਼ੁਰੂ ਹੁੰਦਾ ਹੈ। ਚੇਤ ਦੀ ਪੂਰਨਮਾਸ਼ੀ 'ਤੇ ਚੇਤ ਦਾ ਮਹੀਨਾ ਪੂਰਾ ਹੋਣ ਤੋਂ ਬਾਅਦ ਵੈਸਾਖ ਦਾ ਮਹੀਨਾ ਵਦੀ ੧ ਤੋਂ ਸ਼ੁਰੂ ਹੋ ਜਾਂਦਾ ਹੈ। ਪਰ ਦੱਖਣੀ ਭਾਰਤ ਵਿੱਚ ਇਸ ਤਰ੍ਹਾਂ ਨਹੀਂ ਹੁੰਦਾ। ਦੱਖਣੀ ਭਾਰਤ ਵਿੱਚ ਪ੍ਰਕਾਸ਼ਤ ਜੰਤਰੀਆਂ ਵਿੱਚ ਫ਼ੱਗਣ ਦੀ ਮੱਸਿਆ ਨੂੰ ਸਾਲ ਸਮਾਪਤ ਹੋ ਜਾਂਦਾ ਤੇ ਨਵਾਂ ਸਾਲ ਚੇਤ ਸੁਦੀ ੧ ਤੋਂ ਸ਼ੁਰੂ ਹੁੰਦਾ ਹੈ। ਚੇਤਰ ਮਹੀਨੇ ਦੀ ਪੂਰਨਮਾਸ਼ੀ ਤੋਂ ਬਾਅਦ ਚੇਤ ਵਦੀ ਮੱਸਿਆ 'ਤੇ ਮਹੀਨਾ ਖਤਮ ਹੋ ਕੇ ਫਿਰ ਵੈਸਾਖ ਸੁਦੀ ਪੱਖ ਸ਼ੁਰੂ ਹੁੰਦਾ ਹੈ। ਨਤੀਜਾ ਇਹ ਨਿਕਲਿਆ ਕਿ ਸੁਦੀ ਪੱਖ ਤਾਂ ਦੱਖਣੀ ਭਾਰਤ ਅਤੇ ਉੱਤਰੀ ਭਾਰਤ ਵਿੱਚ ਬਰਾਬਰ ਬਰਾਬਰ ਚਲਦੇ ਹਨ ਪਰ ਵਦੀ ਪੱਖ ਵਿੱਚ ਇੱਕ ਮਹੀਨੇ ਦਾ ਫ਼ਰਕ ਹੁੰਦਾ ਹੈ ਭਾਵ ਉੱਤਰੀ ਭਾਰਤ ਦੇ ਵੈਸਾਖ ਵਦੀ ਪੱਖ ਦੇ ਬਰਾਬਰ ਦੱਖਣੀ ਭਾਰਤ ਦਾ ਚੇਤ ਵਦੀ ਪੱਖ; ਉੱਤਰੀ ਭਾਰਤ ਦੇ ਜੇਠ ਵਦੀ ਪੱਖ ਦੇ ਬਰਾਬਰ ਦੱਖਣੀ ਭਾਰਤ ਦਾ ਵੈਸਾਖ ਵਦੀ ਪੱਖ; ਅਤੇ ਇਸੇ ਤਰ੍ਹਾਂ ਚਲਦਾ ਚਲਦਾ ਸਾਲ ਦਾ ਆਖਰੀ ਮਹੀਨਾ ਉੱਤਰੀ ਭਾਰਤ ਦੇ ਚੇਤ ਵਦੀ ਪੱਖ ਦੇ ਬਰਾਬਰ ਦੱਖਣੀ ਭਾਰਤ ਦਾ ਫ਼ੱਗਣ ਵਦੀ ਪੱਖ ਜਿਵੇਂ ਕਿ ਹੇਠਾਂ ਬਣਾਈ ਸਾਰਣੀ ਤੋਂ ਸਪਸ਼ਟ ਹੈ:-

ਇਹ ਹਮੇਸ਼ਾਂ ਅਜਿਹਾ ਨਹੀਂ ਸੀ ਹੁੰਦਾ। ਉੱਤਰੀ ਭਾਰਤ ਵਿੱਚ, ਹਾਲਾਂਕਿ ਮਹੀਨੇ ਪੂਰਨਮੰਤੇ ਸਨ ਪਰ ਚੇਤ ਦਾ ਮਹੀਨਾ ਵੰਡਿਆ ਨਹੀਂ ਸੀ ਜਾਂਦਾ ਅਤੇ ਸਾਲ ਫ਼ੱਗਣ ਸੁਦੀ ੧੫ ਯਾਨੀ ਪੂਰਨਮਾਸ਼ੀ ਨੂੰ ਖਤਮ ਹੋਇਆ ਕਰਦਾ ਸੀ। ਇਸ ਹਿਸਾਬ ਨਾਲ ਹੋਲੀ ਦਾ ਤਿਉਹਾਰ ਸਾਲ ਦੇ ਆਖਰੀ ਦਿਨ ਫ਼ੱਗਣ ਸੁਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਸੀ। ਅਗਲੇ ਦਿਨ ਚੇਤ ਵਦੀ ੧ ਤੋਂ ਨਵਾਂ ਸਾਲ ਸ਼ੁਰੂ ਹੋ ਜਾਵੇਗਾ।

ਕਲੰਡਰ ਸੁਧਾਰ ਕਮੇਟੀ ਦੀ ਰੀਪੋਰਟ, ਭਾਰਤ ਸਰਕਾਰ, 1955, ਪੰ: 161 ਵਿੱਚ ਵੀ ਇਹੋ ਤੱਥ ਇਸ ਤਰ੍ਹਾਂ ਸਪਸ਼ਟ ਕੀਤਾ ਗਿਆ ਹੈ:-

"ਹਿੰਦੀ ਕਲੰਡਰ ਵਿੱਚ ਨਾਗਰਕ ਮਨੋਰਥਾਂ ਲਈ ਪੁੰਨਿਆਂ ਨੂੰ ਖ਼ਤਮ ਹੋਣ ਵਾਲੇ ਮਹੀਨੇ ਵਰਤੇ ਜਾਂਦੇ ਹਨ — ਕਿਉਂਕਿ ਇਹ ਮਹੀਨੇ ਗੌਣਮਾਨ ਹਨ ਇਸ ਲਈ ਮਹੀਨੇ ਦਾ 'ਵਦੀ' ਵਾਲਾ ਅੱਧਾ ਭਾਗ ਪਹਿਲੋਂ ਆਉਂਦਾ ਹੈ ਇਸ ਪਿੱਛੋਂ ਸੁਦੀ ਵਾਲਾ ਅੱਧ ਆਉਂਦਾ ਹੈ। ਇਸ ਲਈ ਸਾਲ ਦਾ ਅਖ਼ੀਰੀ ਦਿਨ ਪੁੰਨਿਆਂ ਦਾ ਹੁੰਦਾ ਹੈ ਅਤੇ ਪ੍ਰਾਚੀਨ ਭਾਰਤੀ ਰਵਾਇਤ ਅਨੁਸਾਰ ਇਹ ਫਾਲਗੁਨੀ ਪੂਰਣਿਮਾਂ (ਜਾਂ ਹੋਲੀ) ਹੁੰਦੀ ਹੈ। ਤੁਜ਼ਕ-ਏ-ਜਹਾਂਗੀਰੀ ਵਿੱਚ ਅੰਕਤ ਹੈ ਕਿ ਸਾਲ ਦੇ ਆਖਰੀ ਦਿਨ ਹੋਲੀ ਹੁੰਦੀ ਹੈ:-

"Thursday is the Holi, which in their belief is the last day of the year." — Tuuzk-I-Jahangiri or Memoirs of

ਪੱਖ	ਪੰਜਾਬ ਪੂਰਨਮੰਤਾ	ਦੱਖਣੀ ਭਾਰਤ ਅਮੰਤਾ
0	ਚੇਤ ਵਦੀ (ਪਿਛਲੇ ਸਾਲ)	ਫ਼ੱਗਣ ਵਦੀ (ਪਿਛਲੇ ਸਾਲ)
1	ਚੇਤ ਸੁਦੀ (ਨਵਾਂ ਸਾਲ ਚੇਤ ਸੁਦੀ ੧ ਤੋਂ)	ਚੇਤ ਸੁਦੀ (ਨਵਾਂ ਸਾਲ ਚੇਤ ਸੁਦੀ ੧ ਤੋਂ)
2	ਵੈਸਾਖ ਵਦੀ	ਚੇਤ ਵਦੀ
3	ਵੈਸਾਖ ਸੁਦੀ	ਵੈਸਾਖ ਸੁਦੀ
4	ਜੇਠ ਵਦੀ	ਵੈਸਾਖ ਵਦੀ
5	ਜੇਠ ਸੁਦੀ	ਜੇਠ ਸੁਦੀ
6	ਹਾੜ ਵਦੀ	ਜੇਠ ਵਦੀ
7	ਹਾੜ ਸੁਦੀ	ਹਾੜ ਸੁਦੀ
8	ਸਾਵਣ ਵਦੀ	ਹਾੜ ਵਦੀ
9	ਸਾਵਣ ਸੁਦੀ	ਸਾਵਣ ਸੁਦੀ
10	ਭਾਦੋਂ ਵਦੀ	ਸਾਵਣ ਵਦੀ
11	ਭਾਦੋਂ ਸੁਦੀ	ਭਾਦੋਂ ਸੁਦੀ
12	ਆਸੂ ਵਦੀ	ਭਾਦੋਂ ਵਦੀ
13	ਆਸੂ ਸੁਦੀ	ਆਸੂ ਸੁਦੀ
14	ਕੱਤਕ ਵਦੀ	ਆਸੂ ਵਦੀ
15	ਕੱਤਕ ਸੁਦੀ	ਕੱਤਕ ਸੁਦੀ
16	ਮੱਘਰ ਵਦੀ	ਕੱਤਕ ਵਦੀ
17	ਮੱਘਰ ਸੁਦੀ	ਮੱਘਰ ਸੁਦੀ
18	ਪੋਹ ਵਦੀ	ਮੱਘਰ ਵਦੀ
19	ਪੋਹ ਸੁਦੀ	ਪੋਹ ਸੁਦੀ
20	ਮਾਘ ਵਦੀ	ਪੋਹ ਵਦੀ
21	ਮਾਘ ਸੁਦੀ	ਮਾਘ ਸੁਦੀ
22	ਫ਼ੱਗਣ ਵਦੀ	ਮਾਘ ਵਦੀ
23	ਫ਼ੱਗਣ ਸੁਦੀ	ਫ਼ੱਗਣ ਸੁਦੀ
24	ਚੇਤ ਵਦੀ (ਚੰਦਰ ਸਾਲ ਦਾ ਆਖਰੀ ਪੱਖ)	ਫ਼ੱਗਣ ਵਦੀ (ਚੰਦਰ ਸਾਲ ਦਾ ਆਖਰੀ ਪੱਖ)
1	(ਅਗਲਾ ਨਵਾਂ ਸਾਲ ਸ਼ੁਰੂ) ਚੇਤ ਸੁਦੀ ੧ ਤੋਂ	(ਅਗਲਾ ਨਵਾਂ ਸਾਲ ਸ਼ੁਰੂ) ਚੇਤ ਸੁਦੀ ੧ ਤੋਂ

Jahangir, Translated by Alexander Rogers and Henry Beveridge, first published 1909-1914, reprint 1989 Low Price Publications, Delhi.

ਹੋਲੇ ਮਹੱਲੇ ਦੀ ਤਾਰੀਖ਼ ਸਬੰਧੀ ਅਨਿਸਚਿਤਤਾ ਹੋਣ ਦੀ ਸੂਰਤ ਵਿੱਚ ਨਾਨਕਸ਼ਾਹੀ ਕੈਲੰਡਰ ਵਿੱਚ ਹੋਲਾ ਮਹੱਲਾ ਚੇਤ ਵਦੀ ੧ ਦੀ ਥਾਂ ਪ੍ਰਵਿਸ਼ਟਾ ੧ ਚੇਤ/14 ਮਾਰਚ ਨਿਸਚਿਤ ਕੀਤੇ ਜਾਣ ਦੇ ਪਿੱਛੇ ਹੇਠ ਲਿਖੇ ਕੁਝ ਕਾਰਨ ਹਨ:-

(1) ਚੰਦਰ ਸਾਲ ਦੇ ਅਖੀਰਲੇ ਦਿਨ ਫ਼ੱਗਣ ਸੁਦੀ ਪੁੰਨਿਆਂ ਨੂੰ ਹਿੰਦੂ ਹੋਲੀ ਮਨਾਉਂਦੇ ਹਨ। ਹੋਲਾ ਮਹੱਲਾ ਕਿਉਂਕਿ ਹੋਲੀ ਤੋਂ ਇਕ ਦਿਨ ਬਾਅਦ ਵਿੱਚ ਮਨਾਇਆ ਜਾਂਦਾ ਹੈ ਇਸ ਲਈ ਕੁਦਰਤੀ ਹੈ ਕਿ ਹੋਲਾ ਮਹੱਲਾ ਚੇਤ ਦੇ ਪਹਿਲੇ ਦਿਨ ਚੇਤ ਵਦੀ ੧ ਭਾਵ ਨਵੇਂ ਚੰਦਰ ਸਾਲ ਦੇ ਸ਼ੁਰੂ ਵਿੱਚ ਮਨਾਇਆ ਜਾਂਦਾ ਸੀ। ਕਿਉਂਕਿ ਨਾਨਕਸ਼ਾਹੀ ਕੈਲੰਡਰ ਦਾ ਨਵਾਂ ਸਾਲ ੧ ਚੇਤ ਤੋਂ ਸ਼ੁਰੂ ਹੁੰਦਾ ਹੈ ਇਸ ਲਈ ਹੋਲਾ ਮਹੱਲਾ ਨਵੇਂ ਸਾਲ ਦੇ ਆਰੰਭਤਾ ਵਾਲੇ ਦਿਨ ੧ ਚੇਤ/14 ਮਾਰਚ ਨੂੰ ਹੀ ਮਨਾਇਆ ਜਾਣਾ ਢੁਕਵਾਂ ਹੈ।

(2) ਦਿਲਚਸਪ ਇਤਫ਼ਾਕ ਹੈ ਕਿ 1697 ਜੂਲੀਅਨ ਵਿੱਚ ਚੇਤ ਵਦੀ ੧ ਅਤੇ ਪ੍ਰਵਿਸ਼ਟਾ ਚੇਤ ੧, ਸੰਮਤ ੧੭੫੩ ਬਿਕਰਮੀ, ਦੋਵੇਂ ਹੀ 26 ਫ਼ਰਵਰੀ ਨੂੰ ਆਏ ਸਨ ਅਤੇ 1998 ਈਸਵੀ ਵਿਚ, ਜਿਸ ਸਾਲ ਬਿਕਰਮੀ ਕੈਲੰਡਰ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਤਬਦੀਲ ਕਰਨ ਦਾ ਫੈਸਲਾ ਹੋਣ ਉਪ੍ਰੰਤ ਪਹਿਲੀ ਵਾਰ 1999 ਦੀ ਵੈਸਾਖੀ ਤੋਂ ਲਾਗੂ ਕਰਨ ਲਈ ਨਾਨਕਸ਼ਾਹੀ ਕੈਲੰਡਰ ਪ੍ਰਕਾਸ਼ਤ ਕੀਤਾ ਗਿਆ ਸੀ, ਉਸ ਸਾਲ ਵੀ ਹੋਲਾ ਮਹੱਲਾ ਚੇਤ ਵਦੀ ੧ ਅਤੇ ਚੇਤ ੧ ਸੰਮਤ ੨੦੫੫ ਨੂੰ ਇੱਕੋ ਹੀ ਦਿਨ 14 ਮਾਰਚ ਨੂੰ ਆਏ ਸਨ।

(3) ਇਹ ਇਕ ਹੋਰ ਇਤਫ਼ਾਕ ਹੈ ਕਿ ਪ੍ਰਚੱਲਤ ਧਾਰਨਾਂ ਅਨੁਸਾਰ ਪਹਿਲਾ ਹੋਲਾ ਮਹੱਲਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੁਆਰਾ ਮਨਾਇਆ ਗਿਆ ਉਸ ਦਿਨ ਚੇਤ ਵਦੀ ੧, ੧੭੫੭ ਬਿਕਰਮੀ ਵਾਲੇ ਦਿਨ 14 ਮਾਰਚ, 1701 ਜੂਲੀਅਨ ਹੀ ਸੀ।

(4) ਜਿਸ ਤਰ੍ਹਾਂ ਕਿ ਉੱਪਰ ਲਿਖਿਆ ਜਾ ਚੁੱਕਾ ਹੈ ਕਿ ਹੋਲੀ ਇੱਕ ਮੌਸਮੀ ਤਿਉਹਾਰ ਹੈ ਜੋ ਹਿਮਕਰ ਰੁੱਤ ਦੀ ਸਮਾਪਤੀ ਅਤੇ ਬਸੰਤ ਰੁੱਤ ਦੀ ਸ਼ੁਰੂਆਤ ਦਾ ਇੱਕ ਸੁਨੇਹਾ ਹੈ। ਗੁਰਬਾਣੀ ਵਿੱਚ ਦਰਜ ਰੁੱਤੀ ਸਲੋਕ ਅਨੁਸਾਰ ਵੀ ਚੇਤ ਅਤੇ ਵੈਸਾਖ ਦੋ ਮਹੀਨੇ ਬਸੰਤ ਰੁੱਤ ਦੇ ਹੁੰਦੇ ਹਨ: **"ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥"** (ਰਾਮਕਲੀ ਰੁਤੀ ਸਲੋਕ ਮਃ ੫/੯੨੭) **"ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥"** (ਤੁਖਾਰੀ ਬਾਰਹਮਾਹਾ ਮਃ ੧/੧੧੦੭) ਨਾਨਕਸ਼ਾਹੀ ਕੈਲੰਡਰ ਵਿੱਚ ਹੋਲਾ ਮਹੱਲਾ ੧ ਚੇਤ ਨੂੰ ਮਨਾਏ ਜਾਣ ਦਾ ਭਾਵ ਹੈ ਕਿ ਇਹ ਹਮੇਸ਼ਾਂ ਹੀ ਬਸੰਤ ਰੁੱਤ ਦੀ ਅਰੰਭਤਾ ਵਾਲੇ ਦਿਨ ਮਨਾਇਆ ਜਾਇਆ ਕਰੇਗਾ।

(5) ਬੀਤੇ ਸਮੇਂ ਦੇ ਰਿਸ਼ੀ ਅਤੇ ਪੁਰਾਤਨ ਵਿਦਵਾਨ ਜਿਨ੍ਹਾਂ ਨੇ ਬਿਕਰਮੀ ਕੈਲੰਡਰ ਵਿੱਚ ਰੁੱਤਾਂ ਮੁਤਾਬਿਕ ਤਿਉਹਾਰ ਨਿਸਚਿਤ ਕੀਤੇ ਸਨ ਉਨ੍ਹਾਂ ਅਨੁਸਾਰ ਇਨ੍ਹਾਂ ਤਿਉਹਾਰਾਂ ਦਾ ਕਦੇ ਵੀ ਦੂਜੀਆਂ ਰੁੱਤਾਂ ਵਿੱਚ ਜਾਣ ਦਾ ਅਰਥ ਨਹੀਂ ਸੀ। ਜਿਵੇਂ ਕਿ ਲੋਹੜੀ ਇੱਕ ਅਜਿਹਾ ਤਿਉਹਾਰ ਹੈ ਜੋ ਮਾਘੀ - ਮਕਰ ਸੰਕਰਾਂਤੀ ਤੋਂ ਇਕ ਦਿਨ ਪਹਿਲਾਂ ਮਾਘੀ ਦੀ ਪੂਰਵ ਸੰਧਿਆ 'ਤੇ ਮਨਾਈ ਜਾਂਦੀ ਹੈ। ਵਿਦਵਾਨਾਂ ਨੇ ਮਕਰ ਸੰਕ੍ਰਾਂਤੀ ਨੂੰ ਉਸ ਦਿਨ ਹੋਣ ਲਈ ਨਿਸ਼ਚਤ ਕੀਤਾ ਜਦੋਂ ਸੂਰਜ ਆਪਣੀ (ਉੱਤਰਾਯਣ) ਉੱਤਰ-ਪੂਰਬ ਯਾਤਰਾ ਆਰੰਭ ਕਰਦਾ ਹੈ, ਜਿਸ ਤੋਂ ਬਾਅਦ ਦਿਨ ਵੱਡੇ ਹੋਣੇ ਸ਼ੁਰੂ ਹੋਣਗੇ। ਇਹ ਦਿਨ ਪੂਰੀ ਦੁਨੀਆ ਦੇ ਭਾਈਚਾਰਿਆਂ ਵਿੱਚ ਮਨਾਇਆ ਜਾਂਦਾ ਹੈ। ਲੋਕ ਸੂਰਜ ਦੀ ਦੱਖਣ ਵੱਲ ਯਾਤਰਾ ਤੋਂ ਵਾਪਸੀ ਦੀ ਆਰੰਭਤਾ ਦਾ ਜਸ਼ਨ ਮਨਾਉਣ ਲਈ ਅੱਗ ਦੇ ਨੇੜੇ ਬੈਠ ਜਾਂਦੇ ਸਨ। 532 ਈ: ਜੂਲੀਅਨ ਵਿਚ ਜਦੋਂ 18 ਦਸੰਬਰ ਨੂੰ ਲੋਹੜੀ ਅਤੇ 19 ਦਸੰਬਰ ਨੂੰ ਮਾਘੀ ਸੀ ਉਸ ਸਮੇਂ 'ਉਤਰਾਇਣ' ਵੀ 19 ਦਸੰਬਰ ਨੂੰ ਸ਼ੁਰੂ ਹੋਇਆ ਸੀ। ਬਿਕਰਮੀ ਕੈਲੰਡਰ ਦਾ ਰੁੱਤੀ ਸਾਲ ਨਾਲੋਂ ਅੰਤਰ ਹੋਣ ਕਰਕੇ, ਅੱਜ ਕੱਲ੍ਹ ਲੋਹੜੀ 12 ਜਾਂ 13 ਜਨਵਰੀ ਅਤੇ ਮਾਘੀ 13/14 ਜਨਵਰੀ ਨੂੰ ਆ ਰਹੀ ਹੈ ਜਦੋਂ ਕਿ 'ਉੱਤਰਾਇਣ' ਅਜੇ ਵੀ 21/22 ਦਸੰਬਰ ਦੇ ਆਸ ਪਾਸ ਸ਼ੁਰੂ ਹੁੰਦਾ ਹੈ। ਭਾਵ ਲਗਭਗ 24-25 ਦਿਨਾਂ ਦਾ ਅੰਤਰ ਪੈ ਗਿਆ ਹੈ। ਸੰਨ 3000 ਈ: ਵਿੱਚ ਲੋਹੜੀ 27 ਜਨਵਰੀ ਅਤੇ ਮਾਘੀ 28 ਜਨਵਰੀ ਨੂੰ ਆਵੇਗੀ। ਇਸ ਹਿਸਾਬ ਜਦੋਂ ਭਵਿੱਖ ਵਿੱਚ ਲੋਹੜੀ ਮਈ ਵਿੱਚ ਹੋਣ ਲੱਗ ਪਏਗੀ ਤਾਂ ਤੁਸੀਂ ਕੀ ਸੋਚੋਗੇ ? ਕੀ ਉਸ ਸਮੇਂ ਤੁਸੀਂ ਲੋਹੜੀ ਮਨਾਉਣ ਲਈ ਅੱਗ ਦੇ ਨੇੜੇ ਇਕੱਠ ਕਰੋਗੇ ਜਾਂ ਏਅਰ-ਕੰਡੀਸ਼ਨਡ ਛੱਤਾਂ ਦੇ ਹੇਠਾਂ?

(6) ਨਾਨਕਸ਼ਾਹੀ ਕੈਲੰਡਰ ਵਿਚ ਲੋਹੜੀ ਹਮੇਸ਼ਾਂ ਲਈ ੩੦ ਪੋਹ/ 12 ਜਨਵਰੀ ਅਤੇ ਮਾਘੀ (੧ ਮਾਘ) 13 ਜਨਵਰੀ ਨੂੰ ਪੱਕੇ ਤੌਰ 'ਤੇ ਨਿਰਧਾਰਤ ਕੀਤੀ ਹੈ।

ਪੋਪ ਗ੍ਰੈਗਰੀ ਅਨੁਸਾਰ ਰੁੱਤਾਂ ਅਨੁਸਾਰ ਮਨਾਏ ਜਾਣ ਵਾਲੇ ਤਿਉਹਾਰਾਂ ਨੂੰ ਹੋਰ ਬਦਲਣਾ ਨਹੀਂ ਚਾਹੀਦਾ, ਅਤੇ ਰੁੱਤਾਂ ਦੇ ਨਾਲ ਉਹਨਾਂ ਦੇ ਮੌਜੂਦਾ ਸੰਗਠਨਾਂ ਵਿੱਚ ਰਿਹਾ ਜਾਣਾ ਚਾਹੀਦਾ ਹੈ। ਇਸੇ ਕਾਰਨ ਉਨ੍ਹਾਂ 1582 ਵਿੱਚ ਜੂਲੀਅਨ ਕੈਲੰਡਰ ਵਿੱਚ ਸੋਧ ਕਰਕੇ 5 ਅਕਤੂਬਰ ਤੋਂ 14 ਅਕਤੂਬਰ ਤੱਕ ਦੀਆਂ 10 ਤਾਰੀਖ਼ਾਂ ਖਤਮ ਕਰਕੇ 4 ਅਕਤੂਬਰ ਦਿਨ ਵੀਰਵਾਰ ਤੋਂ ਅਗਲੇ ਦਿਨ ਸ਼ੁੱਕਰਵਾਰ ਨੂੰ ਸਿੱਧਾ ਹੀ 15 ਅਕਤੂਬਰ ਕਰ ਦਿੱਤਾ। ਅੱਗੇ ਤੋਂ ਕੈਲੰਡਰ ਦਾ ਰੁੱਤਾਂ ਨਾਲ ਸਬੰਧ ਬਣਾਈ ਰੱਖਣ ਲਈ ਲੀਪ ਸਾਲ ਦੇ ਨਿਯਮਾਂ ਵਿੱਚ ਇਸ ਤਰ੍ਹਾਂ ਤਬਦੀਲੀ ਕੀਤੀ ਕਿ ਹੁਣ 400 ਸਾਲਾਂ ਵਿੱਚ 100 ਲੀਪ ਦੇ ਸਾਲ ਆਉਣ ਦੀ ਬਜਾਏ 97 ਲੀਪ ਦੇ ਸਾਲ ਆਇਆ ਕਰਨਗੇ। ਨਵੇਂ ਲੀਪ ਨਿਯਮ ਅਨੁਸਾਰ ਜਿਹੜੀ ਸਦੀ 400 'ਤੇ ਪੂਰੀ ਨਾ ਵੰਡੀ ਜਾ ਸਕੇ ਉਹ ਭਾਵੇਂ 4 'ਤੇ ਪੂਰੀ ਪੂਰੀ ਵੰਡੀ ਜਾਂਦੀ ਹੈ ਤਾਂ ਵੀ ਉਹ ਲੀਪ ਦਾ ਸਾਲ ਨਹੀਂ ਹੋਣਗੇ। ਇਸ ਹਿਸਾਬ ਨਾਲ 1700, 1800, 1900, 2100, 2200 .... ਆਦਿ ਲੀਪ ਦੇ ਸਾਲ ਨਹੀਂ ਹੁੰਦੇ ਪਰ 1600, 2000, 2400, 2800 ਆਦਿ ਜਿਹੜੇ 400 'ਤੇ ਪੂਰੇ ਪੂਰੇ ਵੰਡੇ ਜਾਂਦੇ ਹਨ ਉਹ ਸਾਲ ਲੀਪ ਦੇ ਸਾਲ ਹੁੰਦੇ ਹਨ। ਇਸ ਸੋਧ ਮਗਰੋਂ ਇਸ ਨੂੰ ਗ੍ਰੈਗੋਰੀਅਨ ਕੈਲੰਡਰ ਦਾ ਨਾਮ ਦੇ ਕੇ ਲਾਗੂ ਕਰਨ ਦਾ ਆਦੇਸ਼ ਦਿੱਤਾ ਸੀ; ਜਿਸ ਸੋਧ ਨੂੰ ਕੈਥੋਲਿਕ ਚਰਚ ਅਧੀਨ ਆਉਂਦੇ ਸਾਰੇ ਦੇਸ਼ਾਂ ਨੇ ਪ੍ਰਵਾਨ ਕਰ

ਲਿਆ ਸੀ ਭਾਵੇਂ ਕਿ ਪ੍ਰੋਟੈਸਟੈਂਟ ਚਰਚ ਨੇ ਇਸ ਨੂੰ 170 ਸਾਲ ਬਾਅਦ 1752 ਵਿੱਚ 11 ਦਿਨਾਂ ਦੀ ਸੋਧ ਨਾਲ ਲਾਗੂ ਕੀਤਾ। ਅੱਜ ਕੱਲ੍ਹ ਤਕਰੀਬਨ ਸਾਰੀ ਦੁਨੀਆਂ ਵਿੱਚ ਗ੍ਰੈਗੋਰੀਅਨ ਕੈਲੰਡਰ ਹੀ ਨਾਗਰਿਕ ਅਤੇ ਪ੍ਰਸਾਸ਼ਨਿਕ ਕੰਮਾਂ ਲਈ ਵਰਤਿਆ ਜਾਂਦਾ ਹੈ।

(7) ਸਿੱਖ ਇਤਿਹਾਸ ਵਿੱਚ ਗੁਰੂ ਸਾਹਿਬਾਨ ਜੀ ਦੇ ਜੋਤੀ ਜੋਤ ਸਮਾਉਣ ਅਤੇ ਖ਼ਾਲਸਾ ਸਾਜਨਾ ਦਿਵਸ ਵੈਸਾਖੀ ਦੀਆਂ ਹੀ ਪ੍ਰਮਾਣਿਕ ਤਾਰੀਖ਼ਾਂ ਹਨ ਜਿਨ੍ਹਾਂ ਸਬੰਧੀ ਤਕਰੀਬਨ ਸਾਰੇ ਇਤਿਹਾਸਕਾਰ ਇੱਕ ਮੱਤ ਹਨ। ਬਾਕੀ ਦੀਆਂ ਤਾਰੀਖ਼ਾਂ ਇਨ੍ਹਾਂ ਪ੍ਰਮਾਣਿਕ ਤਾਰੀਖ਼ਾਂ ਤੋਂ ਅੱਗੇ ਪਿੱਛੇ ਦੇ ਸਮੇਂ ਦਾ ਹਿਸਾਬ ਕਿਤਾਬ ਕਰਕੇ ਹੀ ਲੱਭੀਆਂ ਗਈਆਂ ਹਨ। ਪਿੰਡਾਂ ਵਿੱਚ ਰਹਿਣ ਵਾਲਿਆਂ ਨੂੰ ਪਤਾ ਹੈ ਕਿ ਪੁਰਾਤਨ ਬਜ਼ੁਰਗ ਕਿਸੇ ਵੱਡੀ ਘਟਨਾ ਤੋਂ ਕਿੰਨੇ ਸਾਲ ਪਹਿਲਾਂ ਜਾਂ ਪਿੱਛੋਂ ਦੇ ਹਿਸਾਬ ਨਾਲ ਹੀ ਤਾਰੀਖ਼ਾਂ ਦਸਦੇ ਹਨ ਜਿਵੇਂ ਕਿ ਰੌਲ਼ਿਆਂ ਗੌਲਿਆਂ (1947 ਦੀ ਵੰਡ) ਜਾਂ ਪਲੇਗ ਦੀ ਬੀਮਾਰੀ ਵੇਲੇ ਇਹ ਮੁੰਡਾ 1 ਸਾਲ ਦਾ ਸੀ ਜਾਂ ਐਨੇ ਸਾਲ ਪਹਿਲਾਂ ਜਾਂ ਪਿਛੋਂ ਇਸ ਦਾ ਜਨਮ ਹੋਇਆ ਸੀ। ਅਜੇਹੀ ਗਣਿਤ ਕਰਦੇ ਸਮੇਂ ਗਲਤੀਆਂ ਹੋਣ ਦੀ ਕਾਫੀ ਸੰਭਾਵਨਾ ਬਣੀ ਰਹਿੰਦੀ ਹੈ। ਜਿਵੇਂ ਕਿ ਸ: ਕਰਮ ਸਿੰਘ ਹਿਸਟੋਰੀਅਨ ਕਵੀ ਸੰਤੋਖ ਸਿੰਘ ਦਾ ਹਵਾਲਾ **"ਦਵਾਦਸ ਬਰਖ ਟਿਕੇ ਗੁਰਗਾਦੀ । ਖਸਟ ਮਾਸ ਨੌ ਦਿਨ ਐਹਲਾਦੀ ।"** ਦੇ ਕੇ ਗੁਰੂ ਅੰਗਦ ਸਾਹਿਬ ਜੀ ਦੇ ਜੋਤੀ ਸਮਾਉਣ ਦੀ ਤਿੱਥ ਚੇਤ ਸੁਦੀ ੬, ੧੬੦੯ 'ਚੋਂ ਕੁਲ ਗੁਰਿਆਈ ਦਾ ਸਮਾ 12 ਸਾਲ 6 ਮਹੀਨੇ 9 ਦਿਨ ਘਟਾਉਣ ਦੀ ਬਜਾਏ ਗਲਤੀ ਨਾਲ 12 ਸਾਲ 9 ਮਹੀਨੇ 6 ਦਿਨ ਘਟਾ ਕੇ ਅੱਸੂ ਦੀ ਥਾਂ ਹਾੜ ਮਹੀਨੇ ਦੀ ਗਲਤ ਤਾਰੀਖ਼ ਲਿਖ ਬੈਠੇ ਜਿਸ ਤੋਂ ਵੇਖ ਕੇ ਬਾਕੀ ਵਿਦਵਾਨਾਂ ਨੇ ਵੀ ਇਸੇ ਤਰ੍ਹਾਂ ਗਲਤ ਲਿਖਣ ਕਾਰਨ ਗਲਤ ਤਾਰੀਖ਼ ਪਰਚਾਰੀ ਜਾ ਰਹੀ ਹੈ। ਪਰ ਇਹ ਮੰਨਣਯੋਗ ਨਹੀਂ ਕਿਉਂਕਿ ਇਹ ਤਾਰੀਖ਼ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ਼ ਤੋਂ ਤਕਰੀਬਨ 3 ਮਹੀਨੇ ਪਹਿਲਾਂ ਦੀ ਬਣਦੀ ਹੈ ਜਦੋਂ ਕਿ ਸਾਰੇ ਮੰਨਦੇ ਹਨ ਕਿ ਗੁਰੂ ਨਾਨਕ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ 5 ਤਿੱਥਾਂ ਪਹਿਲਾਂ ਬਾਬਾ ਲਹਿਣਾ ਜੀ ਨੂੰ ਗੁਰਗੱਦੀ 'ਤੇ ਸਥਾਪਤ ਕਰਕੇ ਉਨ੍ਹਾਂ ਨੂੰ ਗੁਰੂ ਅੰਗਦ ਦਾ ਨਾਮ ਦਿੱਤਾ। ਇਹ ਉਦਾਹਰਣ ਦੇਣ ਤੋਂ ਮੇਰਾ ਭਾਵ ਹੈ ਕਿ ਇਹ ਵੀ ਹੋ ਸਕਦਾ ਹੈ ਕਿ ਖ਼ਾਲਸਾ ਸਾਜਨਾ ਦਿਵਸ ਦੇ ਸੰਨ 1699 'ਚੋਂ 2 ਸਾਲ ਘਟਾਉਣ ਦੀ ਬਜਾਏ ਕਿਸੇ ਵਿਦਵਾਨ ਨੇ ਗਲਤੀ ਨਾਲ ਦੋ ਸਾਲ ਜੋੜ ਕੇ ਹੋਲੇ ਮਹੱਲੇ ਦਾ ਸੰਨ 1697 ਦੀ ਬਜਾਏ 1701 ਲਿਖ ਦਿੱਤਾ ਹੋਵੇ ਅਤੇ ਭਾਈ ਕਾਨ੍ਹ ਸਿੰਘ ਨਾਭਾ ਸਮੇਤ ਬਾਕੀ ਵਿਦਵਾਨਾਂ ਨੇ ਇੱਕ ਦੂਜੇ ਤੋਂ ਵੇਖ ਕੇ ਸੰਨ 1701/ਸੰਮਤ ੧੭੫੭ ਲਿਖ ਅਤੇ ਪ੍ਰਚਲਤ ਕਰ ਦਿੱਤਾ ਹੋਵੇ ਜਦੋਂ ਕਿ ਹੋ ਸਕਦਾ ਹੈ ਕਿ ਅਸਲੀ ਸੰਨ 1697 ਹੀ ਹੋਵੇ। ਇਹ ਚੇਤੇ ਰੱਖਣਯੋਗ ਹੈ ਕਿ 1697 ਜੂਲੀਅਨ ਵਿੱਚ ਚੇਤ ਵਦੀ ੧ ਅਤੇ ਪ੍ਰਵਿਸ਼ਟਾ ਚੇਤ ੧, ਸੰਮਤ ੧੭੫੩ ਬਿਕਰਮੀ ਨੂੰ ਦੋਵੇਂ ਇੱਕ ਹੀ ਤਾਰੀਖ਼ 26 ਫ਼ਰਵਰੀ ਨੂੰ ਆਏ ਸਨ। ਗੁਰੂ ਸਾਹਿਬ ਜੀ ਦਾ ਰੁਝਾਨ ਸੂਰਜੀ ਪ੍ਰਵਿਸ਼ਟਿਆਂ ਦੀਆਂ ਤਾਰੀਖ਼ਾਂ ਵੱਲ ਵਧ ਗਿਆ ਸੀ ਇਸੇ ਕਾਰਨ ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਵਾਲੇ ਦਿਨ ਗੋਇੰਦਵਾਲ ਵਿਖੇ ੧ ਵੈਸਾਖ ਨੂੰ ਵੈਸਾਖੀ ਜੋੜ ਮੇਲੇ ਦੇ ਤੌਰ 'ਤੇ ਮਨਾਉਣਾ ਸ਼ੁਰੂ ਕਰਨਾ; ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਕੀਰਤਪੁਰ ਵਸਾਉਣ ਲਈ ਆਪਣੇ ਪਿਤਾ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਦੇ ਪ੍ਰਵਿਸ਼ਟੇ ੨ ਹਾੜ ਦੀ ਚੋਣ ਕਰਨੀ; ਗੁਰੂ ਤੇਗ਼ਬਹਾਦਰ ਸਾਹਿਬ ਜੀ ਵੱਲੋਂ ਅਨੰਦਪੁਰ ਸਾਹਿਬ ਦਾ ਮੁਢਲਾ ਨਾਮ ਚੱਕ ਨਾਨਕੀ ਆਪਣੀ ਮਾਤਾ ਜੀ ਦੇ ਨਾਮ 'ਤੇ ਰੱਖਣਾ ਤੇ ਇਸ ਦੀ ਮੋੜ੍ਹੀ ਗੱਡਣ ਲਈ ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦਾ ਪ੍ਰਵਿਸ਼ਟਾ ੨੧ ਹਾੜ ਚੁਣਨਾ ਅਤੇ ਗੁਰੂ ਗੋਬਿੰਦ ਸਾਹਿਬ ਜੀ ਵੱਲੋਂ ਖ਼ਾਲਸਾ ਸਾਜਨ ਲਈ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ੧ ਵੈਸਾਖ ਦੀ ਚੋਣ ਕਰਨੀ ਆਦਿ ਇਸ ਦੀਆਂ ਪ੍ਰਮੁੱਖ ਉਦਾਹਰਣਾਂ ਹਨ। ਇਸ ਹਿਸਾਬ ਨਾਲ ਭਾਵੇਂ ਯੁੱਧ ਵਿਦਿਆ/ਸਰੀਰਕ ਅਭਿਆਸ ਤਾਂ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਸਾਹਿਬ ਜੀ ਤੋਂ ਹੀ ਨਿਰੰਤਰ ਜਾਰੀ ਸੀ। (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਸਸ਼ਤਰਾਂ ਦਾ ਅਭਿਆਸ ਕਰਾਉਣ ਲਈ ਗੁਰੂ ਅਰਜਨ ਸਾਹਿਬ ਜੀ ਵੱਲੋਂ ਬਾਬਾ ਬੁੱਢਾ ਜੀ ਦੀ ਡਿਊਟੀ ਲਾਉਣਾ ਇਹੀ ਸਿੱਧ ਕਰਦੀਆਂ ਹਨ ਕਿ ਬਾਬਾ ਬੁੱਢਾ ਜੀ ਨੇ ਸਸ਼ਤਰਾਂ ਦਾ ਅਭਿਆਸ ਬੁਢੇਪੇ ਵਿੱਚ ਤਾਂ ਸਿੱਖਿਆ ਨਹੀਂ ਹੋਣਾ ਜਰੂਰ ਹੀ ਇਹ ਉਨ੍ਹਾਂ ਦੇ ਜੁਆਨੀ ਦੇ ਸਮੇਂ; ਜਿਹੜਾ ਗੁਰੂ ਨਾਨਕ ਸਾਹਿਬ ਜੀ ਦੀ ਦੇਖ ਰੇਖ ਵਿੱਚ ਗੁਜਰਿਆ, ਉਸ ਸਮੇਂ ਤੋਂ ਹੀ ਅਭਿਆਸ ਜਾਰੀ ਹੋਣਗੇ। ਇਸ ਲਈ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੰਗੀ ਅਭਿਆਸ ਤਾਂ ਪਹਿਲਾਂ ਤੋਂ ਹੀ ਜਾਰੀ ਸਨ ਭਾਵੇਂ ਉਹ ਪਾਉਂਟਾ ਸਾਹਿਬ ਹੋਣ ਤੇ ਭਾਵੇਂ ਅਨੰਦਪੁਰ ਸਾਹਿਬ ਪਰ ਉਸ ਨੂੰ ਪਰੰਪਰਾਗਤ/ਸੰਸਥਾਗਤ ਤੌਰ 'ਤੇ ਹਰ ਸਾਲ ਮਨਾਉਣ ਦਾ ਆਦੇਸ਼ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਹਿੰਦੂਆਂ ਦੀ ਹੋਲੀ ਤੋਂ ਇੱਕ ਦਿਨ ਪਿੱਛੋਂ ੧ ਚੇਤ ਸੰਮਤ ੧੭੫੩/26 ਫ਼ਰਵਰੀ 1697 ਤੋਂ ਹੀ ਕੀਤਾ ਹੋਵੇਗਾ। ਇਹ ਗੁਰੂ ਮਹਾਰਾਜ ਦੀ ਦੀਰਘ ਸੋਚ ਦਾ ਹਿੱਸਾ ਹੋ ਸਕਦਾ ਹੈ ਕਿ 1699 ਦੀ ਵੈਸਾਖੀ ਵਾਲੇ ਦਿਨ ਵੱਡਾ ਇਕੱਠ ਕਰਨ ਲਈ ਅਪਣਾਈ ਨੀਤੀ ਦੇ ਹਿੱਸੇ ਵਜੋਂ ਦੋ ਸਾਲ ਪਹਿਲਾਂ ਉੱਥੇ ਹੋਲੇ ਮਹੱਲੇ ਦਾ ਵੱਡਾ ਤਿਉਹਾਰ ਮਨਾਉਣਾ ਸ਼ੁਰੂ ਕਰ ਦਿੱਤਾ ਹੋਵੇ। ਕਿਉਂਕਿ ਉਨ੍ਹਾਂ ਦਿਨਾਂ ਵਿੱਚ ਸੁਨੇਹੇ ਪਹੁੰਚਾਉਣ ਦੇ ਹੋਰ ਕੋਈ ਸਾਧਨ ਤਾਂ ਹੈ ਨਹੀਂ ਸਨ ਹੋਲੇ ਮਹੱਲੇ 'ਤੇ ਆਈ ਹੋਈ ਸੰਗਤ ਰਾਹੀਂ ਅੱਗੇ ਤੋਂ ਅੱਗੇ ਇਹ ਸੁਨੇਹੇ ਪਹੁੰਚਾਏ ਜਾਣੇ ਸਨ। ਜੇ ਕਿਸੇ ਨੂੰ ਇਹ ਤਰਕ ਮੰਨਣਯੋਗ ਨਹੀਂ ਲਗਦਾ ਤਾਂ ਵੀ ਹੋਲਾ ਮਹੱਲਾ ੧ ਚੇਤ ਨੂੰ ਮਨਾਏ ਜਾਣ ਦੇ ਬਾਕੀ ਦਿੱਤੇ ਤਰਕ ਕਾਫੀ ਮਜ਼ਬੂਤ ਅਤੇ ਮੰਨਣਯੋਗ ਹਨ।

ਨਾਨਕਸ਼ਾਹੀ ਕੈਲੰਡਰ ਬਨਾਉਣ ਸਮੇਂ ਇਹ ਧਿਆਨ ਰੱਖਿਆ ਗਿਆ ਹੈ ਕਿ ਮੌਸਮੀ ਤਿਉਹਾਰ ਉਨ੍ਹਾਂ ਹੀ ਰੁੱਤਾਂ 'ਚ ਆਉਣ ਜਿਨ੍ਹਾਂ ਲਈ ਉਹ ਨਿਸਚਿਤ ਕੀਤੇ ਗਏ ਸਨ। ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਰੁੱਤਾਂ ਨਾਲੋਂ ਬਿਕਰਮੀ ਕੈਲੰਡਰ ਦੀਆਂ ਰੁੱਤਾਂ ਦੀ ਗਲਤੀ ਲਗਭਗ 16 ਦਿਨ ਸੀ ਜੋ ਅੱਜ ਵਧ ਕੇ 24 ਦਿਨਾਂ ਦੀ ਇਕੱਠੀ ਹੋਈ ਗਲਤੀ ਬਰਦਾਸ਼ਤ ਕਰਨ ਲਈ ਕਾਫ਼ੀ ਹੈ ਇਸ ਨੂੰ ਹੋਰ ਵਧਣ ਤੋਂ ਰੋਕਿਆ ਜਾਵੇ। ਇਸਦੇ ਪਿੱਛੇ ਕੈਲੰਡਰ ਦਾ ਇਤਿਹਾਸ, ਖਗੋਲ-ਵਿਗਿਆਨ ਦੀ ਬੁੱਧ ਅਤੇ ਸਭ ਤੋਂ ਵੱਧ ਗੁਰਬਾਣੀ 'ਚ ਮਹੀਨਿਆਂ ਅਨੁਸਾਰ ਦਰਸਾਈਆਂ ਗਈਆਂ ਰੁੱਤਾਂ ਤੋਂ ਨਿਰਦੇਸ਼ ਲਿਆ ਗਿਆ ਹੈ।

ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ

ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ੧ ਵੈਸਾਖ ਬਿਕਰਮੀ ਸੰਮਤ ੧੫੨੬, ਚੇਤ ਸੁਦੀ ੧੫ (ਪੂਰਨਮਾਸ਼ੀ), ਦਿਨ ਸੋਮਵਾਰ, ਨਛੱਤਰ ਹਸਤ, 27 ਮਾਰਚ 1469 ਜੂਲੀਅਨ; ਨਾ:ਸ਼ਾ: ਸੰਮਤ ੧ ਨੂੰ ਰਾਇ ਭੋਇ ਦੀ ਤਲਵੰਡੀ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ); ਜਿਸ ਨੂੰ ਅੱਜ ਕੱਲ੍ਹ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ; ਵਿਖੇ ਪਿਤਾ ਮਹਿਤਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਹੋਇਆ। ਇਨ੍ਹਾਂ ਤਾਰੀਖ਼ਾਂ ਦੀ ਪੁਸ਼ਟੀ ਵੱਖ ਵੱਖ ਸੋਮਿਆਂ ਤੋਂ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਜੋਤੀ ਜੋਤ ਸਮਾਉਣ ਦੀਆਂ ਤਿਥਾਂ ਦੀ ਪੜਤਾਲ ਕਰਕੇ ਕੱਢੇ ਨਤੀਜਿਆਂ ਤੋਂ ਹੁੰਦੀ ਹੈ। ਨਾਨਕਸ਼ਾਹੀ ਕੈਲੰਡਰ ਮੁਤਾਬਿਕ **੧ ਵੈਸਾਖ ਹਰ ਸਾਲ 14 ਅਪ੍ਰੈਲ** ਨੂੰ ਹੀ ਆਉਂਦਾ ਰਹੇਗਾ ਪਰ ਪੰਥ ਵਿੱਚ ਹਾਲੇ ਤੱਕ ਸਹਿਮਤੀ ਨਾ ਬਣਨ ਕਾਰਨ ਮੌਜੂਦਾ ਸਮੇਂ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਪ੍ਰਚੱਲਤ ਰੀਤ ਮੁਤਾਬਿਕ ਕੱਤਕ ਸੁਦੀ ਪੂਰਨਮਾਸ਼ੀ ਦਾ ਹੀ ਮਨਾਇਆ ਜਾਣ ਕਾਰਨ ਹਰ ਸਾਲ ਬਦਲਵੀਆਂ ਤਾਰੀਖ਼ਾਂ ਅਨੁਸਾਰ ਮਨਾਇਆ ਜਾ ਰਿਹਾ ਹੈ। ਗੁਰੂ ਮਿਹਰ ਕਰੇ ਸਾਨੂੰ ਪ੍ਰੰਪਰਾਵਾਦੀ ਰੀਤਾਂ ਵਿੱਚੋਂ ਨਿਕਲ ਕੇ ਯਥਾਰਥ ਨਾਲ ਜੁੜਨ ਦੀ ਸਮਰੱਥਾ ਬਖ਼ਸ਼ੇ। ਹੋਰ ਜਾਣਕਾਰੀ ਲਈ ਪੰਨਾ 20 ਅਤੇ 25 'ਤੇ ਸ: ਪਾਲ ਸਿੰਘ ਪੁਰੇਵਾਲ ਅਤੇ ਇਸ ਲੇਖਕ ਦੇ ਲੇਖ "**ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ**" ਪੜ੍ਹੇ ਅਤੇ ਵੀਚਾਰੇ ਜਾਣੇ ਚਾਹੀਦੇ ਹਨ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਨਛੱਤ੍ਰ	ਸਾਰਣੀ ਵਿੱਚ ਦਿੱਤੀਆਂ ਤਾਰੀਖ਼ਾਂ ਦੀ ਪੜਤਾਲ ਕਰਨ ਉਪ੍ਰੰਤ ਟਿੱਪਣੀ
ਗੁਰ ਪ੍ਰਣਾਲੀ 2	ਕੱਤਕ ਸੁਦੀ ੧੫, ੧੫੨੬	੧੮ ਕੱਤਕ	----	ਬੁੱਧਵਾਰ	ਅਨੁਰਾਧਾ	**ਕੱਤਕ ਸੁਦੀ** ੧੫, ੧੫੨੬ = ੨੧ ਕੱਤਕ, 20 ਅਕਤੂਬਰ 1469, ਦਿਨ ਸ਼ੁੱਕਰਵਾਰ, ਨਛੱਤਰ ਅਸ਼ਵਨੀ **ਵੈਸਾਖ ਵਦੀ** ੩, ੧੫੨੫ = ੧੬ ਵੈਸਾਖ, 10 ਅਪ੍ਰੈਲ 1468, ਦਿਨ ਐਤਵਾਰ, ਨਛੱਤਰ ਅਨੁਰਾਧਾ **ਵੈਸਾਖ ਸੁਦੀ** ੩, ੧੫੨੬ = ੨੦ ਵੈਸਾਖ, 15 ਅਪ੍ਰੈਲ 1469, ਦਿਨ ਸ਼ਨੀਵਾਰ, ਨਛੱਤਰ ਮ੍ਰਿਗਸ਼ਰ ਇਸ ਸਾਰਣੀ ਵਿੱਚ ਦਿੱਤੀਆਂ ਸਾਰੀਆਂ ਹੀ ਤਿੱਥਾਂ ਤਾਰੀਖ਼ਾਂ ਨੂੰ ਰੱਦ ਕੀਤੇ ਜਾਣ ਦਾ ਪਹਿਲਾ ਕਾਰਨ ਤਾਂ ਇਹ ਹੈ ਕਿ ਸ: ਕਰਮ ਸਿੰਘ ਹਿਸਟੋਰੀਅਨ ਤੋਂ ਬਿਨਾਂ ਇਨ੍ਹਾਂ ਵਿੱਚੋਂ ਕੋਈ ਵੀ ਤਿੱਥ ਬਾਕੀ ਦੀਆਂ ਪਧਤੀਆਂ ਵਿੱਚ ਤਬਦੀਲ ਕੀਤਿਆਂ ਇਨ੍ਹਾਂ ਸੋਮਿਆਂ ਵਿੱਚ ਦਰਜ ਤਾਰੀਖ਼ਾਂ, ਦਿਨਾਂ ਅਤੇ ਨਛੱਤਰਾਂ ਨਾਲ ਮੇਲ ਨਹੀਂ ਖਾਂਦੀ। ਦੂਸਰਾ ਇਹ ਕਿ ਤਕਰੀਬਨ ਸਾਰੇ ਹੀ ਪੁਰਾਤਨ ਅਤੇ ਨਵੀਨ ਲਿਖਾਰੀ ਗੁਰੂ ਨਾਨਕ ਸਾਹਿਬ ਜੀ ਦੀ **ਸਰੀਰਕ ਉਮਰ 70 ਸਾਲ 5 ਮਹੀਨੇ 7 ਦਿਨ ਅਤੇ ਜੋਤੀ ਜੋਤ ਸਮਾਉਣ ਦੀ ਤਿੱਥ ਅੱਸੂ ਵਦੀ ੧੦, ਸੰਮਤ ੧੫੯੬ ਨਾਲ ਸਹਿਮਤ ਹਨ।** ਇਸ ਤਿੱਥ ਨੂੰ ਸੂਰਜੀ ਪਧਤੀ ਵਿੱਚ ਤਬਦੀਲ ਕੀਤਿਆਂ ਬਣਦਾ ਹੈ = ੮ ਅੱਸੂ ਬਿਕਰਮੀ ਸੰਮਤ ੧੫੯੬, ਇਸ ਵਿੱਚੋਂ ਸਰੀਰਕ ਆਯੂ ਘਟਾਇਆਂ 1596 ਸਾਲ 06 ਮਹੀਨੇ 08 ਦਿਨ (-)70 ਸਾਲ 05 ਮਹੀਨੇ 07 ਦਿਨ = ਪ੍ਰਕਾਸ਼ ਦਿਹਾੜਾ ੧੫੨੬ - ੦੧ - ੦੧ ਭਾਵ ਬਿਕਰਮੀ ਸੰਮਤ ੧੫੨੬ ਸਾਲ ਦੇ (ਪਹਿਲੇ ਮਹੀਨੇ) ਵੈਸਾਖ ਦੀ ਪਹਿਲੀ ਤਾਰੀਖ਼ = ੧ ਵੈਸਾਖ ਸੰਮਤ ੧੫੨੬ / 27 ਮਾਰਚ 1469; ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 14 ਅਪ੍ਰੈਲ ਨੂੰ ਆਵੇਗੀ। ਇਸ ਤਾਰੀਖ਼ ਨਾਲ ਜੋਤੀ ਸਮਾਉਣ ਦੀ ਤਿੱਥ, ਉਮਰ, ਪ੍ਰਕਾਸ਼ ਪੂਰਨਮਾਸ਼ੀ ਵਾਲਾ ਦਿਨ, ਭਾਈ ਗੁਰਦਾਸ ਜੀ ਵੱਲੋਂ ਵਰਤਿਆ ਸ਼ਬਦ ਵਿਸੋਆ, ਗੁਰੂ ਅਮਰਦਾਸ ਜੀ ਵੱਲੋਂ ਗੋਇੰਦਵਾਲ ਵਿਖੇ ਵੈਸਾਖੀ ਦਾ ਪੁਰਬ ਮਨਾਉਣ ਅਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ੧ ਵੈਸਾਖ ਨੂੰ ਖ਼ਾਲਸਾ ਪੰਥ ਦੀ ਸਾਜਨਾ ਲਈ ਚੁਣਨਾ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ੧ ਵੈਸਾਖ 'ਤੇ ਮੋਹਰ ਲਾਉਂਦੀਆਂ ਹਨ।
ਗੁਰ ਪ੍ਰਣਾਲੀ 5	ਕੱਤਕ ਸੁਦੀ ੧੫, ੧੫੨੬	----	----	----	ਕ੍ਰਿਤਕਾ	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਵੈਸਾਖ ਵਦੀ ੩, ੧੫੨੫	੨੯ ਵੈਸਾਖ	25 ਅਪ੍ਰੈਲ 1468	ਐਤਵਾਰ	----	
ਗੁਰਬਾਣੀ ਪਾਠ ਦਰਸ਼ਨ	ਕੱਤਕ ਸੁਦੀ ੧੫, ੧੫੨੬	----	29 ਨਵੰ: 1469	ਬੁੱਧਵਾਰ	ਅਨੁਰਾਧਾ	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	----	----	15 ਅਪ੍ਰੈਲ 1469	----	----	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਕੱਤਕ ਸੁਦੀ ੧੫, ੧੫੨੬	----	---- 1469	----	----	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ.ਕ. (ਪ੍ਰੋ: ਕਰਤਾਰ ਸਿੰਘ)	ਵੈਸਾਖ ਸੁਦੀ ੩, ੧੫੨੬	੨੦ ਵੈਸਾਖ	15 ਅਪ੍ਰੈਲ 1469	----	----	
ਭਾਈ ਕਾਨ੍ਹ ਸਿੰਘ ਨਾਭਾ	ਵੈਸਾਖ ਸੁਦੀ ੩, ੧੫੨੬	੨੦ ਵੈਸਾਖ	15 ਅਪ੍ਰੈਲ 1469	----	----	
ਸ. ਕਰਮ ਸਿੰਘ ਹਿਸਟੋਰੀਅਨ	ਵੈਸਾਖ ਸੁਦੀ ੩, ੧੫੨੬	੨੦ ਵੈਸਾਖ	15 ਅਪ੍ਰੈਲ 1469	ਸ਼ਨੀਵਾਰ	ਮ੍ਰਿਗਸ਼ਿਰ	
ਗਿ. ਸੋਹਨ ਸਿੰਘ ਸੀਤਲ	ਵੈਸਾਖ ਸੁਦੀ ੩, ੧੫੨੬	੨੦ ਵੈਸਾਖ	15 ਅਪ੍ਰੈਲ 1469	ਸ਼ਨੀਵਾਰ	----	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਵੈਸਾਖ ਸੁਦੀ ੩, ੧੫੨੬	੧੯/੨੦ ਵੈਸਾਖ	15 ਅਪ੍ਰੈਲ 1469	ਸ਼ਨੀਵਾਰ	----	
ਪ੍ਰੋ. ਸਾਹਿਬ ਸਿੰਘ	ਵੈਸਾਖ ਸੁਦੀ ੩, ੧੫੨੬	੨੦ ਵੈਸਾਖ	15 ਅਪ੍ਰੈਲ 1469	ਸ਼ਨੀਵਾਰ	----	
ਡਾ: ਹਰੀ ਰਾਮ ਗੁਪਤਾ	ਵੈਸਾਖ ਸੁਦੀ ੩, ੧੫੨੬	----	15 ਅਪ੍ਰੈਲ 1469	----	----	
ਪ੍ਰਿੰ. ਸਤਬੀਰ ਸਿੰਘ	----	----	15 ਅਪ੍ਰੈਲ 1469	----	----	

ਗੁਰੂ ਨਾਨਕ ਸਾਹਿਬ ਜੀ ਦਾ ਜੋਤੀ ਜੋਤ ਪੁਰਬ

ਗੁਰੂ ਨਾਨਕ ਸਾਹਿਬ ਜੀ **ਅੱਸੂ ਵਦੀ ੧੦, ੧੫੯੬, ੮ ਅੱਸੂ, ਦਿਨ ਐਤਵਾਰ, ਪੁਨਰਵਸੁ ਨਛੱਤਰ, 7 ਸਤੰਬਰ** 1539; **ਜੂਲੀਅਨ, ਨਾ:ਸ਼ਾ ਸੰਮਤ ੭੧** ਨੂੰ ਕਰਤਾਰਪੁਰ ਵਿਖੇ ਜੋਤੀ ਜੋਤ ਸਮਾਏ ਜਿਸ ਦੀ ਪੁਸ਼ਟੀ ਵੱਖ ਵੱਖ ਸੋਮਿਆਂ 'ਚੋਂ ਜੋਤੀ ਜੋਤ ਸਮਾਉਣ ਦੀਆਂ ਤਿਥਾਂ ਦੀ ਪੜਤਾਲ ਅਤੇ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕਰਨ ਉਪ੍ਰੰਤ ਬਣਾਈ ਗਈ ਸਾਰਣੀ ਅਤੇ ਕਾਰਤਾਰਪੁਰੀ ਬੀੜ ਵਿੱਚ ਦਰਜ ਤਿੱਥ/ਸੰਮਤ ਤੋਂ ਹੁੰਦੀ ਹੈ। ਕੈਲੰਡਰ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਵਿੱਚ ਸੂਰਜੀ ਪ੍ਰਵਿਸ਼ਟਾ **੮ ਅੱਸੂ** ਅਪਣਾਇਆ ਗਿਆ ਹੈ ਜੋ **ਹਰ ਸਾਲ 22 ਸਤੰਬਰ** ਨੂੰ ਆਉਂਦਾ ਹੈ। ਜਦੋਂ ਕਿ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਵਿੱਚ ਚੰਦਰ ਮਹੀਨੇ ਦੀਆਂ ਤਿਥਾਂ ਮੁਤਿਬਕ ਤਾਂ ਹਰ ਸਾਲ ਬਦਲਵੀਆਂ ਤਾਰੀਖ਼ਾਂ ਨੂੰ ਆਉਂਦਾ ਹੀ ਹੈ ਪਰ ਜੇ ਬਿਕਰਮੀ ਕੈਲੰਡਰ ਦੇ ਸੂਰਜੀ ਪ੍ਰਵਿਸ਼ਟਿਆਂ ਮੁਤਾਬਿਕ ਵੀ ਮਨਾਇਆ ਜਾਵੇ ਤਾਂ ਸੰਮਤ ੧੫੯੬ ਵਿੱਚ ੮ ਅੱਸੂ - 7 ਸਤੰਬਰ 1539 ਈਸਵੀ; ਸੰਮਤ ੨੦੭੮ ਵਿੱਚ 23 ਸਤੰਬਰ 2021 ਈ: ਅਤੇ ਸੰਮਤ ੩੦੫੭ ਵਿੱਚ 7 ਅਕਤੂਬਰ 3000 ਈ: ਹੋਵੇਗਾ ਅਤੇ ਇਸੇ ਤਰ੍ਹਾਂ ਅੱਗੇ ਦੀ ਅੱਗੇ ਖਿਸਕਦਾ ਜਾਵੇਗਾ ਜਦੋਂ ਕਿ ਨਾਨਕਸ਼ਾਹੀ ਕੈਲੰਡਰ ਵਿੱਚ ੮ ਅੱਸੂ ਹਮੇਸ਼ਾਂ ਲਈ 22 ਸਤੰਬਰ ਨੂੰ ਹੀ ਆਉਣ ਕਰਕੇ ਦੁਨੀਆਂ ਭਰ 'ਚ ਪ੍ਰਚਲਿਤ ਸਾਂਝੇ ਸਾਲ ਅਤੇ ਗੁਰਬਾਣੀ ਵਿੱਚ ਦਰਜ ਬਾਰਹ ਮਾਹ ਅਤੇ ਰੁੱਤੀ ਸਲੋਕ ਵਿੱਚ ਮਹੀਨਿਆਂ ਦੀਆਂ ਵਰਨਣ ਕੀਤੀਆਂ ਰੁੱਤਾਂ ਨਾਲ ਵੀ ਮੇਲ ਖਾਵੇਗਾ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2	ਅੱਸੂ ਵਦੀ ੧੦, ੧੫੯੬	---	---	---	**ਅੱਸੂ ਵਦੀ** ੧੦, ੧੫੯੫ = ੧੯ ਅੱਸੂ, 18 ਸਤੰਬਰ, ਦਿਨ ਬੁੱਧਵਾਰ 1538 ਜੂਲੀਅਨ, ਨਾ: ਸ਼ਾ: ਸੰਮਤ ੭੦; ਅਸ਼ਲੇਸ਼ਾ ਨਛੱਤਰ ਪਰ ਇਸ ਤਿਥ ਦੇ ਸਾਮ੍ਹਣੇ ੩ ਕੱਤਕ ਅਤੇ ਦਿਨ ਵੀਰਵਾਰ ਲਿਖੇ ਹੋਣ ਕਰਕੇ ਇਹ ਮੰਨਣਯੋਗ ਨਹੀਂ ਹੈ। **ਅੱਸੂ ਵਦੀ** ੧੦, ੧੫੯੬ = **੮ ਅੱਸੂ, ਦਿਨ ਐਤਵਾਰ, 7 ਸਤੰਬਰ 1539 ਜੂਲੀਅਨ, ਪੁਨਰਵਸੁ ਨਛੱਤਰ; ਨਾ:ਸ਼ਾ ਸੰਮਤ 71** **ਅੱਸੂ ਸੁਦੀ** ੧੦, ੧੫੯੬ = **੨੩ ਅੱਸੂ, ਦਿਨ ਸੋਮਵਾਰ, 22 ਸਤੰਬਰ** 1539 **ਜੂਲੀਅਨ, ਸ਼ਰਵਣ ਨਛੱਤਰ; ਨਾ: ਸ਼ਾ ਸੰਮਤ 71** ਬਹੁ ਗਿਣਤੀ ਨਵੀਨ ਅਤੇ ਪੁਰਾਤਨ ਲਿਖਾਰੀ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਿੱਥ ਅੱਸੂਵਦੀ ੧੦, ਸੰਮਤ ੧੫੯੬ ਨਾਲ ਸਹਿਮਤ ਹਨ ਅਤੇ ਇਹੋ ਤਿਥ ਕਰਤਾਰਪੁਰੀ ਬੀੜ ਵਿੱਚ ਵੀ ਦਰਜ ਹੈ ਪਰ ਕੈਲੰਡਰ ਵਿਗਿਆਨ ਦੀ ਜਾਣਕਾਰੀ ਨਾ ਹੋਣ ਕਰਕੇ ਬਾਕੀ ਦੀਆਂ ਪੱਧਤੀਆਂ ਵਿੱਚ ਤਾਰੀਖ਼ਾਂ ਤਬਦੀਲ ਕਰਦੇ ਸਮੇਂ ਕੁਝ ਗਲਤੀਆਂ ਹੋਈਆਂ ਹਨ। ਇਸ ਲਈ ਸਹੀ ਤਾਰੀਖ਼ *ਅੱਸੂ ਵਦੀ ੧੦, ੧੫੯੬, ੮ ਅੱਸੂ, ਦਿਨ ਐਤਵਾਰ, 7 ਸਤੰਬਰ 1539 ਜੂਲੀਅਨ, ਪੁਨਰਵਸੁ ਨਛੱਤਰ ਹੈ।* ਨਾ:ਸ਼ਾ: ਸੰਮਤ 71 ਹੈ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਸੂਰਜੀ ਪ੍ਰਵਿਸ਼ਟਾ ੮ ਅੱਸੂ ਲਿਆ ਗਿਆ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 22 ਸਤੰਬਰ ਨੂੰ ਆਉਂਦਾ ਹੈ ਜਦੋਂ ਕਿ ਬਿਕਰਮੀ ਕੈਲੰਡਰ ਅੱਗੇ ਦੀ ਅੱਗੇ ਖਿਸਕਦਾ ਜਾਵੇਗਾ।
ਗੁਰ ਪ੍ਰਣਾਲੀ 3	ਅੱਸੂ ਵਦੀ ੧੦, ੧੫੯੬	---	---	---	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ.ਕਮੇਟੀ	ਅੱਸੂ ਵਦੀ ੧੦, ੧੫੯੫	੩ ਕੱਤਕ	---	ਵੀਰ	
ਗੁਰਬਾਣੀ ਪਾਠ ਦਰਸ਼ਨ	ਅੱਸੂ ਵਦੀ ੧੦, ੧੫੯੬	---	10 ਅਕਤੂਬਰ 1539	---	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	---	---	22 ਸਤੰਬਰ: 1539	---	
ਸ਼ੋ.ਗੁ.ਪ੍ਰ.ਕਮੇਟੀ ਡਾਇਰੀ 1991	ਅੱਸੂ ਸੁਦੀ ੧੦, ੧੫੯੬	---	22 ਸਤੰਬਰ 1539	---	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ.ਕ. (ਪ੍ਰੋ. ਕਰਤਾਰ ਸਿੰਘ)	ਅੱਸੂ ਵਦੀ ੧੦, ੧੫੯੬	੭ ਅੱਸੂ	7 ਸਤੰਬਰ 1539	---	
ਭਾਈ ਕਾਨ੍ਹ ਸਿੰਘ ਨਾਭਾ	ਅੱਸੂ ਸੁਦੀ ੧੦, ੧੫੯੬	੨੩ ਅੱਸੂ	22 ਸਤੰਬਰ 1539	---	
ਸ. ਕਰਮ ਸਿੰਘ ਹਿਸਟੋਰੀਅਨ	ਅੱਸੂ ਸੁਦੀ ੧੦, ੧੫੯੬	੨੩ ਅੱਸੂ	22 ਸਤੰਬਰ 1539	ਸੋਮ	
ਗਿ. ਸੋਹਨ ਸਿੰਘ ਸੀਤਲ	ਅੱਸੂ ਸੁਦੀ ੧੦, ੧੫੯੬	੨੩ ਅੱਸੂ	---	ਸੋਮ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਅੱਸੂ ਵਦੀ ੧੦, ੧੫੯੬	੭ ਅੱਸੂ	7 ਸਤੰਬਰ 1539	---	
ਪ੍ਰੋ. ਸਾਹਿਬ ਸਿੰਘ	ਅੱਸੂ ਸੁਦੀ ੧੦, ੧੫੯੬	੨੩ ਅੱਸੂ	22 ਸਤੰਬਰ 1539	---	
ਡਾ: ਹਰੀ ਰਾਮ ਗੁਪਤਾ	---	---	22 ਸਤੰਬਰ 1539	---	
ਪ੍ਰਿੰ. ਸਤਬੀਰ ਸਿੰਘ	---	---	5 ਸਤੰ: 1539	---	

ਗੁਰੂ ਅੰਗਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ

ਗੁਰੂ ਅੰਗਦ ਸਾਹਿਬ ਜੀ ਦਾ **ਪ੍ਰਕਾਸ਼ ਵੈਸਾਖ ਵਦੀ ੧, ੧੫੬੧; ੫ ਵੈਸਾਖ, ਦਿਨ ਐਤਵਾਰ, ਨਛੱਤਰ ਸਵਾਤੀ ਮੁਤਾਬਿਕ 31 ਮਾਰਚ 1504 ਜੂਲੀਅਨ; ਨਾ:ਸ਼ਾ: ੩੬** ਨੂੰ ਪਿਤਾ ਫੇਰੂ ਮੱਲ ਅਤੇ ਮਾਤਾ ਦਇਆ ਕੌਰ (ਸਭਰਾਈ) ਜੀ ਦੇ ਘਰ ਮੱਤੇ ਦੀ ਸਰਾਂ ਜਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ। ਇਨ੍ਹਾਂ ਤਾਰੀਖ਼ਾਂ ਦੀ ਤਸਦੀਕ ਹੇਠ ਲਿਖੀ ਸਾਰਣੀ ਵਿੱਚ ਦਿੱਤੇ ਵੱਖ ਵੱਖ ਇਤਿਹਾਸਕ ਸੋਮਿਆਂ ਦੇ ਹਵਾਲਿਆਂ ਦੀ ਪੜਤਾਲ ਕਰਨ 'ਤੇ ਕੀਤੀ ਜਾ ਸਕਦੀ ਹੈ। ਨਾਨਕਸ਼ਾਹੀ ਕੈਲੰਡਰ ਵਿੱਚ ਸੂਰਜੀ ਪ੍ਰਵਿਸ਼ਟਾ **੫ ਵੈਸਾਖ** ਅਪਨਾਇਆ ਗਿਆ ਜੋ ਹਰ ਸਾਲ 18 ਅਪ੍ਰੈਲ ਨੂੰ ਆਉਂਦਾ ਹੈ। ਜਦੋਂ ਕਿ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਵਿੱਚ ਚੰਦਰ ਮਹੀਨੇ ਦੀਆਂ ਤਿਥਾਂ ਮੁਤਿਬਕ ਹਰ ਸਾਲ ਬਦਲਵੀਆਂ ਤਾਰੀਖ਼ਾਂ ਨੂੰ ਤਾਂ ਆਉਂਦਾ ਹੀ ਹੈ ਬਿਕਰਮੀ ਕੈਲੰਡਰ ਦੇ ਸੂਰਜੀ ਪ੍ਰਵਿਸ਼ਟਿਆਂ ਮੁਤਾਬਿਕ ਵੀ ਸੰਮਤ ੧੫੬੧ ਵਿੱਚ ੫ ਵੈਸਾਖ 31 ਮਾਰਚ 1504 ਈ; ਸੰਮਤ ੨੦੭੮ ਵਿੱਚ 17 ਅਪ੍ਰੈਲ 2021 ਈ: ਅਤੇ ਸੰਮਤ ੩੦੫੭ ਵਿੱਚ 1 ਮਈ 3000 ਈ: ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਪਿੱਛੋਂ ਹੋਵੇਗਾ ਅਤੇ ਇਸੇ ਤਰ੍ਹਾਂ ਅੱਗੇ ਦੀ ਅੱਗੇ ਖਿਸਕਦਾ ਜਾਵੇਗਾ ਜਦੋਂ ਕਿ ਨਾਨਕਸ਼ਾਹੀ ਕੈਲੰਡਰ ਵਿੱਚ **੫ ਵੈਸਾਖ** ਹਮੇਸ਼ਾਂ ਲਈ 18 ਅਪੈਲ ਨੂੰ ਆਉਣ ਕਰਕੇ ਦੁਨੀਆਂ ਭਰ 'ਚ ਪ੍ਰਚਲਿਤ ਸਾਂਝੇ ਸਾਲ ਅਤੇ ਗੁਰਬਾਣੀ ਵਿੱਚ ਦਰਜ ਬਾਰਹ ਮਾਹ ਅਤੇ ਰੁੱਤੀ ਸਲੋਕ ਵਿੱਚ ਮਹੀਨਿਆਂ ਦੀਆਂ ਵਰਨਣ ਕੀਤੀਆਂ ਰੁੱਤਾਂ ਨਾਲ ਵੀ ਮੇਲ ਖਾਵੇਗਾ।

<table>
<tr><th>ਇਤਿਹਾਸਕਾਰ</th><th>ਸੁਦੀ/ਵਦੀ</th><th>ਪ੍ਰਵਿਸ਼ਟਾ</th><th>ਜੂਲੀਅਨ</th><th>ਦਿਨ</th><th>ਨਛੱਤ੍ਰ</th><th>ਟਿੱਪਣੀ</th></tr>
<tr><td>ਗੁਰਪ੍ਰਣਾਲੀ 2 ---</td><td>---, ੧੫੬੭</td><td>੧੧ ਵੈਸਾਖ</td><td>---</td><td>---</td><td>ਭਰਣੀ</td><td rowspan="14">ਵੈਸਾਖ ੧੧, ੧੫੬੭ = ਨਛੱਤ੍ਰ ਉਤਰਾ ਭਾਦਰਾ।
ਵੈਸਾਖ ੧੧, ੧੫੬੧ = ਨਛੱਤ੍ਰ ਪੂਰਵਾਖਾੜਾ।
ਵੈਸਾਖ ਵਦੀ ੧੪, ੧੫੬੭ = ੧੨ ਵੈਸਾਖ, 7 ਅਪ੍ਰੈਲ 1510 ਦਿਨ ਐਤਵਾਰ, ਨਛੱਤ੍ਰ ਰੇਵਤੀ।
ਵੈਸਾਖ ਸੁਦੀ ੧, ੧੫੬੧ = ੨੦ ਵੈਸਾਖ, 15 ਅਪ੍ਰੈਲ 1504, ਦਿਨ ਸੋਮਵਾਰ, ਨਛੱਤ੍ਰ ਭਰਣੀ। ਇਨ੍ਹਾਂ ਸੋਮਿਆਂ ਦੀਆਂ ਤਿੱਥਾਂ ਦੂਸਰੀਆਂ ਪੱਧਤੀਆਂ ਦੀਆਂ ਤਾਰੀਖ਼ਾਂ ਨਾਲ ਮੇਲ ਨਾ ਖਾਣ ਕਰਕੇ ਗਲਤ ਹਨ।
ਵੈਸਾਖ ਵਦੀ ੧, ੧੫੬੧ = ੫ ਵੈਸਾਖ = 31 ਮਾਰਚ 1504 ਜੂਲੀਅਨ, ਦਿਨ ਐਤਵਾਰ ਅਤੇ ਨਛੱਤਰ ਸਵਾਤੀ ਹੀ ਹੁੰਦਾ ਹੈ। ਇਹ ਸਾਰੇ ਹਵਾਲੇ ਜਿੱਥੇ ਆਪਸ ਵਿੱਚ ਇੱਕ ਮੱਤ ਹਨ ਉੱਥੇ ਕੈਲੰਡਰ ਵਿਗਿਆਨ ਮੁਤਿਬਕ ਵੀ ਖਰੀਆਂ ਉੱਤਰਦੀਆਂ ਹਨ। ਕਿਉਂਕਿ ਕੈਲੰਡਰ ਕਮੇਟੀ ਦੇ ਫੈਸਲੇ ਮੁਤਾਬਿਕ ਚੰਦਰ ਕਲੰਡਰ ਦਾ ਤਿਆਗ ਕਰਕੇ ਸੂਰਜੀ ਕੈਲੰਡਰ ਅਪਨਾਇਆ ਗਿਆ ਸੋ ੫ ਵੈਸਾਖ ਦੀ ਚੋਣ ਕੀਤੀ ਗਈ ਜੋ ਉਸ ਸਮੇਂ ਵੀ ਵੈਸਾਖੀ ਤੋਂ 4 ਦਿਨ ਪਿੱਛੋਂ ਸੀ; ਨਾਨਕਸ਼ਾਹੀ ਕੈਲੰਡਰ ਅਨੁਸਾਰ ਅੱਜ ਵੀ ਵੈਸਾਖੀ ਤੋਂ 4 ਦਿਨ ਪਿੱਛੋਂ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਹਮੇਸ਼ਾਂ 4 ਦਿਨ ਪਿੱਛੋਂ ਹੀ ਆਉਂਦਾ ਰਹੇਗਾ ਜਦੋਂ ਕਿ ਮੌਜੂਦਾ ਬਿਕਰਮੀ ਕੈਲੰਡਰ ਵਿੱਚ ਇਹ ਕਦੀ ਵੀ ਇਸ ਤਰਤੀਬ ਵਿੱਚ ਨਾ ਕਦੇ ਆਇਆ ਹੈ ਅਤੇ ਨਾ ਹੀ ਕਦੇ ਆਏਗਾ।</td></tr>
<tr><td>ਗੁਰਪ੍ਰਣਾਲੀ 3</td><td>---, ੧੫੬੧</td><td>੧੧ ਵੈਸਾਖ</td><td>---</td><td>---</td><td>ਭਰਣੀ</td></tr>
<tr><td>ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ</td><td>ਵੈਸਾਖ ਵਦੀ ੧੪, ੧੫੬੭</td><td>੧੧ ਵੈਸਾਖ</td><td>7 ਅਪ੍ਰੈਲ 1510</td><td>ਐਤ</td><td>---</td></tr>
<tr><td>ਗੁਰਬਾਣੀ ਪਾਠ ਦਰਸ਼ਨ</td><td>ਵੈਸਾਖ ਸੁਦੀ ੧, ੧੫੬੧</td><td>---</td><td>23 ਅਪ੍ਰੈਲ 1504</td><td>ਸ਼ਨੀ</td><td>ਭਰਣੀ</td></tr>
<tr><td>ਵੈੱਬਸਾਈਟ ਸ਼੍ਰੋ.ਗੁ.ਪ੍ਰ. ਕਮੇਟੀ</td><td>ਵੈਸਾਖ ਵਦੀ ੧, ੧੫੬੧</td><td>੫ ਵੈਸਾਖ</td><td>31 ਮਾਰਚ 1504</td><td>---</td><td>---</td></tr>
<tr><td>ਸ਼੍ਰੋ.ਗੁ.ਪ੍ਰ.ਕ. ਡਾਇਰੀ 1991</td><td>ਵੈਸਾਖ ਵਦੀ ੧, ੧੫੬੧</td><td>---</td><td>31 ਮਾਰਚ 1504</td><td>---</td><td>---</td></tr>
<tr><td>ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ. ਕ. (ਪ੍ਰੋ. ਕਰਤਾਰ ਸਿੰਘ)</td><td>ਵੈਸਾਖ ਵਦੀ ੧, ੧੫੬੧</td><td>੫ ਵੈਸਾਖ</td><td>31 ਮਾਰਚ 1504</td><td>---</td><td>---</td></tr>
<tr><td>ਭਾਈ ਕਾਨ੍ਹ ਸਿੰਘ ਨਾਭਾ</td><td>ਵੈਸਾਖ ਵਦੀ ੧, ੧੫੬੧</td><td>੫ ਵੈਸਾਖ</td><td>31 ਮਾਰਚ 1504</td><td>ਐਤ</td><td>---</td></tr>
<tr><td>ਸ. ਕਰਮ ਸਿੰਘ ਹਿਸਟੋਰੀਅਨ</td><td>ਵੈਸਾਖ ਵਦੀ ੧, ੧੫੬੧</td><td>੫ ਵੈਸਾਖ</td><td>31 ਮਾਰਚ 1504</td><td>ਐਤ</td><td>ਸਵਾਤੀ</td></tr>
<tr><td>ਗਿ. ਸੋਹਨ ਸਿੰਘ ਸੀਤਲ</td><td>ਵੈਸਾਖ ਵਦੀ ੧, ੧੫੬੧</td><td>੫ ਵੈਸਾਖ</td><td>31 ਮਾਰਚ 1504</td><td>ਐਤ</td><td>---</td></tr>
<tr><td>ਡਾ: ਗੰਡਾ ਸਿੰਘ ਉਰਦੂ ਜੰਤ੍ਰੀ</td><td>ਵੈਸਾਖ ਵਦੀ ੧, ੧੫੬੧</td><td>੫ ਵੈਸਾਖ</td><td>31 ਮਾਰਚ 1504</td><td>---</td><td>---</td></tr>
<tr><td>ਪ੍ਰੋ. ਸਾਹਿਬ ਸਿੰਘ</td><td>ਵੈਸਾਖ ਵਦੀ ੧, ੧੫੬੧</td><td>੫ ਵੈਸਾਖ</td><td>31 ਮਾਰਚ 1504</td><td>---</td><td>---</td></tr>
<tr><td>ਡਾ: ਹਰੀ ਰਾਮ ਗੁਪਤਾ</td><td>---</td><td>---</td><td>31 ਮਾਰਚ 1504</td><td>---</td><td>---</td></tr>
<tr><td>ਪ੍ਰਿੰ. ਸਤਬੀਰ ਸਿੰਘ</td><td>---</td><td>---</td><td>31 ਮਾਰਚ 1504</td><td>---</td><td>---</td></tr>
</table>

ਗੁਰੂ ਅੰਗਦ ਸਾਹਿਬ ਜੀ ਦਾ ਗੁਰਗੱਦੀ ਪੁਰਬ

ਹੇਠਾਂ ਦਿੱਤੀ ਸਾਰਣੀ ’ਚ ਨਵੀਨ ਅਤੇ ਪੁਰਾਤਨ ਸਾਰੇ ਹੀ ਵਿਦਵਾਨਾਂ ਵੱਲੋਂ ਦਿੱਤੀਆਂ ਤਿੱਥਾਂ/ਤਾਰੀਖ਼ਾਂ ਵਿਗਿਆਨ ਦੀ ਕਸਵੱਟੀ ’ਤੇ ਪਰਖਿਆਂ ਸਿੱਟਾ ਇਹ ਨਿਕਲਿਆ ਕਿ ਗੁਰੂ ਅੰਗਦ ਸਾਹਿਬ ਜੀ ਦਾ ਗੁਰਗੱਦੀ ਪੁਰਬ **ਅੱਸੂ ਵਦੀ ੫, ਸੰਮਤ ੧੫੯੬ ਬਿਕਰਮੀ** ਹੈ ਜਿਸ ਨੂੰ ਦੂਸਰੀਆਂ ਪਧਤੀਆਂ ’ਚ ਬਦਲਿਆਂ ਦਿਨ ਬੁੱਧਵਾਰ **੪ ਅੱਸੂ; ਨਛੱਤਰ ਕ੍ਰਿਤਿਕਾ; ਨਾ:ਸ਼ਾ: ਸੰਮਤ ੭੧**; 3 ਸਤੰਬਰ 1539 ਜੂਲੀਅਨ ਸੀ। ਨਾਨਕਸ਼ਾਹੀ ਕੈਲੰਡਰ ’ਚ ਸੂਰਜੀ ਪ੍ਰਵਿਸ਼ਟਾ **੪ ਅੱਸੂ** ਅਪਣਾਇਆ ਗਿਆ ਜੋ ਹਰ ਸਾਲ 18 ਸਤੰਬਰ ਨੂੰ ਆਉਂਦਾ ਹੈ ਅਤੇ ਆਉਂਦਾ ਰਹੇਗਾ ਜਦੋਂ ਕਿ ਬਿਕਰਮੀ ਕੈਲੰਡਰ ਵਿੱਚ 1539 ਸੀਈ ’ਚ ਇਹ 3 ਸਤੰਬਰ, ਅੱਜ ਕਲ੍ਹ 19 ਸਤੰਬਰ ਅਤੇ ਸੰਨ 3000 ਸੀਈ ’ਚ 3 ਅਕਤੂਬਰ ਨੂੰ ਆਵੇਗਾ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਪਿੱਛੋਂ।

ਇਤਿਹਾਸਕਾਰ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰਵੰਸ ਪੱਤਰ	ਅੱਸੂ ਵਦੀ ੫,੧੫੯੬	---	1539	---	ਨੀਵਨ ਅਤੇ ਪੁਰਤਾਤਨ ਸਾਰੇ ਹੀ ਲੇਖਕਾਂ ਮੁਤਾਬਕ ਗੁਰੂ ਅੰਗਦ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਦੀ ਤਿੱਥ ਚੇਤ ਸੁਦੀ ੪ ਸੰਮਤ ੧੬੦੯ ਲਿਖਿਆ ਹੈ ਅਤੇ ਇਹੋ ਤਾਰੀਖ਼ ਕਰਤਾਰਪੁਰੀ ਬੀੜ ’ਚ ਦਰਜ ਹੈ। ਪਰ ਗੁਰੂ ਅੰਗਦ ਸਾਹਿਬ ਜੀ ਦੇ ਗੁਰਿਆਈ ਪੁਰਬ ਦਿਹਾੜੇ ’ਚ ਇਨ੍ਹਾਂ ਲੇਖਕਾਂ ਮੁਤਾਬਕ ਤਿੰਨ ਮਹੀਨਿਆਂ ਦਾ ਅੰਤਰ ਹੈ। ਇਸ ਫ਼ਰਕ ਦਾ ਕਾਰਨ ਸ: ਕਰਮ ਸਿੰਘ ਹਿਸਟੋਰੀਅਨ ਵੱਲੋਂ ਹੋਈ ਮਨੁੱਖੀ ਗਲਤੀ ਹੈ। ਉਨ੍ਹਾਂ ਦੀ ਸਿੱਖ ਇਤਿਹਾਸ ਦੀ ਖੋਜ ਲਾਜਵਾਬ ਹੈ, ਪਰ ਇਹ ਵੀ ਸੱਚ ਹੈ ਕਿ ਹਰ ਇਨਸਾਨ ਤੋਂ ਸਹਿਜ ਸੁਭਾ ਕੁਝ ਲਗਤੀਆਂ ਹੋ ਜਾਂਦੀਆਂ ਹਨ **“ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥”** (ਮ: ੧/੬੧) ਇਸ ਲਈ ਸੋਧ ਦੀ ਗੁੰਜਾਇਸ਼ ਹਮੇਸ਼ਾਂ ਬਣੀ ਰਹਿੰਦੀ ਹੈ। ਉਨ੍ਹਾਂ ਆਪਣੀ ਪੁਸਤਕ ‘ਗੁਰਪੁਰਬ ਨਿਰਣੈ’ ਵਿੱਚ ਕਵੀ ਸੰਤੋਖ ਸਿੰਘ ਦਾ ਹਵਾਲਾ **“ਦਵਾਦਸ ਬਰਖ ਟਿਕੇ ਗੁਰਗਾਦੀ। ਖਸਟ ਮਾਸ ਨੌ ਦਿਨ ਐਹਲਾਦੀ।”** ਦਿੱਤਾ ਹੈ, ਭਾਵ ਗੁਰੂ ਅੰਗਦ ਸਾਹਿਬ ਜੀ 12 ਬਰਸ 6 ਮਹੀਨੇ 9 ਦਿਨ ਗੁਰਗੱਦੀ ’ਤੇ ਬਿਰਾਜਮਾਨ ਰਹੇ। ਸ: ਕਰਮ ਸਿੰਘ ਹਿਸਟੋਰੀਅਨ ਨੇ ਉਨ੍ਹਾਂ ਦੇ ਜੋਤੀ-ਜੋਤ ਸਮਾਉਣ ਦੀ ਤਿੱਥ ਚੇਤ ਸੁਦੀ ੪, ਸੰਮਤ ੧੬੦੯ ’ਚੋਂ ਕੁਲ ਗੁਰਿਆਈ ਦਾ ਸਮਾਂ 12 ਸਾਲ 6 ਮਹੀਨੇ 9 ਦਿਨ ਘਟਾਉਣ ਦੀ ਬਜਾਏ ਗ਼ਲਤੀ ਨਾਲ 12 ਸਾਲ 9 ਮਹੀਨੇ 6 ਦਿਨ ਘਟਾ ਕੇ ਹਾੜ ਵਦੀ ੧੩ ਸੰਮਤ ੧੫੯੬ ਲਿਖ ਲਿਆ ਜਿਸ ਨੂੰ ਦੂਸਰੀਆਂ ਪਧਤੀਆਂ ’ਚ ਤਬਦੀਲ ਕਰਕੇ ੧੭ ਹਾੜ; 14 ਜੂਨ 1539 ਜੂਲੀਅਨ ਦੀ ਗ਼ਲਤ ਤਾਰੀਖ਼ ਲਿਖ ਲਈ। ਇਸ ਗਲਤੀ ਵੱਲ ਕਿਸੇ ਦਾ ਧਿਆਨ ਨਾ ਗਿਆ ਜਿਸ ਕਾਰਨ ਇੱਥੋਂ ਵੇਖ ਕੇ ਕੁਝ ਹੋਰ ਨਾਮਵਰ ਇਤਿਹਾਸਕਾਰ ਅਤੇ ਵਿਦਵਾਨ ਵੀ ਇਹੀ ਤਾਰੀਖ਼ ਲਿਖਦੇ ਆ ਰਹੇ ਹਨ। ਇਸ ਗਲਤੀ ਵੱਲ ਪਹਿਲੀ ਵਾਰ ਸ: ਪਾਲ ਸਿੰਘ ਪੁਰੇਵਾਲ ਦਾ ਧਿਆਨ ਗਿਆ। ਉਨ੍ਹਾਂ ਨੇ ਗੁਰੂ ਅੰਗਦ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਦੀ ਤਿੱਥ ਚੇਤ ਸੁਦੀ ੪, ਸੰਮਤ ੧੬੦੯ ’ਚੋਂ 12 ਸਾਲ 6 ਮਹੀਨੇ 9 ਦਿਨ ਘਟਾਏ ਤਾਂ ਗੁਰਿਆਈ ਦੀ ਸਹੀ ਤਿੱਥ ਅੱਸੂ ਵਦੀ ੧੦ ਸੰਮਤ ੧੫੯੬ ਬਣਦੀ ਹੈ। ਇਹੋ ਤਿੱਥ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਦੀ ਹੈ। ਕੁਝ ਪੁਰਾਤਨ ਲਿਖਾਰੀਆਂ ਵੱਲੋਂ ਗੁਰੂ ਅੰਗਦ ਸਾਹਿਬ ਜੀ ਦੀ ਗੁਰਗੱਦੀ **ਅੱਸੂ ਵਦੀ ੫ ਸੰਮਤ ੧੫੯੬** ਲਿਖੀ ਹੈ ਅਤੇ ਪੰਥ ’ਚ ਪ੍ਰਚਲਤ ਵੀ ਹੈ ਇਸ ਲਈ ਇਹ ਸਹੀ ਮੰਨੀ ਗਈ ਕਿਉਂਕਿ ਹੋ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਪੁੱਤਰਾਂ ਵੱਲੋਂ ਗੱਦੀ ਦੇ ਸੰਭਾਵੀ ਦਾਅਵੇਦਾਰ ਹੋਣ ਨੂੰ ਭਾਂਪਦੇ ਹੋਏ ਬਾਬਾ ਲਹਿਣਾ ਜੀ ਨੂੰ ਗੁਰਗੱਦੀ ਕੁਝ ਦਿਨ ਪਹਿਲਾਂ ਹੀ ਸੌਂਪ ਕੇ ਹਾਲਤਾਂ ’ਤੇ ਆਪਣੀ ਨਿਘ੍ਹਾ ਰੱਖੀ ਅਤੇ ਉਨ੍ਹਾਂ ਤੋਂ ਬਾਅਦ ਸਿੱਖੀ ਦਾ ਅਗਲਾ ਪ੍ਰਚਾਰ ਕੇਂਦਰ ਖਡੂਰ ਸਾਹਿਬ ਸਥਾਪਤ ਕਰਨ ਦੀ ਹਿਦਾਇਤ ਕੀਤੀ ਹੋਵੇ।
ਸੂਰਜ ਪ੍ਰਕਾਸ਼ (ਵਾਰਤਿਕ)	ਅੱਸੂ ਵਦੀ ੫,੧੫੯੬	---	---	---	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਹਾੜ ਵਦੀ ੧੪, ੧੫੯੫	੨੬ ਹਾੜ	23 ਜੂਨ 1538	ਐਤ	
ਗੁਰਬਾਣੀ ਪਾਠ ਦਰਸ਼ਨ	ਅੱਸੂ ਵਦੀ ੫, ੧੫੯੬	---	6 ਅਕ: 1539	---	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	---	---	7 ਸਤੰ: 1539	---	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਹਾੜ ਵਦੀ ੧੩, ੧੫੯੬	---	14 ਜੂਨ 1539	---	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ.ਕ. (ਪ੍ਰੋ: ਕਰਤਾਰ ਸਿੰਘ)	ਹਾੜ ਵਦੀ ੧੩ / ਅੱਸੂ ਵਦੀ ੧੦ ੧੫੯੬	੧੭ ਹਾੜ ੭ ਅੱਸੂ	14 ਜੂਨ 1539	---	
ਭਾਈ ਕਾਨ੍ਹ ਸਿੰਘ ਨਾਭਾ	--- ੧੫੯੬	੧੭ ਹਾੜ ੨੩ ਅੱਸੂ	---	---	
ਸ. ਕਰਮ ਸਿੰਘ ਹਿਸਟੋਰੀਅਨ	ਹਾੜ ਵਦੀ ੧੩, ੧੫੯੬	੧੭ ਹਾੜ	14 ਜੂਨ 1539	ਸ਼ਨੀ	
ਗਿ. ਸੋਹਨ ਸਿੰਘ ਸੀਤਲ	ਹਾੜ ਵਦੀ ੧੩, ੧੫੯੬	---	---	---	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਹਾੜ ਵਦੀ ੧੩, ੧੫੯੬	੧੭ ਹਾੜ	14 ਜੂਨ 1539	ਸ਼ਨੀ	
ਪ੍ਰੋ. ਸਾਹਿਬ ਸਿੰਘ	---	---	---	---	
ਡਾ: ਹਰੀ ਰਾਮ ਗੁਪਤਾ	--- ੧੫੯੬	---	2 ਸਤੰ: 1539	---	
ਪ੍ਰਿੰ. ਸਤਬੀਰ ਸਿੰਘ	---	---	---	---	

ਗੁਰੂ ਅੰਗਦ ਸਾਹਿਬ ਜੀ ਦਾ ਜੋਤੀ ਜੋਤ ਪੁਰਬ

ਹੇਠਾਂ ਦਿੱਤੀ ਸਾਰਣੀ ਤੋਂ ਇਸੇ ਨਤੀਜੇ ’ਤੇ ਪਹੁੰਚੀਦਾ ਹੈ ਕਿ ਗੁਰੂ ਅੰਗਦ ਸਾਹਿਬ ਜੀ ਚੇਤ **ਸੁਦੀ ੪, ੧੬੦੯ ਦਿਨ ਮੰਗਲਵਾਰ ੩ ਵੈਸਾਖ, ਨਛੱਤਰ ਰੋਹਿਨੀ/ 29 ਮਾਰਚ 1552 ਜੂਲੀਅਨ; ਨਾ:ਸ਼ਾ: ੮੪** ਨੂੰ ਜੋਤੀ-ਜੋਤ ਸਮਾਏ । ਚੰਦਰ ਤਿੱਥਾਂ ਦਾ ਤਿਆਗ ਕਰਕੇ ਪ੍ਰਵਿਸ਼ਟੇ ਅਪਣਾਏ ਜਾਣ ਦੇ ਫੈਸਲੇ ਨੂੰ ਮੁੱਖ ਰੱਖ ਕੇ ਕੈਲੰਡਰ ਕਮੇਟੀ ਨੇ ਨਾਨਕਸ਼ਾਹੀ ਕੈਲੰਡਰ ਵਿੱਚ ਗੁਰੂ ਅੰਗਦ ਸਾਹਿਬ ਜੀ ਦਾ ਜੋਤੀ ਜੋਤ ਪੁਰਬ **੩ ਵੈਸਾਖ** ਨਿਸਚਿਤ ਕੀਤਾ ਗਿਆ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 16 ਅਪ੍ਰੈਲ ਨੂੰ ਹੀ ਆਉਂਦਾ ਹੈ ਅਤੇ ਹਮੇਸ਼ਾਂ ਲਈ 16 ਅਪ੍ਰੈਲ ਨੂੰ ਹੀ ਆਉਂਦਾ ਰਹੇਗਾ ਜਦੋਂ ਕਿ ਬਿਕਰਮੀ ਕੈਲੰਡਰ ਵਿੱਚ ਸੰਨ 1552 ’ਚ ਇਹ 29 ਮਾਰਚ ਜੂਲੀਅਨ/8 ਅਪ੍ਰੈਲ ਗ੍ਰੈਗੋਰੀਅਨ ਅੱਜ ਕੱਲ੍ਹ 15/16 ਅਪ੍ਰੈਲ ਅਤੇ ਸੰਨ 3000 ਸੀਈ ਵਿੱਚ **੩ ਵੈਸਾਖ** 29 ਅਪ੍ਰੈਲ ਨੂੰ ਆਵੇਗਾ ਭਾਵ ਅਸਲ ਤਾਰੀਖ਼ਾਂ ਤੋਂ ਪੂਰਾ ਇੱਕ ਮਹੀਨਾ ਬਾਅਦ। ਪਾਠਕ ਹੁਣ ਅੰਦਾਜਾ ਲਾ ਸਕਦੇ ਹਨ ਕਿ ਇਤਿਹਾਸ ਨੂੰ ਮਿਥਿਹਾਸ ਬਿਕਰਮੀ ਕੈਲੰਡਰ ਬਣਾ ਰਿਹਾ ਹੈ ਜਾਂ ਨਾਨਕਸ਼ਾਹੀ ਕੈਲੰਡਰ ਬਣਾਏਗਾ?

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2	ਚੇਤ ਸੁਦੀ ੪, ੧੬੦੯	---	---	---	ਨਵੀਨ ਅਤੇ ਪੁਰਾਤਨ ਸਾਰੇ ਹੀ ਵਿਦਵਾਨਾਂ ਨੇ ਗੁਰੂ ਅੰਗਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਿੱਥ ***ਚੇਤ ਸੁਦੀ ੪, ੧੬੦੯*** ਲਿਖੀ ਹੈ ਭਾਵੇਂ ਕਿ ਪ੍ਰਵਿਸ਼ਟੇ, ਜੂਲੀਅਨ ਤਾਰੀਖ਼ਾਂ ਅਤੇ ਦਿਨਾਂ ਵਿੱਚ ਥੋੜ੍ਹਾ ਅੰਤਰ ਹੈ। ਚੇਤ ਸੁਦੀ ***੪, ੧੬੦੯*** ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕਰਨ ’ਤੇ ਇਹ ਦਿਨ ਤਾਰੀਖ਼ਾਂ ਆਉਂਦੀਆਂ ਹਨ = **੩ ਵੈਸਾਖ, ਮੰਗਲਵਾਰ, ਨਛੱਤਰ ਰੋਹਿਨੀ, 29 ਮਾਰਚ 1552 *ਜੂਲੀਅਨ*** ਬਣਦੀ ਹੈ। ਚੰਦਰ ਤਿੱਥਾਂ ਦਾ ਤਿਆਗ ਕਰਕੇ ਪ੍ਰਵਿਸ਼ਟੇ ਅਪਣਾਏ ਜਾਣ ਦੇ ਫੈਸਲੇ ਨੂੰ ਮੁੱਖ ਰੱਖ ਕੇ ਕੈਲੰਡਰ ਕਮੇਟੀ ਨੇ ਨਾਨਕਸ਼ਾਹੀ ਕੈਲੰਡਰ ਵਿੱਚ ਗੁਰੂ ਅੰਗਦ ਸਾਹਿਬ ਜੀ ਦਾ ਜੋਤੀ-ਜੋਤ ਪੁਰਬ ***੩ ਵੈਸਾਖ*** ਨਿਸਚਤ ਕੀਤਾ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 16 ਅਪ੍ਰੈਲ ਨੂੰ ਹੀ ਆਉਂਦਾ ਹੈ ਅਤੇ ਹਮੇਸ਼ਾਂ ਲਈ 16 ਅਪ੍ਰੈਲ ਨੂੰ ਹੀ ਆਉਂਦਾ ਰਹੇਗਾ ਜਦੋਂ ਕਿ ਬਿਕਰਮੀ ਕੈਲੰਡਰ ਵਿੱਚ ਸੰਨ 1552 ’ਚ ਇਹ 29 ਮਾਰਚ ਜੂਲੀਅਨ/ 8 ਅਪ੍ਰੈਲ ਗ੍ਰੈਗੋਰੀਅਨ, ਅੱਜ ਕੱਲ੍ਹ 15/16 ਅਪ੍ਰੈਲ ਅਤੇ ਸੰਨ 3000 ਸੀਈ ਵਿੱਚ ***੩ ਵੈਸਾਖ*** 29 ਅਪ੍ਰੈਲ ਨੂੰ ਆਵੇਗਾ ਭਾਵ ਅਸਲ ਤਾਰੀਖ਼ਾਂ ਤੋਂ ਪੂਰਾ ਇੱਕ ਮਹੀਨਾ ਬਾਅਦ। ਪਾਠਕ ਹੁਣ ਅੰਦਾਜਾ ਲਾ ਸਕਦੇ ਹਨ ਕਿ ਇਤਿਹਾਸ ਨੂੰ ਮਿਥਿਹਾਸ ਬਿਕਰਮੀ ਕੈਲੰਡਰ ਬਣਾ ਰਿਹਾ ਹੈ ਜਾਂ ਨਾਨਕਸ਼ਾਹੀ ਕੈਲੰਡਰ ਬਣਾਏਗਾ?
ਗੁਰ ਪ੍ਰਣਾਲੀ 3	ਚੇਤ ਸੁਦੀ ੪, ੧੬੦੯	---	---	---	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ.ਕਮੇਟੀ	ਚੇਤ ਸੁਦੀ ੪, ੧੬੦੯	੨੨ ਚੇਤ	18 ਮਾਰਚ 1553	ਸ਼ਨੀ	
ਗੁਰਬਾਣੀ ਪਾਠ ਦਰਸ਼ਨ	ਚੇਤ ਸੁਦੀ ੪, ੧੬੦੯	---	27 ਮਾਰਚ 1552	---	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	---	---	29.3.1552	---	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਚੇਤ ਸੁਦੀ ੪, ੧੬੦੯	---	29 ਮਾਰਚ 1552	---	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ.ਕ. (ਪ੍ਰੋ: ਕਰਤਾਰ ਸਿੰਘ)	ਚੇਤ ਸੁਦੀ ੪, ੧੬੦੯	੩ ਵੈਸਾਖ	29 ਮਾਰਚ 1552	---	
ਭਾਈ ਕਾਨ੍ਹ ਸਿੰਘ ਨਾਭਾ	ਚੇਤ ਸੁਦੀ ੪, ੧੬੦੯	੩ ਵੈਸਾਖ	29 ਮਾਰਚ 1552	---	
ਸ. ਕਰਮ ਸਿੰਘ ਹਿਸਟੋਰੀਅਨ	ਚੇਤ ਸੁਦੀ ੪, ੧੬੦੯	੩ ਵੈਸਾਖ	29 ਮਾਰਚ 1552	---	
ਗਿ. ਸੋਹਨ ਸਿੰਘ ਸੀਤਲ	ਚੇਤ ਸੁਦੀ ੪, ੧੬੦੯	੩ ਵੈਸਾਖ	29 ਮਾਰਚ 1552	ਮੰਗਲ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਚੇਤ ਸੁਦੀ ੪, ੧੬੦੯	੩ ਵੈਸਾਖ	29 ਮਾਰਚ 1552	---	
ਪ੍ਰੋ. ਸਾਹਿਬ ਸਿੰਘ	ਚੇਤ ਸੁਦੀ ੪, ੧੬੦੯	੩ ਵੈਸਾਖ	29 ਮਾਰਚ 1552	ਮੰਗਲ	
ਡਾ: ਹਰੀ ਰਾਮ ਗੁਪਤਾ	---	---	29.3.1552	---	
ਪ੍ਰਿੰ. ਸਤਬੀਰ ਸਿੰਘ	---	---	29.3.1552	---	

ਗੁਰੂ ਅਮਰਦਾਸ ਸਾਹਿਬ ਜੀ ਦਾ ਪ੍ਰਕਾਸ਼ ਪੁਰਬ

ਵੱਖ ਵੱਖ ਸੋਮਿਆਂ ਵਿੱਚੋਂ ਤਿੱਥਾਂ/ਤਾਰੀਖ਼ਾਂ ਲੈ ਕੇ ਬਣਾਈ ਗਈ ਸਾਰਣੀ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਬਹੁਤੇ ਲਿਖਾਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਪ੍ਰਕਾਸ਼ **ਵੈਸਾਖ ਸੁਦੀ ੧੪, ੧੫੩੬** ਨੂੰ ਮੰਨਦੇ ਹਨ। ਇਸ ਤਿੱਥ ਨੂੰ ਬਾਕੀ ਦੀਆਂ ਪਧਤੀਆਂ ਵਿੱਚ ਤਬਦੀਲ ਕੀਤਿਆਂ; **੯ ਜੇਠ, 5 ਮਈ 1479, ਬੁੱਧਵਾਰ ਦਿਨ, ਵੈਸਾਖਾ ਨਛੱਤਰ; ਨਾ: ਸ਼ਾ: ੧੧ ਬਣਦਾ ਹੈ।** ਸਾਰਣੀ ਵਿੱਚ ਦਿੱਤੇ ੮ ਜੇਠ/ ੧੦ ਜੇਠ ਦਾ ਜੋ ਫ਼ਰਕ ਹੈ ਇਹ ਦੇਸ਼ ਵਿੱਚ ਬਿਕਰਮੀ ਸੰਮਤ ਦੇ ਪ੍ਰਚਲਤ ਵੱਖ ਵੱਖ ਨਿਯਮਾਂ ਕਾਰਨ ਹੈ। ਪੰਜਾਬ ਵਿੱਚ ਪ੍ਰਚਲਤ ਨਿਯਮ ਮੁਤਾਬਿਕ ***੯ ਜੇਠ*** ਠੀਕ ਹੋਣ ਕਰਕੇ ਕੈਲੰਡਰ ਕਮੇਟੀ ਨੇ ਇਸ ਤਾਰੀਖ਼ ਦੀ ਚੋਣ ਕੀਤੀ। ਨਾਨਕਸ਼ਾਹੀ ਕੈਲੰਡਰ ਅਨੁਸਾਰ ਅੱਜ ਕੱਲ੍ਹ ***੯ ਜੇਠ*** ਹਰ ਸਾਲ 23 ਮਈ ਨੂੰ ਆਉਂਦਾ ਹੈ ਅਤੇ ਅੱਗੇ ਤੋਂ ਆਉਂਦਾ ਰਹੇਗਾ ਜਦੋਂ ਕਿ ਬਿਕਰਮੀ ਕੈਲੰਡਰ ਵਿੱਚ 1479 ਵਿੱਚ ਇਹ 5 ਮਈ ਅੱਜ ਕਲ੍ਹ 22/23 ਮਈ ਅਤੇ ਸੰਨ 3000 ਸੀਈ ਵਿੱਚ 5 ਜੂਨ ਨੂੰ ਆਵੇਗਾ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਨਛੱਤ੍ਰ	ਟਿੱਪਣੀ
ਗੁਰ ਪ੍ਰਣਾਲੀ 2 ---	ਸੁਦੀ ੪, ੧੫੬੬	੨੦ ਵੈਸਾਖ	---	ਸ਼ੁੱਕ	ਕ੍ਰਿਤਿਕਾ	**ਵੈਸਾਖ ਸੁਦੀ ੪, ੧੫੬੬** = ੨੮ ਵੈਸਾਖ, ਸੋਮਵਾਰ, ਆਰਧ੍ਰਾ ਨਛੱਤਰ **ਵੈਸਾਖ ਸੁਦੀ ੧੪, ੧੫੬੬** = ੭ ਜੇਠ, ਵੀਰਵਾਰ, ਸਵਾਤੀ ਨਛੱਤਰ **ਵੈਸਾਖ ਵਦੀ ੧੪, ੧੫੬੬** = ੨੩ ਵੈਸਾਖ, ਬੁੱਧਵਾਰ, ਅਸ਼ਵਨੀ ਨਛੱਤਰ **ਵੈਸਾਖ ਵਦੀ ੧੨, ੧੫੬੬** =੨੧ ਵੈਸਾਖ, 16 ਅਪ੍ਰੈਲ 1509, ਸੋਮ, ਉ: ਭਾ ਨਛੱਤਰ **ਵੈਸਾਖ ਸੁਦੀ ੧੪, ੧੫੨੬** = ੨੫ ਅਪ੍ਰੈਲ, ਮੰਗਲਵਾਰ, ਨਛੱਤਰ; ਸਵਾਤੀ। ਕਿਸੇ ਵੀ ਸੋਮੇ ਦੇ ਦਿਨ/ ਤਾਰੀਖ਼ਾਂ/ ਨਛੱਤਰ ਮੇਲ ਨਾ ਖਾਣ ਕਰਕੇ ਇਹ ਸਾਰੇ ਹੀ ਗਲਤ ਹਨ। ਇਸ ਸਾਰਣੀ ਤੋਂ ਇੱਕ ਗੱਲ ਹੋਰ ਸਾਮ੍ਹਣੇ ਆਉਂਦੀ ਹੈ ਕਿ ਗੁਰਬਾਣੀ ਪਾਠ ਦਰਸ਼ਨ ਅਤੇ ਗੁਰਪ੍ਰਣਾਲੀਆਂ ਦੇ ਲੇਖਕਾਂ ਨੂੰ ਕੈਲੰਡਰ ਵਿਗਿਆਨ ਦੀ ਕੋਈ ਸੋਝੀ ਨਹੀਂ ਕੇਵਲ ਇੱਕ ਦੂਜੇ ਦੀ ਨਕਲ ਕਰਕੇ ਗੁਰਪੁਰਬਾਂ ਦੀਆਂ ਵੱਖ ਵੱਖ ਤਾਰੀਖ਼ਾਂ ਲਿਖੀਆਂ ਹਨ ਜੋ ਅੱਜ ਪੰਥ 'ਚ ਦੁਬਿਧਾ ਦਾ ਕਾਰਨ ਬਣੀਆਂ ਹੋਈਆ ਹਨ। ਵੱਖ ਵੱਖ ਸਾਲ/ਤਿੱਥਾਂ ਹੋਣ ਦੇ ਬਾਵਜੂਦ ਸਾਰਿਆਂ ਵੱਲੋਂ ਦਿਨ ਸ਼ੁੱਕਰ ਨਛੱਤਰ ਕ੍ਰਿਤਿਕਾ ਲਿਖੇ ਜਾਣਾ ਇਸ ਦਾ ਵੱਡਾ ਸਬੂਤ ਹੈ। ਵੈਸਾਖ ਸੁਦੀ ੧੪, ੧੫੩੬ ਨੂੰ ਬਾਕੀ ਦੀਆਂ ਪਧਤੀਆਂ ਵਿੱਚ ਤਬਦੀਲ ਕੀਤਿਆਂ **੯ ਜੇਠ, 5 ਮਈ 1479, ਦਿਨ ਬੁੱਧਵਾਰ, ਵੈਸਾਖਾ ਨਛੱਤਰ ਬਣਦਾ ਹੈ।** ੮ ਜੇਠ/ ੧੦ ਜੇਠ ਦਾ ਜੋ ਫ਼ਰਕ ਹੈ ਇਹ ਦੇਸ਼ ਵਿੱਚ ਬਿਕਰਮੀ ਸੰਮਤ ਦੇ ਪ੍ਰਚਲਤ ਵੱਖ ਵੱਖ ਨਿਯਮਾਂ ਕਾਰਨ ਹੈ। ਪੰਜਾਬ ਵਿੱਚ ਪ੍ਰਚਲਤ ਨਿਯਮ ਮੁਤਾਬਿਕ **੯ ਜੇਠ** ਠੀਕ ਹੋਣ ਕਰਕੇ ਕੈਲੰਡਰ ਕਮੇਟੀ ਨੇ ਇਸ ਤਾਰੀਖ਼ਾਂ ਦੀ ਚੋਣ ਕੀਤੀ।
ਗੁਰ ਪ੍ਰਣਾਲਿ 3	ਚਉਦਸ, ੧੫੬੬	੨੦ ਵੈਸਾਖ	---	ਸ਼ੁੱਕ	ਕ੍ਰਿਤਿਕਾ	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਵੈਸਾਖ ਵਦੀ ੧੨, ੧੫੬੬	---	16 ਅਪ੍ਰੈਲ 1509	ਐਤ	---	
ਗੁਰਬਾਣੀ ਪਾਠ ਦਰਸ਼ਨ	ਵੈਸਾਖ ਸੁਦੀ ੧੪, ੧੫੨੬	---	5 ਮਈ 1469	ਸ਼ੁੱਕ	ਕ੍ਰਿਤਿਕਾ	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	ਵੈਸਾਖ ਸੁਦੀ ੧੪, ੧੫੩੬	੮ ਜੇਠ	5 ਮਈ 1479	---	---	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਵੈਸਾਖ ਸੁਦੀ ੧੪, ੧੫੩੬	---	5 ਮਈ 1479	---	---	
ਸਿੱਖ ਇਤਿਹਾਸ ਸ਼੍ਰੋ. ਗੁ.ਪ੍ਰ.ਕ.	ਵੈਸਾਖ ਸੁਦੀ ੧੪, ੧੫੩੬	੮ ਜੇਠ	5 ਮਈ 1479	---	---	
ਭਾਈ ਕਾਨ੍ਹ ਸਿੰਘ ਨਾਭਾ	ਵੈਸਾਖ ਸੁਦੀ ੧੪, ੧੫੩੬	੧੦ ਜੇਠ	5 ਮਈ 1479	---	---	
ਸ. ਕਰਮ ਸਿੰਘ ਹਿਸਟੋਰੀਅਨ	ਵੈਸਾਖ ਸੁਦੀ ੧੪, ੧੫੩੬	੧੦ ਜੇਠ	5 ਮਈ 1479	ਬੁੱਧ	ਵੈਸ਼ਾਖਾ	
ਗਿ. ਸੋਹਨ ਸਿੰਘ ਸੀਤਲ	ਵੈਸਾਖ ਸੁਦੀ ੧੪, ੧੫੩੬	੧੦ ਜੇਠ	5 ਮਈ 1479	ਬੁੱਧ	ਵੈਸ਼ਾਖਾ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਵੈਸਾਖ ਸੁਦੀ ੧੪, ੧੫੩੬	੮ ਜੇਠ	5 ਮਈ 1479	---	---	
ਪ੍ਰੋ. ਸਾਹਿਬ ਸਿੰਘ	ਵੈਸਾਖ ਸੁਦੀ ੧੪, ੧੫੩੬	੮ ਵੈਸਾਖ	5 ਮਈ 1479	---	---	
ਡਾ: ਹਰੀ ਰਾਮ ਗੁਪਤਾ	---	---	5 ਮਈ 1479	---	---	
ਪ੍ਰਿੰ. ਸਤਬੀਰ ਸਿੰਘ	---	---	29 ਅਪ੍ਰੈਲ 1479	---	---	

ਗੁਰੂ ਅਮਰਦਾਸ ਜੀ ਦਾ ਗੁਰਗੱਦੀ ਪੁਰਬ

ਵੱਖ ਵੱਖ ਸੋਮਿਆਂ ਵਿੱਚੋਂ ਤਿੱਥਾਂ ਤਾਰੀਖ਼ਾਂ ਲੈ ਕੇ ਬਣਾਈ ਗਈ ਸਾਰਣੀ ਅਤੇ ਕੀਤੀ ਪੜਤਾਲ ਤੋਂ ਸਪਸ਼ਟ ਹੈ ਕਿ ਗੁਰੂ ਅਮਰਦਾਸ ਜੀ ***ਚੇਤ ਸੁਦੀ ੪, ੧੬੦੯; ੩ ਵੈਸਾਖ, ਦਿਨ ਮੰਗਲਵਾਰ, ਨਛੱਤਰ ਰੋਹਿਣੀ; ਨਾਨਕਸ਼ਾਹੀ ਸੰਮਤ ੮੪; 29 ਮਾਰਚ 1552*** ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਪ੍ਰਵਿਸ਼ਟਾ ੩ ਵੈਸਾਖ ਦੀ ਚੋਣ ਕੀਤੀ ਜੋ ਕਿ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 16 ਅਪ੍ਰੈਲ ਨੂੰ ਆਉਂਦੀ ਰਹੇਗੀ ਜਦੋਂ ਕਿ ਬਿਕਰਮੀ ਕੈਲੰਡਰ ਮੁਤਾਬਿਕ ਸੰਨ 1609 ਵਿੱਚ ***੩ ਵੈਸਾਖ*** 29 ਮਾਰਚ, ਅੱਜ ਕੱਲ੍ਹ 15/16 ਅਪ੍ਰੈਲ ਅਤੇ ਸੰਨ 3000 ਸੀਈ ਵਿੱਚ ***੩ ਵੈਸਾਖ*** 29 ਅਪ੍ਰੈਲ ਨੂੰ ਆਏਗਾ ਭਾਵ ਗੁਰੂ ਕਾਲ ਨਾਲੋਂ ਪੂਰਾ 1 ਮਹੀਨਾ ਪਿੱਛੋਂ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਸਾਡੇ ਲਈ ਕਿਹੜਾ ਕੈਲੰਡਰ ਠੀਕ ਰਹੇਗਾ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2	---	---	---	ਮੰਗਲ	**ਚੇਤ ਸੁਦੀ** ੧, ੧੬੦੯ ਨੂੰ 25 ਨਹੀਂ ਬਲਕਿ 26 ਮਾਰਚ ਹੋਣ ਕਰਕੇ ਇਹ ਤਾਰੀਖ਼ ਗਲਤ ਹੈ।
ਗੁਰ ਪ੍ਰਣਾਲੀ 3	---	---	---	---	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ.ਕਮੇਟੀ	ਚੇਤ ਸੁਦੀ ੪, ੧੬੦੯	੨੨ ਚੇਤ	18 ਮਾਰਚ 1553	ਸ਼ਨੀ	ਗੁਰਬਾਣੀ ਪਾਠ ਦਰਸ਼ਨ ਨੂੰ ਛੱਡ ਕੇ ਬਾਕੀ ਪੁਰਾਤਨ ਅਤੇ ਨਵੀਨ ਤਕਰੀਬਨ ਸਾਰੇ ਹੀ ਲਿਖਾਰੀਆਂ ਨੇ ਗੁਰੂ ਅਮਰਦਾਸ ਜੀ ਦੇ ਗੁਰਗੱਦੀ ਪੁਰਬ ਦੀ ਚੰਦਰ ਮਹੀਨੇ ਦੀ ਤਿਥੀ ***ਚੇਤ ਸੁਦੀ ੪ ਸੰਮਤ ੧੬੦੯*** ਲਿਖੀ ਹੈ ਭਾਵੇਂ ਕਿ ਦੂਸਰੀਆਂ ਪੱਧਤੀਆਂ ਦੀਆਂ ਤਾਰੀਖ਼ਾਂ ਵਿੱਚ ਕੁਝ ਅੰਤਰ ਹੈ। ਚੇਤ ਸੁਦੀ ੪ ਸੰਮਤ ੧੬੦੯ ਨੂੰ ਬਾਕੀ ਦੀਆਂ ਪੱਧਤੀਆਂ ਵਿੱਚ ਤਬਦੀਲ ਕੀਤਿਆਂ, ***੩ ਵੈਸਾਖ ਸੰਮਤ ੧੬੦੯; 29 ਮਾਰਚ 1552, ਦਿਨ ਮੰਗਲਵਾਰ*** ਬਣਦਾ ਹੈ ਇਸ ਲਈ ਜਿਨ੍ਹਾਂ ਲਿਖਾਰੀਆਂ ਦੀਆਂ ਤਾਰੀਖ਼ਾਂ ਇਸ ਨਾਲ ਮੇਲ ਖਾਂਦੀਆਂ ਹਨ ਉਨ੍ਹਾਂ ਨੂੰ ਠੀਕ ਮੰਨ ਕੇ ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਪ੍ਰਵਿਸ਼ਟਾ ***੩ ਵੈਸਾਖ*** ਦੀ ਚੋਣ ਕੀਤੀ ਗਈ। ਨਾਨਕਸ਼ਾਹੀ ਕੈਲੰਡਰ ਵਿੱਚ ੩ ਵੈਸਾਖ ਹਰ ਸਾਲ 16 ਅਪ੍ਰੈਲ ਨੂੰ ਆਉਂਦਾ ਹੈ ਜਦੋਂ ਕਿ ਬਿਕਰਮੀ ਕੈਲੰਡਰ 'ਚ 1552 ਈ: ਵਿੱਚ 29 ਮਾਰਚ, ਅੱਜ ਕੱਲ੍ਹ 15/16 ਅਪ੍ਰੈਲ ਅਤੇ ਸੰਨ 3000 'ਚ ਇਹ 29 ਅਪ੍ਰੈਲ ਨੂੰ ਆਵੇਗਾ ਅਤੇ ਇਸੇ ਤਰ੍ਹਾਂ ਅੱਗੇ ਦੀ ਅੱਗੇ ਖਿਸਕਦਾ ਜਾਵੇਗਾ।
ਗੁਰਬਾਣੀ ਪਾਠ ਦਰਸ਼ਨ	ਚੇਤ ਸੁਦੀ ੧, ੧੬੦੯	---	25 ਮਾਰਚ 1552	---	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	---	---	ਮਾਰਚ 1552	---	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਚੇਤ ਸੁਦੀ ੪, ੧੬੦੯	---	29 ਮਾਰਚ 1552	---	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ.ਕ. (ਪ੍ਰੋ:ਕਰਤਾਰ ਸਿੰਘ)	ਚੇਤ ਸੁਦੀ ੪, ੧੬੦੯	੩ ਵੈਸਾਖ	29 ਮਾਰਚ 1552	---	
ਭਾਈ ਕਾਨ੍ਹ ਸਿੰਘ ਨਾਭਾ	-- ੧੬੦੯	੩ ਵੈਸਾਖ	----	---	
ਸ. ਕਰਮ ਸਿੰਘ ਹਿਸਟੋਰੀਅਨ	ਚੇਤ ਸੁਦੀ ੪, ੧੬੦੯	੩ ਵੈਸਾਖ	29 ਮਾਰਚ 1552	ਮੰਗਲ	
ਗਿ. ਸੋਹਨ ਸਿੰਘ ਸੀਤਲ	ਚੇਤ ਸੁਦੀ ੪, ੧੬੦੯	੩ ਵੈਸਾਖ	29 ਮਾਰਚ 1552	ਮੰਗਲ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਚੇਤ ਸੁਦੀ ੪, ੧੬੦੯	੩ ਵੈਸਾਖ	29 ਮਾਰਚ 1552	---	
ਪ੍ਰੋ. ਸਾਹਿਬ ਸਿੰਘ	---	---	---	---	
ਡਾ: ਹਰੀ ਰਾਮ ਗੁਪਤਾ	---	---	1552	---	
ਪ੍ਰਿੰ. ਸਤਬੀਰ ਸਿੰਘ	---	---	---	---	

ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਪੁਰਬ

ਵੱਖ ਵੱਖ ਸੋਮਿਆਂ ਵਿੱਚੋ ਤਿੱਥਾਂ ਤਾਰੀਖ਼ਾਂ ਲੈ ਕੇ ਬਣਾਈ ਗਈ ਸਾਰਣੀ ਅਤੇ ਕੀਤੀ ਪੜਤਾਲ ਤੋਂ ਸਪਸ਼ਟ ਹੈ ਕਿ ਗੁਰੂ ਅਮਰਦਾਸ ਜੀ ***ਭਾਦੋਂ ਸੁਦੀ ੧੫; ੨ ਅੱਸੂ ੧੬੩੧, ਬੁੱਧਵਾਰ ਦਿਨ, ਪੂਰਬਾ ਭਾਦਰਾਪਦ ਨਛੱਤਰ, 1 ਸਤੰਬਰ 1574 ਜੂਲੀਅਨ; ਨਾ:ਸ਼ਾ: ੧੦੬*** ਨੂੰ ਜੋਤੀ ਜੋਤ ਸਮਾਏ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਪ੍ਰਵਿਸ਼ਟਾ ***੨ ਅੱਸੂ*** ਦੀ ਚੋਣ ਕੀਤੀ ਜੋ ਕਿ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 16 ਸਤੰਬਰ ਨੂੰ ਆਉਂਦੀ ਰਹੇਗੀ ਜਦੋਂ ਕਿ ਬਿਕਰਮੀ ਕੈਲੰਡਰ ਮੁਤਾਬਿਕ ਸੰਨ 1574 ਵਿੱਚ ***੨ ਅੱਸੂ*** 1 ਸਤੰਬਰ, ਅੱਜ ਕੱਲ੍ਹ 17/18 ਸਤੰਬਰ ਅਤੇ ਸੰਨ 3000 ਸੀਈ ਵਿੱਚ ***੨ ਅੱਸੂ*** 1 ਅਕਤੂਬਰ ਨੂੰ ਆਏਗਾ ਭਾਵ ਗੁਰੂ ਕਾਲ ਨਾਲੋਂ ਪੂਰਾ 1 ਮਹੀਨਾ ਪਿੱਛੋਂ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਸਾਡੇ ਲਈ ਕਿਹੜਾ ਕੈਲੰਡਰ ਠੀਕ ਰਹੇਗਾ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2	ਭਾਦੋਂ ਸੁਦੀ ੧੫, ੧੬੩੧	---	---	ਮੰਗਲ ਵਾਰ	***ਭਾਦੋਂ ਸੁਦੀ ੧੫ ਸੰਮਤ ੧੬੩੧ ਬਿਕਰਮੀ*** ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕੀਤਿਆਂ ਬਣਦਾ ਹੈ = ***੨ ਅੱਸੂ ਸੰਮਤ ੧੬੩੧, ਦਿਨ ਬੁੱਧਵਾਰ, 1 ਸਤੰਬਰ 1574 ਜੂਲੀਅਨ।*** ਜਿਨ੍ਹਾਂ ਲਿਖਾਰੀਆਂ ਨੇ ੩੧ ਭਾਦੋਂ /31 ਅਗਸਤ ਜਾਂ 1 ਅਕਤੂਬਰ ਲਿਖੀ ਹੈ ਉਹ ਤਾਂ ਬਿਲਕੁਲ ਗਲਤ ਹਨ ਜਿਨ੍ਹਾਂ ਨੇ ੧ ਅੱਸੂ ਲਿਖਿਆ ਹੈ ਉਨ੍ਹਾਂ ਤਾਰੀਖ਼ਾਂ ਦੀ ਤਬਦੀਲੀ ਲਈ ਸ੍ਵਾਮੀਕੰਨੂ ਪਿਲੇ ਦੀ ਜੰਤਰੀ ਵਿੱਚੋਂ ਤਾਰੀਖ਼ਾਂ ਨੋਟ ਕੀਤੀਆਂ ਹੋ ਸਕਦੀਆਂ ਹਨ ਪਰ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਕੰਨੂਪਿਲੇ ਤਾਮਿਲਨਾਡੂ ਦਾ ਵਸਨੀਕ ਹੋਣ ਕਰਕੇ ਉੱਥੋਂ ਦੇ ਨਿਯਮਾਂ ਅਨੁਸਾਰ ਜੰਤਰੀ ਬਣਾਈ ਜਿਸ ਨਾਲ ਪੰਜਾਬ ਦੀਆਂ ਕੁਝ ਸੰਗਰਾਂਦਾਂ ਵਿੱਚ 1 ਦਿਨ ਦਾ ਫ਼ਰਕ ਹੋ ਸਕਦਾ ਹੈ। ਕੰਨੂਪਿਲੇ ਨੇ ਨੋਟ ਲਿਖਿਆ ਹੈ ਕਿ ਬਾਕੀ ਦੇ ਖੇਤਰ ਵਿੱਚ ਉੱਥੇ ਪ੍ਰਚਲਤ ਨਿਯਮਾਂ ਮੁਤਾਬਿਕ ਸੋਧ ਲਾਉਣ। ੧ ਅੱਸੂ ਲਿਖਣ ਵਾਲੇ ਵਿਦਵਾਨਾਂ ਨੇ ਇਹ ਨੋਟ ਨਹੀਂ ਵੇਖਿਆ ਅਤੇ ਕੈਲੰਡਰ ਨਿਯਮਾਂ ਸਬੰਧੀ ਪੂਰੀ ਜਾਣਕਾਰੀ ਨਾ ਹੋਣ ਕਰਕੇ ਉਨ੍ਹਾਂ ਤੋਂ 1 ਦਿਨ ਦੀ ਗਲਤੀ ਹੋ ਗਈ। ਇੱਕ ਗੱਲ ਜ਼ਰੂਰ ਹੈ ਕਿ ਭਾਦੋਂ ਸੁਦੀ ੧੫, ੧੬੩੧ ਨਾਲ ਸਾਰੇ ਸਹਿਮਤ ਹਨ ਇਸ ਲਈ ਜੋਤੀ ਜੋਤ ਪੁਰਬ ਲਈ ਤਿਥੀ ਭਾਦੋਂ ਸੁਦੀ ੧੫, ੧੬੩੧ ਵਾਲੀ ਤਿੱਥ ਦਾ ਪ੍ਰਵਿਸ਼ਟਾ ੨ ਅੱਸੂ ਚੁਣਿਆ ਗਿਆ ਹੈ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਮੇਸ਼ਾਂ ਲਈ 16 ਸਤੰਬਰ ਨੂੰ ਆਉਂਦਾ ਰਹੇਗਾ।
ਗੁਰ ਪ੍ਰਣਾਲੀ 3	ਭਾਦੋਂ ਸੁਦੀ ੧੫, ੧੬੩੧	---	---	---	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਭਾਦੋਂ ਸੁਦੀ ੧੫, ੧੬੩੧	੩੧ ਭਾਦੋਂ	31 ਅਗਸਤ 1574	ਮੰਗਲ ਵਾਰ	
ਗੁਰਬਾਣੀ ਪਾਠ ਦਰਸ਼ਨ	ਭਾਦੋਂ ਸੁਦੀ ੧੫, ੧੬੩੧	---	1 ਅਕਤੂਬਰ 1574	ਮੰਗਲ ਵਾਰ	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	ਭਾਦੋਂ ਸੁਦੀ ੧੫, ੧੬੩੧	੧ ਅੱਸੂ	1 ਸਤੰਬਰ 1574	---	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਭਾਦੋਂ ਸੁਦੀ ੧੫, ੧੬੩੧	---	1 ਸਤੰਬਰ 1574	---	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ. ਕਮੇਟੀ (ਕਰਤਾਰ ਸਿੰਘ)	ਭਾਦੋਂ ਸੁਦੀ ੧੫, ੧੬੩੧	੧ ਅੱਸੂ	1 ਸਤੰਬਰ 1574	---	
ਭਾਈ ਕਾਨ੍ਹ ਸਿੰਘ ਨਾਭਾ	ਭਾਦੋਂ ਸੁਦੀ ੧੫, ੧੬੩੧	੨ ਅੱਸੂ	1 ਸਤੰਬਰ 1574	---	
ਸ. ਕਰਮ ਸਿੰਘ ਹਿਸਟੋਰੀਅਨ	ਭਾਦੋਂ ਸੁਦੀ ੧੫, ੧੬੩੧	੨ ਅੱਸੂ	1 ਸਤੰਬਰ 1574	ਬੁੱਧ ਵਾਰ	
ਗਿ. ਸੋਹਨ ਸਿੰਘ ਸੀਤਲ	ਭਾਦੋਂ ਸੁਦੀ ੧੫, ੧੬੩੧	੨ ਅੱਸੂ	1 ਸਤੰਬਰ 1574	ਬੁੱਧ ਵਾਰ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਭਾਦੋਂ ਸੁਦੀ ੧੫, ੧੬੩੧	੧ ਅੱਸੂ	1 ਸਤੰਬਰ 1574	---	
ਪ੍ਰੋ. ਸਾਹਿਬ ਸਿੰਘ	ਭਾਦੋਂ ਸੁਦੀ ੧੫, ੧੬੩੧	੧ ਅੱਸੂ	1 ਸਤੰਬਰ 1574	---	
ਡਾ: ਹਰੀ ਰਾਮ ਗੁਪਤਾ	---	---	1 ਸਤੰਬਰ 1574	---	
ਪ੍ਰਿੰ. ਸਤਬੀਰ ਸਿੰਘ	---	---	24 ਸਤੰਬਰ 1574	---	

ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ

ਸ਼੍ਰੀ ਗੁਰੂ ਰਾਮਦਾਸ ਜੀ ਜਿਨ੍ਹਾਂ ਨੂੰ ਬਚਪਨ ਵਿੱਚ ਭਾਈ ਜੇਠਾ ਜੀ ਕਰਕੇ ਜਾਣਿਆਂ ਜਾਂਦਾ ਸੀ ਚੂਨਾ ਮੰਡੀ ਲਹੌਰ (ਪਾਕਿਸਤਾਨ) ਵਿਖੇ ***ਕੱਤਕ ਵਦੀ ੨, ੨੫ ਅੱਸੂ, ਦਿਨ ਵੀਰਵਾਰ, ਨਛੱਤਰ ਅਸ਼ਵਨੀ, ਸੰਮਤ ੧੫੯੧; 24 ਸਤੰਬਰ 1534; ਨਾ:ਸ਼ਾ: ੬੬*** ਨੂੰ ਮਾਤਾ ਦਇਆ ਕੌਰ ਅਤੇ ਪਿਤਾ ਹਰਿਦਾਸ ਜੀ ਦੇ ਘਰ ਪੈਦਾ ਹੋਏ। ਕੈਲੰਡਰ ਕਮੇਟੀ ਦੇ ਫੈਸਲੇ ਮੁਤਾਬਿਕ ਚੰਦਰ ਤਿਥਾਂ ਦਾ ਤਿਆਗ ਕਰਕੇ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਲਈ ਸੂਰਜੀ ਪ੍ਰਵਿਸ਼ਟਾ ***੨੫ ਅੱਸੂ*** ਚੁਣਿਆ ਗਿਆ ਜੋ ਨਾਨਕਸ਼ਾਹੀ ਕੈਲੰਡਰ 'ਚ ਹਰ ਸਾਲ 9 ਅਕਤੂਬਰ ਨੂੰ ਆਉਂਦਾ ਹੈ। ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੨੫ ਅੱਸੂ*** ਵੀ ਅਪਣਾਈ ਜਾਵੇ ਤਾਂ ਇਹ ਸੰਨ 1534 ਵਿੱਚ 24 ਸਤੰਬਰ, ਅੱਜ ਕੱਲ੍ਹ 10/11 ਅਕਤੂਬਰ ਅਤੇ ਸੰਨ 3000 'ਚ ਇਹ 24 ਅਕਤੂਬਰ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁੱਕਵਾਂ ਹੈ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਨਛੱਤਰ	ਟਿੱਪਣੀ
ਗੁਰ ਪ੍ਰਣਾਲੀ 2	ਵਦੀ ੨, ੧੫੮੭	੨੦ ਕੱਤਕ	---	ਵੀਰਵਾਰ	ਚਿਤ੍ਰਾ	**ਵਦੀ** ੨ ਨਾਲ ਕੋਈ ਮਹੀਨਾ ਹੀ ਨਹੀ ਲਿਖਿਆ ਗਿਆ ਇਸ ਲਈ ***੨੦ ਕੱਤਕ ਸੰਮਤ ੧੫੮੭*** ਨੂੰ ਦੂਸਰੀਆਂ ਪਧਤੀਆਂ 'ਚ ਤਬਦੀਲ ਕੀਤਿਆਂ ਬਣਦਾ ਹੈ ***ਕੱਤਕ ਵਦੀ ੧੩, ਦਿਨ ਬੁੱਧਵਾਰ, ਚਿਤਰਾ ਨਛੱਤਰ*** ਜੋ ਦਰਜ ਤਿੱਥ ਅਤੇ ਦਿਨ ਨਾਲ ਮੇਲ ਨਹੀਂ ਖਾਂਦੇ। ***੨੦ ਕੱਤਕ*** ੧੫੮੧ ਨੂੰ ਦਿਨ ਬੁੱਧਵਾਰ, ਕੱਤਕ ਵਦੀ ੭, ਪੁਸ਼ਯ ਨਛੱਤਰ ਹੋਣ ਕਰਕੇ ਦਰਜ ਤਾਰੀਖ਼ਾਂ ਨਾਲ ਇਹ ਵੀ ਮੇਲ ਨਹੀਂ ਖਾਂਦੀ। ***ਕੱਤਕ ਵਦੀ** ੨, ੧੫੯੧* ਨੂੰ ਤਬਦੀਲ ਕੀਤਿਆ ਬਣਦਾ ਹੈ = ***ਦਿਨ ਵੀਰਵਾਰ, ੨੫ ਅੱਸੂ ਸੰਮਤ ੧੫੯੧; 24 ਸਤੰਬਰ ਸੰਨ 1534.*** ਇਸ ਤੋਂ ਸਿੱਧ ਹੋਇਆ ਕਿ ਗੁਰਬਾਣੀ ਪਾਠ ਦਰਸ਼ਨ ਅਤੇ ਇਸ ਤੋਂ ਉੱਪਰ ਦਰਜ ਸਾਰੇ ਲਿਖਾਰੀਆਂ ਦੀਆਂ ਤਾਰੀਖ਼ਾਂ ਗਲਤ ਹਨ। ਜਿਨ੍ਹਾਂ ਲਿਖਾਰੀਆਂ ਨੇ ੨੬ ਅੱਸੂ ਦਰਜ ਕੀਤਾ ਹੈ ਉਨ੍ਹਾਂ ਵੱਲੋਂ ਸ੍ਵਾਮੀਕੰਨੂ ਪਿੱਲੇ ਦੀ ਜੰਤਰੀ ਵਰਤੋਂ ਕੀਤੇ ਜਾਣ ਕਰਕੇ ਸੁਭਾਵਿਕ ਹੀ 1 ਦਿਨ ਦੀ ਗਲਤੀ ਹੋਈ ਹੈ। ਸਾਰੇ ਲੇਖਕਾਂ ਵੱਲੋਂ ***ਕੱਤਕ ਵਦੀ ੨ ਸੰਮਤ ੧੫੯੧*** ਨਾਲ ਸਹਿਮਤੀ ਹੋਣ ਸਦਕਾ ਇਸ ਤਿਥ ਦਾ ਪ੍ਰਵਿਸ਼ਟਾ ***੨੫ ਅੱਸੂ*** ਦੀ ਚੋਣ ਕੀਤੀ ਗਈ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਮੇਸ਼ਾਂ ਲਈ 9 ਅਕਤੂਬਰ ਹੀ ਆਉਂਦਾ ਰਹੇਗਾ।
ਗੁਰ ਪ੍ਰਣਾਲੀ 3	--- ੧੫੮੧	੨੦ ਕੱਤਕ	---	ਵੀਰਵਾਰ	ਚਿਤ੍ਰਾ	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਕੱਤਕ ਵਦੀ ੧੪, ੧੫੯੧	੨੦ ਕੱਤਕ	20 ਅਕਤੂਬਰ 1530	ਵੀਰਵਾਰ	---	
ਗੁਰਬਾਣੀ ਪਾਠ ਦਰਸ਼ਨ	ਕੱਤਕ ਵਦੀ ੨, ੧੫੯੧	---	2 ਨਵੰਬਰ 1534	ਵੀਰਵਾਰ	ਚਿਤ੍ਰਾ	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	ਕੱਤਕ ਵਦੀ ੨, ੧੫੯੧	੨੫ ਅੱਸੂ	24 ਸਤੰਬਰ 1534	ਵੀਰਵਾਰ	---	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਕੱਤਕ ਵਦੀ ੨, ੧੫੯੧	---	24 ਸਤੰਬਰ 1534	ਵੀਰਵਾਰ	---	
ਸਿੱਖ ਇਤਿਹਾਸ ਸ਼੍ਰੋ. ਗੁ.ਪ੍ਰ.ਕ.	ਕੱਤਕ ਵਦੀ ੨, ੧੫੯੧	੨੫ ਅੱਸੂ	24 ਸਤੰਬਰ 1534	---	---	
ਭਾਈ ਕਾਨ੍ਹ ਸਿੰਘ ਨਾਭਾ	ਕੱਤਕ ਵਦੀ ੨, ੧੫੯੧	੨੬ ਅੱਸੂ	---	ਵੀਰਵਾਰ	---	
ਸ. ਕਰਮ ਸਿੰਘ ਹਿਸਟੋਰੀਅਨ	ਕੱਤਕ ਵਦੀ ੨, ੧੫੯੧	੨੬ ਅੱਸੂ	24 ਸਤੰਬਰ 1534	ਵੀਰਵਾਰ	ਅਸ਼ਵਨੀ	
ਗਿ. ਸੋਹਨ ਸਿੰਘ ਸੀਤਲ	ਕੱਤਕ ਵਦੀ ੨, ੧੫੯੧	੨੬ ਅੱਸੂ	24 ਸਤੰਬਰ 1534	ਵੀਰਵਾਰ	ਅਸ਼ਵਨੀ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਕੱਤਕ ਵਦੀ ੨, ੧੫੯੧	੨੫ ਅੱਸੂ	24 ਸਤੰਬਰ 1534	---	---	
ਪ੍ਰੋ. ਸਾਹਿਬ ਸਿੰਘ	ਕੱਤਕ ਵਦੀ ੨, ੧੫੯੧	੨੫ ਅੱਸੂ	24 ਸਤੰਬਰ 1534	---	---	
ਡਾ: ਹਰੀ ਰਾਮ ਗੁਪਤਾ	---	---	24 ਸਤੰਬਰ 1534	---	---	
ਪ੍ਰਿੰ. ਸਤਬੀਰ ਸਿੰਘ	---	---	25 ਅਕ: 1534	---	---	

ਗੁਰੂ ਰਾਮਦਾਸ ਜੀ ਦਾ ਗੁਰਗੱਦੀ ਪੁਰਬ

ਗੁਰੂ ਅਮਰਦਾਸ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਪੂਰੀ ਪਰਖ ਪੜਤਾਲ 'ਚ ਪੂਰੇ ਉੱਤਰਨ ਵਾਲੇ ਗੁਰੂ ਰਾਮਦਾਸ ਜੀ ਨੂੰ ਯੋਗ ਜਾਣ ਕੇ ***ਭਾਦੋਂ ਸੁਦੀ ੧੫, ੧੬੩੧ = ੨ ਅੱਸੂ, ਦਿਨ ਬੁੱਧਵਾਰ, ਪੂਰਬਾ ਭਾਦਰਾਪਦ ਨਛੱਤਰ, 1 ਸਤੰਬਰ 1574; ਨਾ:ਸ਼ਾ: ੧੦੬*** ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ ਜਿਸ ਦੀ ਤਸਦੀਕ ਵੱਖ ਵੱਖ ਸੋਮਿਆਂ ਵਿੱਚੋ ਤਿੱਥਾਂ ਤਾਰੀਖ਼ਾਂ ਲੈ ਕੇ ਬਣਾਈ ਗਈ ਸਾਰਣੀ ਵਿੱਚੋਂ ਕੀਤੀ ਜਾ ਸਕਦੀ ਹੈ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਪ੍ਰਵਿਸ਼ਟਾ ***੨ ਅੱਸੂ*** ਦੀ ਚੋਣ ਕੀਤੀ ਜੋ ਕਿ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 16 ਸਤੰਬਰ ਨੂੰ ਹੀ ਆਉਂਦੀ ਰਹੇਗੀ ਜਦੋਂ ਕਿ ਬਿਕਰਮੀ ਕੈਲੰਡਰ ਮੁਤਾਬਿਕ ਸੰਨ ੧੫੭੪ ਵਿੱਚ ***੨ ਅੱਸੂ***, 1 ਸਤੰਬਰ ਨੂੰ ਆਇਆ; ਅੱਜ ਕੱਲ੍ਹ 17/18 ਸਤੰਬਰ ਅਤੇ ਸੰਨ 3000 ਸੀਈ ਵਿੱਚ ***੨ ਅੱਸੂ***, 1 ਅਕਤੂਬਰ ਨੂੰ ਆਏਗਾ ਭਾਵ ਗੁਰੂ ਕਾਲ ਨਾਲੋਂ ਪੂਰਾ 1 ਮਹੀਨਾ ਪਿੱਛੋਂ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਸਾਡੇ ਲਈ ਕਿਹੜਾ ਕੈਲੰਡਰ ਠੀਕ ਰਹੇਗਾ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2	---	---	---	---	**ਭਾਦੋਂ ਸੁਦੀ ੧੩, ਸੰਮਤ ੧੬੩੧** = ੩੧ ਭਾਦੋਂ, ਦਿਨ ਸੋਮਵਾਰ, ਧਨਿਸ਼ਟਾ ਨਛੱਤਰ, 30 ਅਗਸਤ; 1574 ਜੂਲੀਅਨ। ਸ਼ੁੱਧ ਗੁਰਪ੍ਰਣਾਲੀ ਅਤੇ ਗੁਰਬਾਣੀ ਪਾਠ ਦਰਸ਼ਨ ਦੀਆਂ ਤਿੱਥਾਂ ਤਾਰੀਖ਼ਾਂ ਮੇਲ ਨਾ ਖਾਣ ਨਾਲ ਗਲਤ ਸਮਝੀਆਂ ਜਾਣਗੀਆਂ। ***ਭਾਦੋਂ ਸੁਦੀ ੧੫ ਸੰਮਤ ੧੬੩੧ = ੨ ਅੱਸੂ, ਦਿਨ ਬੁੱਧਵਾਰ, ਪੂਰਬਾ ਭਾਦਰਾਪਦ ਨਛੱਤਰ; 1 ਸਤੰਬਰ 1574*** ਬਣਦਾ ਹੈ। ਇਸ ਨਾਲ ਮੇਲ ਖਾਣ ਵਾਲੀਆਂ ਤਿੱਥਾਂ ਕੈਲੰਡਰ ਵਿਗਿਆਨ 'ਤੇ ਪੂਰੀਆਂ ਉੱਤਰਨ ਵਾਲੇ ਸੋਮੇ ਠੀਕ ਮੰਨੇ ਜਾ ਸਕਦੇ ਹਨ। ਡਾ: ਗੰਡਾ ਸਿੰਘ ਨੇ ਕੰਨੂਪਿੱਲੇ ਦੀ ਜੰਤਰੀ ਵਿੱਚੋਂ ਗਲਤ ਪ੍ਰਵਿਸ਼ਟਾ ੧ ਅੱਸੂ ਨੋਟ ਕਰ ਲਿਆ ਹੋਵੇਗਾ। ਇੱਥੇ ਇਹ ਦੱਸਣਯੋਗ ਹੈ ਕਿ ਗੁਰੂ ਕਾਲ ਤੋਂ ਸੰਨ 1964 ਤੱਕ ਬਿਕਰਮੀ ਕੈਲੰਡਰ ਸੂਰਜੀ ਸਿਧਾਂਤ ਅਨੁਸਾਰ ਤਿਆਰ ਹੁੰਦੇ ਸਨ ਅਤੇ ਸੰਨ 1964 ਤੋਂ ਇਸ ਵਿੱਚ ਸੋਧ ਕਰਕੇ ਦ੍ਰਿੱਕ ਗਣਿਤ ਅਨੁਸਾਰ ਕੈਲੰਡਰ ਬਣਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਦੋਵਾਂ ਕੈਲੰਡਰਾਂ ਵਿੱਚੋਂ ਕਈ ਤਾਰੀਖ਼ਾਂ ਵਿੱਚ ਇੱਕ ਦਿਨ ਦਾ ਫ਼ਰਕ ਅੱਜ ਦੀਆਂ ਜੰਤਰੀਆਂ ਵਿੱਚੋਂ ਵੇਖਿਆ ਜਾ ਸਕਦਾ ਹੈ ਜੋ ਆਉਣ ਵਾਲੇ ਸਮੇਂ ਵਿੱਚ ਵਧਦਾ ਜਾਵੇਗਾ। ਸੋ ਸਾਰੇ ਪੱਖ ਵੀਚਾਰਨ ਪਿੱਛੋਂ ਗੁਰਗੱਦੀ ਪੁਰਬ ਲਈ ਪ੍ਰਵਿਸ਼ਟਾ ***੨ ਅੱਸੂ*** ਦੀ ਚੋਣ ਕੀਤੀ ਗਈ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਮੇਸ਼ਾਂ ਲਈ 16 ਸੰਤਬਰ ਨੂੰ ਆਏਗਾ।
ਗੁਰ ਪ੍ਰਣਾਲੀ 3	---	---	---	---	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਭਾਦੋਂ ਸੁਦੀ ੧੩, ੧੬੩੧	੩੧ ਭਾਦੋਂ	31 ਅਗ: 1574	ਮੰਗਲਵਾਰ	
ਗੁਰਬਾਣੀ ਪਾਠ ਦਰਸ਼ਨ	ਭਾਦੋਂ ਸੁਦੀ ੧੩, ੧੬੩੧	---	29 ਸਤੰਬਰ 1574	ਮੰਗਲਵਾਰ	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	---	---	1 ਸਤੰਬਰ 1574	---	
ਸ਼ੋ.ਗੁ.ਪ੍ਰ.ਕ. ਡਾਇਰੀ 1991	ਭਾਦੋਂ ਸੁਦੀ ੧੫, ੧੬੩੧	---	1 ਸਤੰਬਰ 1574	---	
ਸਿੱਖ ਇਤਿ: ਸ਼੍ਰੋ.ਗੁ.ਪ੍ਰ.ਕ. (ਪ੍ਰੋ:ਕਰਤਾਰ ਸਿੰਘ)	ਭਾਦੋਂ ਸੁਦੀ ੧੫, ੧੬੩੧	੨ ਅੱਸੂ	1 ਸਤੰਬਰ 1574	---	
ਭਾਈ ਕਾਨ੍ਹ ਸਿੰਘ ਨਾਭਾ	---- ੧੬੩੧	੨ ਅੱਸੂ	1574	---	
ਸ. ਕਰਮ ਸਿੰਘ ਹਿਸਟੋਰੀਅਨ	ਭਾਦੋਂ ਸੁਦੀ ੧੫, ੧੬੩੧	੨ ਅੱਸੂ	1 ਸਤੰਬਰ 1574	---	
ਗਿ. ਸੋਹਨ ਸਿੰਘ ਸੀਤਲ	ਭਾਦੋਂ ਸੁਦੀ ੧੫, ੧੬੩੧	੨ ਅੱਸੂ	1 ਸਤੰਬਰ 1574	ਬੁੱਧਵਾਰ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਭਾਦੋਂ ਸੁਦੀ ੧੫, ੧੬੩੧	੧ ਅੱਸੂ	1 ਸਤੰਬਰ 1574	ਬੁੱਧਵਾਰ	
ਪ੍ਰੋ. ਸਾਹਿਬ ਸਿੰਘ	---	---	---	---	
ਡਾ: ਹਰੀ ਰਾਮ ਗੁਪਤਾ	---	---	1574	---	
ਪ੍ਰਿੰ. ਸਤਬੀਰ ਸਿੰਘ	---	---	---	---	

ਗੁਰੂ ਰਾਮਦਾਸ ਜੀ ਦਾ ਜੋਤੀ ਜੋਤ ਪੁਰਬ

ਸ੍ਰੀ ਗੁਰੂ ਰਾਮਦਾਸ ਜੀ ***ਭਾਦੋਂ ਸੁਦੀ ੩ ਸੰਮਤ ੧੬੩੮, ੨ ਅੱਸੂ ੧੬੩੮, ਸ਼ੁੱਕਰਵਾਰ, ਚਿੱਤਰਾ ਨਛੱਤਰ, 1 ਸਤੰਬਰ 1581; ਨਾ:ਸ਼ਾ: ੧੧੩*** ਨੂੰ ਗੋਇੰਦਵਾਲ ਵਿਖੇ ਜੋਤੀ ਜੋਤ ਸਮਾਏ। ਇਸ ਲਈ ਜੋਤੀ ਜੋਤ ਪੁਰਬ ਲਈ ***੨ ਅੱਸੂ*** ਨਿਸਚਿਤ ਕੀਤੀ ਗਈ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਮੇਸ਼ਾਂ ਲਈ 16 ਸਤੰਬਰ ਆਉਂਦੀ ਹੈ ਅਤੇ ਆਉਂਦੀ ਰਹੇਗੀ। ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੨ ਅੱਸੂ*** ਵੀ ਅਪਣਾਈ ਜਾਵੇ ਤਾਂ ਇਹ ਸੰਨ 1581 ਵਿੱਚ 1 ਸਤੰਬਰ, ਅੱਜ ਕੱਲ੍ਹ 17 ਸਤੰਬਰ ਅਤੇ ਸੰਨ 3000 ਸੀਈ ਵਿੱਚ 1 ਅਕਤੂਬਰ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁੱਕਵਾਂ ਹੈ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2	ਭਾਦੋਂ ਸੁਦੀ ੩, ੧੬੩੭	---	---	---	**ਕਰਤਾਰਪੁਰੀ ਬੀੜ ਵਿੱਚ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਦੀ ਤਿਥੀ ਭਾਦੋਂ ਸੁਦੀ ੩, ਸੰਮਤ ੧੬੩੮ ਲਿਖੀ ਹੈ। ਸਾਰੇ ਨਵੀਨ ਅਤੇ ਪੁਰਾਤਨ ਲੇਖਕ ਵੀ ਇਸ ਤਾਰੀਖ਼ ਨਾਲ ਸਹਿਮਤ ਹਨ। ਸਿਰਫ ਇੱਕ ਦੋ ਪੁਰਾਤਨ ਲਿਖਾਰੀਆਂ ਜਿਨ੍ਹਾਂ ਨੇ ਸੰਮਤ ੧੬੩੭ ਲਿਖਿਆ ਹੈ, ਹੋ ਸਕਦਾ ਹੈ ਕਿ ਉਨ੍ਹਾਂ ਦਾ ਭਾਵ ੧੬੩੭ ਗਤ ਹੋਵੇ ਜਿਸ ਦਾ ਇਹ ਅਰਥ ਹੁੰਦਾ ਹੈ ਕਿ ੧੬੩੭ ਸਾਲ ਬੀਤ ਚੁੱਕੇ ਹਨ ਅਤੇ ਇਸ ਵੇਲੇ ੧੬੩੮ ਵਾਂ ਚੱਲ ਰਿਹਾ ਹੈ। ਇਸ ਲਈ ਭਾਦੋਂ ਸੁਦੀ ੩, ੧੬੩੮ ਨੂੰ ਨਿਰਵਿਵਾਦ ਸਹੀ ਮੰਨ ਕੇ ਬਾਕੀ ਦੀਆਂ ਪੱਧਤੀਆਂ ਵਿੱਚ ਤਬਦੀਲ ਕੀਤਾ ਤਾਂ ੨ ਅੱਸੂ ੧੬੩੮ ਸ਼ੁੱਕਰਵਾਰ, ਚਿੱਤਰਾ ਨਛੱਤਰ, 1 ਸਤੰਬਰ 1581 ਬਣਦਾ ਹੈ। ਇਸ ਲਈ ਜੋਤੀ ਜੋਤ ਪੁਰਬ ਲਈ ਪ੍ਰਵਿਸ਼ਟਾ ੨ ਅੱਸੂ ਦੀ ਚੋਣ ਕੀਤੀ ਗਈ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਮੇਸ਼ਾਂ ਲਈ 16 ਸਤੰਬਰ ਆਉਂਦਾ ਹੈ ਅਤੇ ਆਉਂਦਾ ਰਹੇਗਾ।**
ਗੁਰ ਪ੍ਰਣਾਲੀ 3	ਭਾਦੋਂ ਸੁਦੀ ੩, ੧੬੩੮	---	---	---	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਭਾਦੋਂ ਸੁਦੀ ੩, ੧੬੩੮	੨ ਅੱਸੂ	1 ਸਤੰਬਰ 1581	ਸ਼ੁੱਕਰਵਾਰ	
ਗੁਰਬਾਣੀ ਪਾਠ ਦਰਸ਼ਨ	ਭਾਦੋਂ ਸੁਦੀ ੩, ੧੬੩੮	---	19 ਸਤੰਬਰ 1581	---	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	ਭਾਦੋਂ ਸੁਦੀ ੩, ੧੬੩੮	੨ ਅੱਸੂ	1 ਸਤੰਬਰ 1581	---	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਭਾਦੋਂ ਸੁਦੀ ੩, ੧੬੩੮	---	1 ਸਤੰਬਰ 1581	---	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ. ਕ. (ਪ੍ਰੋ: ਕਰਤਾਰ ਸਿੰਘ)	ਭਾਦੋਂ ਸੁਦੀ ੩, ੧੬੩੮	੨ ਅੱਸੂ	1 ਸਤੰਬਰ 1581	---	
ਭਾਈ ਕਾਨ੍ਹ ਸਿੰਘ ਨਾਭਾ	ਭਾਦੋਂ ਸੁਦੀ ੩, ੧੬੩੮	੨ ਅੱਸੂ	--- 1581	---	
ਸ. ਕਰਮ ਸਿੰਘ ਹਿਸਟੋਰੀਅਨ	ਭਾਦੋਂ ਸੁਦੀ ੩, ੧੬੩੮	੨ ਅੱਸੂ	1 ਸਤੰਬਰ 1581	ਸ਼ੁੱਕਰ	
ਗਿ. ਸੋਹਨ ਸਿੰਘ ਸੀਤਲ	ਭਾਦੋਂ ਸੁਦੀ ੩, ੧੬੩੮	੨ ਅੱਸੂ	1 ਸਤੰਬਰ 1581	ਸ਼ੁੱਕਰ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਭਾਦੋਂ ਸੁਦੀ ੩, ੧੬੩੮	੨ ਅੱਸੂ	1 ਸਤੰਬਰ 1581	---	
ਪ੍ਰੋ. ਸਾਹਿਬ ਸਿੰਘ	ਭਾਦੋਂ ਸੁਦੀ ੩, ੧੬੩੮	੨ ਅੱਸੂ	1 ਸਤੰਬਰ 1581	---	
ਡਾ: ਹਰੀ ਰਾਮ ਗੁਪਤਾ	---	---	1 ਸਤੰਬਰ 1581	---	
ਪ੍ਰਿੰ. ਸਤਬੀਰ ਸਿੰਘ	---	---	12 ਸਤੰਬਰ 1581	---	

ਗੁਰੂ ਅਰਜਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਦਾ ਪ੍ਰਕਾਸ਼ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁਖੋਂ ***ਵੈਸਾਖ ਵਦੀ ੭, ੧੬੨੦, ੧੯ ਵੈਸਾਖ, ਦਿਨ ਵੀਰਵਾਰ, ਉੱਤਰਾਖਾੜਾ ਨਛੱਤਰ; 15 ਅਪ੍ਰੈਲ 1563; ਨਾ:ਸ਼ਾ: ੯੫*** ਨੂੰ ਗੋਇੰਦਵਾਲ ਵਿਖੇ ਹੋਇਆ ਜਿਸ ਦੀ ਤਸਦੀਕ ਹੇਠ ਲਿਖੀ ਸਾਰਣੀ ਵਿੱਚ ਦਿੱਤੇ ਵੱਖ ਵੱਖ ਇਤਿਹਾਸਕ ਸੋਮਿਆਂ ਦੇ ਹਵਾਲਿਆਂ ਤੋਂ ਕੀਤੀ ਜਾ ਸਕਦੀ ਹੈ। ਨਾਨਕਸ਼ਾਹੀ ਕੈਲਿੰਡਰ ਅਨੁਸਾਰ ਪ੍ਰਕਾਸ਼ ਪੁਰਬ ਦੀ ਤਾਰੀਖ਼ ਲਈ ਸੂਰਜੀ ਪ੍ਰਵਿਸ਼ਟਾ ***੧੯ ਵੈਸਾਖ*** ਨਿਸਚਿਤ ਕੀਤਾ ਗਿਆ ਹੈ ਜੋ ਹਰ ਸਾਲ 2 ਮਈ ਨੂੰ ਆਉਂਦਾ ਹੈ ਅਤੇ ਆਉਂਦਾ ਰਹੇਗਾ ਜਦੋਂ ਕਿ ਬਿਕਰਮੀ ਕੈਲੰਡਰ ਵਿੱਚ ***੧੯ ਵੈਸਾਖ*** ਸੰਨ 1563 ਈ: 'ਚ 15 ਅਪਰੈਲ; ਅੱਜ-ਕੱਲ੍ਹ 1 ਜਾਂ 2 ਮਈ ਅਤੇ ਸਾਲ 3000 ਈ: ਵਿੱਚ 15 ਮਈ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ ਆਵੇਗਾ ਅਤੇ ਇਸੇ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਹਰ ਸਾਲ ਅੱਗੇ ਦੀ ਅੱਗੇ ਖਿਸਕਦਾ ਜਾਵੇਗਾ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਨਛੱਤ੍ਰ	ਟਿੱਪਣੀ
ਗੁਰ ਪ੍ਰਣਾਲੀ 2	ਸੁਦੀ ੧੩, ੧੬੧੦	੧੮ ਵੈਸਾਖ	---	ਮੰਗਲ	ਰੋਹਿਨੀ	***ਵੈਸਾਖ ਸੁਦੀ ੧੩, ੧੬੧੦*** = ੩੧ ਵੈਸਾਖ ਦਿਨ ਬੁੱਧ, ਨਛੱਤਰ ਚਿੱਤਰਾ। ***ਵੈਸਾਖ ਵਦੀ ੧੩, ੧੬੧੧*** = ੪ ਵੈਸਾਖ ਦਿਨ ਸ਼ਨੀਵਾਰ, ਨਛੱਤਰ ਉੱਤਰਾ ਭਾਦਰਾਪਦ, 31 ਮਾਰਚ 1554 ਈ: ਹੈ। ***ਵੈਸਾਖ ਵਦੀ ੭, ੧੬੨੦*** = ੧੯ ਵੈਸਾਖ, ਦਿਨ ਵੀਰਵਾਰ, ਨਛੱਤਰ ਉੱਤਰਾਖਾੜਾ, 15 ਅਪ੍ਰੈਲ 1563। ਨੋਟ: ਉਪ੍ਰੋਕਤ ਕੁਝ ਲੇਖਕਾਂ ਦੀਆਂ ਤਿਥਾਂ ਅਤੇ ਸਾਲ ਵੱਖਰੇ ਹੋਣ ਦੇ ਬਾਵਜੂਦ ਉਨ੍ਹਾਂ ਸਭਨਾਂ ਦਾ ਦਿਨ ਮੰਗਲਵਾਰ ਅਤੇ ਨਛੱਤ੍ਰ ਰੋਹਿਨੀ ਮਿਲਦੇ ਹਨ ਜੋ ਨਕਲ ਦਾ ਸਬੂਤ, ਗਲਤ ਅਤੇ ਦੁਬਿਧਾ ਦਾ ਕਾਰਨ ਹਨ। ***ਵੈਸਾਖ ਵਦੀ ੭***, **੧੬੨੦** = **੧੯ *ਵੈਸਾਖ, ਦਿਨ ਵੀਰਵਾਰ, ਉੱਤਰਾਖਾੜਾ ਨਛੱਤਰ; 15 ਅਪ੍ਰੈਲ 1563;*** ਇਸ ਨਾਲ ਮੇਲ ਖਾਣ ਵਾਲੇ ਸਾਰੇ ਹੀ ਲੇਖਕਾਂ ਦੀਆਂ ਤਾਰੀਖ਼ਾਂ ਠੀਕ ਮੰਨੀਆਂ ਗਈਆਂ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਗੁਰੂ ਅਰਜਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਤਾਰੀਖ਼ ਸੂਰਜੀ ਪ੍ਰਵਿਸ਼ਟਾ ੧੯ ਵੈਸਾਖ ਨਿਸਚਿਤ ਕੀਤਾ ਗਿਆ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 2 ਮਈ ਨੂੰ ਆਉਂਦਾ ਹੈ ਅਤੇ ਹਮੇਸ਼ਾਂ ਲਈ ਆਉਂਦਾ ਰਹੇਗਾ।
ਗੁਰ ਪ੍ਰਣਾਲੀ 3	ਤ੍ਰੌਦਸੀ, ੧੬੧੦	੧੮ ਵੈਸਾਖ	---	ਮੰਗਲ	ਰੋਹਿਨੀ	
ਸ਼ੁੱਧ ਗੁਰਪ੍ਰਣਾਲੀ ਸ਼੍ਰੋ. ਗੁ.ਪ੍ਰ.ਕਮੇਟੀ	ਵੈਸਾਖ ਵਦੀ ੧੩, ੧੬੧੧	੧੮ ਵੈਸਾਖ	15 ਅਪ੍ਰੈਲ 1554	ਸ਼ਨੀ	---	
ਗੁਰਬਾਣੀ ਪਾਠ ਦਰਸ਼ਨ	ਵੈਸਾਖ ਵਦੀ ੭ ਸੰਮਤ ੧੬੨੦	---	14 ਅਪ੍ਰੈਲ 1563	ਮੰਗਲ	ਰੋਹਿਨੀ	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	ਵੈਸਾਖ ਵਦੀ ੭ ਸੰਮਤ ੧੬੨੦	੧੯ ਵੈਸਾਖ	15 ਅਪ੍ਰੈਲ 1563	---	---	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਵੈਸਾਖ ਵਦੀ ੭ ਸੰਮਤ ੧੬੨੦	---	15 ਅਪ੍ਰੈਲ 1563	---	---	
ਸਿੱਖ ਇਤਿਹਾਸ ਸ਼੍ਰੋ. ਗੁ.ਪ੍ਰ.ਕ. (ਪ੍ਰੋ: ਕਰਤਾਰ ਸਿੰਘ)	ਵੈਸਾਖ ਵਦੀ ੭ ਸੰਮਤ ੧੬੨੦	੧੯ ਵੈਸਾਖ	15 ਅਪ੍ਰੈਲ 1563	---	---	
ਭਾਈ ਕਾਨ੍ਹ ਸਿੰਘ ਨਾਭਾ	ਵੈਸਾਖ ਵਦੀ ੭ ਸੰਮਤ ੧੬੨੦	੧੯ ਵੈਸਾਖ	15 ਅਪ੍ਰੈਲ 1563	---	---	
ਸ. ਕਰਮ ਸਿੰਘ ਹਿਸਟੋਰੀਅਨ	ਵੈਸਾਖ ਵਦੀ ੭ ਸੰਮਤ ੧੬੨੦	੧੯ ਵੈਸਾਖ	15 ਅਪ੍ਰੈਲ 1563	ਵੀਰ	ਉੱਤਰਾਖਾੜਾ	
ਗਿ. ਸੋਹਨ ਸਿੰਘ ਸੀਤਲ	ਵੈਸਾਖ ਵਦੀ ੭ ਸੰਮਤ ੧੬੨੦	੧੯ ਵੈਸਾਖ	15 ਅਪ੍ਰੈਲ 1563	ਵੀਰ	---	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਵੈਸਾਖ ਵਦੀ ੭ ਸੰਮਤ ੧੬੨੦	੧੯ ਵੈਸਾਖ	15 ਅਪ੍ਰੈਲ 1563	---	---	
ਪ੍ਰੋ. ਸਾਹਿਬ ਸਿੰਘ	ਵੈਸਾਖ ਵਦੀ ੭ ਸੰਮਤ ੧੬੨੦	੧੯ ਵੈਸਾਖ	15 ਅਪ੍ਰੈਲ 1563	---	---	
ਡਾ: ਹਰੀ ਰਾਮ ਗੁਪਤਾ	---	---	15.4.1563	---	---	
ਪ੍ਰਿੰ. ਸਤਬੀਰ ਸਿੰਘ	---	---	15.4.1563	---	---	

ਗੁਰੂ ਅਰਜਨ ਸਾਹਿਬ ਜੀ ਦਾ ਗੁਰਗੱਦੀ ਪੁਰਬ

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ***ਭਾਦੋਂ ਸੁਦੀ ੩, ੧੬੩੮, ੨ ਅੱਸੂ, ਦਿਨ ਸ਼ੁੱਕਰਵਾਰ, ਚਿੱਤਰਾ ਨਛੱਤਰ; 1 ਸਤੰਬਰ 1581 ਜੂਲੀਅਨ; ਨਾ:ਸ਼ਾ: ੧੧੩*** ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ ਜਿਸ ਦੀ ਤਸਦੀਕ ਹੇਠ ਲਿਖੀ ਸਾਰਣੀ ਵਿੱਚ ਦਿੱਤੇ ਵੱਖ ਵੱਖ ਇਤਿਹਾਸਕ ਸੋਮਿਆਂ ਦੇ ਹਵਾਲਿਆਂ ਤੋਂ ਕੀਤੀ ਜਾ ਸਕਦੀ ਹੈ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਗੁਰਪੁਰਬਾਂ ਲਈ ਚੰਦਰ ਤਿਥੀ ਦਾ ਤਿਆਗ ਕਰਕੇ ਸੂਰਜੀ ਪ੍ਰਵਿਸ਼ਟਾ ***੨ ਅੱਸੂ*** ਨਿਸਚਿਤ ਕੀਤਾ ਗਿਆ। ਨਾਨਕਸ਼ਾਹੀ ਕੈਲੰਡਰ ਅਨੁਸਾਰ ***੨ ਅੱਸੂ*** ਹਰ ਸਾਲ 16 ਸਤੰਬਰ ਨੂੰ ਆਉਂਦਾ ਹੈ ਅਤੇ ਹਮੇਸ਼ਾਂ ਲਈ ***੨ ਅੱਸੂ*** ਨੂੰ 16 ਸਤੰਬਰ ਹੀ ਹੋਵੇਗੀ ਜਦੋਂ ਕਿ ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੨ ਅੱਸੂ*** ਵੀ ਅਪਣਾਈ ਜਾਵੇ ਤਾਂ ਇਹ ਸੰਨ 1581 ਵਿੱਚ 1 ਸਤੰਬਰ, ਅੱਜ ਕੱਲ੍ਹ 17 ਸਤੰਬਰ ਅਤੇ ਸੰਨ 3000 ਸੀਈ ਵਿੱਚ ਇਹ 1 ਅਕਤੂਬਰ ਨੂੰ ਆਏਗਾ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁੱਕਵਾਂ ਹੈ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2	---	---	---	---	**ਭਾਦੋਂ ਸੁਦੀ** *੩, ੧੬੩੮* ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕੀਤਿਆਂ ਬਣਦਾ ਹੈ = ***੨ ਅੱਸੂ***, ਦਿਨ ਸ਼ੁੱਕਰਵਾਰ, ਚਿੱਤਰਾ ਨਛੱਤਰ, 1 ਸਤੰਬਰ 1581 ਜੂਲੀਅਨ। ਗੁਰਬਾਣੀ ਪਾਠ ਦਰਸ਼ਨ ਦੇ ਲਿਖਾਰੀ ਤੋਂ ਬਿਨਾਂ ਬਾਕੀ ਸਾਰੇ ਵਿਦਵਾਨ ਇਨ੍ਹਾਂ ਤਾਰੀਖ਼ਾਂ ਨਾਲ ਸਹਿਮਤ ਹਨ ਜਦੋਂ ਕਿ ਪਾਠ ਦਰਸ਼ਨ ਦੀਆਂ ਤਾਰੀਖ਼ਾਂ ਕੈਲੰਡਰ ਨਿਯਮਾਂ 'ਤੇ ਪੂਰੀ ਨਹੀਂ ਉੱਤਰਦੀ ਕਿਉਂਕਿ ਭਾਦੋਂ ਸੁਦੀ ੨ ਨੂੰ 31 ਅਗਸਤ 1581 ਹੈ ਨਾ ਕਿ 18 ਸਤੰਬਰ 1581. ਇਸ ਲਈ ਇਹ ਤਾਰੀਖ਼ ਮੰਨਣਯੋਗ ਨਹੀਂ ਹੈ। ਸੋ ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਗੁਰਗੱਦੀ ਗੁਰਪੁਰਬ ਲਈ ***੨ ਅੱਸੂ*** ਨਿਸਚਿਤ ਕੀਤੀ ਗਈ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 16 ਸਤੰਬਰ ਨੂੰ ਆਉਂਦੀ ਹੈ ਅਤੇ ਹਮੇਸ਼ਾਂ ਲਈ ਆਉਂਦੀ ਰਹੇਗੀ। ਜਦੋਂ ਕਿ ਚੰਦ੍ਰਮਾਂ ਦੀਆਂ ਤਿਥਾਂ ਮੁਤਾਬਿਕ ਮਨਾਏ ਜਾ ਰਹੇ ਗੁਰਪੁਰਬ ਜਿੱਥੇ ਹਰ ਸਾਲ ਬਦਲਵੀਆਂ ਤਾਰੀਖ਼ਾਂ ਨੂੰ ਆਉਂਦੇ ਹਨ ਉੱਥੇ ਸਮੇਂ ਦੇ ਨਾਲ ਅੱਗੇ ਹੀ ਅੱਗੇ ਨੂੰ ਖਿਸਕਦੇ ਜਾ ਰਹੇ ਹਨ।
ਗੁਰ ਪ੍ਰਣਾਲੀ 3	---	---	---	---	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਭਾਦੋਂ ਸੁਦੀ ੩, ੧੬੩੮	੨ ਅੱਸੂ	1 ਸਤੰਬਰ 1581	ਸ਼ੁੱਕਰਵਾਰ	
ਗੁਰਬਾਣੀ ਪਾਠ ਦਰਸ਼ਨ	ਭਾਦੋਂ ਸੁਦੀ ੨, ੧੬੩੮	---	18 ਸਤੰਬਰ 1581	---	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	---	---	---	---	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਭਾਦੋਂ ਸੁਦੀ ੩, ੧੬੩੮	---	1 ਸਤੰਬਰ 1581	---	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ.ਕ. (ਪ੍ਰੋ: ਕਰਤਾਰ ਸਿੰਘ)	ਭਾਦੋਂ ਸੁਦੀ ੩, ੧੬੩੮	੨ ਅੱਸੂ	1 ਸਤੰਬਰ 1581	---	
ਭਾਈ ਕਾਨ੍ਹ ਸਿੰਘ ਨਾਭਾ	--- ੧੬੩੮	੨ ਅੱਸੂ	1 ਸਤੰਬਰ 1581	---	
ਸ. ਕਰਮ ਸਿੰਘ ਹਿਸਟੋਰੀਅਨ	ਭਾਦੋਂ ਸੁਦੀ ੩, ੧੬੩੮	੨ ਅੱਸੂ	1 ਸਤੰਬਰ 1581	ਸ਼ੁੱਕਰਵਾਰ	
ਗਿ. ਸੋਹਨ ਸਿੰਘ ਸੀਤਲ	---	---	---	---	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਭਾਦੋਂ ਸੁਦੀ ੩, ੧੬੩੮	੨ ਅੱਸੂ	1 ਸਤੰਬਰ 1581	---	
ਪ੍ਰੋ. ਸਾਹਿਬ ਸਿੰਘ		---	---	---	
ਡਾ: ਹਰੀ ਰਾਮ ਗੁਪਤਾ	---	---	1 ਸਤੰਬਰ 1581	---	
ਪ੍ਰਿੰ. ਸਤਬੀਰ ਸਿੰਘ	---	---	---	---	

ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਪੁਰਬ

ਜਹਾਂਗੀਰ ਦੇ ਹੁਕਮਾਂ ’ਤੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਨੂੰ ***ਜੇਠ ਸੁਦੀ ੪, ੧੬੬੩; ੨ ਹਾੜ; ਦਿਨ ਸ਼ੁੱਕਰਵਾਰ, ਪੁਸ਼ਯ ਨਛੱਤਰ; 30 ਮਈ 1606 ਜੂਲੀਅਨ; ਨਾ:ਸ਼ਾ: ੧੩੮*** ਨੂੰ ਲਹੌਰ ਵਿਖੇ ਸ਼ਹੀਦ ਕੀਤਾ ਗਿਆ। ਇਨ੍ਹਾਂ ਤਾਰੀਖ਼ਾਂ ਦੀ ਤਸਦੀਕ ਹੇਠ ਲਿਖੀ ਸਾਰਣੀ ਵਿੱਚ ਦਿੱਤੇ ਵੱਖ ਵੱਖ ਇਤਿਹਾਸਕ ਸੋਮਿਆਂ ਦੇ ਹਵਾਲਿਆਂ ਤੋਂ ਕੀਤੀ ਜਾ ਸਕਦੀ ਹੈ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਗੁਰਗੱਦੀ ਪੁਰਬ ਲਈ ਚੰਦਰ ਤਿਥੀ ਦਾ ਤਿਆਗ ਕਰਕੇ ਸੂਰਜੀ ਪ੍ਰਵਿਸ਼ਟਾ ***੨ ਹਾੜ*** ਨਿਸਚਿਤ ਕੀਤਾ ਗਿਆ। ਕਥਾ ਪੁਰਾਤਨ ਇਉਂ ਸੁਣੀ’ ਅਨੁਸਾਰ ਕੀਰਤਪੁਰ ਦੀ ਮੋੜ੍ਹੀ ***੨ ਹਾੜ*** (ਸੰਮਤ ੧੬੮੪) ਨੂੰ ਗੱਡੀ। ਵਿਦਵਾਨਾਂ ਦਾ ਮੰਨਣਾਂ ਹੈ ਕਿ ***੨ ਹਾੜ*** ਦੀ ਚੋਣ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪਿਤਾ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ ***੨ ਹਾੜ*** ਦੀ ਯਾਦ ਵਜੋਂ ਕੀਤੀ ਗਈ। ਨਾਨਕਸ਼ਾਹੀ ਕੈਲੰਡਰ ਅਨੁਸਾਰ ***੨ ਹਾੜ*** ਹਰ ਸਾਲ 16 ਜੂਨ ਨੂੰ ਆਉਂਦਾ ਹੈ ਅਤੇ ਹਮੇਸ਼ਾਂ ਲਈ ***੨ ਹਾੜ*** ਨੂੰ 16 ਜੂਨ ਹੀ ਹੋਵੇਗੀ ਜਦੋਂ ਕਿ ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੨ ਹਾੜ*** ਵੀ ਅਪਣਾਈ ਜਾਵੇ ਤਾਂ ਇਹ ਸੰਨ 1606 ਵਿੱਚ 30 ਮਈ, ਅੱਜ ਕੱਲ੍ਹ 15/16 ਜੂਨ ਅਤੇ ਸੰਨ 3000 ਸੀਈ ਵਿੱਚ ਇਹ 29 ਜੂਨ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਪੂਰੇ 30 ਦਿਨ ਬਾਅਦ ਵਿੱਚ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2	ਜੇਠ ਸੁਦੀ ੪, ੧੬੬੩	---	---	ਸ਼ੁੱਕਰ	ਸਿੱਖ ਇਤਿਹਾਸ ਵਿੱਚ ਇਸ ਦਿਹਾੜੇ ਦੀ ਤਿੱਥ **ਜੇਠ ਸੁਦੀ** *੪, ੧੬੬੩*; 30 ਮਈ, 1606 ਦਿਨ ਸ਼ੁੱਕਰਵਾਰ ਨਾਲ ਸਾਰੇ ਹੀ ਪੁਰਾਤਨ ਅਤੇ ਨਵੀਨ ਸ੍ਰੋਤਾਂ ਵਿੱਚ ਕੋਈ ਮਤਭੇਦ ਨਹੀਂ ਹੈ। ਕੇਵਲ ***੧ ਹਾੜ*** ਜਾਂ ਦੋ ਹਾੜ ਦੀ ਸੂਰਜੀ ਤਾਰੀਖ਼ਾਂ ਵਿੱਚ ਅੰਤਰ ਹੈ ਉਸ ਦਾ ਕਾਰਨ ਕੇਵਲ ਇਹ ਹੈ ਕਿ ਭਾਰਤ ਵਿੱਚ ਲਗਭਗ 30 ਕਿਸਮ ਦੇ ਬਿਕਰਮੀ ਕੈਲੰਡਰ ਲਾਗੂ ਹਨ ਜਿਨ੍ਹਾਂ ਵਿੱਚ ਮਹੀਨੇ ਦੀ ਪਹਿਲੀ ਤਾਰੀਖ਼ ਨਿਸਚਿਤ ਕਰਨ ਦੇ ਆਪਣੇ ਵੱਖ ਵੱਖ ਨਿਯਮ ਹਨ ਜਿਵੇਂ ਕਿ LAHRI’s INDIAN EPHEMERIS for 2020 A.D. ਵਿੱਚ ਜਾਣਕਾਰੀ ਦਿੱਤੀ ਗਈ ਹੈ ਕਿ ਸਾਲ 2020 ’ਚ ਪੱਛਮੀ ਬੰਗਾਲ ਤੇ ਅਸਾਮ ਵਿੱਚ ਮਾਘ ਮਹੀਨਾ 16 ਜਨਵਰੀ ਉੜੀਸਾ, ਪੰਜਾਬ ਤੇ ਹਰਿਆਣਾ ’ਚ 14 ਜਨਵਰੀ ਅਤੇ ਤਾਮਿਲਨਾਡੂ ਤੇ ਕੇਰਲ ’ਚ 15 ਜਨਵਰੀ ਨੂੰ ਸ਼ੁਰੂ ਹੋਇਆ। ਇਹੋ ਕਾਰਨ ਹੈ ਕਿ ***੧ ਹਾੜ*** ਲਿਖਣ ਵਾਲੇ ਵਿਦਵਾਨਾਂ ਨੇ ਸ੍ਵਾਮੀਕੰਨੂ ਪਿੱਲੇ ਦੀ ਜੰਤਰੀ ਵੇਖ ਕੇ ***੧ ਹਾੜ*** ਲਿਖ ਦਿੱਤਾ ਜਦ ਕਿ ਇਹ ਤਾਰੀਖ਼ਾਂ ਤਾਮਿਲਨਾਡੂ ਲਈ ਹਨ, ਪਰ ਪੰਜਾਬ ਦੇ ਨਿਯਮਾਂ ਅਨੁਸਾਰ ***੨ ਹਾੜ*** ਹੀ ਠੀਕ ਹੈ। ਇਸੇ ਕਾਰਨ ਕਰਕੇ ਡਾ: ਗੰਡਾ ਸਿੰਘ ਅਤੇ ਕਈ ਹੋਰ ਲੇਖਕਾਂ ਦੀਆਂ ਵੀ ਕੁਝ ਤਾਰੀਖ਼ਾਂ ਗਲਤ ਹਨ। ਨਾਨਕਸ਼ਾਹੀ ਕੈਲੰਡਰ ’ਚ ਠੀਕ ***੨ ਹਾੜ*** ਹੀ ਲਈ ਗਈ ਹੈ।
ਗੁਰ ਪ੍ਰਣਾਲੀ 3	ਜੇਠ ਸੁਦੀ ੪, ੧੬੬੩	---	---	ਸ਼ੁੱਕਰ	
ਸ਼ੁੱਧ ਗੁਰਪ੍ਰਣਾਲੀ ਸ਼੍ਰੋ. ਗੁ.ਪ੍ਰ.ਕਮੇਟੀ	ਜੇਠ ਸੁਦੀ ੪, ੧੬੬੩	੧ ਹਾੜ	30 ਮਈ 1606	ਸ਼ੁੱਕਰ	
ਗੁਰਬਾਣੀ ਪਾਠ ਦਰਸ਼ਨ	ਜੇਠ ਸੁਦੀ ੪, ੧੬੬੩	---	25 ਮਈ 1606	ਸ਼ੁੱਕਰ	
ਗੁਰ ਪ੍ਰਨਾਲਿਕਾ 5	ਜੇਠ ਸੁਦੀ ੪, ੧੬੬੩	---	---	ਸ਼ੁੱਕਰ	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	ਜੇਠ ਸੁਦੀ ੪, ੧੬੬੩	੧ ਹਾੜ	30 ਮਈ 1606	---	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਜੇਠ ਸੁਦੀ ੪, ੧੬੬੩	---	30 ਮਈ 1606	---	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ. ਕ. (ਪ੍ਰੋ: ਕਰਤਾਰ ਸਿੰਘ)	ਜੇਠ ਸੁਦੀ ੪, ੧੬੬੩	੧ ਹਾੜ	30 ਮਈ 1606	---	
ਭਾਈ ਕਾਨ੍ਹ ਸਿੰਘ ਨਾਭਾ	ਜੇਠ ਸੁਦੀ ੪, ੧੬੬੩	੨ ਹਾੜ	30 ਮਈ 1606	---	
ਸ. ਕਰਮ ਸਿੰਘ ਹਿਸਟੋਰੀਅਨ	ਜੇਠ ਸੁਦੀ ੪, ੧੬੬੩	੨ ਹਾੜ	30 ਮਈ 1606	ਸ਼ੁੱਕਰ	
ਗਿ. ਸੋਹਨ ਸਿੰਘ ਸੀਤਲ	ਜੇਠ ਸੁਦੀ ੪, ੧੬੬੩	੨ ਹਾੜ	30 ਮਈ 1606	ਸ਼ੁੱਕਰ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਜੇਠ ਸੁਦੀ ੪, ੧੬੬੩	੧ ਹਾੜ	30 ਮਈ 1606	ਸ਼ੁੱਕਰ	
ਪ੍ਰੋ. ਸਾਹਿਬ ਸਿੰਘ	ਜੇਠ ਸੁਦੀ ੪, ੧੬੬੩	੧ ਹਾੜ	30 ਮਈ 1606	ਸ਼ੁੱਕਰ	
ਡਾ: ਹਰੀ ਰਾਮ ਗੁਪਤਾ	---	---	30 ਮਈ 1606	---	
ਪ੍ਰਿੰ. ਸਤਬੀਰ ਸਿੰਘ	---	---	30 ਮਈ 1606	---	

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ

ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਗੁਰੂ ਅਰਜਨ ਸਾਹਿਬ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁਖੋਂ ***੨੧ ਹਾੜ ੧੬੫੨, ਹਾੜ ਵਦੀ ੭, ਦਿਨ ਵੀਰਵਾਰ, ਨਛੱਤਰ ਉੱਤਰਾ ਭਾਦਰਾਪਦ, 19 ਜੂਨ 1595 ਜੂਲੀਅਨ, ਨਾ:ਸ਼ਾ: ੧੨੭*** ਨੂੰ ਗੁਰੂ ਕੀ ਵਡਾਲੀ ਜਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ ਜਿਸ ਦੀ ਤਸਦੀਕ ਹੇਠ ਲਿਖੀ ਸਾਰਣੀ ਵਿੱਚ ਦਿੱਤੇ ਵੱਖ ਵੱਖ ਇਤਿਹਾਸਕ ਸੋਮਿਆਂ ਦੇ ਹਵਾਲਿਆਂ ਤੋਂ ਕੀਤੀ ਜਾ ਸਕਦੀ ਹੈ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਪ੍ਰਵਿਸ਼ਟਾ ***੨੧ ਹਾੜ*** ਦੀ ਚੋਣ ਕੀਤੀ ਗਈ। ਗੁਰੂ ਕੀਆਂ ਸਾਖੀਆਂ ਮੁਤਾਬਿਕ ਗੁਰੂ ਤੇਗ਼ਬਹਾਦਰ ਸਾਹਿਬ ਜੀ ਵੱਲੋਂ ਪਿੰਡ ਮਾਖੋਵਾਲ ਵਿਖੇ ਅਨੰਦਪੁਰ ਸਾਹਿਬ ਜੀ ਦੀ ਮੋੜ੍ਹੀ ***੨੧ ਹਾੜ*** ਨੂੰ ਗੱਡੀ ਗਈ। ***੨੧ ਹਾੜ*** ਦੀ ਚੋਣ ਉਨ੍ਹਾਂ ਆਪਣੇ ਪਿਤਾ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਵਾਲਾ ਦਿਨ ਹੋਣ ਕਾਰਣ ਕੀਤੀ ਅਤੇ ਇਸ ਦਾ (ਮੁਢਲਾ) ਨਾਮ ਚੱਕ ਨਾਨਕੀ ਆਪਣੀ ਮਾਤਾ ਨਾਨਕੀ ਜੀ ਦੇ ਨਾਮ 'ਤੇ ਰੱਖਣਾ ਆਪਣੇ ਮਾਤਾ ਪਿਤਾ ਜੀ ਦੇ ਸਤਿਕਾਰ ਲਈ ਸੀ। ਨਾਨਕਸ਼ਾਹੀ ਕੈਲੰਡਰ ਮੁਤਾਬਿਕ ***੨੧ ਹਾੜ*** ਹਰ ਸਾਲ 5 ਜੁਲਾਈ ਨੂੰ ਆਉਂਦਾ ਹੈ ਅਤੇ ਆਉਂਦਾ ਰਹੇਗਾ ਜਦੋਂ ਕਿ ਬਿਕਰਮੀ ਕੈਲੰਡਰ ਵਿੱਚ ***੨੧ ਹਾੜ*** ਸੰਨ 1595 ਈ: 'ਚ 19 ਜੂਨ ਅੱਜ-ਕੱਲ੍ਹ 4 ਜਾਂ 5 ਜੁਲਾਈ ਅਤੇ ਸਾਲ 3001 ਈ: ਵਿੱਚ 19 ਜੁਲਾਈ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨੇ ਬਾਅਦ ਵਿੱਚ ਆਵੇਗਾ ਅਤੇ ਇਸੇ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਹਰ ਸਾਲ ਅੱਗੇ ਦੀ ਅੱਗੇ ਖਿਸਕਦਾ ਜਾਵੇਗਾ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਨਛੱਤ੍ਰ	ਟਿੱਪਣੀ
ਗੁਰ ਪ੍ਰਣਾਲੀ 2	ਵਦੀ ੧੧, ੧੬੫੨	੨੧ ਹਾੜ	---	ਐਤ ਵਾਰ	ਪੁਖ	ਆਮ ਤੌਰ 'ਤੇ ਪ੍ਰਕਾਸ਼ ਪੁਰਬਾਂ ਦੀਆਂ ਚੰਦਰ ਤਿੱਥਾਂ ਇਕਸਾਰ ਹੁੰਦੀਆਂ ਹਨ ਪਰ ਇੱਥੇ ਇਕ ਅਨੋਖੀ ਗੱਲ ਇਹ ਬਣੀ ਹੈ ਕਿ ਸਾਰੇ ਨਵੇਂ ਅਤੇ ਪੁਰਾਣੇ ਇਤਿਹਾਸਕਾਰਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀ ਪ੍ਰਵਿਸ਼ਟਾ ਤਾਰੀਖ਼ਾਂ ੨੧ ਹਾੜ ਲਿਖੀ ਹੈ ਪਰ ਉਨ੍ਹਾਂ ਦੇ ਚੰਦਰ ਮਾਸ ਦੀ ਤਿੱਥ, ਦਿਨ ਨਛੱਤਰ ਅਤੇ ਜੂਲੀਅਨ ਤਾਰੀਖ਼ਾਂ ਨਹੀਂ ਮਿਲਦੀਆਂ। ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕਰਵਾਈ ਸ਼ੁੱਧ ਗੁਰਪ੍ਰਣਾਲੀ ਦਾ ਤਾਂ ਸੰਮਤ ਵੀ ਬਾਕੀ ਸਭ ਨਾਲੋਂ ਵਖਰਾ ਹੀ ੧੬੪੭ ਲਿਖਿਆ ਹੈ ਜਦੋਂ ਕਿ ਬਾਕੀ ਸਭਨਾਂ ਨੇ ੧੬੫੨ ਲਿਖਿਆ ਹੈ। ਇਸ ਲਈ ਸਭ ਤੋਂ ਪਹਿਲਾਂ ੨੧ ਹਾੜ ੧੬੪੭ ਨੂੰ ਦੂਸਰੀਆਂ ਪਧਤੀਆਂ ਵਿੱਚ ਤਬਦੀਲ ਕੀਤਾ ਤਾਂ ਇਹ ਬਣਦੀ ਹੈ ਹਾੜ ਵਦੀ ੧੨, ਦਿਨ ਵੀਰਵਾਰ, ਕ੍ਰਿਤਿਕਾ ਨਛੱਤਰ, 18 ਜੂਨ 1590. ਸ਼ੁੱਧ ਗੁਰਪ੍ਰਣਾਲੀ ਦੇ ਵੇਰਵੇ ਇਸ ਨਾਲ ਮੇਲ ਨਾ ਖਾਣ ਕਰਕੇ ਮੰਨਣਯੋਗ ਨਹੀਂ ਹੈ। ***੨੧ ਹਾੜ ੧੬੫੨ ਨੂੰ ਤਬਦੀਲ ਕੀਤਿਆਂ= ਹਾੜ ਵਦੀ ੭, ਦਿਨ ਵੀਰਵਾਰ, ਨਛੱਤਰ ਉੱਤਰਾ ਭਾਦਰਾਪਦ, 19 ਜੂਨ 1595 ਜੂਲੀਅਨ।*** ਸ਼੍ਰੋਮਣੀ ਕਮੇਟੀ ਦੀ ਵੈੱਬ ਸਾਈਟ, ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਸਿੱਖ ਇਤਿਹਾਸ- ਪ੍ਰੋ: ਕਰਤਾਰ ਸਿੰਘ, ਡਾ: ਗੰਡਾ ਸਿੰਘ ਉਰਦੂ ਜੰਤਰੀ ਅਤੇ ਪ੍ਰੋ: ਸਾਹਿਬ ਸਿੰਘ ਨਾਲ ਇਹ ਤੱਥ ਬਿਲਕੁਲ ਮੇਲ ਖਾਂਦੇ ਹੋਣ ਕਰਕੇ ਇਹ ਤਿੱਥਾਂ ਤਾਰੀਖ਼ਾਂ ਮੰਨਣਯੋਗ ਹਨ ਜਦੋਂ ਕਿ ਬਾਕੀ ਜਿਨ੍ਹਾਂ ਦੀ ਇੱਕ ਅੱਧ ਪੱਧਤੀ ਵਿੱਚ 1 ਤੋਂ 5 ਦਿਨਾਂ ਦਾ ਫ਼ਰਕ ਹੈ ਉਨ੍ਹਾਂ ਦੀ ਟਾਈਪ ਗਲਤੀ ਹੋ ਸਕਦੀ ਹੈ ਜਾਂ ਤਾਰੀਖ਼ਾਂ ਤਬਦੀਲੀ ਦੇ ਨਿਯਮਾਂ ਤੋਂ ਜਾਣੂ ਨਾ ਹੋਣ ਕਾਰਨ ਗਲਤੀ ਹੋਈ ਹੈ। ਸੋ ਗੁਰਪੁਰਬ ਲਈ ***੨੧ ਹਾੜ*** ਦੀ ਚੋਣ ਕੀਤੀ ਗਈ ਜੋ ਨਾਨਕਸ਼ਾਹੀ ਵਿੱਚ ਹਰ ਸਾਲ 5 ਜੁਲਾਈ ਆਉਂਦੀ ਹੈ।
ਗੁਰ ਪ੍ਰਣਾਲੀ 3	ਵਦੀ, ੧੬੫੨	੨੧ ਹਾੜ	---	ਐਤ ਵਾਰ	ਪੁਖ	
ਸ਼ੁੱਧ ਗੁਰਪ੍ਰਣਾਲੀ ਸ਼੍ਰੋ. ਗੁ.ਪ੍ਰ.ਕ.	--- ੧੬੪੭	੨੧ ਹਾੜ	20 ਜੂਨ 1590	ਸ਼ੁੱਕਰ ਵਾਰ	---	
ਗੁਰਬਾਣੀ ਪਾਠ ਦਰਸ਼ਨ	ਹਾੜ ਵਦੀ ੧, ੧੬੫੨	੨੧ ਹਾੜ	6 ਜੂਨ 1595	ਐਤ ਵਾਰ	ਪੁਖ	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	ਹਾੜ ਵਦੀ ੭, ੧੬੫੨	੨੧ ਹਾੜ	19 ਜੂਨ 1595	---	---	
ਸ਼ੋ.ਗੁ.ਪ੍ਰ.ਕ. ਡਾਇਰੀ 1991	ਹਾੜ ਵਦੀ ੬, ੧੬੫੨	---	14 ਜੂਨ 1595	---	---	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ. ਕਮੇਟੀ(ਪ੍ਰੋ: ਕਰਤਾਰ ਸਿੰਘ)	ਹਾੜ ਵਦੀ ੭, ੧੬੫੨	੨੧ ਹਾੜ	19 ਜੂਨ 1595	---	---	
ਭਾਈ ਕਾਨ੍ਹ ਸਿੰਘ ਨਾਭਾ	ਹਾੜ ਵਦੀ ੬, ੧੬੫੨	੨੧ ਹਾੜ	14 ਜੂਨ 1595	---	---	
ਸ. ਕਰਮ ਸਿੰਘ ਹਿਸਟੋਰੀਅਨ	ਹਾੜ ਵਦੀ ੬, ੧੬੫੨	੨੧ ਹਾੜ	18 ਜੂਨ 1595	ਵੀਰ ਵਾਰ	ਉੱ: ਭਾਦ੍ਰਾਪਦ	
ਗਿ. ਸੋਹਨ ਸਿੰਘ ਸੀਤਲ	ਹਾੜ ਵਦੀ ੬, ੧੬੫੨	੨੧ ਹਾੜ	14 ਜੂਨ 1595	ਬੁੱਧ ਵਾਰ	ਉੱ: ਭਾਦ੍ਰਾਪਦ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਹਾੜ ਵਦੀ ੭, ੧੬੫੨	੨੧ ਹਾੜ	19 ਜੂਨ 1595	ਵੀਰ ਵਾਰ	---	
ਪ੍ਰੋ. ਸਾਹਿਬ ਸਿੰਘ	ਹਾੜ ਵਦੀ ੭, ੧੬੫੨	੨੧ ਹਾੜ	19 ਜੂਨ 1595	ਵੀਰ ਵਾਰ	---	
ਡਾ: ਹਰੀ ਰਾਮ ਗੁਪਤਾ	---	---	14 ਜੂਨ 1595	---	---	
ਪ੍ਰਿੰ. ਸਤਬੀਰ ਸਿੰਘ	---	---	29 ਜੂਨ 1595	---	---	

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਪੁਰਬ

ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਤੋਂ 5 ਦਿਨ ਪਹਿਲਾਂ ***ਜੇਠ ਵਦੀ ੧੪, ੨੮ ਜੇਠ, ਐਤਵਾਰ, ਕ੍ਰਿਤਕਾ ਨਛੱਤਰ, ਬਿਕਰਮੀ ਸੰਮਤ ੧੬੬੩/ 25 ਮਈ 1606 ਈ: ਜੂਲੀਅਨ ਨਾ:ਸ਼ਾ: ੧੩੮*** ਨੂੰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ ਜਿਸ ਦੀ ਤਸਦੀਕ ਹੇਠ ਲਿਖੀ ਸਾਰਣੀ ਵਿੱਚ ਕੱਢੇ ਗਏ ਨਤੀਜਿਆਂ ਤੋਂ ਕੀਤੀ ਜਾ ਸਕਦੀ ਹੈ। ਚੰਦਰ ਤਿਥਾਂ ਦਾ ਹਿਸਾਬ ਕਿਤਾਬ ਕਰਨਾ ਬਹੁਤ ਹੀ ਕਸੂਤਾ ਜਿਹਾ ਹੈ ਅਤੇ ਇਨ੍ਹਾਂ ਅਨੁਸਾਰ ਮਨਾਏ ਜਾਣ ਵਾਲੇ ਗੁਰਪੁਰਬ ਹਮੇਸ਼ਾਂ ਹੀ ਬਦਲਵੀਆਂ ਤਾਰੀਖ਼ਾਂ ਨੂੰ ਅੱਗੇ ਪਿੱਛੇ ਆਉਂਦੇ ਰਹਿਣ ਕਾਰਨ ਕੈਲੰਡਰ ਕਮੇਟੀ ਨੇ ਫੈਸਲਾ ਕੀਤਾ ਸੀ ਕਿ ਚੰਦਰ ਕੈਲੰਡਰ ਦਾ ਤਿਆਗ ਕਰਕੇ ਸੂਰਜੀ ਮਹੀਨਿਆਂ ਦੇ ਪ੍ਰਵਿਸ਼ਟਿਆਂ ਨੂੰ ਅਪਨਾਇਆ ਜਾਵੇ। ਇਸ ਲਈ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਗੁਰਗੱਦੀ ਗੁਰਪੁਰਬ ਦਾ ਪ੍ਰਵਿਸ਼ਟਾ ***੨੮ ਜੇਠ*** ਅਪਣਾਇਆ ਗਿਆ ਜੋ ਹਰ ਸਾਲ ਨਾਨਕਸ਼ਾਹੀ ਕੈਲੰਡਰ ਵਿੱਚ 11 ਜੂਨ ਨੂੰ ਹੀ ਆਉਂਦਾ ਰਹੇਗਾ ਜਦੋਂ ਕਿ ਬਿਕਰਮੀ ਕੈਲੰਡਰ ਵਿੱਚ ਚੰਦਰਮਾਂ ਦੀ ਤਿਥ ਤਾਂ ਹਰ ਸਾਲ ਅੱਗੇ ਪਿੱਛੇ ਹੁੰਦੀ ਹੀ ਰਹਿਦੀ ਹੈ ਪਰ ਜੇ ***੨੮ ਜੇਠ*** ਵੀ ਅਪਣਾਈ ਜਾਵੇ ਤਾਂ ਇਹ ਸੰਨ 1606 ਈ: 'ਚ 25 ਮਈ ਅੱਜ-ਕੱਲ੍ਹ 10 ਜੂਨ ਅਤੇ ਸਾਲ 3000 ਈ: ਵਿੱਚ 24 ਜੂਨ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨੇ ਬਾਅਦ ਵਿੱਚ ਆਵੇਗਾ ਅਤੇ ਇਸੇ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਹਰ ਸਾਲ ਅੱਗੇ ਦੀ ਅੱਗੇ ਖਿਸਕਦਾ ਜਾਵੇਗਾ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2 ---	---	---	---	---	**੧੨ ਹਾੜ, ੧੬੬੩** = 9 ਜੂਨ 1606 ਦਿਨ ਸੋਮਵਾਰ ਹੋਣ ਕਰਕੇ ਇਹ ਤਾਰੀਖ਼ਾਂ ਗਲਤ ਹੈ। ਗੁਰਬਾਣੀ ਪਾਠ ਦਰਸ਼ਨ ਦੀ ਤਿਥ **ਜੇਠ ਵਦੀ ੮, ੧੬੬੩** ਨੂੰ 19 ਮਈ 1606 ਹੈ ਨਾ ਕਿ 15 ਮਈ 1605 ਕਿਉਂਕਿ ਉਸ ਨਾਲ ਸਬੰਧਿਤ ਦਿਨ, ਨਛੱਤਰ, ਪ੍ਰਵਿਸ਼ਟਾ ਕੁਝ ਵੀ ਨਾ ਦਿੱਤੇ ਜਾਣ ਸਦਕਾ ਹੋਰ ਪੜਤਾਲ ਹੋ ਨਹੀਂ ਸਕਦੀ; ਇਸ ਲਈ ਇਹ ਗਲਤ ਹੈ।
ਗੁਰ ਪ੍ਰਣਾਲੀ 3	---	---	---	---	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	---	੧੨ ਹਾੜ ੧੬੬੩	11 ਜੂਨ 1606	ਵੀਰ ਵਾਰ	
ਗੁਰਬਾਣੀ ਪਾਠ ਦਰਸ਼ਨ	ਜੇਠ ਵਦੀ ੮, ੧੬੬੩	---	15 ਮਈ 1605	---	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	---	---	---	---	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਜੇਠ ਵਦੀ ੧੪, ੧੬੬੩	---	25 ਮਈ 1606	---	**ਜੇਠ ਵਦੀ ੧੪, ੧੬੬੩** ਨੂੰ ਦੂਸਰੀਆਂ ਪਧਤੀਆਂ ਵਿੱਚ ਤਬਦੀਲ ਕੀਤਿਆਂ **੨੮ ਜੇਠ**; 25 ਮਈ 1606 ਦਿਨ ਐਤਵਾਰ ਬਣਦਾ ਹੈ। ਜਿਨ੍ਹਾਂ ਨੇ **੨੯ ਜੇਠ** ਲਿਖੀ ਹੈ, ਹੋ ਸਕਦਾ ਹੈ ਉਨ੍ਹਾਂ ਨੇ ਤਬਦੀਲ ਕਰਨ ਲਈ ਸ੍ਵਾਮੀਕੰਨੂੰ ਪਿੱਲੇ ਦੀ ਜੰਤਰੀ ਦੀ ਵਰਤੋਂ ਕੀਤੀ ਹੋਵੇ ਜਿਸ ਦੀਆਂ ਬਹੁਤੀਆਂ ਤਾਰੀਖ਼ਾਂ 'ਚ ਪੰਜਾਬ ਨਾਲੋਂ 1 ਦਿਨ ਦਾ ਫ਼ਰਕ ਹੁੰਦਾ ਹੈ। ਸੋ ਕੈਲੰਡਰ ਕਮੇਟੀ ਵੱਲੋਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਪੁਰਬ ਲਈ **੨੮ ਜੇਠ** ਦੀ ਚੋਣ ਕੀਤੀ ਗਈ ਹੈ ਜੋ ਹਰ ਸਾਲ ਨਾਨਕਸ਼ਾਹੀ ਕੈਲੰਡਰ ਵਿੱਚ 11 ਜੂਨ ਨੂੰ ਹੀ ਆਉਂਦਾ ਰਹੇਗਾ ਜਦੋਂ ਕਿ ਬਿਕਰਮੀ ਕੈਲੰਡਰ ਵਿੱਚ ਚੰਦਰਮਾਂ ਦੀ ਤਿਥ ਤਾਂ ਹਰ ਸਾਲ ਅੱਗੇ ਪਿੱਛੇ ਹੁੰਦੀ ਹੀ ਰਹਿੰਦੀ ਹੈ ਪਰ ਜੇ **੨੮ ਜੇਠ** ਵੀ ਅਪਣਾਈ ਜਾਵੇ ਤਾਂ ਇਹ ਸੰਨ **੧੬੦੬** ਈ: 'ਚ 25 ਮਈ ਅੱਜ-ਕੱਲ੍ਹ 10 ਜੂਨ ਅਤੇ ਸਾਲ 3000 ਈ: ਵਿੱਚ 24 ਜੂਨ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨੇ ਬਾਅਦ ਵਿੱਚ ਆਵੇਗਾ ਅਤੇ ਇਸੇ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਹਰ ਸਾਲ ਅੱਗੇ ਦੀ ਅੱਗੇ ਖਿਸਕਦਾ ਜਾਵੇਗਾ।
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ.ਕ. (ਪ੍ਰੋ: ਕਰਤਾਰ ਸਿੰਘ)	ਜੇਠ ਵਦੀ ੧੪, ੧੬੬੩	੨੮ ਜੇਠ	25 ਮਈ 1606	---	
ਭਾਈ ਕਾਨ੍ਹ ਸਿੰਘ ਨਾਭਾ	ਜੇਠ ਵਦੀ ੧੪, ੧੬੬੩	੨੯ ਜੇਠ	25 ਮਈ 1606	---	
ਸ. ਕਰਮ ਸਿੰਘ ਹਿਸਟੋਰੀਅਨ	ਜੇਠ ਵਦੀ ੧੪, ੧੬੬੩	੨੯ ਜੇਠ	25 ਮਈ 1606	ਐਤ ਵਾਰ	
ਗਿ. ਸੋਹਨ ਸਿੰਘ ਸੀਤਲ	ਜੇਠ ਵਦੀ ੧੪, ੧੬੬੩	੨੯ ਜੇਠ	25 ਮਈ 1606	ਐਤ ਵਾਰ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਜੇਠ ਵਦੀ ੧੪, ੧੬੬੩	੨੮ ਜੇਠ	25 ਮਈ 1606	ਐਤ ਵਾਰ	
ਪ੍ਰੋ. ਸਾਹਿਬ ਸਿੰਘ	---	---	---	---	
ਡਾ: ਹਰੀ ਰਾਮ ਗੁਪਤਾ	---	---	---	---	
ਪ੍ਰਿੰ. ਸਤਬੀਰ ਸਿੰਘ	---	---	---	---	

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੋਤੀ ਜੋਤ ਪੁਰਬ

ਗੁਰੂ ਹਰਿਗੋਬਿੰਦ ਸਾਹਿਬ ਜੀ ਕੀਰਤਪੁਰ ਵਿਖੇ (ਅਧਿਕ) ***ਚੇਤ ਸੁਦੀ ੫, ੧੭੦੧, ੬ ਚੇਤ ਸੰਮਤ ੧੭੦੦, ਦਿਨ ਐਤਵਾਰ, ਨਛੱਤਰ ਕ੍ਰਿਤਿਕਾ, ਨਾਨਕਸ਼ਾਹੀ ਸੰਮਤ ੧੭੬; 3 ਮਾਰਚ 1644 ਜੂਲੀਅਨ; ਨਾ:ਸ਼ਾ: ੧੭੬*** ਨੂੰ ਕੀਰਤਪਰ ਵਿਖੇ ਜੋਤੀ ਜੋਤ ਸਮਾਏ। ਚੰਦਰ ਤਿਥਾਂ ਤਿਆਗ ਦੇਣ ਦੇ ਫੈਸਲੇ ਅਨੁਸਾਰ ਕੈਲੰਡਰ ਕਮੇਟੀ ਨੇ ੬ ਚੇਤ ਦੀ ਚੋਣ ਕੀਤੀ। ***੬ ਚੇਤ*** ਨਾਨਕਸ਼ਾਹੀ ਕੈਲੰਡਰ ਵਿੱਚ ਹਮੇਸ਼ਾਂ ਲਈ 19 ਮਾਰਚ ਹੀ ਆਵੇਗੀ ਜਦੋਂ ਕਿ ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੬ ਚੇਤ*** ਵੀ ਅਪਣਾਈ ਜਾਵੇ ਤਾਂ ਇਹ ਸੰਨ 1644 ਵਿੱਚ 3 ਮਾਰਚ, ਅੱਜ ਕੱਲ੍ਹ 19 ਮਾਰਚ ਅਤੇ ਸੰਨ 3000 ਸੀਈ ਵਿੱਚ ਇਹ 2 ਅਪ੍ਰੈਲ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇੱਥੇ ਇੱਕ ਗੱਲ ਹੋਰ ਸੋਚਣ ਵਾਲੀ ਹੈ ਕਿ ਜੇ ਅਕਾਲ ਪੁਰਖ਼ ਦੇ ਭਾਣੇ ਅੰਦਰ ਗੁਰੂ ਸਾਹਿਬ ਜੀ ਮਲਮਾਸ (ਅਧਿਕ ਚੇਤ) ਵਿੱਚ ਜੋਤੀ ਸਮਾਏ ਤਾਂ ਹੁਣ ਸਿੱਖ ਬਾਕੀ ਦੇ ਗੁਰਪੁਰਬ ਮਲਮਾਸਾਂ ਵਿੱਚ ਕਿਉਂ ਨਹੀਂ ਮਨਾਉਂਦੇ? ਕਿਉਂ ਸਾਨੂੰ ਚੰਗੇ ਮਾੜੇ ਮਹੀਨੇ ਦੀ ਵੀਚਾਰ ਕਰਦਿਆਂ ਇੱਕ ਮਹੀਨਾ ਉਡੀਕਣਾ ਪੈਂਦਾ ਹੈ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁੱਕਵਾਂ ਹੈ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2 ---	ਚੇਤ ਸੁਦੀ ੧੪, ੧੬੯੫	-----	----	---	ਕਰਤਾਰਪੁਰੀ ਬੀੜ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤੀ ਸਮਾਉਣ ਦੀ ਤਿਥੀ ਚੇਤ ਸੁਦੀ ੫, ਸੰਮਤ ੧੭੦੧ ਦਿਨ ਐਤਵਾਰ ਲਿਖਿਆ ਹੋਣ ਕਰਕੇ ਸੰਮਤ ੧੬੯੫ ਮੰਨਣਯੋਗ ਨਹੀਂ ਹੈ। ਸੰਮਤ ੧੭੦੧ ਵਿਚ ਚੇਤ ਦੇ ਦੋ ਚੰਦਰ ਮਹੀਨੇ ਸਨ। **ਬਿਕ੍ਰਮੀ ਚੰਦਰ ਸਾਲ ਚੇਤ ਸੁਦੀ ੧ ਅਤੇ ਸੂਰਜੀ ਸਾਲ ੧ ਵੈਸਾਖ ਤੋਂ ਸ਼ੁਰੂ ਹੋਣ ਕਾਰਨ ਆਮ ਪਾਠਕ ਨੂੰ ਸੰਮਤ ਦਾ ਬਹੁਤ ਵੱਡਾ ਭੁਲੇਖਾ ਪੈਂਦਾ ਹੈ ਕਿਉਂਕਿ (ਅਧਿਕ) ਚੇਤ ਸੁਦੀ ੫, ੧੭੦੧ ਨੂੰ ਤਬਦੀਲ ਕੀਤਿਆਂ ਬਣਦੀ ਹੈ ੬ ਚੇਤ ਸੰਮਤ ੧੭੦੦, ਦਿਨ ਐਤਵਾਰ, ਨਛੱਤਰ ਕ੍ਰਿਤਿਕਾ, 3 ਮਾਰਚ 1644 ਜੂਲੀਅਨ।** ਅਤੇ ਚੇਤ ਸੁਦੀ ੫, ੧੭੦੧ ਨੂੰ ਤਬਦੀਲ ਕੀਤਿਆਂ ਬਣਦਾ ਹੈ ੫ ਵੈਸਾਖ, ਸੰਮਤ ੧੭੦੧; 1 ਅਪ੍ਰੈਲ 1644 ਈ:। ਵੱਡੀ ਗਿਣਤੀ ਵਿਦਵਾਨਾਂ ਦੀਆਂ ਤਾਰੀਖ਼ਾਂ ਅਧਿਕ ਚੇਤ ਸੁਦੀ ੫ ਸੰਮਤ ੧੭੦੧ ਨਾਲ ਮੇਲ ਖਾਂਦੀਆਂ ਹਨ। ਜਿਨ੍ਹਾਂ ਵਿਦਵਾਨਾਂ ਨੇ ੭ ਚੇਤ ਲਿਖੀ ਹੈ ਉਨ੍ਹਾਂ ਨੇ ਸਵਾਮੀਕੰਨੂ ਪਿੱਲੇ ਦੀ ਜੰਤਰੀ ਵਿੱਚੋਂ ਵੇਖ ਲਈ ਹੋਣੀ ਹੈ ਕਿਉਂਕਿ ਉਹ ਤਾਮਿਲਨਾਡੂ ਦੇ ਨਿਯਮਾਂ ਅਤੇ ਆਰੀਆ ਸਿਧਾਂਤ ’ਤੇ ਅਧਾਰਤ ਹੈ ਜਿਸ ਦੀਆਂ ਕੁਝ ਸੰਗਰਾਂਦਾਂ ਵਿੱਚ ਇੱਕ ਦਿਨ ਦਾ ਫ਼ਰਕ ਹੁੰਦਾ ਹੈ। ਇਸ ਲਈ ਸਾਰੀ ਪਰਖ ਪੜਤਾਲ ਉਪਰੰਤ ਕੈਲੰਡਰ ਕਮੇਟੀ ਨੇ ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੇ ਗੁਰਪੁਰਬ ਲਈ ਪ੍ਰਵਿਸ਼ਟਾ **੬ ਚੇਤ** ਦੀ ਚੋਣ ਕੀਤੀ। **੬ ਚੇਤ** ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 19 ਮਾਰਚ ਨੂੰ ਆਉਂਦਾ ਹੈ।
ਗੁਰ ਪ੍ਰਣਾਲੀ 3	ਚੇਤ ਸੁਦੀ ੫, ੧੬੯੫	-----	----	---	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਚੇਤ ਸੁਦੀ ੫, ੧੭੦੧	੬ ਚੇਤ ੧੭੦੦	3 ਮਾਰਚ 1644	---	
ਗੁਰਬਾਣੀ ਪਾਠ ਦਰਸ਼ਨ	ਚੇਤ ਸੁਦੀ ੫, ੧੬੯੫	----	28 ਮਾਰਚ 1638	---	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	ਚੇਤ ਸੁਦੀ ੫, ੧੭੦੧	੬ ਚੇਤ ੧੭੦੦	28 ਫ਼ਰਵਰੀ 1644	ਐਤ ਵਾਰ	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਚੇਤ ਸੁਦੀ ੫, ੧੭੦੧	----	3 ਮਾਰਚ 1644	---	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ. ਕ. (ਪ੍ਰੋ: ਕਰਤਾਰ ਸਿੰਘ)	ਚੇਤ ਸੁਦੀ ੫, ੧੭੦੧	੬ ਚੇਤ ੧੭੦੦	3 ਮਾਰਚ 1644	ਐਤ ਵਾਰ	
ਭਾਈ ਕਾਨ੍ਹ ਸਿੰਘ ਨਾਭਾ	ਚੇਤ ਸੁਦੀ ੫, ੧੭੦੧	੭ ਚੇਤ ੧੭੦੦	3 ਮਾਰਚ 1644	---	
ਸ. ਕਰਮ ਸਿੰਘ ਹਿਸਟੋਰੀਅਨ	ਚੇਤ ਸੁਦੀ ੫, ੧੭੦੧	੭ ਚੇਤ ੧੭੦੦	3 ਮਾਰਚ 1644	ਐਤ ਵਾਰ	
ਗਿ. ਸੋਹਨ ਸਿੰਘ ਸੀਤਲ	ਚੇਤ ਸੁਦੀ ੫, ੧੭੦੧	੭ ਚੇਤ ੧੭੦੦	3 ਮਾਰਚ 1644	ਐਤ ਵਾਰ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਚੇਤ ਸੁਦੀ ੫, ੧੭੦੧	੬ ਚੇਤ ੧੭੦੦	3 ਮਾਰਚ 1644	ਐਤ ਵਾਰ	
ਪ੍ਰੋ. ਸਾਹਿਬ ਸਿੰਘ	ਚੇਤ ਸੁਦੀ ੫, ੧੭੦੧	੬ ਚੇਤ ੧੭੦੦	3 ਮਾਰਚ 1644	ਐਤ ਵਾਰ	
ਡਾ: ਹਰੀ ਰਾਮ ਗੁਪਤਾ	----	----	3 ਮਾਰਚ 1644	---	
ਪ੍ਰਿੰ. ਸਤਬੀਰ ਸਿੰਘ	----	----	3 ਮਾਰਚ 1644	---	

ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਪੁਰਬ

ਮਾਘ ਸੁਦੀ ੧੩ ਸੰਮਤ ੧੬੮੬, ੧੯ ਮਾਘ, ਦਿਨ ਸ਼ਨੀਵਾਰ, ਨਛੱਤਰ ਆਰਦਰਾ; ਨਾਨਕਸ਼ਾਹੀ ਸੰਮਤ ੧੬੧; 16 ਜਨਵਰੀ 1630; ਈ: ਜੂਲੀਅਨ ਨੂੰ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਸ਼ੀਸ਼ ਮਹਿਲ ਕੀਰਤਪੁਰ ਸਾਹਿਬ ਵਿਖੇ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਜੀ ਦੇ ਘਰ ਹੋਇਆ। ਜਿਸ ਦੀ ਤਸਦੀਕ ਹੇਠ ਲਿਖੀ ਸਾਰਣੀ ਵਿੱਚ ਦਿੱਤੇ ਵੱਖ ਵੱਖ ਇਤਿਹਾਸਕ ਸੋਮਿਆਂ ਦੇ ਹਵਾਲਿਆਂ ਤੋਂ ਹੁੰਦੀ ਹੈ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਗੁਰਪੁਰਬ ਲਈ ਪ੍ਰਵਿਸ਼ਟਾ ***19 ਮਾਘ*** ਦੀ ਚੋਣ ਕੀਤੀ ਗਈ ਜੋ ਨਾਨਕਸ਼ਾਹੀ ਕੈਲੰਡਰ ਅਨੁਸਾਰ ਹਰ ਸਾਲ 31 ਜਨਵਰੀ ਨੂੰ ਆਉਂਦਾ ਹੈ ਜਦੋਂ ਕਿ ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***19 ਮਾਘ*** ਵੀ ਅਪਨਾਈ ਜਾਵੇ ਤਾਂ ਇਹ ਸੰਨ 1630 ਵਿੱਚ 16 ਜਨਵਰੀ, ਅੱਜ ਕੱਲ੍ਹ 31 ਜਨਵਰੀ/1 ਫ਼ਰਵਰੀ ਅਤੇ ਸੰਨ 3000 ਸੀਈ ਵਿੱਚ ਇਹ 15 ਫ਼ਰਵਰੀ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁੱਕਵਾਂ ਹੈ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਨਛੱਤ੍ਰ	ਟਿੱਪਣੀ
ਗੁਰ ਪ੍ਰਣਾਲੀ 2	----੧੬੮੬	੧੩ ਮਾਘ	----	ਵੀਰ	ਭਰਨੀ	**੧੩ ਮਾਘ ੧੬੮੬** ਨੂੰ ਦੂਸਰੀਆਂ ਪੱਧਤੀਆਂ ਵਿੱਚ ਬਦਲਿਆਂ = ਮਾਘ ਸੁਦੀ ੭, ਦਿਨ ਐਤਵਾਰ, ਰੇਵਤੀ ਨਛੱਤਰ, ਜਨਵਰੀ ੧੦, ੧੬੩੦. **ਮਾਘ ਸੁਦੀ** ੧੪,੧੬੯੬ ਨੂੰ ਦੂਸਰੀਆਂ ਪੱਧਤੀਆਂ ਵਿੱਚ ਬਦਲਿਆਂ = ੩੦ ਮਾਘ ਦਿਨ ਸੋਮਵਾਰ, ਪੁਖ਼ ਨਛੱਤਰ, ਜਨਵਰੀ 27, 1640. **ਮਾਘ ਸੁਦੀ ੧੪, ੧੬੮੭** ਨੂੰ ਤਬਦੀਲ ਕੀਤਿਆਂ ਬਣਦਾ ਹੈ = ੧੦ ਫ਼ੱਗਣ, ੧੬੮੭, ਦਿਨ ਸ਼ਨੀਵਾਰ, ਨਛੱਤਰ ਅਸ਼ਲੇਸ਼ਾ, 5 ਫ਼ਰਵਰੀ 1631. ***ਮਾਘ ਸੁਦੀ ੨, ੧੬੮੮*** ਨੂੰ ਤਬਦੀਲ ਕੀਤਿਆਂ ਬਣਦਾ ਹੈ= ੧੬ ਮਾਘ ੧੬੮੮; 13 ਜਨਵਰੀ 1632, ਦਿਨ ਸ਼ੁੱਕਰਵਾਰ; ਧਨਿਸ਼ਟਾ ਨਛੱਤਰ। ਉਪਰਲੇ ੬ ਹਵਾਲਿਆਂ ਦੀਆਂ ਹੀ ਤਾਰੀਖ਼ਾਂ, ਤਿੱਥਾਂ ਦੇ ਸਾਮ੍ਹਣੇ ਦਿੱਤੀਆਂ ਕਿਸੇ ਵੀ ਪੱਧਤੀ ਦੀਆਂ ਤਾਰੀਖ਼ਾਂ ਨਾਲ ਨਾ ਮਿਲਣ ਕਰਕੇ ਇਹ ਸਾਰੀਆਂ ਹੀ ਗਲਤ ਹਨ। ***ਮਾਘ ਸੁਦੀ ੧੩, ੧੬੮੬*** ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕੀਤਿਆਂ ਬਣਦਾ ਹੈ = ***੧੯ ਮਾਘ, ਦਿਨ ਸ਼ਨੀਵਾਰ, ਨਛੱਤਰ ਆਰਦਰਾ; 16 ਜਨਵਰੀ 1630.*** ਇਸ ਨਾਲ ਜਿਆਦਾਤਰ ਵਿਦਵਾਨਾਂ ਦੀਆਂ ਤਾਰੀਖ਼ਾਂ ਮੇਲ ਖਾਂਦੀਆਂ ਹਨ ਇਸ ਲਈ ਇਹ ਮੰਨਣਯੋਗ ਹਨ। ਚੰਦਰ ਤਿਥਾਂ ਦੇ ਤਿਆਗ ਕਰਨ ਦੇ ਫੈਸਲੇ ਅਨੁਸਾਰ ਗੁਰਪੁਰਬ ਲਈ **੧੯ ਮਾਘ** ਦੀ ਚੋਣ ਕੀਤੀ ਗਈ।
ਗੁਰ ਪ੍ਰਣਾਲੀ 3	----੧੬੮੬	੧੩ ਮਾਘ	----	ਵੀਰ	ਭਰਨੀ	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਮਾਘ ਸੁਦੀ ੧੪, ੧੬੯੬	੧੩ ਮਾਘ	12 ਜਨਵਰੀ 1640	ਸ਼ਨੀ	---	
ਗੁਰਬਾਣੀ ਪਾਠ ਦਰਸ਼ਨ	ਮਾਘ ਸੁਦੀ ੧੪, ੧੬੮੭	-----	5 ਫ਼ਰਵਰੀ 1630	ਐਤ	ਭਰਨੀ	
ਗੁਰ ਪ੍ਰਨਾਲਿਕਾ 5	ਮਾਘ ਸੁਦੀ ੨, ੧੬੮੮	੧੩ ਮਾਘ	----	ਵੀਰ	ਭਰਨੀ	
ਸ਼ੋ.ਗੁ.ਪ੍ਰ.ਕ. ਡਾਇਰੀ 1991	ਮਾਘ ਸੁਦੀ ੧੩, ੧੬੯੩	-----	28 ਜਨਵਰੀ 1637	----	----	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ. ਕ. (ਪ੍ਰੋ: ਕਰਤਾਰ ਸਿੰਘ)	ਮਾਘ ਸੁਦੀ ੧੩, ੧੬੮੬	੧੯ ਮਾਘ	16 ਜਨਵਰੀ 1630	ਸ਼ਨੀ	----	
ਭਾਈ ਕਾਨ੍ਹ ਸਿੰਘ ਨਾਭਾ	ਮਾਘ ਸੁਦੀ ੧੩, ੧੬੮੬	੨੦ ਮਾਘ	26 ਫ਼ਰਵਰੀ 1630	----	----	
ਸ. ਕਰਮ ਸਿੰਘ ਹਿਸਟੋਰੀਅਨ	ਮਾਘ ਸੁਦੀ ੧੩, ੧੬੮੬	੨ ਫ਼ੱਗਣ	28 ਜਨਵਰੀ 1630	ਸ਼ਨੀ	ਪੁਨਰਵਸ	
ਗਿ. ਸੋਹਨ ਸਿੰਘ ਸੀਤਲ	ਮਾਘ ਸੁਦੀ ੧੩, ੧੬੮੬	੨੦ ਮਾਘ	26 ਜਨਵਰੀ 1630	ਸ਼ਨੀ	----	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਮਾਘ ਸੁਦੀ ੧੩, ੧੬੮੬	੧੯ ਮਾਘ	16 ਜਨਵਰੀ 1630	ਸ਼ਨੀ	----	
ਪ੍ਰੋ. ਸਾਹਿਬ ਸਿੰਘ	ਮਾਘ ਸੁਦੀ ੧੩, ੧੬੮੬	੧੯ ਮਾਘ	16 ਜਨਵਰੀ 1630	ਸ਼ਨੀ	---	
ਡਾ: ਹਰੀ ਰਾਮ ਗੁਪਤਾ	----	----	30 ਜਨਵਰੀ 1630	----	---	
ਪ੍ਰਿੰ. ਸਤਬੀਰ ਸਿੰਘ	----	----	30 ਜਨਵਰੀ 1630	----	---	

ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਗੱਦੀ ਪੁਰਬ

ਗੁਰੂ ਹਰਗੋਬਿੰਦ ਸਾਹਿਬ ਜੀ ਕੀਰਤਪੁਰ ਵਿਖੇ (ਅਧਿਕ) ਚੇਤ ਸੁਦੀ ੫, ੧੭੦੧; ੬ ਚੇਤ ਸੰਮਤ ੧੭੦੦, ਦਿਨ ਐਤਵਾਰ, ਨਛੱਤਰ ਕ੍ਰਿਤਿਕਾ, ਨਾਨਕਸ਼ਾਹੀ ਸੰਮਤ 176; 3 ਮਾਰਚ 1644 ਜੂਲੀਅਨ ਨੂੰ ਕੀਰਤਪੁਰ ਵਿਖੇ ਜੋਤੀ ਜੋਤ ਸਮਾਏ। ਇਸ ਤੋਂ 5 ਦਿਨ ਪਹਿਲਾਂ ਉਨ੍ਹਾਂ ਗੁਰੂ ਹਰਿਰਾਇ ਸਾਹਿਬ ਜੀ ਨੂੰ ***੧ ਚੇਤ ੧੭੦੦, ਚੇਤ ਵਦੀ ੧੫; ਦਿਨ ਮੰਗਲਵਾਰ, ਪੂਰਵਾ ਭਾਦਰਾਪਦ ਨਛੱਤਰ; 27 ਫ਼ਰਵਰੀ 1644 ਜੂਲੀਅਨ ਨੂੰ*** ਗੁਰਿਆਈ ਸੌਂਪ ਦਿੱਤੀ। ਚੰਦਰ ਤਿਥਾਂ ਤਿਆਗ ਦੇਣ ਦੇ ਫੈਸਲੇ ਅਨੁਸਾਰ ਕੈਲੰਡਰ ਕਮੇਟੀ ਨੇ ***੧ ਚੇਤ*** ਦੀ ਚੋਣ ਕੀਤੀ। ***੧ ਚੇਤ*** ਨਾਨਕਸ਼ਾਹੀ ਕੈਲੰਡਰ ਵਿੱਚ ਹਮੇਸ਼ਾਂ ਲਈ 14 ਮਾਰਚ ਹੀ ਆਵੇਗੀ ਜਦੋਂ ਕਿ ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੧ ਚੇਤ*** ਵੀ ਅਪਨਾਈ ਜਾਵੇ ਤਾਂ ਇਹ ਸੰਨ 1644 ਵਿੱਚ 27 ਫ਼ਰਵਰੀ, ਅੱਜ ਕੱਲ੍ਹ 14 ਮਾਰਚ ਅਤੇ ਸੰਨ 3000 ਸੀਈ ਵਿੱਚ ਇਹ 28 ਮਾਰਚ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁੱਕਵਾਂ ਹੈ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2	----	----	----	---	**੧ ਚੇਤ ੧੭੦੦ = ਚੇਤ ਵਦੀ ੧੫, ਦਿਨ ਮੰਗਲਵਾਰ, ਪੂਰਵਾ ਭਾਦਰਾਪਦ ਨਛੱਤਰ, 27 ਫ਼ਰਵਰੀ 1644, ਇਸ ਤਾਰੀਖ਼ ਨੂੰ ਸਹੀ ਮੰਨਿਆ ਗਿਆ ਕਿਉਂਕਿ ਇਸ ਦਾ ਦਿਨ ਅਤੇ ਤਾਰੀਖ਼ ਦਿੱਤੇ ਹੋਏ ਪ੍ਰਵਿਸ਼ਟੇ ਨਾਲ ਮੇਲ ਖਾ ਗਏ ਹਨ।** **ਚੇਤ ਸੁਦੀ ੧੩, ੧੬੯੫** = ੨੦ ਚੇਤ, ਦਿਨ ਸ਼ਨੀਵਾਰ, 17 ਮਾਰਚ 1638, ਨਛੱਤਰ ਮਘਾ, ਜੂਲੀਅਨ ਦੀਆਂ ਤਾਰੀਖ਼ਾਂ ਦਾ ਫ਼ਰਕ ਹੋਣ ਕਰਕੇ ਇਹ ਤਾਰੀਖ਼ਾਂ ਗਲਤ ਸਾਬਤ ਹੁੰਦੀਆਂ ਹਨ। **ਚੇਤ ਸੁਦੀ ੧੦, ੧੭੦੧** = ੧੦ ਵੈਸਾਖ, ਦਿਨ ਸ਼ਨੀਵਾਰ; ਮਘਾ ਨਛੱਤਰ; 6 ਅਪ੍ਰੈਲ 1644. ਇਨ੍ਹਾਂ ਤਾਰੀਖ਼ਾਂ ਵਿੱਚ ਤਕਰੀਬਨ 1 ਮਹੀਨੇ ਦਾ ਅੰਤਰ ਹੋਣ ਕਰਕੇ ਇਹ ਮੰਨਣਯੋਗ ਨਹੀਂ ਹੈ। ਦੂਸਰਾ ਨੁਕਤਾ ਇਹ ਹੈ ਕਿ **ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦਾ ਪ੍ਰਵਿਸ਼ਟਾ ੬ ਚੇਤ ਮੰਨਿਆ ਗਿਆ ਹੈ ਤਾਂ ਗੁਰੂ ਹਰਿਰਾਇ ਸਾਹਿਬ ਜੀ ਦੀ ਗੁਰਗੱਦੀ ਨਸ਼ੀਨੀ ਉਸ ਤੋਂ ਪਹਿਲਾਂ ਭਾਵ ੧ ਚੇਤ ਹੀ ਸਭ ਤੋਂ ਵੱਧ ਮੰਨਣਯੋਗ ਹੈ ਉਸ ਤੋਂ ਬਾਅਦ ਵਾਲੀਆਂ ੧੧/੧੨ ਚੇਤ ਜਾਂ ੧੦ ਵੈਸਾਖ ਬਿਲਕੁਲ ਮੰਨਣਯੋਗ ਨਹੀਂ ਹੋ ਸਕਦੀਆਂ। ਇਸ ਲਈ ਕੈਲੰਡਰ ਕਮੇਟੀ ਨੇ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਗੱਦੀ ਪੁਰਬ ੧ ਚੇਤ ਨਿਸਚਿਤ ਕੀਤਾ ਹੈ।**
ਗੁਰ ਪ੍ਰਣਾਲੀ 3	----	----	----	---	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	----	੧ ਚੇਤ ੧੭੦੦	27 ਫ਼ਰਵਰੀ 1644	ਮੰਗਲਵਾਰ	
ਗੁਰਬਾਣੀ ਪਾਠ ਦਰਸ਼ਨ	ਚੇਤ ਸੁਦੀ ੧੩, ੧੬੯੫	---	22 ਮਾਰਚ 1638	---	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	----	---	3 ਮਾਰਚ 1644	---	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਚੇਤ ਸੁਦੀ ੧੦, ੧੭੦੧	----	8 ਮਾਰਚ 1644	---	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ. ਕ.(ਪ੍ਰੋ:ਕਰਤਾਰ ਸਿੰਘ)	ਚੇਤ ਸੁਦੀ ੧੦, ੧੭੦੧	੧੧ ਚੇਤ	8 ਮਾਰਚ 1644	ਸ਼ੁੱਕਰਵਾਰ	
ਭਾਈ ਕਾਨ੍ਹ ਸਿੰਘ ਨਾਭਾ	ਚੇਤ ਸੁਦੀ ੧੦, ੧੭੦੧	੧੨ ਚੇਤ	8 ਮਾਰਚ 1644	--	
ਸ. ਕਰਮ ਸਿੰਘ ਹਿਸਟੋਰੀਅਨ	ਚੇਤ ਸੁਦੀ ੧੦, ੧੭੦੧	੧੨ ਚੇਤ	8 ਮਾਰਚ 1644	ਸ਼ੁੱਕਰਵਾਰ	
ਗਿ. ਸੋਹਨ ਸਿੰਘ ਸੀਤਲ	----	----	----	---	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਚੇਤ ਸੁਦੀ ੧੦, ੧੭੦੧	੧੧ ਚੇਤ	8 ਮਾਰਚ 1644	ਸ਼ੁੱਕਰਵਾਰ	
ਪ੍ਰੋ. ਸਾਹਿਬ ਸਿੰਘ	----	---	---	---	
ਡਾ: ਹਰੀ ਰਾਮ ਗੁਪਤਾ	-----	---	---	---	
ਪ੍ਰਿੰ. ਸਤਬੀਰ ਸਿੰਘ	-----	---	---	---	

ਗੁਰੂ ਹਰਿਰਾਇ ਸਾਹਿਬ ਜੀ ਦਾ ਜੋਤੀ ਜੋਤ ਪੁਰਬ

ਗੁਰੂ ਹਰਿਰਾਇ ਸਾਹਿਬ ਜੀ ਕੀਰਤਪੁਰ ਵਿਖੇ ***ਕੱਤਕ ਵਦੀ ੯, ੧੭੧੮; ੬ ਕੱਤਕ; ਐਤਵਾਰ, ਨਛੱਤਰ ਪੁਖ; ਨਾ:ਸ਼ਾ: ਸੰਮਤ ੧੯੩; 6 ਅਕਤੂਬਰ 1661 ਜੂਲੀਅਨ*** ਨੂੰ ਜੋਤੀ ਜੋਤ ਸਮਾਏ । ਚੰਦਰ ਤਿਥਾਂ ਦਾ ਤਿਆਗ ਕਰਨ ਦੇ ਫੈਸਲੇ ਅਨੁਸਾਰ ਕੈਲੰਡਰ ਕਮੇਟੀ ਨੇ ***੬ ਕੱਤਕ*** ਦੀ ਚੋਣ ਕੀਤੀ। ਨਾਨਕਸ਼ਾਹੀ ਕੈਲੰਡਰ ਵਿੱਚ ***੬ ਕੱਤਕ*** ਹਮੇਸ਼ਾਂ ਲਈ 20 ਅਕਤੂਬਰ ਨੂੰ ਹੀ ਆਵੇਗੀ ਜਦੋਂ ਕਿ ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੬ ਕੱਤਕ*** ਵੀ ਅਪਣਾਈ ਜਾਵੇ ਤਾਂ ਇਹ ਸੰਨ 1661 ਵਿੱਚ 6 ਅਕਤੂਬਰ, ਅੱਜ-ਕੱਲ੍ਹ 22 ਅਕਤੂਬਰ ਅਤੇ ਸੰਨ 3000 ਸੀਈ ਵਿੱਚ ਇਹ 5 ਨਵੰਬਰ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁੱਕਵਾਂ ਹੈ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2	ਕੱਤਕ ਵਦੀ ੯, ੧੭੧੮	-----	----	ਐਤਵਾਰ	ਗੁਰੂ ਹਰਿਰਾਇ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਿੱਥ ਕੱਤਕ ਵਦੀ ੯, ੧੭੧੮ ਨਾਲ ਸ਼ੁੱਧ ਗੁਰਪ੍ਰਣਾਲੀ ਨੂੰ ਛੱਡ ਕੇ ਬਾਕੀ ਦੇ ਸਾਰੇ ਹੀ ਨਵੀਨ ਅਤੇ ਪੁਰਾਤਨ ਲਿਖਾਰੀ ਸਹਿਮਤ ਹਨ ਪਰ ਇਸ ਤਿੱਥ ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕਰਕੇ ਲਿਖੀਆਂ ਤਾਰੀਖ਼ਾਂ ਅਤੇ ਦਿਨਾਂ ਵਿੱਚ ਅੰਤਰ ਹੈ। ਸੋ ਆਉ ਕੱਤਕ ਵਦੀ ੯, ੧੭੧੮ ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕਰ ਕੇ ਸਹੀ ਗਲਤ ਦੀ ਪੜਤਾਲ ਕਰੀਏ। ***ਕੱਤਕ ਵਦੀ ੯, ੧੭੧੮ = ੬ ਕੱਤਕ, ਦਿਨ ਐਤਵਾਰ, ਨਛੱਤਰ ਪੁਸ਼ਯ; 6 ਅਕਤੂਬਰ 1661 ਬਣਦਾ ਹੈ।*** ਇਸ ਲਈ ਭਾਵੇਂ ਕਿਸੇ ਵੀ ਵਿਦਵਾਨ ਨੇ ੬ ਕੱਤਕ ਦੀ ਤਾਰੀਖ਼ ਨਹੀਂ ਲਿਖੀ; ਕਿਸੇ ਨੇ ੫ ਅਤੇ ਕਿਸੇ ਨੇ ੭ ਕੱਤਕ ਲਿਖੀ ਹੈ ਪਰ ਕੈਲੰਡਰ ਵਿਗਿਆਨ ਅਨੁਸਾਰ **੬** ਕੱਤਕ ਹੀ ਸਹੀ ਮੰਨ ਕੇ ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀਆਂ ਤਿੱਥ ਤਾਰੀਖ਼ਾਂ ਇਸ ਤਰ੍ਹਾਂ ਲਿਖੀਆਂ ਜਾਣਗੀਆਂ ***ਕੱਤਕ ਵਦੀ ੯, ਸੰਮਤ ੧੭੧੮, ੬ ਕੱਤਕ, ਦਿਨ ਐਤਵਾਰ, ਨਛੱਤਰ ਪੁਸ਼ਯ; 6 ਅਕਤੂਬਰ 1661 ਜੂਲੀਅਨ।*** ਜੋਤੀ ਜੋਤ ਗੁਰਪੁਰਬ ਲਈ ***੬ ਕੱਤਕ*** ਦੀ ਚੋਣ ਕੀਤੀ ਗਈ ਜੋ ਹਰ ਸਾਲ ਨਾਨਕਸ਼ਾਹੀ ਕੈਲੰਡਰ ਵਿੱਚ 20 ਅਕਤੂਬਰ ਆਉਂਦੀ ਹੈ।
ਗੁਰ ਪ੍ਰਣਾਲੀ 3	ਕੱਤਕ ਵਦੀ ੯, ੧੭੧੮	-----	----	ਐਤਵਾਰ	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਸਾਵਣ ਵਦੀ ੯, ੧੭੧੮	੧੦ ਸਾਵਣ	10 ਜੁਲਾਈ 1661	ਬੁੱਧਵਾਰ	
ਗੁਰਬਾਣੀ ਪਾਠ ਦਰਸ਼ਨ	ਕੱਤਕ ਵਦੀ ੯, ੧੭੧੮	--	8 ਨਵੰਬਰ 1661	---	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	ਕੱਤਕ ਵਦੀ ੯, ੧੭੧੮	੫ ਕੱਤਕ	6 ਅਕਤੂਬਰ 1661	---	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਕੱਤਕ ਵਦੀ ੯, ੧੭੧੮	----	6 ਅਕਤੂਬਰ 1661	---	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ. ਕ.(ਪ੍ਰੋ:ਕਰਤਾਰ ਸਿੰਘ)	ਕੱਤਕ ਵਦੀ ੯, ੧੭੧੮	੫ ਕੱਤਕ	6 ਅਕਤੂਬਰ 1661	ਐਤਵਾਰ	
ਭਾਈ ਕਾਨ੍ਹ ਸਿੰਘ ਨਾਭਾ	ਕੱਤਕ ਵਦੀ ੯, ੧੭੧੮	੭ ਕੱਤਕ	6 ਅਕਤੂਬਰ 1661	---	
ਸ. ਕਰਮ ਸਿੰਘ ਹਿਸਟੋਰੀਅਨ	ਕੱਤਕ ਵਦੀ ੯, ੧੭੧੮	੭ ਕੱਤਕ	6 ਅਕਤੂਬਰ 1661	ਐਤਵਾਰ	
ਗਿ. ਸੋਹਨ ਸਿੰਘ ਸੀਤਲ	ਕੱਤਕ ਵਦੀ ੯, ੧੭੧੮	੭ ਕੱਤਕ	6 ਅਕਤੂਬਰ 1661	ਐਤਵਾਰ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਕੱਤਕ ਵਦੀ ੯, ੧੭੧੮	੫ ਕੱਤਕ	6 ਅਕਤੂਬਰ 1661	ਐਤਵਾਰ	
ਪ੍ਰੋ. ਸਾਹਿਬ ਸਿੰਘ	ਕੱਤਕ ਵਦੀ ੯, ੧੭੧੮	੫ ਕੱਤਕ	6 ਅਕਤੂਬਰ 1661	ਐਤਵਾਰ	
ਡਾ: ਹਰੀ ਰਾਮ ਗੁਪਤਾ	----	----	6 ਅਕਤੂਬਰ 1661	---	
ਪ੍ਰਿੰ. ਸਤਬੀਰ ਸਿੰਘ	----	----	6 ਅਕਤੂਬਰ 1661	---	

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ***ਸਾਵਣ ਵਦੀ ੧੦, ੧੭੧੩ = ੮ ਸਾਵਣ; ਸੋਮਵਾਰ ਦਿਨ, ਕ੍ਰਿਤਿਕਾ ਨਛੱਤਰ; ਨਾਨਕਸ਼ਾਹੀ ਸੰਮਤ ੧੮੮; 7 ਜੁਲਾਈ 1656 ਜੂਲੀਅਨ*** ਨੂੰ ਗੁਰੂ ਹਰਿਰਾਇ ਸਾਹਿਬ ਜੀ-ਮਾਤਾ ਕ੍ਰਿਸ਼ਨ ਕੌਰ ਜੀ ਦੇ ਘਰ ਸ਼ੀਸ਼ ਮਹਿਲ ਕੀਰਤਪੁਰ ਸਾਹਿਬ ਵਿਖੇ ਹੋਇਆ। ਜਿਸ ਦੀ ਤਸਦੀਕ ਹੇਠ ਲਿਖੀ ਸਾਰਣੀ ਵਿੱਚ ਦਿੱਤੇ ਵੱਖ ਵੱਖ ਇਤਿਹਾਸਕ ਸੋਮਿਆਂ ਦੇ ਹਵਾਲਿਆਂ ਤੋਂ ਕੀਤੀ ਜਾ ਸਕਦੀ ਹੈ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਗੁਰਪੁਰਬ ਲਈ ਪ੍ਰਵਿਸ਼ਟਾ ***੮ ਸਾਵਣ*** ਦੀ ਚੋਣ ਕੀਤੀ ਜੋ ਨਾਨਕਸ਼ਾਹੀ ਕੈਲੰਡਰ ਅਨੁਸਾਰ ਹਰ ਸਾਲ 23 ਜੁਲਾਈ ਨੂੰ ਆਉਂਦਾ ਹੈ ਜਦੋਂ ਕਿ ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੮ ਸਾਵਣ*** ਵੀ ਅਪਣਾਈ ਜਾਵੇ ਤਾਂ ਇਹ ਸੰਨ 1656 ਵਿੱਚ 7 ਜੁਲਾਈ, ਅੱਜ ਕੱਲ੍ਹ 23 ਜੁਲਾਈ ਅਤੇ ਸੰਨ 3000 ਸੀਈ ਵਿੱਚ ਇਹ 6 ਅਗਸਤ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁੱਕਵਾਂ ਹੈ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਨਛੱਤਰ	ਟਿੱਪਣੀ
ਗੁਰ ਪ੍ਰਣਾਲੀ 2	ਵਦੀ ੩, ੧੭੧੩	੯ ਸਾਵਣ	----	ਬੁੱਧਵਾਰ	ਪੁਨਰਵਸ	***੯ ਸਾਵਣ, ਸੰਮਤ ੧੭੧੩*** ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕੀਤਿਆਂ = ਸਾਵਣ ਵਦੀ ੧੧, ਦਿਨ ਮੰਗਲਵਾਰ, ਨਛੱਤਰ ਰੋਹਿਣੀ; 8 ਜੁਲਾਈ 1656 ਜੂਲੀਅਨ। ਕਿਉਂਕਿ ਪ੍ਰਵਿਸ਼ਟਾ ੯ ਸਾਵਣ ਲਿਖਣ ਵਾਲੇ ਕਿਸੇ ਵੀ ਵਿਦਵਾਨ ਦੀਆਂ ਤਿੱਥਾਂ ਤਾਰੀਖ਼ਾਂ ਇਸ ਪ੍ਰਵਿਸ਼ਟੇ ਨਾਲ ਮੇਲ ਨਹੀਂ ਖਾਂਦੀਆਂ; ਇਸ ਕਾਰਨ ਸਾਰੇ ਹੀ ਗਲਤ ਸਮਝੇ ਜਾਣਗੇ। ***ਸਾਵਣ ਵਦੀ ੯, ੧੭੧੩*** = ੭ ਸਾਵਣ, ਦਿਨ ਐਤਵਾਰ, ਨਛੱਤਰ ਭਰਨੀ; 6 ਜੁਲਾਈ 1656 ਜੂਲੀਅਨ ਹੈ। ਇਸ ਲਈ ਗੁਰਬਾਣੀ ਪਾਠ ਦਰਸ਼ਨ ਦੇ ਲੇਖਕ ਦੀਆਂ ਤਿੱਥਾਂ ਤਾਰੀਖ਼ਾਂ ਵੀ ਕੈਲੰਡਰ ਵਿਗਿਆਨ ਦੀ ਕਸਵੱਟੀ 'ਤੇ ਪੂਰੀਆਂ ਨਾ ਉੱਤਰਨ ਕਰਕੇ ਗਲਤ ਸਾਬਤ ਹੁੰਦੀਆਂ ਹਨ। ***ਸਾਵਣ ਵਦੀ ੧੦, ੧੭੧੩ = ੮ ਸਾਵਣ; ਸੋਮਵਾਰ ਦਿਨ, ਕ੍ਰਿਤਿਕਾ ਨਛੱਤਰ; ਨਾ:ਸ਼ਾ: ੧੮੮; 7 ਜੁਲਾਈ 1656 ਜੂਲੀਅਨ ਬਣਦਾ ਹੈ।*** ਸ਼੍ਰੋਮਣੀ ਕਮੇਟੀ ਸਮੇਤ ਸਾਰੇ ਨਵੀਨ ਵਿਦਵਾਨਾਂ ਦੀਆਂ ਤਿੱਥਾਂ ਤਾਰੀਖ਼ਾਂ ਦਿਨ ਅਤੇ ਨਛੱਤਰ ਸਭ ਕੁਝ ਮਿਲਦਾ ਹੈ ਅਤੇ ਕੈਲੰਡਰ ਵਿਗਿਆਨ 'ਤੇ ਵੀ ਪੂਰੀਆਂ ਉੱਤਰਦੀਆਂ ਹਨ। ਇਸ ਲਈ ਇਨ੍ਹਾਂ ਨੂੰ ਸਹੀ ਮੰਨ ਕੇ ਗੁਰਪੁਰਬ ਲਈ ਪ੍ਰਵਿਸ਼ਟਾ ੮ ਸਾਵਣ ਦੀ ਚੋਣ ਕੀਤੀ ਗਈ ਹੈ ਜੋ ਨਾਨਕਸ਼ਾਹੀ ਕੈਲੰਡਰ ਵਿੱਚ 23 ਜੁਲਾਈ ਆਉਂਦੀ ਹੈ ਅਤੇ ਅੱਗੇ ਤੋਂ ਵੀ ਹਮੇਸ਼ਾਂ ਅਉਂਦਾ ਰਹੇਗਾ।
ਗੁਰ ਪ੍ਰਣਾਲੀ 3	ਵਦੀ ੧੭੧੩	੯ ਸਾਵਣ	----	ਬੁੱਧਵਾਰ	ਪੁਨਰਵਸ	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਸਾਵਣ ਵਦੀ ੧੨, ੧੭੧੩	੯ ਸਾਵਣ	8 ਜੁਲਾਈ 1656	ਮੰਗਲ ਵਾਰ	---	
ਗੁਰਬਾਣੀ ਪਾਠ ਦਰਸ਼ਨ	ਸਾਵਣ ਵਦੀ ੯, ੧੭੧੩	-----	14 ਜੁਲਾਈ 1656	ਵੀਰ ਵਾਰ	---	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਸਾਵਣ ਵਦੀ ੧੦, ੧੭੧੩	----	7 ਜੁਲਾਈ 1656	----	---	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ. ਕ. (ਪ੍ਰੋ: ਕਰਤਾਰ ਸਿੰਘ)	ਸਾਵਣ ਵਦੀ ੧੦, ੧੭੧੩	੮ ਸਾਵਣ	7 ਜੁਲਾਈ 1656	----	---	
ਭਾਈ ਕਾਨ੍ਹ ਸਿੰਘ ਨਾਭਾ	ਸਾਵਣ ਵਦੀ ੧੦, ੧੭੧੩	੮ ਸਾਵਣ	7 ਜੁਲਾਈ 1656	ਸੋਮਵਾਰ	---	
ਸ. ਕਰਮ ਸਿੰਘ ਹਿਸਟੋਰੀਅਨ	ਸਾਵਣ ਵਦੀ ੧੦, ੧੭੧੩	੮ ਸਾਵਣ	7 ਜੁਲਾਈ 1656	ਸੋਮਵਾਰ	ਕ੍ਰਿਤਿਕਾ	
ਗਿ. ਸੋਹਨ ਸਿੰਘ ਸੀਤਲ	ਸਾਵਣ ਵਦੀ ੧੦, ੧੭੧੩	੮ ਸਾਵਣ	7 ਜੁਲਾਈ 1656	ਸੋਮਵਾਰ	ਕ੍ਰਿਤਿਕਾ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਸਾਵਣ ਵਦੀ ੧੦, ੧੭੧੩	੮ ਸਾਵਣ	7 ਜੁਲਾਈ 1656	---	----	
ਪ੍ਰੋ. ਸਾਹਿਬ ਸਿੰਘ	ਸਾਵਣ ਵਦੀ ੧੦, ੧੭੧੩	੮ ਸਾਵਣ	7 ਜੁਲਾਈ 1656	ਸੋਮਵਾਰ	---	
ਡਾ: ਹਰੀ ਰਾਮ ਗੁਪਤਾ	----	----	7 ਜੁਲਾਈ 1656	---	---	
ਪ੍ਰਿੰ. ਸਤਬੀਰ ਸਿੰਘ	----	----	7 ਜੁਲਾਈ 1656	---	---	

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਗੁਰਗੱਦੀ ਪੁਰਬ

ਗੁਰੂ ਹਰਿਰਾਇ ਸਾਹਿਬ ਜੀ ਕੀਰਤਪੁਰ ਵਿਖੇ ***ਕੱਤਕ ਵਦੀ ੯, ੧੭੧੮ ਕੱਤਕ; ਦਿਨ ਐਤਵਾਰ, ਪੁਸ਼ਯ ਨਛੱਤਰ; ਨਾਨਕਸ਼ਾਹੀ ਸੰਮਤ ੧੯੩; 6 ਅਕਤੂਬਰ 1661 ਜੂਲੀਅਨ*** ਨੂੰ ਕੀਰਤਪੁਰ ਵਿਖੇ ਜੋਤੀ-ਜੋਤ ਸਮਾਏ। ਇਸ ਤੋਂ ਪਹਿਲਾਂ ਉਸੇ ਦਿਨ ਉਨ੍ਹਾਂ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਿਆਈ ਸੌਂਪ ਦਿੱਤੀ। ਚੰਦਰ ਤਿਥਾਂ ਤਿਆਗ ਦੇਣ ਦੇ ਫੈਸਲੇ ਅਨੁਸਾਰ ਕੈਲੰਡਰ ਕਮੇਟੀ ਨੇ ***੬ ਕੱਤਕ*** ਦੀ ਚੋਣ ਕੀਤੀ। ***੬ ਕੱਤਕ*** ਨਾਨਕਸ਼ਾਹੀ ਕੈਲੰਡਰ ਵਿੱਚ ਹਮੇਸ਼ਾਂ ਲਈ 20 ਅਕਤੂਬਰ ਹੀ ਆਵੇਗੀ ਜਦੋਂ ਕਿ ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੬ ਕੱਤਕ*** ਵੀ ਅਪਣਾਈ ਜਾਵੇ ਤਾਂ ਇਹ ਸੰਨ 1661 ਵਿੱਚ 6 ਅਕਤੂਬਰ, ਅੱਜ ਕੱਲ੍ਹ 22 ਅਕਤੂਬਰ ਅਤੇ ਸੰਨ 3000 ਸੀਈ ਵਿੱਚ ਇਹ 5 ਨਵੰਬਰ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁੱਕਵਾਂ ਹੈ?

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2	----	----	----	---	**ਗੁਰੂ ਹਰਿਰਾਇ ਸਾਹਿਬ ਜੀ ਕੀਰਤਪੁਰ ਵਿਖੇ ਕੱਤਕ ਵਦੀ ੯, ੧੭੧੮; ੬ ਕੱਤਕ; ਦਿਨ ਐਤਵਾਰ, ਪੁਸ਼ਯ ਨਛੱਤਰ; ਨਾ:ਸ਼ਾ: ੧੯੩; 6 ਅਕਤੂਬਰ 1661 ਜੂਲੀਅਨ।** ਨੂੰ ਜੋਤੀ ਜੋਤ ਸਮਾਏ ਇਸ ਲਈ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਗੱਦੀ ਨਸ਼ੀਨੀ ਦੀ ਤਿੱਥ ਕੱਤਕ ਵਦੀ ੧੦ ਲਿਖਣ ਵਾਲਿਆਂ ਦੀਆਂ ਤਾਰੀਖ਼ਾਂ ਸਹੀ ਨਹੀਂ ਮੰਨੀਆਂ ਜਾ ਸਕਦੀਆਂ ਕਿਉਂਕਿ ਇਹ ਨਹੀਂ ਹੋ ਸਕਦਾ ਕਿ ਗੁਰੂ ਹਰਿਰਾਇ ਸਾਹਿਬ ਜੀ ਗੁਰਗੱਦੀ ਦੀ ਜੋਤ ਅਗਲੇ ਸਰੀਰ ਵਿੱਚ ਟਿਕਾਉਣ ਤੋਂ ਪਹਿਲਾਂ ਹੀ ਜੋਤੀ ਜੋਤ ਸਮਾ ਗਏ ਹੋਣ ਖ਼ਾਸ ਕਰਕੇ ਉਸ ਸਮੇਂ ਜਦੋਂ ਰਾਮਰਾਇ ਗੱਦੀ ਦਾ ਵੱਡਾ ਦਾਅਵੇਦਾਰ ਮੌਜੂਦ ਹੋਵੇ। ਇਸ ਅਵਸਥਾ ਵਿੱਚ **ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਗੁਰਗੱਦੀ ਗੁਰਪੁਰਬ ਕੱਤਕ ਵਦੀ ੯, ੧੭੧੮; ੬ ਕੱਤਕ; ਦਿਨ ਐਤਵਾਰ, ਪੁਸ਼ਯ ਨਛੱਤਰ; ਨਾ: ਸ਼ਾ: ੧੯੩; 6 ਅਕਤੂਬਰ 1661 ਜੂਲੀਅਨ ਹੀ ਮੰਨਣ ਯੋਗ ਹੈ।**
ਗੁਰ ਪ੍ਰਣਾਲੀ 3	----੧੭੧੮	੧੦ ਅੱਸੂ	----	---	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ.ਕਮੇਟੀ	ਅੱਸੂ ਸੁਦੀ ੧੦, ੧੭੧੭	੩ ਕੱਤਕ	3 ਅਕਤੂਬਰ 1660	ਬੁੱਧਵਾਰ	
ਗੁਰਬਾਣੀ ਪਾਠ ਦਰਸ਼ਨ	ਕੱਤਕ ਵਦੀ ੯, ੧੭੧੮	----	8 ਨਵੰਬਰ 1661	----	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	----	----	---- 1661	----	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਕੱਤਕ ਵਦੀ ੧੦, ੧੭੧੮	----	7 ਅਕਤੂਬਰ 1661	----	
ਸਿੱਖ ਇਤਿਹਾਸ ਸ਼੍ਰੋ. ਗੁ.ਪ੍ਰ.ਕ. (ਪ੍ਰੋ: ਕਰਤਾਰ ਸਿੰਘ)	ਕੱਤਕ ਵਦੀ ੧੦, ੧੭੧੮	੬ ਕੱਤਕ	7 ਅਕਤੂਬਰ 1661	ਸੋਮਵਾਰ	
ਭਾਈ ਕਾਨ੍ਹ ਸਿੰਘ ਨਾਭਾ	----੧੭੧੮	੮ ਕੱਤਕ	7 ਅਕਤੂਬਰ 1661	----	
ਸ. ਕਰਮ ਸਿੰਘ ਹਿਸਟੋਰੀਅਨ	ਕੱਤਕ ਵਦੀ ੧੦, ੧੭੧੮	੮ ਕੱਤਕ	7 ਅਕਤੂਬਰ 1661	ਸੋਮਵਾਰ	
ਗਿ. ਸੋਹਨ ਸਿੰਘ ਸੀਤਲ	ਕੱਤਕ ਵਦੀ ੧੦, ੧੭੧੮	੮ ਕੱਤਕ	7 ਅਕਤੂਬਰ 1661	ਸੋਮਵਾਰ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਕੱਤਕ ਵਦੀ ੧੦, ੧੭੧੮	੬ ਕੱਤਕ	7 ਅਕਤੂਬਰ 1661	ਸੋਮਵਾਰ	
ਪ੍ਰੋ. ਸਾਹਿਬ ਸਿੰਘ	----	---	---	----	
ਡਾ: ਹਰੀ ਰਾਮ ਗੁਪਤਾ	-----	---	-- 1661	----	
ਪ੍ਰਿੰ. ਸਤਬੀਰ ਸਿੰਘ	-----	---	---	----	

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜੋਤੀ ਜੋਤ ਪੁਰਬ

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ***ਚੇਤ ਸੁਦੀ 14, ੧੭੨੧: ੩ ਵੈਸਾਖ; ਦਿਨ ਬੁੱਧਵਾਰ, ਨਛੱਤਰ ਹਸਤ; ਨਾਨਕਸ਼ਾਹੀ ਸੰਮਤ ੧੯੬; 30 ਮਾਰਚ 1664 ਜੂਲੀਅਨ*** ਨੂੰ ਦਿੱਲੀ ਵਿਖੇ ਜੋਤੀ ਜੋਤ ਸਮਾਏ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਜੋਤੀ-ਜੋਤ ਸਮਾਉਣ ਦੇ ਪੁਰਬ ਲਈ ***੩ ਵੈਸਾਖ*** ਦੀ ਚੋਣ ਕੀਤੀ ਗਈ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 16 ਅਪ੍ਰੈਲ ਨੂੰ ਆਉਂਦਾ ਹੈ। ਚੰਦਰ ਤਿਥਾਂ ਤਿਆਗ ਦੇਣ ਦੇ ਫੈਸਲੇ ਅਨੁਸਾਰ ਕੈਲੰਡਰ ਕਮੇਟੀ ਨੇ ***੩ ਵੈਸਾਖ*** ਦੀ ਚੋਣ ਕੀਤੀ । ***੩ ਵੈਸਾਖ*** ਨਾਨਕਸ਼ਾਹੀ ਕੈਲੰਡਰ ਵਿੱਚ ਹਮੇਸ਼ਾਂ ਲਈ 16 ਅਪ੍ਰੈਲ ਹੀ ਆਵੇਗੀ ਜਦੋਂ ਕਿ ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੩ ਵੈਸਾਖ*** ਵੀ ਅਪਨਾਈ ਜਾਵੇ ਤਾਂ ਇਹ ਸੰਨ 1661 ਵਿੱਚ 30 ਮਾਰਚ, ਅੱਜ ਕੱਲ੍ਹ 15/16 ਅਪ੍ਰੈਲ ਅਤੇ ਸੰਨ 3000 ਸੀਈ ਵਿੱਚ ਇਹ 29 ਅਪ੍ਰੈਲ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁੱਕਵਾਂ ਹੈ?

ਇਤਿਹਾਸਕ ਸੋਮੇ	ਪ੍ਰਵਿਸ਼ਟਾ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2	ਚੇਤ ਸੁਦੀ ੧੪, ੧੭੨੧	----	----	ਬੁੱਧਵਾਰ	ਸਾਰੇ ਹੀ ਪੁਰਾਤਨ ਅਤੇ ਨਵੀਨ ਲਿਖਾਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਿਥੀ ***ਚੇਤ ਸੁਦੀ ੧੪ ਸੰਮਤ ੧੭੨੧*** ਨਾਲ ਸਹਿਮਤ ਅਤੇ ਇੱਕ ਮੱਤ ਹਨ ਪਰ ਜੂਲੀਅਨ ਦੀਆਂ ਤਾਰੀਖ਼ਾਂ ਸਬੰਧੀ ਥੋੜ੍ਹਾ ਮੱਤਭੇਦ ਹੈ। ਇਹ ਕੇਵਲ ਇਸ ਕਾਰਨ ਹੈ ਕਿ ਉਨ੍ਹਾਂ ਪਾਸ ਦੂਸਰੀਆਂ ਪੱਧਤੀਆਂ ਵਿੱਚ ਤਾਰੀਖ਼ਾਂ ਦੀ ਤਬਦੀਲੀ ਕਰਨ ਦਾ ਕੋਈ ਗਿਆਨ ਨਹੀਂ ਸੀ। 30 ਅਤੇ 31 ਮਾਰਚ ਦਾ ਫ਼ਰਕ ਤਾਂ ਕੇਵਲ ਉਸੇ ਤਰ੍ਹਾਂ ਦਾ ਹੈ ਜਿਵੇਂ 1699 ਦੀ ਵੈਸਾਖੀ ਦੀ ਤਾਰੀਖ਼ਾਂ ਕੁਝ ਵਿਦਵਾਨਾਂ ਨੇ ਸ੍ਵਾਮੀਕੰਨੂ ਪਿੱਲੇ ਦੀ ਜੰਤਰੀ ਵੇਖ ਕੇ 29 ਮਾਰਚ ਦੀ ਥਾਂ 30 ਮਾਰਚ ਲਿਖ ਦਿਤੀ ਸੀ। ਇਸੇ ਤਰ੍ਹਾਂ ਇੱਥੇ ***ਚੇਤ ਸੁਦੀ ੧੪, ੧੭੨੧ = ੩ ਵੈਸਾਖ; ਦਿਨ ਬੁੱਧਵਾਰ, ਨਛੱਤਰ ਹਸਤ; ਨਾਨਕਸ਼ਾਹੀ ਸੰਮਤ ੧੯੬; 30 ਮਾਰਚ 1664 ਬਣਦਾ ਹੈ।*** ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਦੇ ਪੁਰਬ ਲਈ ***੩ ਵੈਸਾਖ*** ਦੀ ਚੋਣ ਕੀਤੀ ਗਈ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 16 ਅਪ੍ਰੈਲ ਨੂੰ ਆਉਂਦਾ ਹੈ।
ਗੁਰ ਪ੍ਰਣਾਲੀ 3	ਚੇਤ ਸੁਦੀ ੧੪,	----	----	ਬੁੱਧਵਾਰ	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਚੇਤ ਸੁਦੀ ੧੪, ੧੭੨੧	੩ ਵੈਸਾਖ	31 ਮਾਰਚ 1664	ਬੁੱਧਵਾਰ	
ਗੁਰਬਾਣੀ ਪਾਠ ਦਰਸ਼ਨ	ਚੇਤ ਸੁਦੀ ੧੪, ੧੭੨੧	----	6 ਅਪ੍ਰੈਲ 1664	----	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	ਚੇਤ ਸੁਦੀ ੧੪, ੧੭੨੧	੩ ਵੈਸਾਖ	30 ਮਾਰਚ 1664	----	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਚੇਤ ਸੁਦੀ ੧੪, ੧੭੨੧	----	30 ਮਾਰਚ 1664	----	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ. ਕ.(ਪ੍ਰੋ:ਕਰਤਾਰ ਸਿੰਘ)	ਚੇਤ ਸੁਦੀ ੧੪, ੧੭੨੧	੩ ਵੈਸਾਖ	30 ਮਾਰਚ 1664	ਬੁੱਧਵਾਰ	
ਭਾਈ ਕਾਨ੍ਹ ਸਿੰਘ ਨਾਭਾ	ਚੇਤ ਸੁਦੀ ੧੪, ੧੭੨੧	੩ ਵੈਸਾਖ	30 ਮਾਰਚ 1664	----	
ਸ. ਕਰਮ ਸਿੰਘ ਹਿਸਟੋਰੀਅਨ	ਚੇਤ ਸੁਦੀ ੧੪, ੧੭੨੧	੩ ਵੈਸਾਖ	30 ਮਾਰਚ 1664	ਬੁੱਧਵਾਰ	
ਗਿ. ਸੋਹਨ ਸਿੰਘ ਸੀਤਲ	ਚੇਤ ਸੁਦੀ ੧੪, ੧੭੨੧	੩ ਵੈਸਾਖ	30 ਮਾਰਚ 1664	ਬੁੱਧਵਾਰ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਚੇਤ ਸੁਦੀ ੧੪, ੧੭੨੧	੩ ਵੈਸਾਖ	30 ਮਾਰਚ 1664	ਬੁੱਧਵਾਰ	
ਪ੍ਰੋ. ਸਾਹਿਬ ਸਿੰਘ	ਚੇਤ ਸੁਦੀ ੧੪, ੧੭੨੧	੩ ਵੈਸਾਖ	30 ਮਾਰਚ 1664	ਬੁੱਧਵਾਰ	
ਡਾ: ਹਰੀਰਾਮ ਗੁਪਤਾ	----	----	30 ਮਾਰਚ 1664	----	
ਪ੍ਰਿੰ. ਸਤਬੀਰ ਸਿੰਘ	----	----	30 ਮਾਰਚ 1664	----	

ਗੁਰੂ ਤੇ.ਗਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਪੁਰਬ

ਗੁਰੂ ਤੇ.ਗਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ***ਵੈਸਾਖ ਵਦੀ ੫, ੧੬੭੮, ੫ ਵੈਸਾਖ, ਦਿਨ ਐਤਵਾਰ, ਨਛੱਤਰ ਮੂਲ; ਨਾਨਕਸ਼ਾਹੀ ਸੰਮਤ ੧੫੩; 1 ਅਪ੍ਰੈਲ 1621 ਜੂਲੀਅਨ*** ਨੂੰ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਵਿਖੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ-ਮਾਤਾ ਨਾਨਕੀ ਜੀ ਦੇ ਘਰ ਹੋਇਆ। ਜਿਸ ਦੀ ਤਸਦੀਕ ਹੇਠ ਲਿਖੀ ਸਾਰਣੀ ਵਿੱਚ ਦਿੱਤੇ ਵੱਖ ਵੱਖ ਇਤਿਹਾਸਕ ਸੋਮਿਆਂ ਦੇ ਹਵਾਲਿਆਂ ਤੋਂ ਕੀਤੀ ਜਾ ਸਕਦੀ ਹੈ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਗੁਰਪੁਰਬ ਲਈ ਪ੍ਰਵਿਸ਼ਟਾ ***੫ ਵੈਸਾਖ*** ਦੀ ਚੋਣ ਕੀਤੀ ਗਈ ਜੋ ਨਾਨਕਸ਼ਾਹੀ ਕੈਲੰਡਰ ਅਨੁਸਾਰ ਹਰ ਸਾਲ 18 ਅਪ੍ਰੈਲ ਨੂੰ ਆਉਂਦਾ ਹੈ ਜਦੋਂ ਕਿ ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੫ ਵੈਸਾਖ*** ਵੀ ਅਪਣਾਈ ਜਾਵੇ ਤਾਂ ਇਹ ਸੰਨ 1621 ਵਿੱਚ 1 ਅਪ੍ਰੈਲ, ਅੱਜ ਕੱਲ੍ਹ 17/18 ਅਪ੍ਰੈਲ ਅਤੇ ਸੰਨ 3000 ਸੀਈ ਵਿੱਚ ਇਹ 1 ਮਈ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁਕਵਾਂ ਹੈ?

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ ਟਾ	ਜੂਲੀਅਨ	ਦਿਨ	ਨਛੱਤਰ	ਟਿੱਪਣੀ
ਗੁਰ ਪ੍ਰਣਾਲੀ 2	ਵਦੀ ...., ੧੬੭੮	੧੯ ਮੱਘਰ	----	ਸ਼ੁੱਕਰਵਾਰ	ਵਿਸ਼ਾਖਾ	***੧੯ ਮੱਘਰ ੧੬੭੮*** ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕੀਤਿਆਂ ਬਣਦਾ ਹੈ = ਮੱਘਰ ਸੁਦੀ ੧੪, ਦਿਨ ਐਤਵਾਰ, ਨਛੱਤਰ ਕ੍ਰਿਤਿਕਾ; 18 ਨਵੰਬਰ 1621. ਇਸ ਲਈ ***੧੯ ਮੱਘਰ*** ਲਿਖਣ ਵਾਲਿਆਂ ’ਚੋਂ ਕਿਸੇ ਦੀਆਂ ਵੀ ਤਿੱਥਾਂ ਤਾਰੀਖ਼ਾਂ ਅਸਲ ਨਾਲ ਮੇਲ ਨਾ ਖਾਣ ਕਰਕੇ ਗਲਤ ਹਨ।
ਗੁਰ ਪ੍ਰਣਾਲੀ 3	ਵਦੀ ...., ੧੬੭੮	੧੯ ਮੱਘਰ	----	ਸ਼ੁੱਕਰਵਾਰ	ਵਿਸ਼ਾਖਾ	
ਸ਼ੁੱਧ ਗੁਰਪ੍ਰਣਾਲੀ ਸ਼੍ਰੋ. ਗੁ.ਪ੍ਰ.ਕਮੇਟੀ	ਮੱਘਰ ਸੁਦੀ ੧੫, ੧੬੭੮	੧੯ ਮੱਘਰ	18 ਨਵੰਬਰ 1621	ਐਤਵਾਰ	----	
ਗੁਰਬਾਣੀ ਪਾਠ ਦਰਸ਼ਨ	ਵੈਸਾਖ ਵਦੀ ੫, ੧੬੭੮	----	12 ਅਪ੍ਰੈਲ 1621	ਮੰਗਲ ਵਾਰ	----	
ਸ਼੍ਰੋਮਣੀ ਕਮੇਟੀ ਵੈੱਬਸਾਈਟ	ਵੈਸਾਖ ਵਦੀ ੫, ੧੬੭੮	੫ ਵੈਸਾਖ	1 ਅਪ੍ਰੈਲ 1621	-----	----	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਵੈਸਾਖ ਵਦੀ ੫, ੧੬੭੮	----	1 ਅਪ੍ਰੈਲ 1621	-----	----	***ਵੈਸਾਖ ਵਦੀ*** ੫, ੧੬੭੮ ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕੀਤਿਆਂ ਬਣਦਾ ਹੈ = ***੫ ਵੈਸਾਖ, ਦਿਨ ਐਤਵਾਰ, ਨਛੱਤਰ ਮੂਲ; ਨਾ:ਸ਼ਾ: ੧੫੩; 1 ਅਪ੍ਰੈਲ 1621.*** ਵੈਸਾਖ ਸੁਦੀ ੫, ੧੬੭੮ ਲਿਖਣ ਵਾਲਿਆਂ ’ਚ ਗੁਰਬਾਣੀ ਪਾਠ ਦਰਸ਼ਨ ਦੇ ਲਿਖਾਰੀ ਨੂੰ ਛੱਡ ਕੇ ਬਾਕੀ ਸਾਰਿਆਂ ਦੀਆਂ ਸਾਰੀਆਂ ਪੱਧਤੀਆਂ ਦੇ ਪ੍ਰਵਿਸ਼ਟੇ, ਦਿਨ ਨਛੱਤਰ, ਮੇਲ ਖਾਂਦੇ ਹਨ ਇਸ ਲਈ ਇਨ੍ਹਾਂ ਵਿੱਚੋ ਕੈਲੰਡਰ ਕਮੇਟੀ ਦੇ ਫੈਸਲੇ ਚੰਦਰ ਤਿਥੀਆਂ ਦਾ ਤਿਆਗ ਕਰਕੇ ਪ੍ਰਵਿਸ਼ਟੇ ਚੁਣੇ ਜਾਣ ਦੇ ਫੈਸਲੇ ਅਨੁਸਾਰ ***੫ ਵੈਸਾਖ*** ਚੁਣਿਆ ਗਿਆ ਹੈ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ ੧੮ ਅਪ੍ਰੈਲ ਨੂੰ ਆਉਂਦਾ ਹੈ ਅਤੇ ਅੱਗੇ ਤੋਂ ਹਮੇਸ਼ਾਂ ਲਈ ਆਉਂਦਾ ਰਹੇਗਾ।
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ.ਕ. (ਪ੍ਰੋ: ਕਰਤਾਰ ਸਿੰਘ)	ਵੈਸਾਖ ਵਦੀ ੫, ੧੬੭੮	੫ ਵੈਸਾਖ	1 ਅਪ੍ਰੈਲ 1621	-----	----	
ਭਾਈ ਕਾਨ੍ਹ ਸਿੰਘ ਨਾਭਾ	ਵੈਸਾਖ ਵਦੀ ੫, ੧੬੭੮	੫ ਵੈਸਾਖ	1 ਅਪ੍ਰੈਲ 1621	-----	----	
ਸ. ਕਰਮ ਸਿੰਘ ਹਿਸਟੋਰੀਅਨ	ਵੈਸਾਖ ਵਦੀ ੫, ੧੬੭੮	੫ ਵੈਸਾਖ	1 ਅਪ੍ਰੈਲ 1621	ਐਤਵਾਰ	ਮੂਲ	
ਗਿ. ਸੋਹਨ ਸਿੰਘ ਸੀਤਲ	ਵੈਸਾਖ ਵਦੀ ੫, ੧੬੭੮	੫ ਵੈਸਾਖ	1 ਅਪ੍ਰੈਲ 1621	ਐਤਵਾਰ	ਮੂਲ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਵੈਸਾਖ ਵਦੀ ੫, ੧੬੭੮	੫ ਵੈਸਾਖ	1 ਅਪ੍ਰੈਲ 1621	---	----	
ਪ੍ਰੋ. ਸਾਹਿਬ ਸਿੰਘ	ਵੈਸਾਖ ਵਦੀ ੫, ੧੬੭੮	੫ ਵੈਸਾਖ	1 ਅਪ੍ਰੈਲ 1621	ਐਤਵਾਰ	----	
ਡਾ: ਹਰੀ ਰਾਮ ਗੁਪਤਾ	-----	----	1.4.1621	---	----	
ਪ੍ਰਿੰ. ਸਤਬੀਰ ਸਿੰਘ	-----	----	1.4.1621	---	----	

ਗੁਰੂ ਤੇਗ਼ਬਹਾਦਰ ਸਾਹਿਬ ਜੀ ਦਾ ਗੁਰਗੱਦੀ ਪੁਰਬ

ਗੁਰਗੱਦੀ ਦੀ ਅਗਲੀ ਜਿੰਮੇਵਾਰੀ ਸੰਭਾਲਣ ਲਈ ਸੰਕੇਤਕ ਸ਼ਬਦਾਵਲੀ "ਬਾਬਾ ਵਸੈ ਗਰਾਮ ਬਕਾਲੇ" ਕਹਿ ਕੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ***ਚੇਤ ਸੁਦੀ ੧੪, ੧੭੨੧, ੩ ਵੈਸਾਖ; ਦਿਨ ਬੁੱਧਵਾਰ, ਨਛੱਤਰ ਹਸਤ; ਨਾਨਕਸ਼ਾਹੀ ਸੰਮਤ ੧੯੬; 30 ਮਾਰਚ 1664 ਜੂਲੀਅਨ ਨੂੰ ਦਿੱਲੀ ਵਿਖੇ ਜੋਤੀ ਜੋਤ ਸਮਾਏ।*** ਇਸ ਲਈ ਇਹੋ ਤਾਰੀਖ਼ ਗੁਰੂ ਤੇਗ਼ਬਹਾਦਰ ਸਾਹਿਬ ਜੀ ਦੇ ਗੁਰਗੱਦੀ ਸੰਭਾਲਣ ਦੀ ਹੈ ਭਾਵੇਂ ਸਿੱਖਾਂ ਦੀ ਬਿਬੇਕ ਬੁੱਧੀ ਦੀ ਪਰਖ਼ ਕਰਦਿਆਂ ਗੁਰੂ ਵਜੋਂ ਪ੍ਰਗਟ ਉਹ ਕੁਝ ਸਮਾਂ ਬਾਅਦ ਵਿੱਚ ਹੋਏ। ਚੰਦਰ ਤਿਥਾਂ ਤਿਆਗ ਦੇਣ ਦੇ ਫੈਸਲੇ ਅਨੁਸਾਰ ਕੈਲੰਡਰ ਕਮੇਟੀ ਨੇ ਗੁਰਗੱਦੀ ਪੁਰਬ ਲਈ ***੩ ਵੈਸਾਖ*** ਦੀ ਚੋਣ ਕੀਤੀ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 16 ਅਪ੍ਰੈਲ ਨੂੰ ਆਉਂਦਾ ਹੈ ਜਦੋਂ ਕਿ ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੩ ਵੈਸਾਖ*** ਵੀ ਅਪਨਾਈ ਜਾਵੇ ਤਾਂ ਇਹ ਸੰਨ 1661 ਵਿੱਚ 30 ਮਾਰਚ, ਅੱਜ ਕੱਲ੍ਹ 15/16 ਅਪ੍ਰੈਲ ਅਤੇ ਸੰਨ 3000 ਸੀਈ ਵਿੱਚ ਇਹ 29 ਅਪ੍ਰੈਲ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁੱਕਵਾਂ ਹੈ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ	----	----	----	---	ਸਾਰੇ ਹੀ ਪੁਰਾਤਨ ਅਤੇ ਨਵੀਨ ਲਿਖਾਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਿਥੀ ***ਚੇਤ ਸੁਦੀ ੧੪ ਸੰਮਤ ੧੭੨੧*** ਨਾਲ ਸਹਿਮਤ ਹਨ ਜੋ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕੀਤਿਆਂ = ***੩ ਵੈਸਾਖ; ਦਿਨ ਬੁੱਧਵਾਰ, ਨਛੱਤਰ ਹਸਤਾ; ਨਾ:ਸ਼ਾ:੧੯੬; 30 ਮਾਰਚ 1664 ਬਣਦਾ ਹੈ।*** ਇਸ ਵਿੱਚ ਵੀ ਕੋਈ ਮੱਤਭੇਦ ਨਹੀਂ ਹਨ ਕਿ ਜੋਤੀ-ਜੋਤ ਸਮਾਉਣ ਸਮੇਂ ਗੁਰਗੱਦੀ ਦੀ ਅਗਲੀ ਜਿੰਮੇਵਾਰੀ ਸੰਭਾਲਣ ਦੀ ਸੰਕੇਤਕ ਸ਼ਬਦਾਵਾਲੀ "ਬਾਬਾ ਵਸੈ ਗਰਾਮ ਬਕਾਲੇ" ਵਰਤ ਕੇ ਗੁਰਗੱਦੀ ਗੁਰੂ ਤੇਗ਼ਬਹਾਦਰ ਸਾਹਿਬ ਨੂੰ ਸੌਂਪ ਗਏ ਸਨ ਇਸ ਲਈ ਇਸ ਸਬੰਧੀ ਦੋ ਰਾਵਾਂ ਹੋ ਹੀ ਨਹੀਂ ਸਕਦੀਆਂ ਕਿ ਗੁਰੂ ਤੇਗ਼ਬਹਾਦਰ ਸਾਹਿਬ ਜੀ ਦਾ ਗੁਰਗੱਦੀ ਪੁਰਬ ***ਚੇਤ ਸੁਦੀ ੧੪ ਸੰਮਤ ੧੭੨੧, ੩ ਵੈਸਾਖ; ਦਿਨ ਬੁੱਧਵਾਰ, ਨਛੱਤਰ ਹਸਤ; ਨਾਨਕਸ਼ਾਹੀ ਸੰਮਤ ੧੯੬; 30 ਮਾਰਚ 1664 ਹੀ ਹੈ।*** ਜਿਨ੍ਹਾਂ ਵਿਦਵਾਨਾਂ ਨੇ ਚੇਤ ਸੁਦੀ ੧੪,੧੭੨੨/ 20 ਮਾਰਚ 1665 ਭਾਵ ਪੂਰਾ ਇੱਕ ਚੰਦਰ ਸਾਲ ਪਿੱਛੋਂ ਲਿਖੀ ਹੈ ਉਹ ਮੰਨਣਯੋਗ ਨਹੀਂ ਹੈ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਗੁਰੂ ਤੇਗ਼ਬਹਾਦਰ ਸਾਹਿਬ ਜੀ ਦੇ ਗੁਰਗੱਦੀ ਸੰਭਾਲਣ ਦੇ ਪੁਰਬ ਲਈ ***੩ ਵੈਸਾਖ*** ਦੀ ਚੋਣ ਕੀਤੀ ਗਈ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 16 ਅਪ੍ਰੈਲ ਨੂੰ ਆਉਂਦਾ ਹੈ।
ਗੁਰ ਪ੍ਰਣਾਲੀ	----	----	----	---	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਚੇਤ ਸੁਦੀ ੧੪, ੧੭੨੧	੩ ਵੈਸਾਖ	----	ਬੁੱਧਵਾਰ	
ਗੁਰਬਾਣੀ ਪਾਠ ਦਰਸ਼ਨ	ਚੇਤ ਸੁਦੀ ੧੪, ੧੭੨੧	----	6 ਅਪ੍ਰੈਲ 1664	---	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	----	----	----	---	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਚੇਤ ਸੁਦੀ ੧੪, ੧੭੧੮	----	30 ਮਾਰਚ 1664	---	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ. ਕ. (ਪ੍ਰੋ:ਕਰਤਾਰ ਸਿੰਘ)	ਚੇਤ ਸੁਦੀ ੧੪, ੧੭੨੧	੩ ਵੈਸਾਖ	30 ਮਾਰਚ 1664	---	
ਭਾਈ ਕਾਨ੍ਹ ਸਿੰਘ ਨਾਭਾ	ਚੇਤ ਸੁਦੀ ੧੪, ੧੭੨੨	੨੪ ਚੇਤ	20 ਮਾਰਚ 1665	---	
ਸ. ਕਰਮ ਸਿੰਘ ਹਿਸਟੋਰੀਅਨ	ਚੇਤ ਸੁਦੀ ੧੪, ੧੭੨੨	੨੪ ਚੇਤ	20 ਮਾਰਚ 1665	ਸੋਮਵਾਰ	
ਗਿ. ਸੋਹਨ ਸਿੰਘ ਸੀਤਲ	ਚੇਤ ਸੁਦੀ ੧੪, ੧੭੨੨	੨੪ ਚੇਤ	20 ਮਾਰਚ 1665	ਸੋਮਵਾਰ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਚੇਤ ਸੁਦੀ ੧੪, ੧੭੨੧	੩ ਵੈਸਾਖ	30 ਮਾਰਚ 1664	ਬੁੱਧਵਾਰ	
ਪ੍ਰੋ. ਸਾਹਿਬ ਸਿੰਘ	----	----	----	---	
ਡਾ: ਹਰੀ ਰਾਮ ਗੁਪਤਾ	----	----	30 ਮਾਰਚ 1664	---	
ਪ੍ਰਿੰ. ਸਤਬੀਰ ਸਿੰਘ	----	----	----	---	

ਗੁਰੂ ਤੇਗ਼ਬਹਾਦਰ ਸਾਹਿਬ ਜੀ ਦਾ ਸ਼ਹੀਦੀ ਪੁਰਬ

ਗੁਰੂ ਤੇਗ਼ਬਹਾਦਰ ਸਾਹਿਬ ਜੀ ***ਮੱਘਰ ਸੁਦੀ ੫, ੧੭੩੨, ੧੧ ਮੱਘਰ; ਦਿਨ ਵੀਰਵਾਰ, ਨਛੱਤਰ ਉਤਰਾਖਾੜਾ; ਨਾਨਕਸ਼ਾਹੀ ਸੰਮਤ ੨੦੭; 11 ਨਵੰਬਰ 1675. ਜੂਲੀਅਨ*** ਨੂੰ ਦਿੱਲੀ ਵਿਖੇ ਮਨੁੱਖੀ ਅਧਿਕਾਰਾਂ ਅਤੇ ਧਰਮ ਦੀ ਅਜ਼ਾਦੀ ਦੇ ਹੱਕਾਂ 'ਤੇ ਪਹਿਰਾ ਦਿੰਦਿਆਂ ਹਿੰਦੂ ਧਰਮ ਦੇ ਤਿਲਕ ਜੰਞੂ ਦੀ ਅਜ਼ਾਦੀ ਲਈ ਆਪਣੇ ਤਿੰਨ ਸਿੱਖਾਂ ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਭਾਈ ਸਤੀ ਦਾਸ ਜੀ ਸਮੇਤ, ਔਰੰਗਜ਼ੇਬ ਦੇ ਹੁਕਮਾਂ ਨਾਲ ਸ਼ਹੀਦ ਕੀਤੇ ਗਏ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਸ਼ਹੀਦੀ ਪੁਰਬ ਲਈ ***੧੧ ਮੱਘਰ*** ਦੀ ਚੋਣ ਕੀਤੀ ਗਈ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 24 ਨਵੰਬਰ ਨੂੰ ਆਉਂਦਾ ਹੈ; ਜਦੋਂ ਕਿ ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੧੧ ਮੱਘਰ*** ਵੀ ਅਪਣਾਈ ਜਾਵੇ ਤਾਂ ਇਹ ਸੰਨ 1675 ਵਿੱਚ 11 ਨਵੰਬਰ, ਅੱਜ ਕੱਲ੍ਹ 25/26 ਨਵੰਬਰ ਅਤੇ ਸੰਨ 3000 ਸੀਈ ਵਿੱਚ ਇਹ 10 ਦਸੰਬਰ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁੱਕਵਾਂ ਹੈ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2	ਮੱਘਰ ਸੁਦੀ ੫, ੧੭੩੨	----	----	ਵੀਰ ਵਾਰ	ਗੁਰੂ ਤੇਗ਼ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸਬੰਧੀ ਤਕਰੀਬਨ ਸਾਰੇ ਹੀ ਪੁਰਾਤਨ ਅਤੇ ਨਵੀਨ ਲਿਖਰੀ ***ਮੱਘਰ ਸੁਦੀ ੫, ੧੭੩੨*** ਨਾਲ ਸਹਿਮਤ ਹਨ ਹਾਲਾਂ ਕਿ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕਰਨ ਵੇਲੇ ਕੈਲੰਡਰ ਵਿਗਿਆਨ ਅਤੇ ਨਿਯਮਾਂ ਦੀ ਪੂਰੀ ਜਾਣਕਾਰੀ ਨਾ ਹੋਣ ਕਰਕੇ ਕੁਝ ਲਿਖਾਰੀਆਂ ਦੇ ਪ੍ਰਵਿਸ਼ਟੇ ਜਾਂ ਜੂਲੀਅਨ ਦੀ ਤਾਰੀਖ਼ਾਂ ਨਹੀਂ ਮਿਲਦੀਆਂ । ***ਮੱਘਰ ਸੁਦੀ ੫, ੧੭੩੨ ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕੀਤਿਆਂ =੧੧ ਮੱਘਰ; ਦਿਨ ਵੀਰਵਾਰ, ਨਛੱਤਰ ਉਤਰਾਖਾੜਾ; ਨਾਨਕਸ਼ਾਹੀ ਸੰਮਤ ੨੦੭; 11 ਨਵੰਬਰ 1675*** ਬਣਦਾ ਹੈ। ਜਿਨ੍ਹਾਂ ਵਿਦਵਾਨਾਂ ਨੇ ੧੨ ਮੱਘਰ ਲਿਖੀ ਹੈ ਉਨ੍ਹਾਂ ਨੇ ਸ੍ਵਾਮੀਕੰਨੂ ਪਿੱਲੇ ਜਿਸ ਨੇ ਤਾਮਿਲਨਾਡੂ ਦਾ ਜਮਪਲ ਹੋਣ ਕਾਰਨ ਤਾਮਿਲਨਾਡੂ 'ਚ ਪ੍ਰਚਲਤ ਨਿਯਮਾਂ ਅਨੁਸਾਰ ਪ੍ਰਵਿਸ਼ਟੇ ਲਿਖੇ ਹਨ; ਦੀ ਜੰਤਰੀ ਵਿੱਚੋਂ ਨੋਟ ਕੀਤੀ ਹੋ ਸਕਦੀ ਹੈ। ਤਾਮਿਲਨਾਡੂ ਦੀਆਂ ਕੁਝ ਸੰਗਰਾਂਦਾਂ ਤਾਂ ਪੰਜਾਬ ਦੀਆਂ ਸੰਗਰਾਂਦਾਂ ਨਾਲ ਮਿਲਦੀਆਂ ਹਨ ਪਰ ਕੁਝ ਵਿੱਚ ਇੱਕ ਦਿਨ ਦਾ ਫ਼ਰਕ ਹੋ ਸਕਦਾ ਹੈ। ਇਸ ਸਬੰਧੀ ਉਸ ਨੇ ਹੇਠਾਂ ਫ਼ੁਟਨੋਟ ਲਿਖਿਆ ਹੈ ਕਿ ਇਹ ਤਾਰੀਖ਼ਾਂ ਤਾਮਿਲਨਾਡੂ ਦੇ ਨਿਯਮਾਂ ਅਨੁਸਾਰ ਹਨ, ਦੂਸਰੇ ਸਥਾਨਾਂ ਦੀਆਂ ਤਾਰੀਖ਼ਾਂ ਉੱਥੋਂ ਦੇ ਪ੍ਰਚੱਲਤ ਨਿਯਮਾਂ ਮੁਤਾਬਿਕ ਸੋਧ ਕੇ ਲਿਖੀਆਂ ਜਾਣ। ਪਰ ਜਿਨ੍ਹਾਂ ਨੇ ਇਹ ਨੋਟ ਨਹੀਂ ਪੜ੍ਹਿਆ ਉਨ੍ਹਾਂ ਤੋਂ ੧ ਦਿਨ ਦੀ ਗਲਤੀ ਹੋ ਗਈ। ਇਸ ਲਈ ਸਹੀ ਪ੍ਰਵਿਸ਼ਟਾ ***੧੧ ਮੱਘਰ*** ਹੈ ਅਤੇ ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਇਹ ***੧੧ ਮੱਘਰ*** ਹੀ ਚੁਣਿਆ ਗਿਆ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ ੨੪ ਨਵੰਬਰ ਨੂੰ ਆਉਂਦਾ ਹੈ।
ਗੁਰ ਪ੍ਰਣਾਲੀ 3	ਮੱਘਰ ਸੁਦੀ ੫, ੧੭੩੨	----	----	ਵੀਰ ਵਾਰ	
ਸ਼ੁੱਧ ਗੁਰਪ੍ਰਣਾਲੀ ਸ਼੍ਰੋ. ਗੁ.ਪ੍ਰ.ਕਮੇਟੀ	ਮੱਘਰ ਸੁਦੀ ੫, ੧੭੩੨	----	11 ਨਵੰਬਰ 1675	ਵੀਰ ਵਾਰ	
ਗੁਰਬਾਣੀ ਪਾਠ ਦਰਸ਼ਨ	ਮੱਘਰ ਸੁਦੀ ੫, ੧੭੩੨	----	19 ਦਸੰਬਰ 1675	ਵੀਰ ਵਾਰ	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	----	----	11 ਨਵੰਬਰ 1675	----	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਮੱਘਰ ਸੁਦੀ ੫, ੧੭੩੨	----	11 ਨਵੰਬਰ 1675	----	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ.ਕ. (ਪ੍ਰੋ:ਕਰਤਾਰ ਸਿੰਘ)	ਮੱਘਰ ਸੁਦੀ ੫, ੧੭੩੨	੧੧ ਮੱਘਰ	11 ਨਵੰਬਰ 1675	ਵੀਰ ਵਾਰ	
ਭਾਈ ਕਾਨ੍ਹ ਸਿੰਘ ਨਾਭਾ	ਮੱਘਰ ਸੁਦੀ ੫, ੧੭੩੨	੧੨ ਮੱਘਰ	11 ਨਵੰਬਰ 1675	----	
ਸ. ਕਰਮ ਸਿੰਘ ਹਿਸਟੋਰੀਅਨ	ਮੱਘਰ ਸੁਦੀ ੫, ੧੭੩੨	੧੨ ਮੱਘਰ	11 ਨਵੰਬਰ 1675	ਵੀਰ ਵਾਰ	
ਗਿ. ਸੋਹਨ ਸਿੰਘ ਸੀਤਲ	ਮੱਘਰ ਸੁਦੀ ੫, ੧੭੩੨	੧੨ ਮੱਘਰ	11 ਨਵੰਬਰ 1675	ਵੀਰ ਵਾਰ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਮੱਘਰ ਸੁਦੀ ੫, ੧੭੩੨	੧੧ ਮੱਘਰ	11 ਨਵੰਬਰ 1675	ਵੀਰ ਵਾਰ	
ਪ੍ਰੋ. ਸਾਹਿਬ ਸਿੰਘ	ਮੱਘਰ ਸੁਦੀ ੫, ੧੭੩੨	੧੧ ਮੱਘਰ	11 ਨਵੰਬਰ 1675	ਵੀਰ ਵਾਰ	
ਡਾ: ਹਰੀ ਰਾਮ ਗੁਪਤਾ	----	----	11 ਨਵੰਬਰ 1675	----	
ਪ੍ਰਿੰ. ਸਤਬੀਰ ਸਿੰਘ	----	----	11 ਨਵੰਬਰ 1675	----	

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਪੁਰਬ

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪਿਤਾ ਗੁਰੂ ਤੇਗਬਹਾਦਰ ਸਾਹਿਬ ਜੀ ਅਤੇ ਮਾਤਾ ਗੁਜਰੀ ਜੀ ਦੇ ਘਰ ਪਟਨਾ ਸ਼ਹਿਰ (ਬਿਹਾਰ) ਵਿਖੇ ***ਪੋਹ ਸੁਦੀ ੭, ੧੭੨੩, ੨੩ ਪੋਹ, ਦਿਨ ਸ਼ਨੀਵਾਰ, ਨਛੱਤਰ ਉੱਤਰਾ ਭਾਦਰਾਪਦ; ਨਾਨਕਸ਼ਾਹੀ ਸੰਮਤ ੧੯੮; 22 ਦਸੰਬਰ 1666*** ਜੂਲੀਅਨ ਹੋਇਆ। ਜਿਸ ਦੀ ਤਸਦੀਕ ਹੇਠ ਲਿਖੀ ਸਾਰਣੀ ਵਿੱਚ ਦਿੱਤੇ ਵੱਖ ਵੱਖ ਇਤਿਹਾਸਕ ਸੋਮਿਆਂ ਦੇ ਹਵਾਲਿਆਂ ਤੋਂ ਕੀਤੀ ਜਾ ਸਕਦੀ ਹੈ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਗੁਰਪੁਰਬ ਲਈ ਪ੍ਰਵਿਸ਼ਟਾ ***੨੩ ਪੋਹ*** ਦੀ ਚੋਣ ਕੀਤੀ ਗਈ ਜੋ ਨਾਨਕਸ਼ਾਹੀ ਕੈਲੰਡਰ ਅਨੁਸਾਰ ਹਰ ਸਾਲ 5 ਜਨਵਰੀ ਨੂੰ ਆਉਂਦਾ ਹੈ ਜਦੋਂ ਕਿ ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੨੩ ਪੋਹ*** ਵੀ ਅਪਣਾਈ ਜਾਵੇ ਤਾਂ ਇਹ ਸੰਨ 1666 ਵਿੱਚ 22 ਦਸੰਬਰ, ਅੱਜ ਕੱਲ੍ਹ 7 ਜਨਵਰੀ ਅਤੇ ਸੰਨ 3000 ਸੀਈ ਵਿੱਚ ਇਹ 20 ਜਨਵਰੀ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਲਗਭਗ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁਕਵਾਂ ਹੈ?

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਨਛੱਤਰ	ਟਿੱਪਣੀ
ਗੁਰ ਪ੍ਰਣਾਲੀ 2	ਸੁਦੀ ੮, ੧੭੧੮	੧੩ ਮਾਘ	----	ਐਤਵਾਰ	ਧਨਿਸ਼ਟਾ	**੧੩ ਮਾਘ ੧੭੧੮** = ਮਾਘ ਵਦੀ ੧੫, ਦਿਨ ਸ਼ੁੱਕਰਵਾਰ, ਸ਼੍ਰਵਣ ਨਛੱਤਰ; 10 ਜਨਵਰੀ 1662, ਬਣਦਾ ਹੈ। ਮੇਲ ਨਾ ਹੋਣ ਕਾਰਨ ਇਹ ਤਾਰੀਖ਼ਾਂ ਗਲਤ ਹਨ। **ਪੋਹ ਸੁਦੀ ੭, ੧੭੧੮** = ੧੯ ਪੋਹ, ਦਿਨ ਬੁੱਧਵਾਰ, ਨਛੱਤਰ ਉੱਤਰਾ ਭਾਦਰਾਪਦ, 18 ਦਸੰਬਰ ਹੈ ਮੇਲ ਨਾ ਹੋਣ ਕਾਰਨ ਇਹ ਤਾਰੀਖ਼ਾਂ ਵੀ ਗਲਤ ਹਨ। **ਪੋਹ ਸੁਦੀ ੭, ੧੭੨੩** = ੨੩ ਪੋਹ, ਦਿਨ ਸ਼ਨੀਵਾਰ, ਨਛੱਤਰ ਉੱਤਰਾ ਭਾਦਰਾਪਦ; ਨਾਨਕਸ਼ਾਹੀ ਸੰਮਤ ੧੯੮; 22 ਦਸੰਬਰ 1666, ਇਸ ਲਈ ਜਿਨ੍ਹਾਂ ਲਿਖਾਰੀਆਂ ਨੇ ਇਹ ਤਾਰੀਖ਼ਾਂ ਲਿਖੀਆਂ ਹਨ ਉਨ੍ਹਾਂ ਸਾਰਿਆਂ ਦੀਆਂ ਠੀਕ ਹੋਣ ਕਰਕੇ ਸਹੀ ਮੰਨੀਆਂ ਗਈਆਂ। ਡਾ: ਗੰਡਾ ਸਿੰਘ ਨੇ ਪੋਹ ਸੁਦੀ ੭, ੧੭੨੫, ੧ ਮਾਘ, 29 ਦਸੰਬਰ 1668 ਲਿਖੀ ਹੈ ਇਸ ਤਾਰੀਖ਼ ਤੋਂ ਗੁਰੂ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਤੱਕ ਉਨ੍ਹਾਂ ਦੀ ਆਮ ਤੌਰ 'ਤੇ ਦੱਸੀ ਜਾਂਦੀ ਸਰੀਰਕ ਆਯੂ 41 ਸਾਲ 9 ਮਹੀਨੇ 15 ਦਿਨ ਪੂਰੀ ਨਹੀਂ ਹੁੰਦੀ ਇਸ ਕਾਰਨ ਇਹ ਠੀਕ ਨਹੀਂ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਗੁਰਪੁਰਬ ਲਈ ਪ੍ਰਵਿਸ਼ਟਾ ੨੩ ਪੋਹ ਚੁਣਿਆ ਗਿਆ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 5 ਜਨਵਰੀ ਨੂੰ ਹੀ ਆਉਂਦਾ ਹੈ।
ਗੁਰ ਪ੍ਰਣਾਲੀ 3	ਪੋਹ ਸੁਦੀ ੭, ੧੭੧੮	----	----	ਐਤਵਾਰ	ਧਨਿਸ਼ਟਾ	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਪੋਹ ਸੁਦੀ ੭, ੧੭੨੩	----	22 ਦਸੰਬਰ 1666	ਸ਼ਨੀਵਾਰ	----	
ਗੁਰਬਾਣੀ ਪਾਠ ਦਰਸ਼ਨ	ਪੋਹ ਸੁਦੀ ੭, ੧੭੨੩	੨੩ ਪੋਹ	1 ਜਨਵਰੀ 1666	ਐਤਵਾਰ	ਧਨਿਸ਼ਟਾ	
ਸ਼੍ਰੋਮਣੀ ਕਮੇਟੀ ਵੈੱਬਸਾਈਟ	ਪੋਹ ਸੁਦੀ ੭, ੧੭੨੩	੨੩ ਪੋਹ	22 ਦਸੰਬਰ 1666	----	----	
ਸ਼ੋ.ਗੁ.ਪ੍ਰ.ਕ. ਡਾਇਰੀ 1991	ਪੋਹ ਸੁਦੀ ੭, ੧੭੨੩	----	22 ਦਸੰਬਰ 1666	----	----	
ਸਿੱਖ ਇਤਿ: ਸ਼੍ਰੋ.ਗੁ.ਪ੍ਰ. ਕ. (ਪ੍ਰੋ: ਕਰਤਾਰ ਸਿੰਘ)	ਪੋਹ ਸੁਦੀ ੭, ੧੭੨੩	੨੩ ਪੋਹ	22 ਦਸੰਬਰ 1666	----	----	
ਭਾਈ ਕਾਨ੍ਹ ਸਿੰਘ ਨਾਭਾ	ਪੋਹ ਸੁਦੀ ੭, ੧੭੨੩	੨੩ ਪੋਹ	22 ਦਸੰਬਰ 1666	ਸ਼ਨੀਵਾਰ	----	
ਸ. ਕਰਮ ਸਿੰਘ ਹਿਸਟੋਰੀਅਨ	ਪੋਹ ਸੁਦੀ ੭, ੧੭੨੩	੨੩ ਪੋਹ	22 ਦਸੰਬਰ 1666	ਸ਼ਨੀਵਾਰ	ਉੱਤਰਾ ਭਾ:ਪਦ	
ਗਿ. ਸੋਹਨ ਸਿੰਘ ਸੀਤਲ	ਪੋਹ ਸੁਦੀ ੭, ੧੭੨੩	੨੩ ਪੋਹ	22 ਦਸੰਬਰ 1666	ਸ਼ਨੀਵਾਰ	ਉੱਤਰਾ ਭਾ:ਪਦ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਪੋਹ ਸੁਦੀ ੭, ੧੭੨੫	੧ ਮਾਘ	29 ਦਸੰਬਰ 1668	ਮੰਗਲ	----	
ਪ੍ਰੋ. ਸਾਹਿਬ ਸਿੰਘ	ਪੋਹ ਸੁਦੀ ੭, ੧੭੨੩	੨੩ ਪੋਹ	22 ਦਸੰਬਰ 1666	----	----	
ਡਾ: ਹਰੀ ਰਾਮ ਗੁਪਤਾ	----	----	22 ਦਸੰਬਰ 1666	----	----	
ਪ੍ਰਿੰ. ਸਤਬੀਰ ਸਿੰਘ	----	----	22 ਦਸੰਬਰ 1666	----	----	

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰਗੱਦੀ ਪੁਰਬ

ਗੁਰੂ ਤੇਗ਼ਬਹਾਦਰ ਸਾਹਿਬ ਜੀ ਨੇ ***ਮੱਘਰ ਸੁਦੀ ੫, ਸੰਮਤ ੧੭੩੨, ੧੧ ਮੱਘਰ, ਦਿਨ ਵੀਰਵਾਰ, ਨਛੱਤਰ ਉੱਤਰਾਖਾੜਾ; ਨਾ:ਸ਼ਾ: ਸੰਮਤ ੨੦੭; 11 ਨਵੰਬਰ 1675 ਜੂਲੀਅਨ*** ਨੂੰ ਦਿੱਲੀ ਵਿਖੇ ਸ਼ਹੀਦੀ ਪ੍ਰਾਪਤ ਕੀਤੀ। ਇਸੇ ਹੀ ਤਾਰੀਖ਼ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ। ਚੰਦਰ ਤਿਥਾਂ ਤਿਆਗ ਦੇਣ ਦੇ ਫੈਸਲੇ ਅਨੁਸਾਰ ਕੈਲੰਡਰ ਕਮੇਟੀ ਨੇ ਗੁਰਗੱਦੀ ਪੁਰਬ ਲਈ ਪ੍ਰਵਿਸ਼ਟਾ ***੧੧ ਮੱਘਰ*** ਚੁਣਿਆ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 24 ਨਵੰਬਰ ਨੂੰ ਆਉਂਦਾ ਹੈ। ਜਦੋਂ ਕਿ ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੧੧ ਮੱਘਰ*** ਵੀ ਅਪਣਾਈ ਜਾਵੇ ਤਾਂ ਇਹ ਸੰਨ 1675 ਵਿੱਚ 11 ਨਵੰਬਰ, ਅੱਜ ਕੱਲ੍ਹ 25/26 ਨਵੰਬਰ ਅਤੇ ਸੰਨ 3000 ਸੀਈ ਵਿੱਚ ਇਹ 10 ਦਸੰਬਰ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁੱਕਵਾਂ ਹੈ?

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2	----	----	----	----	***ਮੱਘਰ ਸੁਦੀ ੩, ੧੭੩੨*** ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕੀਤਿਆਂ = ੯ ਮੱਘਰ, ਦਿਨ ਮੰਗਲਵਾਰ, ਨਛੱਤਰ ਮੂਲ, 9 ਨਵੰਬਰ 1675 ਜੂਲੀਅਨ ਬਣਦਾ ਹੈ। ਗੁਰਬਾਣੀ ਪਾਠ ਦਰਸ਼ਨ ਦੇ ਲਿਖਾਰੀ ਵੱਲੋ ਦਿੱਤੀ ਤਾਰੀਖ਼ 17 ਦਸੰਬਰ ਅਤੇ ਦਿਨ ਵੀਰਵਾਰ ਦੋਵੇਂ ਹੀ ਗਲਤ ਹੋਣ ਕਰਕੇ ਇਨ੍ਹਾਂ ਤਾਰੀਖ਼ਾਂ ਨੂੰ ਠੀਕ ਨਹੀਂ ਮੰਨਿਆ ਜਾ ਸਕਦਾ। ਗੁਰਬਾਣੀ ਪਾਠ ਦਰਸ਼ਨ ਤੋਂ ਬਿਨਾਂ ਬਾਕੀ ਦੇ ਸਾਰੇ ਹੀ ਲੇਖਕਾਂ ਨੇ ਚੰਦਰਮਾਂ ਦੀ ਤਿੱਥ ***ਮੱਘਰ ਸੁਦੀ ੫, ਸੰਮਤ ੧੭੩੨*** ਦਿੱਤੀ ਹੋਈ ਹੈ। ਇਸ ਤਿੱਥ ਨੂੰ ਬਾਕੀ ਦੀਆਂ ਪੱਧਤੀਆਂ ਵਿੱਚ ਤਬਦੀਲ ਕੀਤਿਆਂ ਬਣਦਾ ਹੈ = ***੧੧ ਮੱਘਰ, ਦਿਨ ਵੀਰਵਾਰ, ਨਛੱਤਰ ਉੱਤਰਾਖਾੜਾ; 11 ਨਵੰਬਰ 1675 ਜੂਲੀਅਨ।*** ਭਾਈ ਕਾਨ੍ਹ ਸਿੰਘ ਨਾਭਾ, ਸ: ਕਰਮ ਸਿੰਘ ਹਿਸਟੋਰੀਅਨ ਅਤੇ ਗਿਆਨੀ ਸੋਹਨ ਸਿੰਘ ਸੀਤਲ ਨੂੰ ਛੱਡ ਕੇ ਬਾਕੀਆਂ ਸਾਰਿਆਂ ਦੀਆਂ ਸਭ ਪੱਧਤੀਆਂ ਦੀਆਂ ਤਾਰੀਖ਼ਾਂ ਮੇਲ ਖਾਂਦੀਆਂ ਹੋਣ ਕਰਕੇ ਇਨ੍ਹਾਂ ਨੂੰ ਸਹੀ ਮੰਨ ਲਿਆ ਗਿਆ। ਉਕਤ ਤਿੰਨਾਂ ਵਿਦਵਾਨਾਂ ਦਾ ਕੇਵਲ ਪ੍ਰਵਿਸ਼ਟਾ ਗਲਤ ਆਉਂਦਾ ਹੈ ਹੋ ਸਕਦਾ ਹੈ ਕਿ ਉਨ੍ਹਾਂ ਨੇ ਕਿਸੇ ਹੋਰ ਜੰਤਰੀ ਵਿੱਚੋਂ ਨੋਟ ਕਰ ਲਿਆ ਹੋਵੇ ਜਿਸ ਦੇ ਨਿਯਮਾਂ ਵਿੱਚ ਪੰਜਾਬ ਨਾਲੋਂ ਥੋੜ੍ਹਾ ਅੰਤਰ ਹੋਵੇ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਗੁਰਪੁਰਬ ਲਈ ***੧੧ ਮੱਘਰ*** ਦੀ ਚੋਣ ਕੀਤੀ ਗਈ।
ਗੁਰ ਪ੍ਰਣਾਲੀ 3	----	----	----	----	
ਸ਼ੁੱਧ ਗੁਰਪ੍ਰਣਾਲੀ ਸ਼੍ਰੋ. ਗੁ.ਪ੍ਰ.ਕਮੇਟੀ	ਮੱਘਰ ਸੁਦੀ ੫, ੧੭੩੨	----	11 ਨਵੰਬਰ 1675	ਵੀਰਵਾਰ	
ਗੁਰਬਾਣੀ ਪਾਠ ਦਰਸ਼ਨ	ਮੱਘਰ ਸੁਦੀ ੩, ੧੭੩੨	----	17 ਦਸੰਬਰ 1675	ਵੀਰਵਾਰ	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	ਮੱਘਰ ਸੁਦੀ ੫, ੧੭੩੨	੧੧ ਮੱਘਰ	11 ਨਵੰਬਰ 1675	----	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਮੱਘਰ ਸੁਦੀ ੫, ੧੭੩੨	----	11 ਨਵੰਬਰ 1675	----	
ਸਿੱਖ ਇਤਿਹਾਸ ਸ਼੍ਰੋ.ਗੁ. ਪ੍ਰ.ਕ.(ਪ੍ਰੋ:ਕਰਤਾਰ ਸਿੰਘ)	ਮੱਘਰ ਸੁਦੀ ੫, ੧੭੩੨	੧੧ ਮੱਘਰ	11 ਨਵੰਬਰ 1675	----	
ਭਾਈ ਕਾਨ੍ਹ ਸਿੰਘ ਨਾਭਾ	-----, ੧੭੩੨	੧੨ ਮੱਘਰ	11 ਨਵੰਬਰ 1675	----	
ਸ. ਕਰਮ ਸਿੰਘ ਹਿਸਟੋਰੀਅਨ	ਮੱਘਰ ਸੁਦੀ ੫, ੧੭੩੨	੧੨ ਮੱਘਰ	11 ਨਵੰਬਰ 1675	ਵੀਰਵਾਰ	
ਗਿ. ਸੋਹਨ ਸਿੰਘ ਸੀਤਲ	ਮੱਘਰ ਸੁਦੀ ੫, ੧੭੩੨	੧੨ ਮੱਘਰ	11 ਨਵੰਬਰ 1675	ਵੀਰਵਾਰ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਮੱਘਰ ਸੁਦੀ ੫, ੧੭੩੨	੧੧ ਮੱਘਰ	11 ਨਵੰਬਰ 1675	----	
ਪ੍ਰੋ. ਸਾਹਿਬ ਸਿੰਘ	-----	----	-----	----	
ਡਾ: ਹਰੀ ਰਾਮ ਗੁਪਤਾ	-----	----	-----	----	
ਪ੍ਰਿੰ. ਸਤਬੀਰ ਸਿੰਘ	-----	----	-----	----	

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਜੋਤੀ ਜੋਤ ਪੁਰਬ

ਗੁਰੂ ਗੋਬਿੰਦ ਸਿੰਘ ਸਾਹਿਬ ਜੀ ***ਕੱਤਕ ਸੁਦੀ ੫, ੧੭੬੫, ੭ ਕੱਤਕ ੧੭੬੫, ਦਿਨ ਵੀਰਵਾਰ, ਨਛੱਤਰ ਜਯੇਸ਼ਠਾ; ਨਾਨਕਸ਼ਾਹੀ ਸੰਮਤ ੨੪੦; 7 ਅਕਤੂਬਰ 1708 ਜੂਲੀਅਨ*** ਨੂੰ ਹਜੂਰ ਸਾਹਿਬ, ਨਾਂਦੇੜ ਮਹਾਰਾਸ਼ਟਰ ਵਿਖੇ ਜੋਤੀ ਜੋਤ ਸਮਾਏ। ਕੈਲੰਡਰ ਕਮੇਟੀ ਦੇ ਫੈਸਲੇ ਅਨੁਸਾਰ ਜੋਤੀ ਜੋਤ ਪੁਰਬ ਲਈ ***੭ ਕੱਤਕ*** ਦੀ ਚੋਣ ਕੀਤੀ ਗਈ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 21 ਅਕਤੂਬਰ ਨੂੰ ਹੀ ਆਉਂਦਾ ਹੈ; ਜਦੋਂ ਕਿ ਚੰਦਰ ਤਿੱਥਾਂ ਤਾਂ ਅੱਗੇ ਪਿੱਛੇ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੇ ਕਰ ਬਿਕਰਮੀ ਕੈਲੰਡਰ ਦੀ ***੭ ਕੱਤਕ*** ਵੀ ਅਪਣਾਈ ਜਾਵੇ ਤਾਂ ਇਹ ਸੰਨ 1708 ਵਿੱਚ 7 ਅਕਤੂਬਰ ਸੀ, ਅੱਜ ਕੱਲ੍ਹ 23 ਅਕਤੂਬਰ ਅਤੇ ਸੰਨ 3000 ਸੀਈ ਵਿੱਚ ਇਹ 6 ਨਵੰਬਰ ਨੂੰ ਆਏਗੀ ਭਾਵ ਗੁਰੂ ਕਾਲ ਨਾਲੋਂ ਪੂਰਾ ਇੱਕ ਮਹੀਨਾ ਬਾਅਦ ਵਿੱਚ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਕਿਹੜਾ ਕੈਲੰਡਰ ਸਾਡੇ ਲਈ ਵੱਧ ਢੁੱਕਵਾਂ ਹੈ।

ਇਤਿਹਾਸਕ ਸੋਮੇ	ਸੁਦੀ/ਵਦੀ	ਪ੍ਰਵਿਸ਼ਟਾ	ਜੂਲੀਅਨ	ਦਿਨ	ਟਿੱਪਣੀ
ਗੁਰ ਪ੍ਰਣਾਲੀ 2	ਕੱਤਕ ਸੁਦੀ ੫, ੧੭੬੫	----	----	ਸੋਮਵਾਰ	ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੋਤੀ-ਜੋਤ ਸਮਾਉਣ ਦੀ ਤਿੱਥ ਨਵੀਨ ਅਤੇ ਪੁਰਾਤਨ ਸਾਰੇ ਹੀ ਲੇਖਕਾਂ ਨੇ ***ਕੱਤਕ ਸੁਦੀ ੫, ੧੭੬੫*** ਦਿੱਤੀ ਹੋਈ ਹੈ ਭਾਵੇਂ ਕਿ ਪ੍ਰਵਿਸ਼ਟੇ, ਜੂਲੀਅਨ ਤਾਰੀਖ਼ਾਂ ਅਤੇ ਦਿਨਾਂ ਵਿੱਚ ਕੁਝ ਕੁ ਅੰਤਰ ਹੈ। ਸੋ ***ਕੱਤਕ ਸੁਦੀ ੫, ੧੭੬੫*** ਨੂੰ ਸਹੀ ਮੰਨ ਕੇ ਇਸ ਨੂੰ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕੀਤਾ ਤਾਂ ਇਹ = ***੭ ਕੱਤਕ ੧੭੬੫, ਦਿਨ ਵੀਰਵਾਰ, ਨਛੱਤਰ ਜਯੇਸ਼ਠ, ਨਾਨਕਸ਼ਾਹੀ ਸੰਮਤ ੨੪੦; 7 ਅਕਤੂਬਰ 1708 ਜੂਲੀਅਨ ਬਣਦਾ ਹੈ।*** ਗੁਰਬਾਣੀ ਪਾਠ ਦਰਸ਼ਨ ਨੂੰ ਛੱਡ ਕੇ ਬਾਕੀ ਸਾਰਿਆਂ ਦੀਆਂ ਹੀ ਜੂਲੀਅਨ ਤਾਰੀਖ਼ਾਂ ਅਤੇ ਦਿਨ ਮੇਲ ਖਾਂਦੇ ਹਨ ਪਰ ਪ੍ਰਵਿਸ਼ਟੇ ਵਿੱਚ 1 ਦਿਨ ਦੀ ਗਲਤੀ ਹੈ ਕਿਸੇ ਦਾ 1 ਵੱਧ ਅਤੇ ਕਿਸੇ ਦਾ 1 ਘੱਟ ਹੈ। ਪਰ ***ਸਹੀ ਪ੍ਰਵਿਸ਼ਟਾ ੭ ਕੱਤਕ*** ਹੀ ਹੈ ਜਿਸ ਕਾਰਨ ਗੁਰਪੁਰਬ ਲਈ ਇਸ ਦੀ ਚੋਣ ਕੀਤੀ ਗਈ। ਨਾਨਕਸ਼ਾਹੀ ਕੈਲੰਡਰ ਵਿੱਚ ***੭ ਕੱਤਕ*** ਹਰ ਸਾਲ 21 ਅਕਤੂਬਰ ਹੀ ਆਵੇਗਾ।
ਗੁਰ ਪ੍ਰਣਾਲੀ 3	ਕੱਤਕ ਸੁਦੀ ੫, ੧੭੬੫	----	----	----	
ਸ਼ੁੱਧ ਗੁਰਪ੍ਰਣਾਲੀ ਸ਼੍ਰੋ.ਗੁ.ਪ੍ਰ. ਕਮੇਟੀ	ਕੱਤਕ ਸੁਦੀ ੫, ੧੭੬੫	੬ ਕੱਤਕ	7 ਅਕਤੂਬਰ 1708	ਵੀਰਵਾਰ	
ਗੁਰਬਾਣੀ ਪਾਠ ਦਰਸ਼ਨ	ਕੱਤਕ ਸੁਦੀ ੫, ੧੭੬੫	----	19 ਨਵੰਬਰ 1708	----	
ਵੈੱਬਸਾਈਟ ਸ਼੍ਰੋ.ਗੁ.ਪ੍ਰ.ਕ.	ਕੱਤਕ ਸੁਦੀ ੫, ੧੭੬੫	੬ ਕੱਤਕ	7 ਅਕਤੂਬਰ 1708	ਵੀਰਵਾਰ	
ਸ਼੍ਰੋ.ਗੁ.ਪ੍ਰ.ਕ. ਡਾਇਰੀ 1991	ਕੱਤਕ ਸੁਦੀ ੫, ੧੭੬੫	----	7 ਅਕਤੂਬਰ 1708	----	
ਸਿੱਖ ਇਤਿਹਾਸ ਸ਼੍ਰੋ.ਗੁ.ਪ੍ਰ. ਕ. (ਪ੍ਰੋ:ਕਰਤਾਰ ਸਿੰਘ)	ਕੱਤਕ ਸੁਦੀ ੫, ੧੭੬੫	੬ ਕੱਤਕ	7 ਅਕਤੂਬਰ 1708	----	
ਭਾਈ ਕਾਨ੍ਹ ਸਿੰਘ ਨਾਭਾ	ਕੱਤਕ ਸੁਦੀ ੫, ੧੭੬੫	੮ ਕੱਤਕ	7 ਅਕਤੂਬਰ 1708	----	
ਸ. ਕਰਮ ਸਿੰਘ ਹਿਸਟੋਰੀਅਨ	ਕੱਤਕ ਸੁਦੀ ੫, ੧੭੬੫	੮ ਕੱਤਕ	7 ਅਕਤੂਬਰ 1708	ਵੀਰਵਾਰ	
ਗਿ. ਸੋਹਨ ਸਿੰਘ ਸੀਤਲ	ਕੱਤਕ ਸੁਦੀ ੫, ੧੭੬੫	੮ ਕੱਤਕ	7 ਅਕਤੂਬਰ 1708	ਵੀਰਵਾਰ	
ਡਾ: ਗੰਡਾ ਸਿੰਘ ਉਰਦੂ ਜੰਤ੍ਰੀ	ਕੱਤਕ ਸੁਦੀ ੫, ੧੭੬੫	੬ ਕੱਤਕ	7 ਅਕਤੂਬਰ 1708	----	
ਪ੍ਰੋ. ਸਾਹਿਬ ਸਿੰਘ	ਕੱਤਕ ਸੁਦੀ ੫, ੧੭੬੫	੬ ਕੱਤਕ	7 ਅਕਤੂਬਰ 1708	----	
ਡਾ: ਹਰੀ ਰਾਮ ਗੁਪਤਾ	---	---	----	----	
ਪ੍ਰਿੰ: ਸਤਬੀਰ ਸਿੰਘ	---	---	7 ਅਕਤੂਬਰ 1708	----	

ਨਾਨਕਸ਼ਾਹੀ ਕੈਲੰਡਰ ਸਬੰਧੀ ਕੁਝ ਸ਼ੰਕਿਆਂ ਦੇ ਉੱਤਰ

ਕਾਫੀ ਲੰਬੇ ਸਮੇਂ ਤੋਂ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕਰਦੇ ਆ ਰਹੇ ਲੈਫਟੀਨੈਂਟ ਕਰਨਲ ਸੁਰਜੀਤ ਸਿੰਘ ਨਿਸ਼ਾਨ ਨੇ ਆਮ ਸੰਗਤ ਵਿਚ ਨਾਨਕਸ਼ਾਹੀ ਕੈਲੰਡਰ ਸਬੰਧੀ ਭਰਮ ਭੁਲੇਖੇ ਪੈਦਾ ਕਰਨ ਲਈ "ਗੁਰਪੁਰਬ ਦਰਪਣ" ਨਾਮ ਹੇਠ ਇੱਕ ਪੁਸਤਕ ਲਿਖੀ ਜਿਸ ਨੂੰ ਦਸੰਬਰ 2016 ਵਿੱਚ ਸੰਤ ਸੇਵਾ ਸਿੰਘ ਰਾਮਪੁਰ ਖੇੜਾ ਵਾਲਿਆਂ ਨੇ ਵੱਡੀ ਗਿਣਤੀ ਵਿੱਚ ਛਪਵਾ ਕੇ ਵੰਡਿਆ। ਕੈਲੰਡਰ ਦੀ ਥੋੜ੍ਹੀ ਬਹੁਤ ਸੂਝ ਰੱਖਣ ਵਾਲਿਆਂ ਲਈ ਕੋਈ ਭੁਲੇਖਾ ਨਹੀਂ ਸੀ ਪਰ ਕਿਉਂਕਿ ਉਹ ਪੁਸਤਕ ਆਮ ਜਨ ਸਾਧਾਰਨ ਦੇ ਹੱਥਾਂ ਵਿੱਚ ਵੀ ਗਈ ਹੈ ਤਾਂ ਹੋ ਸਕਦਾ ਹੈ ਕਿ ਕੈਲੰਡਰ ਵਿਗਿਆਨ ਤੋਂ ਕੋਰੇ ਵਿਦਵਾਨ ਦੀਆਂ ਦਲੀਲਾਂ ਤੋਂ ਪ੍ਰਭਾਵਤ ਹੋ ਕੇ ਨਾਨਕਸ਼ਾਹੀ ਕੈਲੰਡਰ ਦੀਆਂ ਤਾਰੀਖ਼ਾਂ ਸਬੰਧੀ ਕਿਸੇ ਪਾਠਕ ਨੂੰ ਕੁਝ ਸ਼ੰਕੇ ਖੜ੍ਹੇ ਹੋ ਜਾਣ ਜਾਂ ਦੁਬਿਧਾ ਦੇ ਸ਼ਿਕਾਰ ਹੋ ਜਾਣ। ਇਸ ਲਈ ਉਸ ਸ਼ੰਕਾਵਾਦੀ ਵਿਦਵਾਨ ਦੇ ਜਵਾਬ ਇਸ ਪੁਸਤਕ ਵਿੱਚ ਦੇਣੇ ਜਰੂਰੀ ਸਮਝੇ ਗਏ। ਇਨ੍ਹਾਂ ਸ਼ੰਕਿਆਂ ਦੇ ਜਵਾਬ ਕੇਵਲ ਕਰਨਲ ਨਿਸ਼ਾਨ ਲਈ ਹੀ ਨਹੀਂ ਬਲਕਿ ਹਰ ਸਿੱਖ ਲਈ ਖ਼ਾਸ ਕਰਕੇ ਗੁਰਦੁਆਰਿਆਂ ਦੇ ਪ੍ਰਬੰਧਕਾਂ, ਗ੍ਰੰਥੀ ਸਿੰਘਾਂ ਅਤੇ ਪ੍ਰਚਾਰਕਾਂ ਲਈ ਖੁਦ ਪੜ੍ਹਨੇ, ਵੀਚਾਰਨੇ ਅਤੇ ਦੂਸਰਿਆਂ ਨੂੰ ਪੜ੍ਹਾਉਣੇ ਜਰੂਰੀ ਹਨ। ਸਮੂਹ ਜਥੇਬੰਦੀਆਂ, ਪ੍ਰਬੰਧਕਾਂ, ਪ੍ਰਚਾਰਕਾਂ ਅਤੇ ਆਮ ਸਿੱਖ ਸੰਗਤ ਨੂੰ ਬੇਨਤੀ ਹੈ ਕਿ ਇਸ ਪੁਸਤਕ ਨੂੰ ਕੇਵਲ ਗੁਰਪੁਰਬ ਦੀਆਂ ਤਾਰੀਖ਼ਾਂ ਵੇਖਣ ਲਈ ਹੀ ਨਾ ਵਰਤਿਆ ਜਾਵੇ ਸਗੋਂ ਕਰਨਲ ਨਿਸ਼ਾਨ ਵਾਲੇ ਗੁਰਪੁਰਬ ਦਰਪਣ ਦੇ ਬਰਾਬਰ ਰੱਖ ਕੇ ਇਸ ਦੇ ਪਹਿਲੇ ਪੰਨੇ ਤੋਂ ਅਖੀਰਲੇ ਪੰਨੇ ਤੱਕ ਧਿਆਨ ਸਹਿਤ ਪੜ੍ਹਿਆ ਅਤੇ ਵੀਚਾਰਿਆ ਜਰੂਰ ਜਾਵੇ। ਜਿੱਥੇ ਵੀ ਕਿਸੇ ਪਾਠਕ ਨੂੰ ਕਰਨਲ ਨਿਸ਼ਾਨ ਵਾਲੇ 'ਗੁਰਪੁਰਬ ਦਰਪਣ' ਜਾਂ ਇਸ 'ਗੁਰਪੁਰਬ ਨਿਰਣੈ' ਦੀਆ ਤਿੱਥਾਂ/ਤਾਰੀਖ਼ਾਂ ਸਬੰਧੀ ਸ਼ੱਕ ਹੋਵੇ ਤਾਂ ਉਨ੍ਹਾਂ ਵੱਲੋਂ ਜਰੂਰ ਹੀ ਆਪਣੇ ਸ਼ੱਕ ਦੂਰ ਕਰਨ ਲਈ ਦੋਵਾਂ ਲੇਖਕਾਂ ਨਾਲ ਖ਼ੁਦ ਗੱਲ ਕੀਤੀ ਜਾਣੀ ਚਾਹੀਦੀ ਹੈ ਜਾਂ ਸ਼੍ਰੋਮਣੀ ਕਮੇਟੀ ਪ੍ਰਬੰਧਕਾਂ ਅਤੇ ਜਥੇਦਾਰ ਸਾਹਿਬਾਨਾਂ ਦੀ ਹਾਜਰੀ ਵਿੱਚ ਦੋਵਾਂ ਧਿਰਾਂ ਦੀ ਮੀਟਿੰਗ ਕਰਵਾਉਣ ਲਈ ਆਪਣੇ ਤੌਰ 'ਤੇ ਯਤਨਸ਼ੀਲ ਹੋ ਜਾਣਾ ਚਾਹੀਦਾ ਹੈ ਤਾ ਕਿ ਕੈਲੰਡਰ ਦਾ ਇਹ ਵਿਵਾਦਤ ਮੁੱਦਾ ਹੱਲ ਹੋ ਸਕੇ। ਉਮੀਦ ਕਰਦਾ ਹਾਂ ਕਿ ਜੇ ਮੇਰੀ ਇਸ ਬੇਨਤੀ ਦਾ ਅਸਰ ਹੋ ਗਿਆ ਤਾਂ ਨਾਨਕਸ਼ਾਹੀ ਕੈਲੰਡਰ ਦਾ ਮਸਲਾ ਹੱਲ ਹੋਣ ਦੇ ਰਾਹ ਪੈ ਸਕਦਾ ਹੈ। ਆਸ ਹੈ ਕਿ ਸੰਗਤਾਂ ਮੇਰੀ ਬੇਨਤੀ ਪ੍ਰਵਾਨ ਕਰਨਗੀਆਂ।

ਸ਼ੰਕਾ 1 : ਵੈਸਾਖੀ ਨਹੀਂ ਖਿਸਕ ਰਹੀ ਸਗੋਂ ਸਮਰਾਤ ਭਾਵ ਦਿਨ ਰਾਤ ਬਰਾਬਰ ਹੋਣ ਵਾਲਾ ਦਿਨ ਈਕੌਨਿਕਸ (Equinox) 'ਤੇ ਅਧਾਰਤ ਹੋਣ ਕਰਕੇ ਅੰਗਰੇਜ਼ੀ (ਗ੍ਰੈਗੋਰੀਅਨ) ਤਾਰੀਖ਼ਾਂ ਖਿਸਕ ਰਹੀਆਂ ਹਨ। ਵੈਸਾਖੀ ਤਾਂ ਹਮੇਸ਼ਾਂ ਵਾਂਙ ੧ ਵੈਸਾਖ ਨੂੰ ਹੀ ਆ ਰਹੀ ਹੈ ਕਦੇ ੨ ਜਾਂ ੩ ਵੈਸਾਖ ਨੂੰ ਨਹੀਂ ਆਉਂਦੀ।

ਉੱਤਰ : ਕੀ ਬੱਚਿਆਂ ਵਾਲਾ ਜਵਾਬ ਹੈ! ਐਸੇ ਸ਼ੰਕੇ ਖੜ੍ਹੇ ਕਰਨ ਵਾਲੇ ਵਿਦਵਾਨ ਨੇ ਕਦੀ ਇਹ ਨਹੀਂ ਸੋਚਿਆ ਕਿ ਰੁੱਤਾਂ ਵੀ ਤਾਂ ਈਕੌਨਿਕਸ (Equinox) ਦੇ ਅਧਾਰ 'ਤੇ ਹੀ ਬਦਲ ਰਹੀਆਂ ਹਨ। ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਬਸੰਤੀ ਸਮਰਾਤ ਤਕਰੀਬਨ 15/16 ਚੇਤ ਨੂੰ ਆਉਂਦਾ ਸੀ ਅਤੇ ਅੱਜ-ਕੱਲ ੭/੮ ਚੇਤ ਨੂੰ ਭਾਵ 8 ਦਿਨਾਂ ਦਾ ਫ਼ਰਕ ਪੈ ਗਿਆ। ਇਸ ਹਿਸਾਬ ਨਾਲ 2000 ਸਾਲ ਪਿੱਛੋਂ ਇਹ ੭/੮ ਫ਼ੱਗਣ ਹੋ ਜਾਵੇਗੀ ਅਤੇ 4000 ਸਾਲ ਬਾਅਦ ਮਾਘ ਵਿੱਚ ਚਲੀ ਜਾਵੇਗੀ। ਗੁਰਬਾਣੀ ਵਿੱਚ ਦਰਜ ਰੁੱਤੀ ਸਲੋਕ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਚੇਤ ਅਤੇ ਵੈਸਾਖ ਦੋ ਮਹੀਨੇ ਬਸੰਤ ਰੁੱਤ ਦੇ ਲਿਖੇ ਹਨ: **"ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥"** ਪਰ ਜੇ ਇਸੇ ਹਿਸਾਬ ਨਾਲ ਚਲਦਾ ਰਿਹਾ ਤਾਂ 4000 ਸਾਲ ਬਾਅਦ ਬਸੰਤ ਰੁੱਤ ਚੇਤ ਵੈਸਾਖ ਦੀ ਬਜਾਏ ਮਾਘ/ਫ਼ੱਗਣ ਵਿੱਚ ਆਇਆ ਕਰੇਗੀ ਤਾਂ ਕੀ ਉਹ ਰੁੱਤ ਗੁਰਬਾਣੀ ਦੇ ਅਨੁਕੂਲ ਹੋਵੇਗੀ। ਨਾਨਕਸ਼ਾਹੀ ਕੈਲੰਡਰ ਵਿੱਚ ਬਸੰਤੀ ਸਮਰਾਤ ਹਮੇਸ਼ਾਂ ਲਈ ੭/੮ ਚੇਤ ਦੇ ਆਸ ਪਾਸ ਹੀ ਰਹੇਗੀ ਭਾਵ ਰੁੱਤਾਂ ਹਮੇਸ਼ਾਂ ਉਹੀ ਰਹਿਣਗੀਆਂ ਜੋ ਰੁੱਤਾਂ ਅੱਜ-ਕੱਲ੍ਹ ਚੱਲ ਰਹੇ ਮਹੀਨਿਆਂ ਵਿੱਚ ਹੁੰਦੀਆਂ ਹਨ; ਜਦੋਂ ਕਿ ਬਿਕਰਮੀ ਕੈਲੰਡਰ ਰੁੱਤਾਂ ਨਾਲੋਂ ਸਬੰਧ ਤੋੜ ਰਿਹਾ ਹੈ।

ਸ਼ੰਕਾ 2 : ਕਰਨਲ ਨਿਸ਼ਾਨ ਅਨੁਸਾਰ ਨਾਨਕਸ਼ਾਹੀ ਕੈਲੰਡਰ ਰਾਹੀਂ ਇਤਿਹਾਸ ਨੂੰ ਮਿਥਿਹਾਸ ਵਿੱਚ ਤਬਦੀਲ ਕਰਨ ਦਾ ਇੱਕ ਯਤਨ ਹੈ ਕਿਉਂਕਿ ਇਸ ਵਿੱਚ ਕੈਲੰਡਰ ਦੀਆਂ ਤਾਰੀਖ਼ਾਂ ਵਿਗਿਆਨ ਅਨੁਸਾਰ ਨਹੀਂ ਕੱਢੀਆਂ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ ੭, ੨੩ ਪੋਹ ਸੰਮਤ ੧੭੨੩ ਮੁਤਾਬਿਕ 22 ਦਸੰਬਰ 1666 ਜੂਲੀਅਨ/ 1 ਜਨਵਰੀ 1667 ਗਰੈਗੋਰੀਅਨ ਹੈ। ਜੇ ਵਿਗਿਆਨਕ ਤਰੀਕੇ ਨਾਲ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ਼ ਕੱਢੀ ਹੁੰਦੀ ਤਾਂ ਉਹ 1 ਜਨਵਰੀ/ ਨਾਨਕਸ਼ਾਹੀ ਕੈਲੰਡਰ ਦੀ ੧੯ ਪੋਹ ਹੁੰਦੀ ਪਰ ਪੁਰੇਵਾਲ ਨੇ 5 ਜਨਵਰੀ/ ਨਾਨਕਸ਼ਾਹੀ ਕੈਲੰਡਰ ਦੀ ੨੩ ਪੋਹ ਨਿਸਚਿਤ ਕਰ ਦਿੱਤੀ ਇਸ ਤਰ੍ਹਾਂ ਇਸ ਵਿੱਚ 4 ਦਿਨ ਦੀ ਗਲਤੀ ਹੈ।

ਉੱਤਰ : ਐਸਾ ਸਵਾਲ ਕਰਨ ਵਾਲੇ ਸੱਜਣ ਨੂੰ ਜੇ ਕੈਲੰਡਰ ਵਿਗਿਆਨ ਦੀ ਥੋੜ੍ਹੀ ਬਹੁਤ ਵੀ ਸੂਝ ਹੁੰਦੀ ਤਾਂ ਅਜੇਹਾ ਬੇਸਮਝੀ ਵਾਲਾ ਦੋਸ਼ ਭੁੱਲ ਕੇ ਵੀ ਨਾ ਲਾਉਂਦੇ ਕਿਉਂਕਿ ਜੇ ਇਸ ਤਰ੍ਹਾਂ ਤਾਰੀਖ਼ਾਂ ਕੱਢੀਆਂ ਜਾਣ ਤਾਂ ਉਸ ਵੱਲੋਂ ਬਿਕਰਮੀ ਕੈਲੰਡਰ ਦੇ ਸਹਾਰੇ ਉਸਾਰਿਆ ਗਿਆ ਇਤਿਹਾਸ ਦਾ ਹਵਾਈ ਕਿਲਾ ਉਸ ਦੀ ਆਪਣੀ ਹੀ ਇਸ ਗਲਤ ਬਿਆਨੀ ਨਾਲ ਮਿੰਟਾਂ ਸਕਿੰਟਾਂ ਵਿੱਚ ਢਹਿਢੇਰੀ ਹੋ ਜਾਣਾ ਹੈ। ਇਹ ਦੋਸ਼ ਲਾਉਣ ਵਾਲੇ ਵਿਦਵਾਨ ਨੂੰ ਸ਼ਾਇਦ ਇਹ ਵੀ ਨਹੀਂ ਪਤਾ ਕਿ 1964 ਤੱਕ ਪੰਜਾਬ ਵਿੱਚ ਸੂਰਜੀ ਸਿਧਾਂਤ ਵਾਲਾ ਬਿਕਰਮੀ ਕੈਲੰਡਰ ਚਲਦਾ ਸੀ ਜਿਸ ਦੇ ਸਾਲ ਦੀ ਲੰਬਾਈ 365.258756 ਦਿਨ ਸੀ ਪਰ

ਸੰਨ 1964 ਵਿੱਚ ਇਸ ਨੂੰ ਦ੍ਰਿਕ ਗਣਿਤ ਨਾਲ ਸੋਧ ਕੇ ਲਾਗੂ ਕਰ ਦਿੱਤਾ ਜਿਸ ਦੇ ਸਾਲ ਸਾਲ ਦੀ ਲੰਬਾਈ 365.256363 ਦਿਨ ਹੈ। ਦੋਨਾਂ ਦੇ ਸਾਲਾਂ ਵਿੱਚ ਫ਼ਰਕ 365.258756 - 365.256363 = .002393 ਦਿਨ। ਇਸ ਫ਼ਰਕ ਕਾਰਨ ਅੱਜ ਵੀ ਸਾਲ ਵਿੱਚ 3 ਤੋਂ 6 ਮਹੀਨਿਆਂ ਦੀਆਂ ਸੰਗਰਾਂਦਾਂ ਵਿੱਚ ਇੱਕ ਦਿਨ ਦਾ ਫ਼ਰਕ ਹੁੰਦਾ ਹੈ। ਜੇ ਕਰਨਲ ਨਿਸ਼ਾਨ ਦੇ ਦੱਸੇ ਫ਼ਾਰਮੂਲੇ ਅਨੁਸਾਰ ਤਾਰੀਖ਼ਾਂ ਕੱਢੀਆਂ ਜਾਣ ਤਾਂ 1469 ਵਿੱਚ ਕੇਵਲ ਕੱਤਕ ਦੇ ਮਹੀਨੇ ਨੂੰ ਛੱਡ ਕੇ ਬਾਕੀ ਸਾਰੇ ਮਹੀਨਿਆਂ ਦੀਆਂ ਸੂਰਜੀ ਸਿਧਾਂਤ ਵਾਲੇ ਕੈਲੰਡਰ ਦੀਆਂ ਸੰਗਰਾਂਦਾਂ ਦ੍ਰਿਕ ਗਣਿਤ ਵਾਲੇ ਕੈਲੰਡਰ ਨਾਲੋਂ 1-1 ਦਿਨ ਪਹਿਲਾਂ ਅਉਣਗੀਆਂ ਜਿਸ ਸਦਕਾ 92% ਤਾਰੀਖ਼ਾਂ ਵਿੱਚ ਇੱਕ ਇੱਕ ਦਿਨ ਦਾ ਫ਼ਰਕ ਪੈ ਜਾਵੇਗਾ। 2020 ਵਿੱਚ 6 ਮਹੀਨਿਆਂ (ਮਾਘ, ਹਾੜ, ਭਾਦੋਂ, ਅੱਸੂ, ਮੱਘਰ ਅਤੇ ਪੋਹ) ਦੀਆਂ ਸੰਗਰਾਂਦਾਂ ਵਿੱਚ 1-1 ਦਿਨ ਦਾ ਫ਼ਰਕ ਹੋਣ ਕਰਕੇ 50% ਗਲਤ ਸਨ ਅਤੇ ਸੰਨ 3000 ਵਿੱਚ ਸਾਰੀਆਂ ਹੀ ਸੂਰਜੀ ਸਿਧਾਂਤ ਦੀਆਂ ਸੰਗਰਾਂਦਾਂ ਦ੍ਰਿਕ ਗਣਿਤ ਨਾਲੋਂ 3 ਦਿਨ ਬਾਅਦ ਵਿੱਚ ਆਉਣ ਕਰਕੇ 100% ਤਾਰੀਖ਼ਾਂ 4 ਦਿਨਾਂ ਦੇ ਫ਼ਰਕ ਨਾਲ ਗਲਤ ਹੋ ਜਾਣਗੀਆਂ। ਇਸੇ ਹੀ ਤਰ੍ਹਾਂ ਜੂਲੀਅਨ ਕੈਲੰਡਰ ਅਤੇ ਗ੍ਰੈਗੋਰੀਅਨ ਕੈਲੰਡਰ ਵਿੱਚ 1469 ਵਿੱਚ 9 ਦਿਨਾਂ ਦਾ ਫ਼ਰਕ ਸੀ, 1752 'ਚ 10 ਦਿਨਾਂ ਦਾ ਅੱਜ 13 ਦਿਨਾਂ ਦਾ ਅਤੇ ਸੰਨ 3000 ਵਿੱਚ 21 ਦਿਨਾਂ ਦਾ ਫ਼ਰਕ ਹੋਵੇਗਾ। ਜਿਵੇਂ ਕਿ ਹੇਠਾਂ ਬਣਾਈ ਸਾਰਣੀ ਤੋਂ ਸਪਸ਼ਟ ਹੈ:

ਇਸ ਸਾਰਣੀ ਤੋਂ ਨਿਸ਼ਾਨ ਜੀ ਨੂੰ ਸਮਝ ਆ ਜਾਣੀ ਚਾਹੀਦੀ ਹੈ ਕਿ ਜੇ 1964 ਵਿੱਚ ਹਿੰਦੂਆਂ ਵੱਲੋਂ ਸੂਰਜੀ ਸਿਧਾਂਤ ਦੀ ਬਜਾਏ ਦ੍ਰਿਕ ਗਣਿਤ ਸਿਧਾਂਤ ਲਾਗੂ ਕੀਤੇ ਜਾਣ ਉਪ੍ਰੰਤ ਇਸ ਦੇ (ਮਨੋਕਲਪਿਤ) ਵਿਗਿਆਨਕ ਤਰੀਕੇ ਨਾਲ ਗੁਰਪੁਰਬਾਂ ਵਿੱਚ ਸੋਧ ਲਗਾ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਨਿਸਚਿਤ ਕੀਤਾ ਜਾਵੇ ਤਾਂ ੨੩ ਪੋਹ ਦੀ ਬਜਾਏ ੨੨ ਪੋਹ ਕਰਨਾ ਪਏਗਾ ਪਰ ਇਸ ਤਰ੍ਹਾਂ ਕਦੀ ਨਹੀਂ ਹੁੰਦਾ ਕਿਉਂਕਿ ਜੇ ਕੈਲੰਡਰ ਵਿੱਚ ਹਰ ਸੋਧ ਕਰਨ ਸਮੇਂ ਪਿਛਲੀਆਂ ਸਾਰੀਆਂ ਇਤਿਹਾਸਕ ਤਾਰੀਖ਼ਾਂ ਸੋਧੀਆਂ ਜਾਣ ਤਾਂ ਪਿਛਲਾ ਸਾਰੇ ਇਤਿਹਾਸ ਵਿੱਚ ਗੜਬੜ ਪੈਦਾ ਹੋ ਜਾਵੇਗੀ। ਸੋਧ ਸਮੇਂ ਕੇਵਲ ਸੋਧ ਤੋਂ ਬਾਅਦ ਦੀਆਂ ਤਾਰੀਖ਼ਾਂ 'ਤੇ ਲਾਗੂ ਹੁੰਦੀ ਹੈ ਸੋਧ ਤੋਂ ਪਹਿਲੀਆਂ 'ਤੇ ਨਹੀਂ। ਜੇ ਕਿਸੇ ਨੇ ਪਿਛਲੇ ਸਮੇਂ ਦੀਆਂ ਤਾਰੀਖ਼ਾਂ ਦੀ ਪੜਤਾਲ ਕਰਨੀ ਹੋਵੇ ਤਾਂ ਉਸ ਸਮੇਂ ਲਾਗੂ ਕੈਲੰਡਰ ਦੇ ਨਿਯਮਾਂ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ।

3000 ਈਸਵੀ ਦੇ ਸਾਰੇ ਸਾਲ ਦੀਆਂ ਸਾਰੀਆਂ ਤਾਰੀਖ਼ਾਂ ਵੇਖਣ ਲਈ ਸ: ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕੀਤੀ 3000 ਸਾਲ ਦੀ ਜੰਤਰੀ ਦਾ ਪੰਨਾਂ ਇਸ ਪੁਸਤਕ ਦੇ ਪੰਨਾ 107-108 'ਤੇ ਛਾਪਿਆ ਗਿਆ ਹੈ। ਉਸ ਦੇ ਆਧਾਰ 'ਤੇ ਪੰਨਾ ਨੰ: 106 ਉੱਪਰ ਬਣਾਈ ਸਾਰਣੀ 'ਚੋਂ ਕੋਈ ਵੀ ਵਿਅਕਤੀ ਵੇਖ ਸਕਦਾ ਹੈ ਕਿ ਉਸ ਸਾਲ ਬਿਕਰਮੀ ਕੈਲੰਡਰ ਦੀਆਂ ਸੰਗਰਾਂਦਾਂ ਤੇ ਗੁਰਪੁਰਬਾਂ ਵਿਚ ਹੁਣ ਨਾਲੋਂ ਕਿੰਨਾ ਫ਼ਰਕ ਪੈ ਜਾਵੇਗਾ; ਪਰ ਕਰਨਲ ਨਿਸ਼ਾਨ ਜੀ ਨੇ ਹਮੇਸ਼ਾਂ ਲਈ 10 ਦਿਨ ਜੋੜਨ ਦਾ ਫ਼ਾਰਮੂਲਾ ਪਤਾ ਨਹੀਂ ਕਿਥੋਂ ਸਿੱਖਿਆ ਹੈ ਜਿਸ ਦੇ ਆਸਰੇ ਆਪਣੇ ਆਪ ਨੂੰ ਵਿਦਵਾਨ ਅਖਵਾ ਰਿਹਾ ਹੈ? ਜੇ ਇਸ ਵਿਦਵਾਨ ਜੀ ਨੂੰ ਪੁੱਛਿਆ ਜਾਵੇ ਕਿ ਜਦ 1964 ਵਿੱਚ ਬਿਕਰਮੀ ਕੈਲੰਡਰ ਵਿੱਚ ਸੋਧ ਲਾਈ ਗਈ ਸੀ ਤਾਂ ਕੀ ਉਸ ਵੇਲੇ ਗੁਰ ਪੁਰਬਾਂ ਤੇ ਹੋਰ ਇਤਿਹਾਸਕ ਤਾਰੀਖ਼ਾਂ ਦੀਆਂ ਇਸ ਮੁਤਾਬਿਕ ਵਿਗਿਆਨਕ ਤਰੀਕੇ ਨਾਲ ਸੋਧਾਂ ਲਾਈਆਂ ਗਈਆਂ ਸਨ? ਸ਼ਾਇਦ ਇਹ ਕੋਈ ਵੀ ਜਵਾਬ ਨਾ ਦੇ ਸਕਣ ਕਿਉਂਕਿ ਇਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਬਿਕਰਮੀ ਕੈਲੰਡਰ ਵਿੱਚ ਕੋਈ ਸੋਧ ਲਾਈ ਵੀ ਗਈ ਸੀ ਜਾਂ ਨਹੀਂ? ਜੇ ਪਤਾ ਹੁੰਦਾ ਤਾਂ ਇਹ ਕਦੀ ਵੀ 1964 ਤੋਂ ਪਹਿਲਾਂ ਚੱਲ ਰਹੇ ਸੂਰਜੀ ਸਿਧਾਂਤ ਵਾਲੀ ਪੁਸਤਕ ਕੈਲੰਡਰੀਕਲ ਟੈਬੂਲੇਸ਼ਨ (Calendrical Tabulation 1900-2200 written by Edward M. Reingold & Nachum Dershowitz) ਜਾਂ ਇਸ ਦੇ ਅਧਾਰਤ ਬਣੇ ਸਾਫਟਵੇਅਰ

ਸੂਰਜੀ ਸਿਧਾਂਤ	ਦ੍ਰਿਕ ਗਣਿਤ	ਫ਼ਰਕ	ਦਿਨ	ਜੂਲੀਅਨ	ਗ੍ਰੈਗੋਰੀਅਨ	ਫ਼ਰਕ
੧ ਵੈਸਾਖ ਸੰਮਤ ੧੫੨੬	੩੧ ਚੇਤ ਸੰਮਤ ੧੫੨੫	-੧	ਸੋਮਵਾਰ	27 ਮਾਰਚ 1469	05 ਅਪ੍ਰੈਲ 1469	+9
੧ ਵੈਸਾਖ ਸੰਮਤ ੨੦੭੮	੧ ਵੈਸਾਖ ਸੰਮਤ ੨੦੭੮	੦	ਮੰਗਲਵਾਰ	31 ਮਾਰਚ 2021	13 ਅਪ੍ਰੈਲ 2021	+13
੧ ਵੈਸਾਖ ਸੰਮਤ ੩੦੫੭	੪ ਵੈਸਾਖ ਸੰਮਤ ੩੦੫੭	+੩	ਬੁੱਧਵਾਰ	09 ਅਪ੍ਰੈਲ 3000	30 ਅਪ੍ਰੈਲ 3000	+21
੧ ਕੱਤਕ ਸੰਮਤ ੧੫੨੬	੧ ਕੱਤਕ ਸੰਮਤ ੧੫੨੬	੦	ਸ਼ਨੀਵਾਰ	30 ਸਤੰਬਰ 1469	9 ਅਕਤੂਬਰ 1469	+9
੧ ਕੱਤਕ ਸੰਮਤ੨੦੭੮	੧ ਕੱਤਕ ਸੰਮਤ੨੦੭੮	੦	ਐਤਵਾਰ	04 ਅਕਤੂਬਰ 2021	17 ਅਕਤੂਬਰ 2021	+13
੧ ਕੱਤਕ ਸੰਮਤ ੩੦੫੭	੪ ਕੱਤਕ ਸੰਮਤ ੩੦੫੭	+੩	ਸੋਮਵਾਰ	13 ਅਕਤੂਬਰ 3000	03 ਨਵੰਬਰ 3000	+21
੧ ਪੋਹ ਸੰਮਤ ੧੫੨੬	੩੦ ਮੱਘਰ ਸੰਮਤ੧੫੨੬	-੧	ਮੰਗਲਵਾਰ	28 ਨਵੰਬਰ 3000	07 ਦਸੰਬਰ 1469	+9
੧ ਪੋਹ ਸੰਮਤ ੨੦੭੮	੨ ਪੋਹ ਸੰਮਤ ੨੦੭੮	+੧	ਵੀਰਵਾਰ	03 ਦਸੰਬਰ 2021	16 ਦਸੰਬਰ 2021	+13
੧ ਪੋਹ ਸੰਮਤ ੩੦੫੬	੪ ਪੋਹ ਸੰਮਤ ੩੦੫੬	+੩	ਬੁੱਧਵਾਰ	11 ਦਸੰਬਰ 3000	01 ਜਨਵਰੀ 3000	+21

ਦੀ ਵਰਤੋਂ ਕਰਕੇ ਗਲਤੀਆਂ ਭਰਪੂਰ ਆਪਣੀ ਪੁਸਤਕ ਗੁਰਪੁਰਬ ਦਰਪਣ ਨਾ ਛਪਵਾਉਂਦੇ। ਚਲੋ ਜੇ ਪਹਿਲਾਂ ਨਹੀਂ ਸੀ ਪਤਾ ਤਾਂ ਹੁਣ ਹੀ ਸੂਰਜੀ ਸਿਧਾਂਤ ਵਾਲੀਆਂ ਸਾਰੀਆਂ ਤਾਰੀਖ਼ਾਂ ਸੋਧ ਕੇ ਦ੍ਰਿਕ ਗਣਿਤ ਸਿਧਾਂਤ ਵਾਲੀਆਂ ਲਿਖ ਕੇ ਵਿਖਾ ਦੇਣ।

ਇਸ ਵਿਦਵਾਨ ਅਤੇ ਪਾਠਕਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਸੰਮਤ ੧੭੦੦ ਵਿੱਚ ਸੂਰਜੀ ਸਿਧਾਂਤ ਅਨੁਸਾਰ ਚੇਤ ਦੇ ਦੋ ਮਹੀਨੇ ਸਨ ਅਤੇ ਦ੍ਰਿਕ ਗਣਿਤ ਸਿਧਾਂਤ ਅਨੁਸਾਰ ਫ਼ੱਗਣ ਦੇ ਦੋ ਮਹੀਨੇ ਸਨ ਇਸ ਲਈ ੬ ਚੇਤ ਸੰਮਤ ੧੭੦੦, ਦਿਨ ਐਤਵਾਰ, ਨਛੱਤਰ ਕ੍ਰਿਤਿਕਾ, 3 ਮਾਰਚ 1644 ਜੂਲੀਅਨ ਨੂੰ ਜਦੋਂ ਛੇਵੇਂ ਪਾਤਸ਼ਾਹ ਜੋਤੀ ਜੋਤ ਸਮਾਏ ਸਨ ਤਾਂ ਉਸ ਦਿਨ ਸੂਰਜੀ ਸਿਧਾਂਤ ਵਾਲੇ ਕੈਲੰਡਰ ਵਿੱਚ (ਅਧਿੱਕ= ਮਲਮਾਸ) ਚੇਤ ਸੁਦੀ ੫ ਸੰਮਤ ੧੭੦੧ ਸੀ ਅਤੇ ਦ੍ਰਿਕ ਗਣਿਤ ਵਾਲੇ ਕੈਲੰਡਰ ਵਿੱਚ ਫ਼ੱਗਣ ਸੁਦੀ ੫ ਸੰਮਤ ੧੭੦੦ ਸੀ। ਜਿਹੜੇ ਵਿਦਵਾਨ ਸੁਦੀ ਵਦੀਆਂ ਨੂੰ "ਸਭ ਤੋਂ ਸ਼ੁਧ ਅਤੇ ਕੁਦਰਤੀ ਕੈਲੰਡਰ" ਮੰਨਦੇ ਹਨ ਉਨ੍ਹਾਂ ਅਨੁਸਾਰ "ਮਨੁੱਖ ਉਸ ਵਿੱਚ ਕੋਈ ਤਬਦੀਲੀ ਨਹੀ ਕਰ ਸਕਦਾ" ਉਸੇ ਵਿਦਵਾਨ ਸੱਜਨ ਨੇ ਆਪਣੀ ਪੁਸਤਕ ਗੁਰਪੁਰਬ ਦਰਪਣ ਵਿੱਚ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਜੋਤੀ ਜੋਤ ਪੁਰਬ ਚੇਤ ਸੁਦੀ ੫ ਹੀ ਦਰਜ ਕੀਤਾ ਹੈ ਜਦੋਂ ਕਿ ਇਸ ਵਾਲੇ ਵਿਗਿਆਨਕ ਤਰੀਕੇ ਅਨੁਸਾਰ ਸੋਧ ਲਗਾਈ ਗਈ ਹੁੰਦੀ ਤਾਂ ਅੱਜਕੱਲ ਚੱਲ ਰਹੇ ਦ੍ਰਿਕ ਗਣਿਤ ਵਾਲੇ ਕੈਲੰਡਰ ਵਿੱਚ ਫ਼ੱਗਣ ਸੁਦੀ ੫ ਚਾਹੀਦਾ ਸੀ। ਭਾਵ ਪੂਰੇ ਇੱਕ ਮਹੀਨੇ ਦਾ ਫ਼ਰਕ।

ਇਸੇ ਤਰ੍ਹਾਂ ਇਸ ਨੇ ਆਪਣੀ ਪੁਸਤਕ ਗੁਰਪੁਰਬ ਦਰਪਣ ਵਿੱਚ ਸਤਵੇਂ ਪਾਤਸ਼ਾਹ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਗੱਦੀ ਪੁਰਬ ਚੇਤ ਵਦੀ ੧੩, ੨੯ ਫ਼ੱਗਣ ਸੰਮਤ ੧੭੦੦; 25 ਫ਼ਰਵਰੀ 1644 ਜੂਲੀਅਨ/ 6 ਮਾਰਚ 1644 ਗ੍ਰੈਗੋਰੀਅਨ ਦਰਜ ਕੀਤਾ ਹੈ; ਇਹ ਤਾਰੀਖ਼ਾਂ ਸੂਰਜੀ ਸਿਧਾਂਤ ਵਾਲੇ ਬਿਕਰਮੀ ਕੈਲੰਡਰ ਦੀਆਂ ਹਨ ਜਦੋਂ ਕਿ ਦ੍ਰਿਕ ਗਣਿਤ ਸਿਧਾਂਤ ਜਿਹੜਾ ਕਿ ਅੱਜ-ਕੱਲ੍ਹ ਚੱਲ ਰਿਹਾ ਹੈ ਉਸ ਮੁਤਾਬਿਕ ਤਾਂ ਉਸ ਦਿਨ (ਅਧਿਕ) ਫ਼ੱਗਣ ਵਦੀ 12 ਸੀ ਭਾਵ ਇੱਥੇ ਵੀ ਪੂਰੇ ਇੱਕ ਮਹੀਨੇ ਦਾ ਫ਼ਰਕ ਹੈ। ਜਦੋਂ ਕਿ ਨਾਨਕਸ਼ਾਹੀ ਕੈਲੰਡਰ ਵਿੱਚ ਕੁਝ ਤਾਰੀਖ਼ਾਂ ਦਾ ਕੇਵਲ 1 ਜਾਂ 2 ਦਿਨਾਂ ਦਾ ਫ਼ਰਕ ਹੈ ਕਿਉਂਕਿ ਅੱਜ-ਕੱਲ੍ਹ ਬਿਕਰਮੀ ਸੰਮਤ ਦੀ ੨੩ ਪੋਹ 7 ਜਨਵਰੀ ਨੂੰ ਆਉਂਦੀ ਹੈ ਪਰ ਨਾਨਕਸ਼ਾਹੀ ਕੈਲੰਡਰ ਦੀ ੨੩ ਪੋਹ ਨੂੰ 5 ਜਨਵਰੀ ਆਉਂਦੀ ਹੈ। ਇਹ ਕੇਵਲ ਇਸ ਕਾਰਨ ਹੈ ਕਿਉਂਕਿ ਬਿਕਰਮੀ ਕੈਲੰਡਰ ਵਿੱਚ ਤਾਂ ਮਹੀਨੇ 32-32 ਦਿਨਾਂ ਦੇ ਵੀ ਆ ਜਾਂਦੇ ਹਨ ਅਤੇ 29-29 ਦਿਨਾਂ ਦੇ ਵੀ ਆਉਂਦੇ ਹਨ ਜਦੋਂ ਕਿ ਨਾਨਕਸ਼ਾਹੀ ਕੈਲੰਡਰ ਦੇ ਸਾਰੇ ਮਹੀਨੇ 30 ਜਾਂ 31 ਦਿਨਾਂ ਦੇ ਹੀ ਹਨ। ਇਨ੍ਹਾਂ 1 ਜਾਂ ਦੋ ਦਿਨਾਂ ਦੇ ਫ਼ਰਕ ਨੂੰ ਇਸ ਨੇ ਗ੍ਰੈਗੋਰੀਅਨ ਕੈਲੰਡਰ ਜਿਸ ਦੇ ਸਾਲ ਦੀ ਲੰਬਾਈ ਬਿਕਰਮੀ ਕੈਲੰਡਰ ਨਾਲੋਂ 365.258756 - 365.242196 = 0.01656 ਦਿਨ ਘੱਟ ਹੈ; ਦੇ ਪੈਮਾਨੇ ਨਾਲ ਮਿਣ ਕੇ 4 ਤੋਂ 7 ਦਿਨ ਦਾ ਫ਼ਰਕ ਬਣਾ ਦਿੱਤਾ ਭਾਵ ਹੁਣ ਇਸ ਨੂੰ ਚੇਤਾ ਨਹੀਂ ਆਇਆ ਕਿ ਉਹ ਮੀਲਾਂ ਨੂੰ ਕਿਲੋਮੀਟਰ ਦੇ ਪੈਮਾਨੇ ਨਾਲ ਮਿਣ ਰਿਹਾ ਹੈ ਜਾਂ ਅਮਰੀਕਨ ਡਾਲਰ ਅਤੇ ਕਨੇਡੀਅਨ ਡਾਲਰ ਨੂੰ ਇੱਕ ਸਮਾਨ ਸਮਝ ਰਿਹਾ ਹੈ।

ਐਨਾ ਕੁਝ ਲਿਖਣ ਅਤੇ ਸਾਰੇ ਗੁਰ ਪੁਰਬਾਂ ਵਿੱਚੋਂ ਮਿਸਾਲ ਦੇ ਤੌਰ 'ਤੇ ਕੇਵਲ ਦੋ ਗੁਰ ਪੁਰਬਾਂ ਦਾ ਵੇਰਵਾ ਦੇਣ ਦਾ ਮੇਰਾ ਭਾਵ ਸਿਰਫ ਇਤਨਾ ਹੀ ਹੈ ਕਿ ਇਸ ਵਿਦਵਾਨ ਅਤੇ ਇਸ ਵਿਦਵਾਨ ਵੱਲੋਂ ਗੁਮਰਾਹ ਕੀਤੀ ਸੰਗਤ ਅਤੇ ਪ੍ਰਬੰਧਕਾਂ ਦੀ ਸੇਵਾ ਵਿੱਚ ਨਿਮ੍ਰਤਾ ਸਹਿਤ ਦੱਸਿਆ ਜਾ ਸਕੇ ਕਿ ਕੈਲੰਡਰ ਸੋਧ ਦੇ ਅੰਤਰਾਸ਼ਟਰੀ ਨਿਯਮਾਂ ਅਨੁਸਾਰ ਸੋਧ ਨਿਯਮ ਹਮੇਸ਼ਾਂ ਸੋਧ ਵਾਲੀ ਤਾਰੀਖ਼ ਤੋਂ ਬਾਅਦ 'ਚ ਆਉਣ ਵਾਲੀਆਂ ਤਾਰੀਖ਼ਾਂ 'ਤੇ ਹੀ ਲਾਗੂ ਹੁੰਦੇ ਹਨ; ਸੋਧ ਲਾਗੂ ਹੋਣ ਦੀ ਤਾਰੀਖ਼ ਤੋਂ ਪਹਿਲੀਆਂ ਤਾਰੀਖ਼ਾਂ ਜਿਉਂ ਦੀਆਂ ਤਿਉਂ ਰਹਿੰਦੀਆਂ ਹਨ; ਉਨ੍ਹਾਂ 'ਤੇ ਉਸ ਸੋਧ ਦਾ ਕੋਈ ਅਸਰ ਨਹੀਂ ਹੁੰਦਾ। ਇਸੇ ਕਾਰਨ 1964 ਵਿੱਚ ਬਿਕਰਮੀ ਕੈਲੰਡਰ ਦੀ ਸੋਧ ਉਪ੍ਰੰਤ ਪਿਛਲੀਆਂ ਤਾਰੀਖ਼ਾਂ ਜਿਉਂ ਦੀਆਂ ਤਿਉਂ ਰੱਖੀਆਂ ਗਈਆਂ ਜਿਵੇਂ ਕਿ ਉਕਤ ਉਦਾਹਰਣ ਵਿੱਚ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਜੋਤੀ ਜੋਤ ਪੁਰਬ ਚੇਤ ਸੁਦੀ ੫ ਦੀ ਥਾਂ ਫ਼ੱਗਣ ਸੁਦੀ ੫ ਨਹੀਂ ਕੀਤਾ; ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਗੱਦੀ ਪੁਰਬ ਚੇਤ ਵਦੀ ੧੩ ਦੀ ਥਾਂ ਫ਼ੱਗਣ ਵਦੀ ੧੨ ਨਹੀਂ ਕੀਤਾ। ਜੂਲੀਅਨ ਕੈਲੰਡਰ ਵਿੱਚ 1582 'ਚ ਸੋਧ ਕਰਨ ਵਾਲਿਆਂ ਨੇ ਹਜ਼ਰਤ ਈਸਾ ਮਸੀਹ ਦਾ ਜਨਮ ਦਿਨ ਪਹਿਲਾਂ ਦੀ ਤਰ੍ਹਾਂ 25 ਦਸੰਬਰ ਹੀ ਰੱਖਿਆ ਅਤੇ ਇਹ ਸੋਧ 1752 ਵਿੱਚ ਲਾਗੂ ਕਰਨ ਵਾਲਿਆਂ ਨੇ ਵੀ 25 ਦਸੰਬਰ ਹੀ ਰੱਖਿਆ ਅਤੇ ਇਸੇ ਤਰ੍ਹਾਂ ਹੋਰ ਇਤਿਹਾਸਕ ਤਾਰੀਖ਼ਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਿਉਂ ਦੀਆਂ ਤਿਉਂ ਹੀ ਰੱਖੀਆਂ। ਅੰਗਰੇਜਾਂ ਵੱਲੋਂ ਲਿਖਾਇਆ ਸਿੱਖ ਇਤਹਿਹਾਸ ਇਸ ਦੀ ਮਿਸਾਲ ਹੈ ਕਿ ਉਨ੍ਹਾਂ ਨੇ 1752 ਤੋਂ ਪਹਿਲਾਂ ਦੀਆਂ ਤਾਰੀਖ਼ਾਂ ਵਿੱਚ 10 ਜਾਂ 11 ਦਿਨ ਜੋੜਨ ਦੇ ਫ਼ਾਰਮੂਲੇ ਨਾਲ ਸੋਧ ਕੇ ਨਹੀਂ ਲਿਖੀਆਂ ਕਿਉਂਕਿ ਇਸ ਨਾਲ ਪੁਰਾਤਨ ਲਿਖੇ ਇਤਿਹਾਸ ਵਿੱਚ ਬਹੁਤ ਪੇਚੀਦਗੀਆਂ ਪੈਦਾ ਹੋ ਜਾਂਦੀਆਂ ਹਨ। ਸੋ ਇਨ੍ਹਾਂ ਨਿਯਮਾਂ ਨੂੰ ਸਮਝਣ ਵਾਲਾ ਕੋਈ ਵੀ ਵਿਅਕਤੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ੨੩ ਪੋਹ ਦੀ ਬਜਾਏ ੧੯ ਪੋਹ ਨਿਸਚਤ ਕਰਨ ਦੀ ਸਲਾਹ ਦੇਣ ਵਾਲੇ ਦੇ ਗਿਆਨ ਨੂੰ ਭਲੀ ਭਾਂਤ ਸਮਝ ਸਕਦਾ ਹੈ।

ਵਿਗਿਆਨ ਅਨੁਸਾਰ ਤਾਰੀਖ਼ਾਂ ਕੱਢਣ ਦੇ ਮਾਹਿਰ ਅਖਵਾਉਣ ਵਾਲੇ ਅਤੇ ਇਤਿਹਾਸ ਦੀ ਚਿੰਤਾ ਕਰਨ ਵਾਲੇ ਇਸ ਵਿਦਵਾਨ ਦੇ ਝੂਠ ਨੂੰ ਨੰਗਾ ਕਰਨ ਲਈ ਹੇਠਾਂ ਉਦਾਹਰਣਾਂ ਦਿੱਤੀਆਂ ਜਾ ਰਹੀਆਂ ਹਨ:

(ੳ) ਨਾਨਕਸ਼ਾਹੀ ਸੰਮਤ ੫੫੩ ਵਿੱਚ ਆਉਣ ਵਾਲਾ ਭਗਤ ਨਾਮਦੇਵ ਜੀ ਦਾ ਆਗਮਨ ਪੁਰਬ ਇਨ੍ਹਾਂ ਨੇ ਆਪਣੀ ਪੁਸਤਕ ਗੁਰਪੁਰਬ ਦਰਪਣ' ਵਿੱਚ ਕੱਤਕ ਸੁਦੀ ੧੧, 15 ਨਵੰਬਰ 2021 ਦਿਨ ਸੋਮਵਾਰ ਲਿਖਿਆ ਹੈ ਜੋ ਕਿ ਸੂਰਜੀ ਸਿਧਾਂਤ ਅਨੁਸਾਰ ਹੈ ਜਦੋਂ ਕਿ ਸੂਰਜੀ ਸਿਧਾਂਤ

ਨੂੰ 1964 ਵਿੱਚ ਛੱਡ ਕੇ ਦ੍ਰਿਕ ਗਣਿਤ ਅਪਨਾ ਲਿਆ ਗਿਆ ਸੀ ਜਿਸ ਮੁਤਾਬਿਕ ਕੱਤਕ ਸੁਦੀ ੧੧, 14 ਨਵੰਬਰ ਦਿਨ ਐਤਵਾਰ ਨੂੰ ਹੈ। ਹੁਣ ਤੱਕ ਜੰਤਰੀਆਂ ਛਪ ਚੁੱਕੀਆਂ ਹਨ, ਇਹ ਚੈੱਕ ਕਰ ਸਕਦੇ ਹਨ।

(ਅ) ਨਾਨਕਸ਼ਾਹੀ ਸੰਮਤ ੫੬੨ ਵਿੱਚ ਆਉਣ ਵਾਲਾ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਇਸ ਨੇ ਆਪਣੀ ਪੁਸਤਕ ਗੁਰਪੁਰਬ ਦਰਪਣ ਵਿੱਚ ਪੋਹ ਸੁਦੀ ੭, 31 ਦਸੰਬਰ 2030 ਦਿਨ ਮੰਗਲਵਾਰ ਲਿਖਿਆ ਹੈ ਜੋ ਕਿ ਸੂਰਜੀ ਸਿਧਾਂਤ ਅਨੁਸਾਰ ਹੈ ਜਦੋਂ ਕਿ ਸੂਰਜੀ ਸਿਧਾਂਤ ਨੂੰ 1964 ਵਿੱਚ ਛੱਡ ਕੇ ਦ੍ਰਿਕ ਗਣਿਤ ਅਪਨਾ ਲਿਆ ਗਿਆ ਸੀ ਜਿਸ ਅਨੁਸਾਰ ਪੋਹ ਸੁਦੀ ੭ ਸੰਮਤ ੨੦੮੭ ਨੂੰ 30 ਦਸੰਬਰ ਦਿਨ ਸੋਮਵਾਰ ਚਾਹੀਦਾ ਹੈ। ਇਸ ਦੀ ਤਸਦੀਕ ਪਾਠਕ ਜਨ ਭੂਮਿਕਾ ਵਿੱਚ ਦੱਸੇ ਕੈਲਕੂਲੇਟਰ ਨਾਲ ਚੈੱਕ ਕਰ ਕੇ ਵੇਖ ਸਕਦੇ ਹਨ। ਇਹ ਦੋ ਉਦਾਹਰਣਾਂ ਸਿਰਫ ਇਨ੍ਹਾਂ ਦਾ ਵਿਗਿਆਨਕ ਤਰੀਕਾ ਚੈੱਕ ਕਰਨ ਵਾਸਤੇ ਹਨ ਵਰਨਾ ਹੋਰ ਚੈੱਕ ਕਰ ਕੇ ਵੇਖੇ ਜਾਣ ਤਾਂ ਅਨੇਕਾਂ ਹੋਰ ਗਲਤੀਆਂ ਸਾਮ੍ਹਣੇ ਆਉਣਗੀਆਂ। ਇਨ੍ਹਾਂ ਦੋਵਾਂ ਉਦਾਹਰਣਾਂ ਨੇ ਨਿਸ਼ਾਨ ਦਾ ਇਹ ਝੂਠ ਵੀ ਨੰਗਾ ਕਰ ਦਿੱਤਾ ਹੈ ਕਿ ਇਹ ਕੈਲਕੂਲੇਸ਼ਨਾਂ ਉਸ ਨੇ ਖ਼ੁਦ ਕੀਤੀਆਂ ਹਨ ਜਦੋਂ ਕਿ ਇਨ੍ਹਾਂ ਉਦਾਹਰਣਾਂ ਨੇ ਸਿੱਧ ਕਰ ਦਿੱਤ ਹੈ ਕਿ ਇਸ ਨੇ ਸੂਰਜੀ ਸਿਧਾਂਤ ਦੇ ਅਧਾਰਤ ਪੁਰਾਣੀ ਛਪੀ ਪੁਸਤਕ "ਕੈਲੰਡਰੀਕਲ ਟੈਬੂਲੇਸ਼ਨ" ਚੋਂ ਨਕਲ ਮਾਰ ਕੇ ਸਾਰੀਆਂ ਤਾਰੀਖ਼ਾਂ ਲਿਖੀਆਂ ਹਨ।

(ੲ) ਇਸ ਦੇ ਝੂਠ ਨੂੰ ਨੰਗਾ ਕਰਦੀ ਤੀਸਰੀ ਉਦਾਹਰਣ ਇਹ ਹੈ ਕਿ ਇਸ ਨੇ ਆਪਣੀ ਪੁਸਤਕ "ਗੁਰਪੁਰਬ ਦਰਪਣ" ਵਿੱਚ ਵੈਸਾਖੀ ਭਗਤ ਧੰਨਾ ਜੀ ਦਾ ਪ੍ਰਕਾਸ਼ ਦਿਹਾੜਾ, ਸਰਹਿੰਦ ਫ਼ਤਹਿ ਦਿਵਸ, ਛੋਟਾ ਤੇ ਵੱਡਾ ਘੱਲੂਘਾਰਾ, ਸਾਹਿਬਜ਼ਾਦਿਆਂ ਦੇ ਜਨਮ ਦਿਨ ਅਤੇ ਸ਼ਹੀਦੀ ਦਿਨਾਂ ਸਮੇਤ ਸੂਰਜੀ ਤਾਰੀਖ਼ਾਂ ਅਨੁਸਾਰ ਲਿਖੀਆਂ ਜਾਣ ਵਾਲੀਆਂ ਸਾਰੀਆਂ ਤਾਰੀਖ਼ਾਂ ਦਰਜ ਹੀ ਨਹੀਂ ਕੀਤੀਆਂ ਕਿਉਂਕਿ ਮੌਜੂਦਾ ਸਮੇਂ ਦੀਆਂ ਛਪ ਰਹੀਆਂ ਜੰਤਰੀਆਂ ਵਿੱਚੋਂ ਉਸ ਨੂੰ ਪਤਾ ਲੱਗ ਚੁੱਕਾ ਸੀ ਕਿ ਸੂਰਜੀ ਸਿਧਾਂਤ 'ਤੇ ਅਧਾਰਤ ਇਸ ਕੋਲ ਮੌਜੂਦ "ਕੈਲੰਡਰੀਕਲ ਟੈਬੂਲੇਸ਼ਨ" ਦੀਆਂ ਸੰਗਰਾਂਦਾਂ ਛਪ ਰਹੀਆਂ ਜੰਤਰੀਆਂ ਵਿੱਚ ਦਰਜ ਸੰਗਰਾਂਦਾਂ ਨਾਲ ਮੇਲ ਨਹੀਂ ਖਾਂਦੀਆਂ। ਜੇ ਇਸ ਨੇ ਸੂਰਜੀ ਤਾਰੀਖ਼ਾਂ 'ਤੇ ਅਧਾਰਤ ਆਉਣ ਵਾਲੀਆਂ ਸੰਗਰਾਂਦਾਂ ਤੇ ਇਤਿਹਾਸਕ ਤਾਰੀਖ਼ਾਂ ਦਰਜ ਕੀਤੀਆਂ ਹੁੰਦੀਆਂ ਤਾਂ ਇਸ ਦੇ ਵੱਡੇ ਸਮਰਥਕ ਸੰਤ ਸਮਾਜ ਨੇ ਹੀ ਇਸ ਦੇ ਵਿਰੋਧ ਵਿੱਚ ਖੜ੍ਹ ਜਾਣਾ ਸੀ ਕਿ ਨਿਸ਼ਾਨ ਨੇ ਸੰਗਰਾਂਦਾਂ ਬਦਲ ਦਿੱਤੀਆਂ ਹਨ। ਪਰ ਕੋਈ ਮਨੁੱਖ ਆਪਣੇ ਝੂਠ ਨੂੰ ਕਿਨਾਂ ਕੁ ਚਿਰ ਛੁਪਾ ਸਕਦਾ ਹੈ ਆਖ਼ਰ ਜਿਵੇਂ ਜਦੋਂ ਕੋਈ ਖੋਟਾ ਰੁਪਈਆ ਸਰਾਫ਼ਾਂ ਦੀ ਨਜ਼ਰੇ ਪੈਂਦਾ ਹੈ ਤਾਂ ਉਸ ਦਾ ਖੋਟ ਪਰਤੱਖ ਦਿੱਸ ਪੈਂਦਾ ਹੈ: "**ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ ॥**" (ਆਸਾ ਮਃ ੫/੩੮੧) ਉਸੇ ਤਰ੍ਹਾਂ ਸ: ਪਾਲ ਸਿੰਘ ਪੁਰੇਵਾਲ ਅਤੇ ਸਰਬਜੀਤ ਸਿੰਘ ਸੈਕਰਾਮੈਂਟੋ ਨੇ ਤਾਂ ਇਸ ਦੇ ਝੂਠ ਦਾ ਪਾਜ 2017 ਵਿੱਚ ਸਿਆਟਲ (USA) ਵਿਖੇ ਕਰਵਾਏ ਇੱਕ ਸੈਮੀਨਾਰ ਵਿੱਚ ਹੀ ਉਘੇੜ ਦਿੱਤਾ ਸੀ ਹੁਣ ਇਸ ਪੁਸਤਕ ਰਾਹੀਂ ਆਮ ਸਿੱਖ ਸੰਗਤ ਨੂੰ ਇਸ ਦੇ ਝੂਠ ਤੋਂ ਜਾਣੂ ਕਰਵਾਉਣ ਦਾ ਇੱਕ ਨਿਮਾਣਾ ਯਤਨ ਹੈ।

ਇਸ ਵਿਦਵਾਨ ਲਈ ਸਵਾਲ ਹੈ ਕਿ ਜਿਹੜਾ ਬੰਦਾ ਇਸ ਸਮੇਂ ਚਾਲੂ ਸਾਲਾਂ ਦੀਆਂ ਤਾਰੀਖ਼ਾਂ ਕੈਲਕੂਲੇਟ ਨਹੀਂ ਕਰ ਸਕਦਾ ਉਹ ਪਿਛਲੇ 550 ਸਾਲਾਂ ਦੀਆਂ ਤਾਰੀਖ਼ਾਂ ਦੀਆਂ ਗਲਤੀਆਂ ਕੱਢਣ ਦੀਆਂ ਗੱਲਾਂ ਕਰੇ ਤਾਂ ਉਸ ਨੂੰ ਕੀ ਕਿਹਾ ਜਾ ਸਕਦਾ ਹੈ?

ਉਕਤ ਉਦਾਰਣਾਂ ਨਾਲ ਇਸ ਵਿਦਵਾਨ ਵੱਲੋਂ ਬੋਲਿਆ ਜਾ ਰਿਹਾ ਝੂਠ ਫੜਿਆ ਗਿਆ ਹੈ ਕਿਉਂਕਿ ਇਸ ਨੇ ਕਈ ਵਾਰ ਕੈਮਰੇ ਸਾਮ੍ਹਣੇ ਕਿਹਾ ਹੈ ਕਿ ਇਸ ਪੁਸਤਕ ਵਿੱਚ ਸਾਰੀਆਂ ਕੈਲਕੂਲੇਸ਼ਨਾਂ ਇਸ ਨੇ ਖ਼ੁਦ ਕੀਤੀਆਂ ਹਨ। ਦੱਸਣਯੋਗ ਹੈ ਕਿ ਇਸ ਪਾਸ 1964 ਤੋਂ ਪਹਿਲਾਂ ਚੱਲ ਰਹੇ ਸੂਰਜੀ ਸਿਧਾਂਤ ਵਾਲੀ ਪੁਸਤਕ ਕੈਲੰਡਰੀਕਲ ਟੈਬੂਲੇਸ਼ਨ (Calendrical Tabulation 1900-2200 written by Edward M. Reingold & Nachum Dershowitz) **ਅਤੇ ਇਸ ਦੇ ਅਧਾਰ 'ਤੇ ਬਣਿਆ ਸਾਫਟਵੇਅਰ ਹੈ ਜੋ ਇਸ ਪੁਸਤਕ ਦੇ ਨਾਲ ਹੀ ਮੁਫ਼ਤ ਮਿਲਦਾ ਸੀ। ਸੂਰਜੀ ਸਿਧਾਂਤ ਦੀਆਂ ਤਕਰੀਬਨ 25% ਤੋਂ 45% ਸੰਗਰਾਂਦਾ ਹਰ ਸਾਲ ਅੱਜ-ਕੱਲ੍ਹ ਪ੍ਰਚਲਤ ਦ੍ਰਿਕ ਗਣਿਤ ਦੀਆਂ ਸੰਗਰਾਂਦਾਂ ਨਾਲੋਂ 1 ਦਿਨ ਦੇ ਫ਼ਰਕ ਨਾਲ ਹੁੰਦੀਆਂ ਹਨ ਜਦੋਂ ਕਿ ਚੰਦਰਮਾਂ ਦੀਆਂ ਤਿੱਥਾਂ ਤਕਰੀਬਨ 98% ਤੋਂ ਵੱਧ ਮੇਲ ਖਾ ਜਾਂਦੀਆਂ ਹਨ। ਜਿਆਦਾਤਰ ਸੰਗਰਾਂਦਾਂ ਦੇ ਫ਼ਰਕ ਨੂੰ ਤਾਂ ਇਹ ਵਿਦਵਾਨ ਸਮਝ ਗਿਆ ਪਰ ਚੰਦਰਮਾਂ ਦੀਆਂ ਤਿੱਥਾਂ 'ਚ ਘੱਟ ਅੰਤਰ ਹੋਣਾ ਇਸ ਦੀ ਸਮਝ ਤੋਂ ਬਾਹਰ ਹੋਣ ਕਰਕੇ ਆਪਣੇ ਵੱਲੋਂ ਲਿਖੀ ਪੁਸਤਕ "ਗੁਰਪੁਰਬ ਦਰਪਣ" 'ਚ ਸਾਰੀਆਂ ਤਿੱਥਾਂ ਉਸ ਪੁਸਤਕ ਵਿੱਚੋਂ ਨਕਲ ਕਰ ਕੇ ਲਿਖ ਦਿੱਤੀਆਂ ਪਰ ਪ੍ਰਵਿਸ਼ਟਿਆਂ ਮੁਤਾਬਿਕ ਕੋਈ ਵੀ ਤਾਰੀਖ਼ ਨਹੀਂ ਲਿਖੀ। ਇਸ ਦਾ ਸਬੂਤ ਇਹ ਹੈ ਕਿ ਜੇ ਕਿਸੇ ਦੀਆਂ ਗਲਤੀਆਂ ਵੀ ਪਹਿਲਾਂ ਵਾਲੀ ਛਪੀ ਪੁਸਤਕ ਨਾਲ ਹੂਬਹੂ ਮਿਲ ਜਾਣ ਤਾਂ ਇਹ ਸ਼ਰਤੀਆ ਤੌਰ 'ਤੇ ਪਹਿਲੀ ਪੁਸਤਕ ਦੀ ਨਕਲ ਹੈ। ਕੋਈ ਵੀ ਵਿਅਕਤੀ ਚੈੱਕ ਕਰਕੇ ਵੇਖ ਸਕਦਾ ਹੈ ਕਿ ਕੈਲੰਡਰੀਕਲ ਟੈਬੂਲੇਸ਼ਨ ਦੀ ਪੁਸਤਕ ਵਿੱਚ ਸੂਰਜੀ ਸਿਧਾਂਤ ਦੀ ਕੱਤਕ ਸੁਦੀ ੧੧ ਸੰਮਤ ੨੦੭੮ ਦੇ ਸਾਮ੍ਹਣੇ 15 ਨਵੰਬਰ 2021 ਦਿਨ ਸੋਮਵਾਰ ਲਿਖਿਆ ਹੈ ਜਦੋਂ ਕਿ ਦ੍ਰਿਕ ਗਣਿਤ ਮਤਾਬਿਕ ਉਸ ਦਿਨ ਕੱਤਕ ਸੁਦੀ ੧੨ ਹੈ। ਇਸੇ ਤਰ੍ਹਾਂ ਸੂਰਜੀ ਸਿਧਾਂਤ ਦੀ ਪੋਹ ਸੁਦੀ ੭ ਸੰਮਤ ੨੦੮੭ ਦੇ ਸਾਮ੍ਹਣੇ 31 ਦਸੰਬਰ 2030 ਲਿਖਿਆ ਹੈ ਜਦੋਂ ਕਿ ਦ੍ਰਿਕ ਗਣਿਤ ਸਿਧਾਂਤ ਅਨੁਸਾਰ ਉਸ ਦਿਨ ਪੋਹ ਸੁਦੀ ੮ ਹੈ। ਆਪਣੀ ਪੁਸਤਕ ਵਿੱਚ ਇਸ ਵਿਦਵਾਨ ਵੱਲੋਂ ਦੋਵੇਂ ਤਿੱਥਾਂ ਕਰਮਵਾਰ 15 ਨਵੰਬਰ 2021 ਦਿਨ ਸੋਮਵਾਰ ਅਤੇ 31 ਦਸੰਬਰ 2030 ਦਿਨ ਸੋਮਵਾਰ ਹੀ ਲਿਖੀਆਂ ਜਾਣਾ ਅਤੇ ਸੂਰਜੀ ਸੰਗਰਾਂਦਾਂ ਦੇ ਹਿਸਾਬ ਆਉਣ ਵਾਲੇ ਬਹੁਤ ਹੀ ਮਹੱਤਵ ਪੂਰਨ ਦਿਹਾੜੇ**

ਜਿਵੇਂ ਕਿ ਵੈਸਾਖੀ, ਭਗਤ ਧੰਨਾ ਜੀ ਦਾ ਪ੍ਰਕਾਸ਼ ਦਿਹਾੜਾ, ਸਾਹਿਬਜ਼ਾਦਿਆਂ ਦੇ ਜਨਮ ਦਿਨ ਅਤੇ ਸ਼ਹੀਦੀ ਦਿਨ, ਸਰਹਿੰਦ ਫ਼ਤਹਿ ਦਿਵਸ, ਵੱਡਾ ਤੇ ਛੋਟਾ ਘੱਲੂਘਾਰਾ ਦਿਵਸ ਅਤੇ ਹੋਰ ਸਿੰਘਾਂ ਦੇ ਸ਼ਹੀਦੀ ਦਿਵਸ ਇਸ ਨੇ ਦਰਜ ਹੀ ਨਹੀਂ ਕੀਤੇ ਕਿਉਂਕਿ ਇਸ ਨੂੰ ਪਤਾ ਸੀ ਕਿ ਇਨ੍ਹਾਂ ਤਾਰੀਖ਼ਾਂ ਵਿੱਚੋਂ 25% ਤੋਂ 45% ਗਲਤ ਹੋਣ ਕਰਕੇ ਉਸ ਦਾ ਪਾਜ ਉੱਘੜ ਜਾਣਾ ਹੈ।

(ਸ) ਸਰਹਿੰਦ ਫ਼ਤਹਿ ਕਰਨ ਦੀ ਅਸਲ ਤਾਰੀਖ਼ 24 ਰੱਬੀ-ਉਲ-ਅਵਲ, 1122 AH (ਹਿਜ਼ਰੀ ਸੰਮਤ); ੧੫ ਜੇਠ, ਜੇਠ ਵਦੀ ੧੧, ਦਿਨ ਸ਼ਨਿਚਰਵਾਰ, ਬਿਕਰਮੀ ਸੰਮਤ ੧੭੬੭ (ਸੂਰਜੀ ਸਿਧਾਂਤ); /13 ਮਈ 1710 ਜੂਲੀਅਨ ਹੈ।

ਨੋਟ: ਕੈਲੰਡਰ ਦੀ ਇੱਕ ਪੱਧਤੀ ਤੋਂ ਦੂਸਰੀ ਪੱਧਤੀ ਖਾਸ ਕਰਕੇ ਹਿਜ਼ਰੀ ਕੈਲੰਡਰ ਤੋਂ ਬਿਕਰਮੀ ਕੈਲੰਡਰ ਜਾਂ ਸਰਬ ਸਾਂਝੇ ਕੈਲੰਡਰ (Common Era = CE) ਦੀਆਂ ਤਾਰੀਖ਼ਾਂ ਵਿੱਚ ਤਬਦੀਲੀ ਕਰਦੇ ਸਮੇਂ ਵੱਡੀ ਮੁਸ਼ਕਿਲ ਆਉਂਦੀ ਹੈ। ਇਸ ਮੁਸ਼ਕਿਲ ਦਾ ਮੁੱਖ ਕਾਰਣ ਇਹ ਹੈ ਕਿ ਹਿਜ਼ਰੀ ਕੈਲੰਡਰ ਵਿੱਚ ਮਹੀਨੇ ਦੀ ਪਹਿਲੀ ਤਾਰੀਖ਼ ਸੂਰਜ ਛਿਪਣ ਤੋਂ ਬਾਅਦ ਉਸ ਸ਼ਾਮ ਤੋਂ ਸ਼ੁਰੂ ਹੁੰਦੀ ਹੈ ਜਿਸ ਦਿਨ ਨਵਾਂ ਚੰਦ ਵਿਖਾਈ ਦੇਵੇ। ਇਹ ਦਿਨ ਮੱਸਿਆ ਵਾਲਾ ਵੀ ਹੋ ਸਕਦਾ ਹੈ ਅਤੇ ਮੱਸਿਆ ਤੋਂ ਇੱਕ ਦਿਨ ਬਾਅਦ ਵਾਲਾ ਵੀ। ਹਿਜ਼ਰੀ ਸਾਲ ਦੀ ਹਰ ਨਵੀਂ ਤਾਰੀਖ਼ ਵੀ ਸੂਰਜ ਛਿਪਣ ਦੇ ਸਮੇਂ ਤੋਂ ਹੀ ਅਰੰਭ ਹੁੰਦੀ ਹੈ। ਸਾਂਝੇ ਕੈਲੰਡਰ ਦੇ ਮਹੀਨਿਆਂ ਦੀ ਪਹਿਲੀ ਤਾਰੀਖ਼ ਅਤੇ ਹਰ ਨਵੀਂ ਤਾਰੀਖ਼ ਰਾਤ ਨੂੰ 12 ਵਜੇ ਅਰੰਭ ਹੁੰਦੀ ਹੈ ਜਦੋਂ ਕਿ ਬਿਕਰਮੀ ਕੈਲੰਡਰ ਦੀਆਂ ਤਿਥਾਂ/ਤਾਰੀਖ਼ਾਂ ਸਵੇਰੇ ਸੂਰਜ ਚੜ੍ਹਨ ਦੇ ਸਮੇਂ ਤੋਂ ਅਰੰਭ ਹੁੰਦੀਆਂ ਹਨ। ਤਿੰਨਾਂ ਕੈਲੰਡਰਾਂ ਦੀਆਂ ਤਾਰੀਖ਼ਾਂ ਅਰੰਭ ਹੋਣ ਦੇ ਸਮੇਂ ਵੱਖ ਵੱਖ ਹੋਣ ਕਰਕੇ ਜੇ ਕਰ ਹਿਜ਼ਰੀ ਤਾਰੀਖ਼ ਦੇ ਨਾਲ ਦਿਨ ਵਾਰ ਨਾਂ ਦਿੱਤਾ ਗਿਆ ਹੋਵੇ ਤਾਂ ਸਹੀ ਤਾਰੀਖ਼ ਦਾ ਨਿਰਣਾ ਕਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਜੇ 24 ਰੱਬੀ-ਉਲ-ਅੱਵਲ ਦੇ ਨਾਲ ਦਿਨ ਸ਼ੁੱਕਰਵਾਰ ਲਿਖਿਆ ਗਿਆ ਹੋਵੇ ਤਾਂ ਉਸ ਤਾਰੀਖ਼ ਨੂੰ ੧੪ ਜੇਠ, ਜੇਠ ਵਦੀ ੧੦ ਬਿਕਰਮੀ ਸੰਮਤ ੧੭੬੭ (ਸੂਰਜੀ ਸਿਧਾਂਤ); /12 ਮਈ 1710 ਜੂਲੀਅਨ ਹੋਵੇਗੀ ਕਿਉਂਕਿ ਇਸ ਤਾਰੀਖ਼ ਦੀ ਸ਼ਾਮ ਨੂੰ ਸੂਰਜ ਛਿਪਣ ਤੋਂ ਬਾਅਦ 24 ਰੱਬੀ-ਉਲ-ਅੱਵਲ ਹੋਵੇਗੀ। ਜੇ 24 ਰੱਬੀ-ਉਲ-ਅੱਵਲ ਦੇ ਨਾਲ ਦਿਨ ਸ਼ਨਿਚਰਵਾਰ ਲਿਖਿਆ ਗਿਆ ਹੋਵੇ ਤਾਂ ਉਸ ਤਾਰੀਖ਼ ਨੂੰ ੧੫ ਜੇਠ, ਜੇਠ ਵਦੀ ੧੧ ਬਿਕਰਮੀ ਸੰਮਤ ੧੭੬੭ (ਸੂਰਜੀ ਸਿਧਾਂਤ); /13 ਮਈ 1710 ਜੂਲੀਅਨ ਹੋਵੇਗੀ ਕਿਉਂਕਿ ਇਸ ਤਰੀਖ਼ ਦੀ ਸ਼ਾਮ ਨੂੰ ਸੂਰਜ ਛਿਪਣ ਤੋਂ ਪਹਿਲਾਂ ਤੱਕ 24 ਰੱਬੀ-ਉਲ-ਅੱਵਲ ਹੋਵੇਗੀ। ਭਾਵ ਜੇ ਤਾਰੀਖ਼ ਦੇ ਨਾਲ ਦਿਨ ਵਾਰ ਨਾ ਦਿੱਤਾ ਗਿਆ ਹੋਵੇ ਤਾਂ ਦੋਵੇਂ ਤਾਰੀਖ਼ਾਂ ਵਿੱਚੋਂ ਕੋਈ ਵੀ ਇੱਕ ਤਾਰੀਖ਼ ਹੋ ਸਕਦੀ ਹੈ।

ਬਹੁਤੇ ਇਤਿਹਾਸਕਾਰਾਂ ਨੇ 24 ਰੱਬੀ-ਉਲ-ਅੱਵਲ ਨੂੰ ਤਬਦੀਲ ਕਰਨ ਲਈ ਸਵਾਮੀਕੰਨੂ ਪਿੱਲੇ ਦੀ ਜੰਤਰੀ 'ਚੋਂ ਵੇਖ ਕੇ 12 ਮਈ 1710/੧੪ ਜੇਠ ਸੰਮਤ ੧੭੬੭ ਲਿਖ ਦਿੱਤਾ ਪਰ ਕੰਨੂ ਪਿੱਲੇ ਦੀਆਂ ਕੁਝ ਤਾਰੀਖ਼ਾਂ ਕਈ ਕੇਸਾਂ ਵਿੱਚ ਪੰਜਾਬ ਦੀਆਂ ਜੰਤਰੀਆਂ ਨਾਲੋਂ ਇੱਕ ਦਿਨ ਦੇ ਫ਼ਰਕ ਨਾਲ ਹੁੰਦੀਆਂ ਹਨ। ਉਸ ਦਾ ਪਹਿਲਾ ਕਾਰਨ ਇਹ ਹੈ ਕਿ ਸਵਾਮੀਕੰਨੂ ਪਿੱਲੇ ਦੀ ਜੰਤਰੀ ਤਾਮਿਲਨਾਡੂ ਵਿੱਚ ਪ੍ਰਚਲਤ ਆਰੀਆ ਸਿਧਾਂਤ ਨਾਲ ਬਣਾਈ ਗਈ ਹੈ ਜਦੋਂ ਕਿ ਪੰਜਾਬ ਵਿੱਚ ਗੁਰੂ ਕਾਲ ਸਮੇਂ ਸੂਰਜੀ ਸਿਧਾਂਤ ਅਤੇ 1964 ਤੋਂ ਬਾਅਦ ਅੱਜ ਕੱਲ੍ਹ ਦ੍ਰਿਕ ਗਣਿਤ ਸਿਧਾਂਤ ਪ੍ਰਚੱਲਤ ਹੈ। ਦੂਸਰਾ ਕਾਰਨ ਇਹ ਹੈ ਕਿ ਉਨ੍ਹਾਂ ਸਾਰਣੀਆਂ ਵਿੱਚ ਹਿਜ਼ਰੀ ਮਹੀਨਿਆਂ ਦਾ ਅਰੰਭ ਚੰਦ ਚੜ੍ਹਨ ਦੇ ਅਸਲੀ ਸਮੇਂ ਜਿਵੇਂ ਕਿ ਸਾਨੂੰ ਵਿਖਾਈ ਦਿੰਦਾ ਹੈ, ਉਸ ਮੁਤਾਬਿਕ ਨਹੀਂ ਬਲਕਿ ਪਹਿਲਾਂ ਤੋਂ ਬਣਾਈਆਂ ਗਈਆਂ ਸਾਰਣੀਆਂ ਮੁਤਾਬਿਕ ਹੈ। ਇਹ ਸਾਰਣੀਆਂ ਬਣਾਉਣ ਲਈ ਸੌਖਾ ਨਿਯਮ ਇਹ ਵਰਤਿਆ ਗਿਆ ਹੈ ਕਿ ਹਿਜ਼ਰੀ ਸੰਮਤ ਦਾ ਪਹਿਲਾ ਮਹੀਨਾ ਮਹੱਰਮ 30 ਦਿਨਾਂ ਦਾ ਅਤੇ ਅਗਲਾ 29 ਦਿਨ; ਇਸ ਤਰ੍ਹਾਂ ਬਾਕੀ ਦੇ ਸਾਰੇ ਮਹੀਨੇ ਵਾਰੋ-ਵਾਰੀ 30 ਅਤੇ 29 ਦਿਨਾਂ ਦੇ ਭਾਵ 6 ਮਹੀਨੇ 30-30 ਦਿਨਾਂ ਦੇ ਅਤੇ 6 ਮਹੀਨੇ 29-29 ਦਿਨਾਂ ਦੇ ਹੁੰਦੇ ਹਨ ਅਤੇ ਸਾਲ 354 ਦਿਨਾਂ ਦਾ। ਲੀਪ ਸਾਲ ਵਿੱਚ ਆਖਰੀ ਮਹੀਨਾ 29 ਦੀ ਬਜਾਏ 30 ਦਿਨਾਂ ਦਾ ਹੋ ਜਾਣ ਕਾਰਨ ਸਾਲ ਦੇ 355 ਦਿਨ ਹੋ ਜਾਂਦੇ ਹਨ। 30 ਸਾਲਾਂ ਵਿੱਚ 11 ਸਾਲ ਲੀਪ ਦੇ ਹਨ। 30 ਅਤੇ 29 ਦਿਨਾਂ ਵਾਲੇ ਮਹੀਨੇ ਅਤੇ ਲੀਪ ਵਾਲੇ ਸਾਲ ਇੱਕ ਨਿਯਮ ਅਧੀਨ ਪੱਕੇ ਤੌਰ 'ਤੇ ਨਿਸਚਿਤ ਹਨ ਇਹ ਬਿਕਰਮੀ ਕੈਲੰਡਰ ਵਾਙ ਨਹੀਂ ਹਨ ਕਿ ਕਦੀ ਕੋਈ ਮਹੀਨਾ 30 ਦੀ ਬਜਾਏ 29 ਦਾ ਹੋ ਜਾਵੇ ਅਤੇ ਦੂਜਾ 29 ਦਿਨਾਂ ਵਾਲਾ 30 ਦਾ ਹੋ ਜਾਵੇ। ਸਵਾਮੀਕੰਨੂ ਪਿਲੇ ਸਮੇਤ ਜਿਨੀਆਂ ਵੀ ਜੰਤਰੀਆਂ ਇਨ੍ਹਾਂ ਸਾਰਣੀਆਂ ਮੁਤਾਬਿਕ ਬਣੀਆਂ ਹਨ ਉਨ੍ਹਾਂ ਵਿੱਚ 24 ਰੱਬੀ-ਉਲ-ਅੱਵਲ ਨੂੰ ਦਿਨ ਸ਼ੁੱਕਰਵਾਰ ੧੪ ਜੇਠ, ਜੇਠ ਵਦੀ ੧੦ ਬਿਕਰਮੀ ਸੰਮਤ ੧੭੬੭ (ਸੂਰਜੀ ਸਿਧਾਂਤ); /12 ਮਈ 1710 ਜੂਲੀਅਨ ਲਿਖਿਆ ਹੈ।

ਸ: ਪਾਲ ਸਿੰਘ ਪੁਰੇਵਾਲ ਨੇ ਆਪਣੀ ਜੰਤਰੀ ਸਾਰਣੀਆਂ ਤੋਂ ਨਹੀਂ ਬਲਕਿ ਆਪਣੀ ਗਣਿਤ ਕਰਕੇ ਉਸ ਮੁਤਾਬਿਕ ਬਣਾਈ ਹੈ ਜਿਵੇਂ ਕਿ ਸਾਨੂੰ ਸਾਹਮਣੇ ਵਿਖਾਈ ਦਿੰਦਾ ਹੈ। ਇਸ ਜੰਤਰੀ ਵਿੱਚ 24 ਰੱਬੀ-ਉਲ-ਅੱਵਲ ਨੂੰ ਦਿਨ ਸ਼ਨਿਚਰਵਾਰ ੧੫ ਜੇਠ, ਜੇਠ ਵਦੀ ੧੧ ਬਿਕਰਮੀ ਸੰਮਤ ੧੭੬੭ (ਸੂਰਜੀ ਸਿਧਾਂਤ); /13 ਮਈ 1710 ਜੂਲੀਅਨ ਲਿਖਿਆ ਹੈ। ਸ:ਪਾਲ ਸਿੰਘ ਪੁਰੇਵਾਲ ਦੀ ਜੰਤਰੀ ਸਾਰਣੀਆਂ ਅਧਾਰਤ ਜੰਤਰੀਆਂ ਨਾਲੋਂ ਵੱਧ ਸਟੀਕ ਇਸ ਕਾਰਨ ਮੰਨੀ ਜਾ ਸਕਦੀ ਹੈ ਕਿਉਂਕਿ ਇਸ ਦੀਆਂ ਤਾਰੀਖਾਂ ਚੰਦ ਵਿਖਾਈ ਦੇਣ ਦੇ ਅਸਲੀ ਸਮੇਂ ਮੁਤਾਬਿਕ ਹੈ। ਇਸ ਦੀ ਪੁਸ਼ਟੀ ਸਾਲ ਹਿਜ਼ਰੀ ਸੰਮਤ 935 A.H. ਦੌਰਾਨ ਸੁਾਮੀਕੰਨੂ ਪਿਲੇ, ਸ: ਪਾਲ ਸਿੰਘ ਪੁਰੇਵਾਲ

ਅਤੇ ਵਸਟਨਫੈਲਡ ਦੀਆਂ ਬਾਬਰਨਾਮੇ ਦੀਆਂ ਤਾਰੀਖ਼ਾਂ ਅਤੇ ਦਿਨ ਵਾਰਾਂ ਨਾਲ ਮਿਲਾਨ ਕਰਕੇ ਹੇਠਾਂ ਬਣਾਏ ਚਾਰਟ ’ਚ ਵੇਖਿਆ ਜਾ ਸਕਦਾ ਹੈ। ਸ੍ਵਾਮੀਕੰਨੂ ਪਿਲੇ ਅਤੇ ਵਸਟਨਫੈਲਡ ਦੀਆਂ 12 ਵਿਚੋਂ 8-8 ਮਹੀਨਿਆਂ ਦੀਆਂ ਆਰੰਭਕ ਤਰੀਕਾਂ ’ਚ 1-1 ਦਿਨ ਦਾ ਫ਼ਰਕ ਹੈ ਜਦੋਂ ਕਿ ਸ: ਪਾਲ ਸਿੰਘ ਪੁਰੇਵਾਲ ਦੀ ਜੰਤਰੀ ਨਾਲੋਂ ਕੇਵਲ ਇੱਕ ਮਹੀਨੇ ਦੇ ਆਰੰਭ ਦਾ 1 ਦਿਨ ਦਾ ਫ਼ਰਕ ਹੈ:

ਮਹੀਨਿਆਂ ਦੇ ਨਾਮ	ਕੰਨੂ ਪਿਲੇ	ਸਾਂਝਾ ਸਾਲ	ਹਿਜਰੀ	ਸ: ਪਾਲ ਸਿੰਘ ਪੁਰੇਵਾਲ	ਬਾਬਰਨਾਮਾ	ਵਸਟਨ-ਫੈਲਡ
ਮਹੱਰਮ	ਮੰਗਲਵਾਰ 15 ਸਤੰਬਰ	1528	935	ਬੁੱਧਵਾਰ 16 ਸਤੰਬਰ	ਬੁੱਧਵਾਰ	ਮੰਗਲਵਾਰ
ਸਿਫ਼ਰ	ਵੀਰਵਾਰ 15 ਅਕਤੂਬਰ			ਵੀਰਵਾਰ 15 ਅਕਤੂਬਰ	ਵੀਰਵਾਰ	ਵੀਰਵਾਰ
ਰੱਬੀ-ਉਲ-ਅੱਵਲ	ਸ਼ੁਕਰਵਾਰ 13 ਨਵੰਬਰ			ਸ਼ਨੀਵਾਰ 14 ਨਵੰਬਰ	ਸ਼ਨੀਵਾਰ	ਸ਼ੁੱਕਰਵਾਰ
ਰੱਬੀ-ਉਲ-ਸਾਨੀ	ਐਤਵਾਰ 13 ਦਸੰਬਰ			ਸੋਮਵਾਰ 14 ਦਸੰਬਰ	ਸੋਮਵਾਰ	ਐਤਵਾਰ
ਜ਼ਮਾਦ-ਉਲ-ਅੱਵਲ	ਸੋਮਵਾਰ 11 ਜਨਵਰੀ	1529		ਮੰਗਲਵਾਰ 12 ਜਨਵਰੀ	ਮੰਗਲਵਾਰ	ਸੋਮਵਾਰ
ਜ਼ਮਾਦ- ਉਲ-ਸਾਨੀ	ਬੁੱਧਵਾਰ 10 ਫ਼ਰਵਰੀ			ਬੁੱਧਵਾਰ 10 ਫ਼ਰਵਰੀ	ਵੀਰਵਾਰ	ਬੁੱਧਵਾਰ
ਰਜ਼ਬ	ਵੀਰਵਾਰ 11 ਮਾਰਚ			ਸ਼ੁੱਕਰਵਾਰ 12 ਮਾਰਚ	ਸ਼ੁੱਕਰਵਾਰ	ਵੀਰਵਾਰ
ਸ਼ਬਾਨ	ਸ਼ਨੀਵਾਰ 10 ਅਪ੍ਰੈਲ			ਸ਼ਨਿਚਰਵਾਰ 10 ਅਪ੍ਰੈਲ	ਸ਼ਨੀਵਾਰ	ਸ਼ਨੀਵਾਰ
ਰਮਜ਼ਾਨ	ਐਤਵਾਰ 9 ਮਈ			ਸੋਮਵਾਰ 10 ਮਈ	ਸੋਮਵਾਰ	ਐਤਵਾਰ
ਸ਼ਵਾਲ	ਮੰਗਲਵਾਰ 8 ਜੂਨ			ਮੰਗਲਵਾਰ 8 ਜੂਨ	ਮੰਗਲਵਾਰ	ਮੰਗਲਵਾਰ
ਜ਼ੂ-ਅਲ-ਕਾਦਾ	ਬੁੱਧਵਾਰ 7 ਜੁਲਾਈ			ਵੀਰਵਾਰ 8 ਜੁਲਾਈ	ਵੀਰਵਾਰ	ਬੁੱਧਵਾਰ
ਜ਼ੂ-ਅਲ-ਹੱਜਾ	ਸ਼ੁੱਕਰਵਾਰ 6 ਅਗਸਤ			ਸ਼ੁੱਕਰਵਾਰ 6 ਅਗਸਤ	ਸ਼ੁੱਕਰਵਾਰ	ਸ਼ੁੱਕਰਵਾਰ

24 ਰੱਬੀ-ਉਲ-ਅੱਵਲ ਦੇ ਨਾਲ ਕੋਈ ਵੀ ਦਿਨ ਵਾਰ ਨਹੀਂ ਲਿਖਿਆ ਇਸ ਕਾਰਣ ਦੋਵਾਂ ਤਾਰੀਖ਼ਾਂ ਵਿੱਚੋਂ ਕੋਈ ਵੀ ਇੱਕ ਹੋ ਸਕਦੀ ਹੈ। ਅਸੀਂ ਇਸ ਪੁਸਤਕ ਵਿੱਚ ਪੁਰੇਵਾਲ ਦੀ ਜੰਤਰੀ ਵਾਲੀ ਤਾਰੀਖ਼ 24 ਰੱਬੀ-ਉਲ-ਅੱਵਲ ਨੂੰ ਦਿਨ ਸ਼ਨਿਚਰਵਾਰ ੧੫ ਜੇਠ, ਜੇਠ ਵਦੀ ੧੧ ਬਿਕਰਮੀ ਸੰਮਤ ੧੭੬੭ (ਸੂਰਜੀ ਸਿਧਾਂਤ); /13 ਮਈ 1710 ਜੂਲੀਅਨ ਨੂੰ ਠੀਕ ਮੰਨਿਆ ਹੈ ਕਿਉਂਕਿ ਇਹ ਤਾਰੀਖ਼ਾਂ ਜਿਸ ਤਰ੍ਹਾਂ ਸਾਨੂੰ ਚੰਦ ਵਿਖਾਈ ਦਿੰਦਾ ਹੈ ਉਸ ਮੁਤਾਬਿਕ ਹਨ। ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਸੰਪਾਦਨਾ ਕਰਨ ਸਮੇਂ ਅੰਸੂ ॥੧੩॥ ਦੇ ਹੇਠਾਂ ਭਾਈ ਵੀਰ ਸਿੰਘ ਨੇ ਵੀ ਫੁੱਟ ਨੋਟ ਦਿੱਤਾ ਹੈ ਕਿ ‘ਬੰਦੇ ਦੇ ਸਰਹਿੰਦ ਵਾਲੀ ਲੜਾਈ (ਚਪੜ ਚਿੜੀ) ਫ਼ਤਹਿ ਕਰਨ ਦੀ ਤਾਰੀਖ਼ ਹੈ ੧੫ ਜੇਠ ੧੭੬੭।’

ਕੇਤਿਕ ਦਿਨ ਪ੍ਰਭੁ ਪਾਸ ਬਿਤਾਏ।
ਸਿੰਘ ਪੰਜਾਬ ਦੇਸ਼ ਚਲਿ ਆਏ।
ਗੁਰ ਕੀ ਕਹਿਵਤ ਸਕਲ ਸੁਨਾਈ।
ਸ਼ਾਂਤਿ ਖਾਲਸੇ ਕੇ ਚਿਤ ਆਈ[†] ॥੪੪॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤ੍ਰ ਐਨੇ 'ਬਹਾਦਰਸ਼ਾਹ' ਪ੍ਰਸੰਗ ਬਰਨਨੰ ਨਾਮ ਤ੍ਰੌਦਸਮੋਂ

ਅੰਸੂ ॥੧੩॥

[†]ਏਹ ਸਮਾਚਾਰ ਕਵੀ ਜੀ ਤੱਕ ਠੀਕ ਨਹੀਂ ਅੱਪੜੇ। ਕਵੀ ਜੀ ਗੁ: ਪ੍ਰ: ਸੂ: ਮੁਕਾਉਂਦੇ ਸਾਰ ਹੀ ਚੜ੍ਹ ਗਏ ਹਨ। ਪੁਸਤਕ ਸੋਧਣ ਦਾ ਸਮਾਂ ਆਪ ਨੂੰ ਨਹੀਂ ਲੱਭਾ ਤੇ ਨਾ ਤਾਰੀਖਾਂ ਦੀ ਖੋਜ ਆਪ ਤੋਂ ਹੋਈ ਜਾਪਦੀ ਹੈ। ਤਾਰੀਖੀ ਖੋਜ ਦਾ ਨਿਚੋੜ ਇਹ ਹੈ:-ਤਾਰਾ ਆਜ਼ਮ ਦਾ ਜੰਗ ਜੇਠ ਸੰਮਤ ੧੭੬੪ ਵਿਚ ਹੋਇਆ, ਉਸ ਤੋਂ ਬਾਦ ਗੁਰੂ ਜੀ ਨਾਦੇੜ ਅੱਪੜੇ। ਕੱਤਕ ਸੰਮਤ ੧੭੬੫ ਵਿਚ ਗੁਰੂ ਜੀ ਨਾਦੇੜ ਵਿਚ ਜੋਤੀ ਜੋਤ ਸਮਾਏ ਲਿਖੇ ਹਨ। ਬੰਦੇ ਦੇ ਸਰਹਿੰਦ ਵਾਲੀ ਲੜਾਈ (ਚਪੜ ਚਿੜੀ) ਫਤੇ ਕਰਨ ਦੀ ਤਰੀਕ ਹੈ ੧੫ ਜੇਠ ੧੭੬੭। ਇਸ ਵੇਲੇ ਗੁਰੂ ਜੀ ਨੂੰ ਜੋਤੀ ਜੋਤ ਸਮਾਇਆਂ ਇਕ ਸਾਲ ਸੱਤ ਕੁ ਮਹੀਨੇ ਹੋ ਚੁਕੇ ਸਨ। ਪਾਤਸ਼ਾਹ ਸਰਹਿੰਦ ਫਤੇ ਹੋਣ ਵੇਲੇ ਅਜਮੇਰ ਸੀ ਤੇ ਉਸ ਨੂੰ ਇਹ ਖ਼ਬਰ ੨੩ ਜੇਠ ੧੭੬੭ ਨੂੰ ਪਹੁੰਚੀ।

ਨਾਨਕਸ਼ਾਹੀ ਕੈਲੰਡਰ ਵਿੱਚ ਪ੍ਰਵਿਸ਼ਟੇ ਲਿਖੇ ਜਾਣ ਦਾ ਫੈਸਲਾ ਹੋਣ ਕਰਕੇ ੧੫ ਜੇਠ ਦਰਜ ਕਰਨਾ ਚਾਹੀਦਾ ਸੀ ਜੋ ਨਾਨਕਸ਼ਾਹੀ ਕੈਲੰਡਰ ਵਿੱਚ ਹਰ ਸਾਲ 29 ਮਈ ਨੂੰ ਹੀ ਆਵੇਗਾ। ਪਰ ਸ਼੍ਰੋਮਣੀ ਕਮੇਟੀ ਦਾ ਹਾਲ ਵੇਖੋ ਇਸ ਵੱਲੋਂ ਛਾਪੀ ਅਤੇ ਪ੍ਰੋ: ਕਰਤਾਰ ਸਿੰਘ ਵੱਲੋਂ ਲਿਖਤ ਸਿੱਖ ਇਤਿਹਾਸ ਦੀ ਪੁਸਤਕ ਵਿੱਚ ਸਰਹਿੰਦ ਫ਼ਤਹਿ ਕਰਨ ਦੀ ਤਿੱਥ ਜੇਠ ਸੁਦੀ ੧, ਸੰਮਤ ੧੭੬੭ (12 ਮਈ 1710) ਲਿਖੀ ਹੋਈ ਹੈ। ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਫ਼ਤਹਿਗੜ੍ਹ ਸਾਹਿਬ ਵਿਖੇ ਬੋਰਡ ਲੱਗਿਆ ਹੋਇਆ ਹੈ ਜਿਸ 'ਤੇ ਇਹ ਇਬਾਰਤ ਲਿਖੀ ਹੋਈ ਹੈ- "ਇਹ ਉਹ ਪਵਿੱਤਰ ਸਥਾਨ ਹੈ, ਜਿਸ ਸਮੇਂ ਬਾਬਾ ਬੰਦਾ ਸਿੰਘ ਜੀ ਨੇ ਸਰਹਿੰਦ ਫ਼ਤਹਿ ਕੀਤੀ ਉਸ ਸਮੇਂ ਛੇ ਹਜਾਰ (6000) ਸਿੰਘਾਂ ਦਾ ਸਸਕਾਰ ਇਸ ਅਸਥਾਨ 'ਤੇ ੧ ਜੇਠ ਸੰਮਤ ੧੭੬੭ ਵਿੱਚ ਕੀਤਾ ਗਿਆ।" ਜਿਸ ਦਾ ਭਾਵ ਇਹੋ ਨਿਕਲਦਾ ਹੈ ਕਿ ਸਰਹਿੰਦ ਫ਼ਤਹਿ ੧ ਜੇਠ ਜਾਂ ੩੧ ਵੈਸਾਖ ਨੂੰ ਕੀਤੀ ਹੋਵੇਗੀ।

ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੀਤੇ ਕੈਲੰਡਰ ਨਾਨਕਸ਼ਾਹੀ ਸੰਮਤ ੫੪੩ (2011-12) 'ਚ ਸਰਹਿੰਦ ਫ਼ਤਹਿ ਦਿਵਸ ਲਿਖਿਆ ਹੈ ੩੧ ਵੈਸਾਖ; ੫੪੫ (2013-14) ਦੇ ਕੈਲੰਡਰ ਵਿੱਚ ਲਿਖਿਆ ਹੈ ੧ ਜੇਠ; ਸੰਮਤ ੫੫੧ (2019-20) 'ਚ ਲਿਖਿਆ ਹੈ ੨੯ ਵੈਸਾਖ ਅਤੇ ਸੰਮਤ ੫੫੨ (2020-21) 'ਚ ਲਿਖਿਆ ਹੈ ੩੦ ਵੈਸਾਖ। ਇਸ ਦਾ ਭਾਵ ਹੈ ਕਿ ਸ਼੍ਰੋਮਣੀ ਕਮੇਟੀ ਆਪਣਾ ਹੀ ਰੀਕਾਰਡ ਵੇਖੇ ਬਿਨਾਂ ਜੋ ਜੀਅ ਆਵੇ ਉਹੀ ਤਾਰੀਖ਼ਾਂ ਲਿਖੀ ਜਾ ਰਹੀ ਹੈ ਪਰ ਅਸਲੀਅਤ ਇਹ ਹੈ ਕਿ ਕੈਲੰਡਰ ਬਣਾਉਣ ਵਾਲੇ ਵਿਦਵਾਨਾਂ ਨੂੰ ਨਾ ਹੀ ਇਤਿਹਾਸਕ ਤਾਰੀਖ਼ਾਂ ਦਾ ਪਤਾ ਹੈ; ਨਾ ਹੀ ਜੂਲੀਅਨ ਤੇ ਗ੍ਰੈਗੋਰੀਅਨ ਕੈਲੰਡਰਾਂ ਦੇ ਫ਼ਰਕ ਦਾ ਪਤਾ ਹੈ ਅਤੇ ਨਾ ਹੀ ਸੂਰਜੀ ਸਿਧਾਂਤ ਅਤੇ ਦ੍ਰਿਕ ਗਣਿਤ ਵਾਲੇ ਬਿਕਰਮੀ ਕੈਲੰਡਰਾਂ ਦੇ ਫ਼ਰਕ ਦਾ ਪਤਾ ਹੈ ਇਸ ਲਈ ਉਨ੍ਹਾਂ ਨੇ 12 ਮਈ ਜੂਲੀਅਨ ਨੂੰ ਹੀ 12 ਮਈ ਗ੍ਰੈਗੋਰੀਅਨ ਸਮਝ ਲਿਆ ਜਿਸ ਕਾਰਨ 2019 ਵਿੱਚ 12 ਮਈ ਨੂੰ ਬਿਕਰਮੀ ਕੈਲੰਡਰ (ਦ੍ਰਿਕ ਗਣਿਤ) ਦੀ ੨੯ ਵੈਸਾਖ ਹੋਣ ਕਰਕੇ ੨੯ ਵੈਸਾਖ ਲਿਖ ਦਿੱਤਾ ਅਤੇ 2020 'ਚ 12 ਮਈ ਨੂੰ ੩੦ ਵੈਸਾਖ ਹੋਣ ਕਰਕੇ ੩੦ ਵੈਸਾਖ ਲਿਖ ਦਿੱਤਾ। ਸੰਮਤ ੧੮੫੭ ਤੋਂ ੧੯੩੦ (1800 ਤੋਂ 1873 ਈ:) ਦੌਰਾਨ 12 ਮਈ ਨੂੰ ੧ ਜੇਠ ਆਉਂਦਾ ਰਿਹਾ ਹੈ; ਕਿਸੇ ਵਿਦਵਾਨ ਨੇ ਇਸ ਸਮੇਂ ਦੌਰਾਨ ਦੀ ਕੋਈ ਜੰਤਰੀ ਵੇਖ ਕੇ ਆਪਣੀ ਪੁਸਤਕ ਵਿੱਚ ੧ ਜੇਠ ਲਿਖ ਦਿੱਤਾ ਹੋਵੇਗਾ ਕਿਉਂਕਿ ਪਤਾ ਉਸ ਨੂੰ ਵੀ ਨਹੀਂ ਹੋਣਾ ਕਿ ਬਿਕਰਮੀ ਕੈਲੰਡਰ ਦੀਆਂ ਤਾਰੀਖ਼ਾਂ ਦਾ ਸਬੰਧ ਸਾਂਝੇ ਕੈਲੰਡਰ ਅਤੇ ਰੁੱਤਾਂ ਨਾਲੋਂ ਲਗਾਤਾਰ ਟੁੱਟਦਾ ਆ ਰਿਹਾ ਹੈ। ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਵਿਖੇ ਬੋਰਡ ਲਿਖਵਾਉਣ ਵਾਲੇ ਨੇ ਉਸ ਪੁਸਤਕ ਵਿੱਚੋਂ ਵੇਖ ਕੇ ੧ ਜੇਠ ਲਿਖਵਾ ਦਿੱਤਾ। ਜੇ ਇਸ ਤਰ੍ਹਾਂ ਚਲਦਾ ਰਿਹਾ ਤਾਂ ਸੰਨ 4117 ਵਿੱਚ ਭਾਵ ਅੱਜ ਤੋਂ 2096 ਸਾਲ ਬਾਅਦ ਸ਼੍ਰੋਮਣੀ ਕਮੇਟੀ ਆਪਣੇ ਕੈਲੰਡਰ 'ਚ ਸਰਹਿੰਦ ਫ਼ਤਹਿ ਦੀ ਤਾਰੀਖ਼ ਲਿਖੇਗੀ ੩੧ ਚੇਤ/12 ਮਈ ਕਿਉਂਕਿ ਉਸ ਸਮੇਂ 12 ਮਈ ਨੂੰ ੩੧ ਚੇਤ ਹੋਵੇਗੀ। ਅਸਲ ਗੱਲ ਇਹ ਹੈ ਕਿ ਜਿਨਾਂ ਚਿਰ ਰੁੱਤੀ ਸਾਲ ਨਾਲ ਮੇਲ ਖਾਣ ਵਾਲਾ ਨਾਨਕਸ਼ਾਹੀ ਕੈਲੰਡਰ ਲਾਗੂ ਨਹੀਂ ਹੁੰਦਾ ਓਨਾਂ ਚਿਰ ਸਾਡੀਆਂ ਮਹੱਤਵਪੂਰਨ ਇਤਿਹਾਸਕ ਤਾਰੀਖ਼ਾਂ ਇਸੇ ਤਰ੍ਹਾਂ ਬਦਲਦੀਆਂ ਰਹਿਣਗੀਆਂ ਜਿਸ ਨਾਲ ਭੰਬਲਭੂਸਾ ਵਧਦਾ ਜਾਏਗਾ। ਸ਼੍ਰੋਮਣੀ ਕਮੇਟੀ ਅਤੇ ਕਰਨਲ ਨਿਸ਼ਾਨ ਸਮੇਤ ਜਿੰਨੇ ਵੀ ਨਾਨਕਸ਼ਾਹੀ ਕੈਲੰਡਰ ਦੇ ਲਾਗੂ ਹੋਣ ਵਿੱਚ ਢੁੱਚਰਾਂ ਲਾਉਣ ਵਾਲੇ ਹੋਰ ਵਿਦਵਾਨ ਹਨ ਕਿਸੇ ਦਾ ਇਸ ਗਲਤੀ ਵੱਲ ਧਿਆਨ ਨਹੀਂ ਜਾਂਦਾ ਕਿ ਹਰ ਸਾਲ ਹੀ ਉਨ੍ਹਾਂ ਨੂੰ ਕੈਲੰਡਰ ਵਿੱਚ ਕੋਈ ਵੱਖਰੀ ਤਾਰੀਖ਼ ਕਿਉਂ ਲਿਖਣੀ ਪੈ ਰਹੀ ਹੈ ਅਤੇ ਆਪਣੇ ਹੀ ਗੁਰਦੁਆਰਿਆਂ ਵਿੱਚ ਲੱਗੇ ਬੋਰਡਾਂ 'ਤੇ ਕੋਈ ਹੋਰ ਤਾਰੀਖ਼ ਲਿਖ ਕੇ ਸੰਗਤਾਂ ਵਿੱਚ ਇਤਿਹਾਸਕ ਤਾਰੀਖ਼ਾਂ ਸਬੰਧੀ ਭੰਬਲਭੂਸਾ ਕਿਉਂ ਪਾ ਰਹੇ ਹਨ?

ਇਸੇ ਤਰ੍ਹਾਂ ਜੋ ਹਾਲੀ ਕੱਲ੍ਹ ਦੀ ਘਟਨਾ ਹੈ ਸ਼੍ਰੀ ਅਕਾਲ ਤਖ਼ਤ ਸਾਹਿਬ 'ਤੇ ਭਾਰਤੀ ਫੌਜਾਂ ਵੱਲੋਂ ਹਮਲਾ ਅਤੇ ਸੰਤ ਜਰਨੈਲ ਸਿੰਘ ਜੀ ਦੀ ਸ਼ਹੀਦੀ; ਇਹ ਦੋਵੇਂ ਘਟਨਾਵਾਂ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਨਾਨਕਸ਼ਾਹੀ ਕੈਲੰਡਰ ਸੰਮਤ ੫੫੧ (2019-20) 'ਚ ਕਰਮਵਾਰ ਲਿਖੀਆਂ ਹਨ ੨੧ ਜੇਠ ਅਤੇ ੨੩ ਜੇਠ ਪਰ ਸੰਮਤ ੫੫੨ (2020-21) 'ਚ ਲਿਖੀਆਂ ਹਨ ੨੨ ਜੇਠ ਅਤੇ ੨੪ ਜੇਠ। ਸੰਨ 3000 ਵਿੱਚ 4 ਅਤੇ 6 ਜੂਨ ਨੂੰ ਕਰਮਵਾਰ ੮ ਜੇਠ ਅਤੇ ੧੦ ਜੇਠ ਹੋਵੇਗਾ।

ਇਨੀਆਂ ਮਹੱਤਵਪੂਰਨ ਘਟਨਾਵਾਂ ਦੀਆਂ ਤਾਰੀਖ਼ਾਂ ਜਿਸ ਕੈਲੰਡਰ ਵਿੱਚ ਬਦਲਦੀਆਂ ਰਹਿਣ ਉਹ ਤਾਂ ਇਨ੍ਹਾਂ ਸ਼ੰਕਾਵਾਦੀ ਵਿਦਵਾਨਾਂ ਲਈ ਇਤਿਹਾਸ ਦੀ ਸੰਭਾਲ ਕਰ ਰਿਹਾ ਹੈ ਪਰ ਜੇ 2003 ਵਾਲੇ ਨਾਨਕਸ਼ਾਹੀ ਕੈਲੰਡਰ ਵਿੱਚ ਹਮੇਸ਼ਾਂ ਲਈ ਹੀ ਸਥਿਰ ਤਾਰੀਖ਼ਾਂ ਲਿਖੀਆਂ ਜਾਣ ਤਾਂ ਇਨ੍ਹਾਂ ਭਾਣੇ ਇਤਿਹਾਸ ਨੂੰ ਮਿਥਿਹਾਸ ਬਣਾਇਆ ਜਾ ਰਿਹਾ ਹੈ; ਜਿਸ ਵਿਰੁੱਧ ਪਿਛਲੇ 22-23 ਸਾਲਾਂ ਤੋਂ ਇਹ ਆਪਣੀ ਵਿਦਵਤਾ ਦੇ ਸਹਾਰੇ ਲੜ ਰਹੇ ਹਨ। ਅਸਲ ਵਿੱਚ ਅਜੇਹੇ ਭੱਦਰਪੁਰਸ਼ਾਂ ਕਾਰਨ ਹੀ ਸਿੱਖ ਇਤਿਹਾਸ ਦਾ ਕੋਈ ਵੀ ਵਰਕਾ ਫਰੋਲ ਲਵੋ ਵੱਖ ਵੱਖ ਇਤਿਹਾਸਕਾਰਾਂ ਵੱਲੋਂ ਵੱਖ ਤਾਰੀਖ਼ਾਂ ਦਿੱਤੀਆ ਹੋਣ ਕਾਰਨ ਇਤਿਹਾਸ ਦਾ ਮਿਥਿਹਾਸ ਬਣ ਰਿਹਾ ਹੈ। ਅਕਾਲ ਪੁਰਖ ਅਜੇਹੇ ਵਿਅਕਤੀਆਂ ਨੂੰ ਅਕਲਦਾਨ, ਵਿਸਾਹਦਾਨ, ਭਰੋਸਾਦਾਨ ਬਖ਼ਸ਼ੇ ਤਾ ਕਿ ਪੰਥ ਦੇ ਵਿਵਾਦਤ ਮਸਲੇ ਹੱਲ ਹੋ ਜਾਣ।

ਸ਼ੰਕਾ 3. (ੳ) 2003 ਵਾਲੇ ਕੈਲੰਡਰ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ 2007 ਵਿੱਚ ਛਾਪੇ ਕੈਲੰਡਰ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਗੁਰਪੁਰਬ ਅਤੇ ਗੁਰੂ ਤੇਗ਼ਬਹਾਦਰ ਸਾਹਿਬ ਜੀ ਦਾ ਸ਼ਹੀਦੀ ਪੁਰਬ ਦੋਵੇਂ ਹੀ ਇੱਕੋ ਦਿਨ ਆਏ ਸਨ ਜਦੋਂ ਕਿ ਪਿਛਲੇ 300 ਸਾਲਾਂ ਵਿੱਚ ਐਸਾ ਕਦੇ ਨਹੀਂ ਹੋਇਆ।

(ਅ) 2003 ਵਾਲੇ ਕੈਲੰਡਰ ਵਿੱਚ ਹੋਲਾ ਮਹੱਲਾ ਦੋ ਵਾਰ ਆਇਆ ਹੈ 2004 ਵਿੱਚ ਆਇਆ ਹੀ ਨਹੀਂ ਅਤੇ 2005 ਵਾਲੇ ਕੈਲੰਡਰ ਵਿੱਚ ਇੱਕ ਵਾਰ ਆਇਆ ਹੈ ਅਤੇ ਇਸੇ ਤਰ੍ਹਾਂ ਹੁੰਦਾ ਰਹੇਗਾ।

ਉੱਤਰ : ਹੈਰਾਨੀ ਦੀ ਗੱਲ ਹੈ ਕਿ ਜਿਹੜਾ ਬੰਦਾ ਖ਼ੁਦ ਕੈਲੰਡਰ ਸੋਧ ਕਮੇਟੀ ਦੀਆਂ ਮੀਟਿੰਗ ਵਿੱਚ ਹਾਜਰ ਰਿਹਾ ਹੋਵੇ ਉਸ ਨੂੰ ਇਤਨਾ ਤਾਂ ਜਰੂਰ ਪਤਾ ਹੋਵੇਗਾ ਕਿ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਗੁਰਪੁਰਬ ਸੂਰਜੀ ਪ੍ਰਵਿਸ਼ਟਿਆਂ ਅਨੁਸਾਰ ੧ ਵੈਸਾਖ; ਬੰਦੀਛੋੜ ਦਿਵਸ ੧ ਫ਼ੱਗਣ ਅਤੇ ਹੋਲਾ ਮਹੱਲਾ ੧ ਚੇਤ ਨਿਸਚਿਤ ਹੋਣਾ ਸੀ (ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ, ਬੰਦੀ ਛੋੜ ਦਿਵਸ ਅਤੇ ਹੋਲਾ ਮਹੱਲਾ ਦੀ ਤਾਰੀਖ਼ ਸਬੰਧੀ ਪੂਰਾ ਵੇਰਵਾ ਇਸ ਪੁਸਤਕ ਦੇ ਕ੍ਰਮਵਾਰ ਪੰਨਾ ਨੰ: 20, 25, 34 ਅਤੇ 38 ’ਤੇ ਛਪੇ ਲੇਖਾਂ ਵਿੱਚ ਪੜ੍ਹਿਆ ਜਾ ਸਕਦਾ ਹੈ) ਪਰ ਇਨ੍ਹਾਂ ਵਰਗੇ ਅਜੇਹੇ ਹੋਰ ਲੋਕਾਂ (ਜਿਹੜੇ ਹਾਲੀ ਤੱਕ ਮਾਨਸਿਕ ਤੌਰ ’ਤੇ ਕੱਤਕ ਦੀ ਪੂਰਨਮਾਸ਼ੀ, ਦੀਵਾਲੀ ਅਤੇ ਹੋਲੀ ਨਾਲੋਂ ਤੋੜ ਵਿਛੋੜਾ ਕਰਨ ਲਈ ਤਿਆਰ ਨਹੀਂ ਹਨ) ਦੀ ਜ਼ਿਦ ਕਾਰਨ ਇਹ ਤਿੰਨ ਦਿਹਾੜੇ ਮਜਬੂਰਨ ਤੌਰ ’ਤੇ ਚੰਦਰਮਾਂ ਦੀਆਂ ਤਿਥਾਂ ਮੁਤਾਬਿਕ ਰੱਖਣੇ ਪਏ। ਇਸ ਦਾ ਹੀ ਸਿੱਟਾ ਸੀ ਕਿ (ੳ) ਗੁਰੂ ਨਾਨਕ ਸਾਹਿਬ ਜੀ ਦਾ ਗੁਰਪੁਰਬ ਚੰਦਰਮਾਂ ਦੀ ਤਿੱਥ ਅਤੇ ਗੁਰੂ ਤੇਗ਼ਬਹਾਦਰ ਸਾਹਿਬ ਜੀ ਦਾ ਸ਼ਹੀਦੀ ਪੁਰਬ ਸੂਰਜੀ ਪ੍ਰਵਿਸ਼ਟੇ ਅਨੁਸਾਰ ਕਦੀ ਇਕੱਠੇ ਅਤੇ ਕਦੀ ਅੱਗੇ ਪਿੱਛੇ ਆ ਜਾਂਦੇ ਹਨ।

(ਅ) ਹੋਲਾ ਮਹੱਲਾ ਚੰਦਰਮਾਂ ਤਿਥਾਂ ਅਨੁਸਾਰ ਚੇਤ ਵਦੀ ੧ ਨੂੰ ਮਨਾਇਆ ਜਾਂਦਾ ਹੈ। ਚੇਤ ਵਦੀ ੧ ਸੂਰਜੀ ਸਾਲ ਦੇ ਕਦੇ ਤਾਂ ਫ਼ੱਗਣ ਮਹੀਨੇ ਵਿੱਚ ਆ ਜਾਂਦੀ ਹੈ ਅਤੇ ਕਦੀ ਨਵੇਂ ਸਾਲ ਦੇ ਚੇਤ ਮਹੀਨੇ ਵਿੱਚ। ਜਿਸ ਸਾਲ ੯/੧੦ ਚੇਤ ਤੋਂ ਪਹਿਲਾਂ ਪਹਿਲਾਂ ਚੇਤ ਵਦੀ ੧ ਆ ਜਾਵੇ ਉਸ ਸਾਲ ਹੋਲਾ ਮਹੱਲਾ ਫ਼ੱਗਣ ਵਿੱਚ ਦੁਬਾਰਾ ਫਿਰ ਆ ਜਾਂਦਾ ਹੈ ਭਾਵ ਸਾਲ ਵਿੱਚ ਦੋ ਵਾਰ ਅਤੇ ਉਸ ਤੋਂ ਅਗਲੇ ਸਾਲ ਮਲਮਾਸ ਦਾ ਵਾਧੂ ਮਹੀਨਾ ਜੁੜ ਜਾਣ ਕਰਕੇ 18/19 ਦਿਨ ਲੇਟ ਹੋਣ ਕਰਕੇ ਉਸ ਸਾਲ ਵਿੱਚ ਆਉਂਦਾ ਹੀ ਨਹੀਂ।

ਹੋਲਾ ਮਹੱਲਾ ਮੌਸਮੀ ਤਿਉਹਾਰ ਹੈ ਜੋ ਬਸੰਤ ਰੁੱਤ ਦੀ ਅਰੰਭਤਾ ਵਾਲੇ ਦਿਨ ੧ ਚੇਤ ਨੂੰ ਮਨਾਇਆ ਜਾਂਦਾ ਹੈ। ਨਾਨਕਸ਼ਾਹੀ ਸੰਮਤ ੧ ਚੇਤ ਤੋਂ ਸ਼ੁਰੂ ਹੁੰਦਾ ਹੈ ਇਸ ਲਈ ਸਿੱਖਾਂ ਲਈ ਚੜ੍ਹਦੀਕਲਾ ਦੇ ਪ੍ਰਤੀਕ ਆਪਣੇ ਇਸ ਸਾਲਾਨਾ ਤਿਉਹਾਰ ਲਈ ਸੂਰਜੀ ਮਹੀਨੇ ਦੀ ਪਹਿਲੀ ਤਾਰੀਖ਼ ਭਾਵ ਨਵੇਂ ਸਾਲ ਦੀ ਅਰੰਭਤਾ ਵਾਲੇ ਦਿਨ ਮਨਾਏ ਜਾਣਾ ਹੀ ਢੁਕਵਾਂ ਹੈ। ਚੇਤ ਵਦੀ ੧ ਦੀ ਜ਼ਿਦ ਕਰਨ ਵਾਲਿਆਂ ਲਈ ਸਵਾਲ ਜਰੂਰ ਹੈ ਕਿ ਜੇ ਅਨੰਦਪੁਰ ਸਾਹਿਬ ਵਿਖੇ ਹੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜਿਸ ਦਿਨ ਖ਼ਾਲਸਾ ਸਾਜਿਆ ਗਿਆ ਉਸ ਦਿਨ ਨੂੰ ਸੂਰਜੀ ਪ੍ਰਵਿਸ਼ਟੇ ਅਨੁਸਾਰ ੧ ਵੈਸਾਖ ਨੂੰ ਮਨਾਇਆ ਜਾਂਦਾ ਹੈ ਤਾਂ ਉਸੇ ਹੀ ਸਥਾਨ ’ਤੇ ਉਸੇ ਹੀ ਗੁਰੂ ਸਾਹਿਬਾਨ ਨੇ ਹੋਲੇ ਮਹੱਲੇ ਦੀ ਰੀਤ ਸ਼ੁਰੂ ਕੀਤੀ ਤਾਂ ਉਹ ਸੂਰਜੀ ਪ੍ਰਵਿਸ਼ਟੇ ਮੁਤਾਬਿਕ ੧ ਚੇਤ ਨੂੰ ਕਿਉਂ ਨਹੀਂ? ਹੋਲੇ ਮਹੱਲੇ ਲਈ ਚੰਦਰ ਮਹੀਨੇ ਦੀ ਚੇਤ ਵਦੀ ੧ ਲਈ ਜ਼ਿਦ ਕਿਉਂ? ਕੀ ਗੁਰੂ ਸਾਹਿਬ ਜੀ ਨੇ ਕੋਈ ਐਸਾ ਫ਼ੁਰਮਾਨ ਸਾਡੇ ਲਈ ਕੀਤਾ ਹੈ ਜਾਂ ਗੁਰਬਾਣੀ ਵਿੱਚ ਇਸ ਤਰ੍ਹਾਂ ਦੇ ਨਿਯਮ ਮੌਜੂਦ ਹਨ ਜਿਨ੍ਹਾਂ ਤੋਂ ਸੇਧ ਮਿਲਦੀ ਹੋਵੇ ਕਿ ਕਿਹੜੇ ਦਿਹਾੜੇ ਸੂਰਜੀ ਤਾਰੀਖ਼ਾਂ ਨੂੰ ਮਨਾਏ ਜਾਣ ਅਤੇ ਕਿਹੜੇ ਚੰਦਰਮਾਂ ਦੀਆਂ ਤਿੱਥਾਂ ਮੁਤਾਬਿਕ? ਸੋ ਉਪਰੋਕਤ ਖੜ੍ਹੇ ਕੀਤੇ ਨਿਰਮੂਲ ਸ਼ੰਕੇ ਨਾਨਕਸ਼ਾਹੀ ਕੈਲੰਡਰ ਦੀਆਂ ਊਣਤਾਈਆਂ ਜਾਂ ਕਸੂਰ ਨਹੀਂ ਸਗੋਂ ਕਸੂਰ ਉਨ੍ਹਾਂ ਲੋਕਾਂ ਦਾ ਹੈ ਜਿਹੜੇ ਸੂਰਜੀ ਰੁੱਤੀ ਸਾਲ ਦੀ ਬਜਾਏ ਚੰਦਰ ਅਤੇ ਸੂਰਜੀ ਅਧਾਰਤ ਦੋ ਪ੍ਰਣਾਲੀਆਂ ਅਰਥਾਤ ਦੋ ਬੇੜੀਆਂ ਵਿੱਚ ਪੈਰ ਰੱਖੀ ਰੱਖਣ ਦੇ ਆਦੀ ਹੋਣ ਕਰਕੇ ਇੱਕ ਬੇੜੀ ਵਿੱਚ ਸਵਾਰ ਹੋਣ ਲਈ ਤਿਆਰ ਨਹੀਂ ਹੋ ਰਹੇ। ਜਿਸ ਦਿਨ ਪੂਰਨ ਤੌਰ ’ਤੇ ਸੂਰਜੀ ਕੈਲੰਡਰ ਅਪਣਾ ਲਿਆ ਗਿਆ ਉਸ ਦਿਨ ਤੋਂ ਬਾਅਦ ਨਾ ਕੋਈ ਦਿਹਾੜਾ ਅੱਗੇ ਪਿੱਛੇ ਆਏਗਾ ਅਤੇ ਨਾ ਹੀ ਕੋਈ ਦਿਹਾੜਾ ਇੱਕ ਸਾਲ ਵਿੱਚ ਦੋ ਵਾਰ ਆਏਗਾ।

ਸ਼ੰਕਾ 4. ਪਿਛਲੇ 300 ਸਾਲਾਂ ਵਿੱਚ ਕਦੀ ਨਹੀਂ ਹੋਇਆ ਕਿ 4-4 ਗੁਰਪੁਰਬ ਇੱਕੋ ਦਿਨ ਹੀ ਆਉਂਦੇ ਹੋਣ ਪਰ ਗੁਰ ਇਤਿਹਾਸ ਨੂੰ ਮਿਥਿਹਾਸ ਬਣਾਉਂਦਾ ਪੁਰੇਵਾਲ ਦਾ ਬਣਾਇਆ ਕੈਲੰਡਰ ੩ ਵੈਸਾਖ/ 16 ਅਪ੍ਰੈਲ ਨੂੰ ਅਤੇ ਫਿਰ ੨ ਅੱਸੂ/16 ਸਤੰਬਰ ਨੂੰ 4-4 ਗੁਰ ਪੁਰਬਾਂ ਨੂੰ ਇੱਕੋ ਦਿਨ ਦਰਸਾ ਕੇ ਇਤਿਹਾਸ ਨੂੰ ਪੁੱਠਾ ਗੇੜ ਦਿੰਦਾ ਹੈ।

ਉੱਤਰ : ਇਹ ਸ਼ੰਕੇ ਦੂਰ ਕਰਨ ਲਈ ਹੀ ਪੰਨਾਂ ਨੰ: 43 ਤੋਂ 71 ਤੱਕ ਸਾਰੇ ਗੁਰੂ ਸਾਹਿਬਾਨ ਦੇ ਪ੍ਰਕਾਸ਼ ਪੁਰਬ, ਗੁਰਗੱਦੀ ਪੁਰਬ ਅਤੇ ਜੋਤੀ-ਜੋਤ ਸਮਾਉਣ ਦੇ ਪੁਰਬਾਂ ਦੀਆਂ ਵੱਖ ਵੱਖ ਇਤਿਹਾਸਕਾਰਾਂ ਅਤੇ ਲੇਖਕਾਂ ਵੱਲੋਂ ਲਿਖੀਆਂ ਤਾਰੀਖ਼ਾਂ ਨੂੰ ਤਰਤੀਬਵਾਰ ਵੱਖਰੀਆਂ ਵੱਖਰੀਆਂ ਸਾਰਣੀਆਂ ਵਿੱਚ ਦਰਜ ਕੀਤਾ ਗਿਆ ਹੈ। ਹਰ ਪਾਠਕ ਅਤੇ ਸ਼ੰਕਾਧਾਰੀ ਉਨ੍ਹਾਂ ਸਾਰਣੀਆਂ ਵਿੱਚ ਦਰਜ ਤਾਰੀਖ਼ਾਂ ਨੂੰ ਵੇਖ ਅਤੇ ਪੜਤਾਲ ਕਰ ਸਕਦਾ ਹੈ ਕਿ ਗੁਰਗੱਦੀ ਗੁਰੂ ਅਮਰਦਾਸ ਜੀ, ਜੋਤੀ-ਜੋਤ ਗੁਰੂ ਅੰਗਦ ਸਾਹਿਬ ਜੀ; ਗੁਰਗੱਦੀ ਗੁਰੂ ਤੇਗ਼ਬਹਾਦਰ ਸਾਹਿਬ ਜੀ ਅਤੇ ਜੋਤੀ-ਜੋਤ ਗੁਰੂ ਹਰਿਕ੍ਰਿਸ਼ਨ ਜੀ; ਚਾਰੇ ਹੀ ਪੁਰਬਾਂ ਦੀ ਪ੍ਰਵਿਸ਼ਟਾ ਤਾਰੀਖ਼ ੩ ਵੈਸਾਖ ਲਿਖੀ ਹੈ। ਇਸੇ ਹੀ ਤਰ੍ਹਾਂ ਗੁਰਗੱਦੀ ਗੁਰੂ ਰਾਮਦਾਸ ਜੀ, ਜੋਤੀ ਜੋਤ ਗੁਰੂ ਅਮਰਦਾਸ ਜੀ; ਗੁਰਗੱਦੀ ਗੁਰੂ ਅਰਜਨ ਸਾਹਿਬ ਜੀ ਅਤੇ ਜੋਤੀ ਜੋਤ ਗੁਰੂ ਰਾਮਦਾਸ ਜੀ, ਚਾਰੇ ਹੀ ਪੁਰਬਾਂ ਦੀ ਪ੍ਰਵਿਸ਼ਟਾ ਤਾਰੀਖ਼ ੨ ਅੱਸੂ ਲਿਖੀ ਹੈ। ਪਾਠਕ ਜਨ ਵੇਖ ਸਕਦੇ ਹਨ ਕਿ ਸਾਰੇ ਵਿਦਵਾਨ ਇਨ੍ਹਾਂ ਤਾਰੀਖ਼ਾਂ ਨਾਲ ਸਹਿਮਤ ਹਨ ਤਾਂ ਫਿਰ ਚਾਰ ਗੁਰ ਪੁਰਬਾਂ ਲਈ ੩ ਵੈਸਾਖ ਅਤੇ ਚਾਰ ਲਈ ੨ ਅੱਸੂ ਹੀ ਨਿਚਚਿਤ ਹੋਣਾ ਸੀ; ਦੱਸੋ ਇਸ ਵਿੱਚ ਨਾਨਕਸ਼ਾਹੀ ਕੈਲੰਡਰ ਜਾਂ ਪੁਰੇਵਾਲ ਦਾ ਕੀ ਕਸੂਰ ਹੈ? ਇਸ ਵਿਦਵਾਨ ਨੂੰ ਇਹ ਵੀ ਸਮਝ ਨਹੀਂ ਕਿ ਇਨ੍ਹਾਂ ਪੁਰਬਾਂ ਲਈ ਚੰਦਰ ਤਿਥਾਂ ਭਲੇ ਹੀ ਵੱਖਰੀਆਂ ਸੀ ਪਰ ਪ੍ਰਵਿਸ਼ਟਾ ਚਾਰਾਂ ਲਈ ੩ ਵੈਸਾਖ ਅਤੇ ਚਾਰਾਂ ਲਈ ੨ ਅੱਸੂ ਸੀ। ਚੰਦਰ ਤਿਥਾਂ ਦਾ ਤਿਆਗ ਕਰਨ ਦਾ ਫੈਸਲਾ ਕੈਲੰਡਰ ਕਮੇਟੀ ਵਿੱਚ ਹੋ ਚੁੱਕਾ ਸੀ ਇਸ ਲਈ ਪ੍ਰਵਿਸ਼ਟੇ ਅਪਣਾਏ ਗਏ; ਵੱਸ ਇਹੋ ਫੈਸਲਾ ਇਨ੍ਹਾਂ ਨੂੰ ਹਜ਼ਮ ਨਹੀਂ ਹੋ ਰਿਹਾ। ਨਿਸ਼ਾਨ ਨੇ ਆਪਣੀ ਪੁਸਤਕ ਗੁਰਪੁਰਬ ਦਰਪਣ ਵਿੱਚ ਵੀ ਗੁਰੂ ਅੰਗਦ ਸਾਹਿਬ ਜੀ ਦਾ ਜੋਤੀ-ਜੋਤ ਦਿਵਸ,

ਗੁਰੂ ਹਰਿਕ੍ਰਿਸ਼ਨ ਜੀ ਦਾ ਜੋਤੀ-ਜੋਤ ਦਿਵਸ ਅਤੇ ਗੁਰੂ ਤੇਗ਼ਬਹਾਦਰ ਜੀ ਦਾ ਗੁਰਗੱਦੀ ਦਿਵਸ ੩ ਵੈਸਾਖ ਹੀ ਲਿਖਿਆ ਹੈ ਤਾਂ ਇਨ੍ਹਾਂ ਪੁਰਬਾਂ ਲਈ ੩ ਵੈਸਾਖ ਨਿਸਚਿਤ ਕੀਤੇ ਜਾਣ 'ਤੇ ਇਤਰਾਜ਼ ਕਰਨ ਦਾ ਉਹ ਕੋਈ ਹੱਕ ਰੱਖਦਾ ਹੈ? ਜੇ ਸੁਦੀ ਵਦੀ ਦੀਆਂ ਤਿਥਾਂ ਮੁਤਾਬਿਕ ਰੱਖ ਲਓ ਤਾਂ ਭਾਵੇਂ ਉਹ ਠੀਕ ਹੋਣ ਭਾਵੇਂ ਗਲਤ ਇਨ੍ਹਾਂ ਦਾ ਉਸ ਗਲਤੀ ਵੱਲ ਕਦੀ ਧਿਆਨ ਜਾਣਾ ਹੀ ਨਹੀਂ ਜਿਵੇਂ ਕਿ ਸਰਹਿੰਦ ਫ਼ਤਹਿ ਦਿਵਸ ਦੀ ਗਲਤ ਲਿਖੀ ਜਾ ਰਹੀ ਤਾਰੀਖ਼ ਵੱਲ ਇਨ੍ਹਾਂ ਦਾ ਕਦੀ ਧਿਆਨ ਹੀ ਨਹੀਂ ਗਿਆ।

ਸ਼ੰਕਾ ਨੰ: 5. ਇਤਿਹਾਸ ਮੁਤਾਬਿਕ ਸਾਹਿਬਜ਼ਾਦਿਆਂ ਦੀ ਸ਼ਹੀਦੀ 1705 ਵਿੱਚ ਹੋਈ ਅਤੇ 300 ਸਾਲਾ ਸ਼ਹੀਦੀ ਦਿਹਾੜਾ ਦਸੰਬਰ 2005 ਵਿੱਚ ਬਣਦਾ ਸੀ ਪਰ ਨਵੇਂ ਬਣੇ ਨਾਨਕਸ਼ਾਹੀ ਕੈਲੰਡਰ ਵਿੱਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ 300 ਸਾਲਾ ਸ਼ਹੀਦੀ ਦਿਹਾੜਾ ਦਸੰਬਰ 2004 ਵਿੱਚ ਮਨਾਇਆ ਗਿਆ ਭਾਵ ਕਿ 1704 ਵਿੱਚ ਜਦੋਂ ਸਾਹਿਬਜ਼ਾਦੇ ਜਿਉਂਦੇ ਜਾਗਦੇ ਸਨ, ਮੁਗਲੀਆ ਫੌਜ ਅਨੰਦਪੁਰ ਦੇ ਨੇੜੇ ਤੇੜੇ ਵੀ ਨਹੀਂ ਸੀ, ਨਾਨਕਸ਼ਾਹੀ ਕੈਲੰਡਰ ਮੁਤਾਬਿਕ ਸਾਹਿਬਜ਼ਾਦੇ ਸ਼ਹੀਦ ਹੋ ਚੁੱਕੇ ਸਨ।

ਉੱਤਰ: ਕਈ ਇਤਿਹਾਸਕਾਰਾਂ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ 1704 ਵਿੱਚ ਲਿਖੀ ਹੈ ਅਤੇ ਕਈਆਂ ਨੇ 1705 ਵੀ ਲਿਖੀ ਹੈ। ਅਸਲ ਵਿੱਚ ਸਾਡੇ ਸਿੱਖ ਇਤਿਹਾਸ ਦਾ ਹਾਲ ਹੀ ਐਸਾ ਹੈ ਕਿ ਕਿਸੇ ਵੀ ਘਟਨਾਂ ਦੀਆਂ ਸਾਰੇ ਲੇਖਕਾਂ ਦੀਆਂ ਤਾਰੀਖ਼ਾਂ ਇੱਕ ਦੂਸਰੇ ਨਾਲ ਨਹੀਂ ਮਿਲਦੀਆਂ। ਇਸ ਸੰਬਧੀ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਅਤੇ ਖੋਜੀ ਇਤਿਹਾਸਕਾਰ ਸ: ਕਰਮ ਸਿੰਘ ਹਿਸਟੋਰੀਅਨ ਦੇ ਵੀਚਾਰ ਤੁਸੀਂ ਉਨ੍ਹਾਂ ਦੀ ਪੁਸਤਕ ਗੁਰਪੁਰਬ ਨਿਰਣੈ ਦੀ ਭੂਮਿਕਾ ਵਿੱਚ ਪੜ੍ਹ ਸਕਦੇ ਹੋ। ਪਾਠਕਾਂ ਦੀ ਸਹੂਲਤ ਲਈ ਉਨ੍ਹਾਂ ਵਿਦਵਾਨਾਂ ਦੇ ਵੀਚਾਰ ਇਸ ਪੁਸਤਕ ਦੀ ਭੂਮਿਕਾ ਵਿੱਚ ਵੀ ਹੂਬਹੂ ਸੰਖੇਪ ਮਾਤਰ ਲਿਖ ਦਿੱਤੇ ਹਨ ਜੋ ਪਾਠਕ ਜਨਾਂ ਨੇ ਪੜ੍ਹ ਹੀ ਲਏ ਹੋਣੇ ਹਨ; ਜੇ ਨਹੀਂ ਪੜ੍ਹੇ ਤਾਂ ਜਰੂਰ ਪੜ੍ਹ ਲਏ ਜਾਣੇ ਚਾਹੀਦੇ ਹਨ। ਬਹੁਤੇ ਗੁਰੂ ਸਾਹਿਬਾਨ ਦੇ ਪ੍ਰਕਾਸ਼ ਦਿਹਾੜੇ ਅਤੇ ਸਾਹਿਬਜ਼ਾਦਿਆਂ ਦੇ ਜਨਮ ਦਿਨਾਂ ਵਿੱਚ 1 ਤੋਂ 5 ਸਾਲ ਦਾ ਫ਼ਰਕ ਹੈ। ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਵਿੱਚ ਤਾਂ 10 ਸਾਲ ਦਾ ਫ਼ਰਕ ਹੈ ਇਸੇ ਕਾਰਨ ਕਈਆਂ ਨੇ ਉਨ੍ਹਾਂ ਦੀ ਸਰੀਰਕ ਆਯੂ 105 ਸਾਲ ਲਿਖੀ ਹੈ ਅਤੇ ਬਹੁਤਿਆਂ ਨੇ 95 ਸਾਲ। ਪੁਰੇਵਾਲ ਜੀ ਨੇ ਸਾਰੀਆਂ ਤਾਰੀਖ਼ਾਂ ਦੀ ਕੈਲੰਡਰ ਵਿਗਿਆਨ ਦੀ ਕਸਵੱਟੀ ਤੇ ਪਰਖ ਪੜਤਾਲ ਕਰਨ ਉਪ੍ਰੰਤ ਸਭ ਤੋਂ ਵੱਧ ਢੁੱਕਵੀਆਂ ਤਾਰੀਖ਼ਾਂ ਹੀ ਦਰਜ ਕੀਤੀਆਂ ਹਨ। ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਦੀ ਪੜਤਾਲ ਕਰਦਾ ਲੇਖ ਉਨ੍ਹਾਂ ਦੀ ਵੈੱਬਸਾਈਟ ਦੇ ਲਿੰਕ <http://www.purewal.biz/chamkaur.pdf> 'ਤੇ ਪੜ੍ਹਿਆ ਜਾ ਸਕਦਾ ਹੈ। ਪਰ ਫਿਰ ਵੀ ਜੇ ਇਨ੍ਹਾਂ ਤਾਰੀਖ਼ਾਂ ਅਤੇ ਸਾਲਾਂ ਵਿੱਚ ਕੋਈ ਫ਼ਰਕ ਹੈ ਤਾਂ ਇਹ ਇਤਿਹਾਸਕਾਰਾਂ ਦੇ ਪੈਂਨਲ ਦਾ ਕੰਮ ਹੈ ਕਿ ਉਹ ਫੈਸਲਾ ਕਰਨ ਕਿ ਕਿਹੜੀ ਤਾਰੀਖ਼ ਅਤੇ ਕਿਹੜਾ ਸਾਲ ਠੀਕ ਹੈ ਅਤੇ ਕਿਹੜਾ ਗਲਤ; ਉਸ ਮੁਤਾਬਿਕ ਸੋਧ ਕੀਤੀ ਜਾ ਸਕਦੀ ਹੈ। ਕਿਸੇ ਇਕੱਲੇ-ਕਾਰੇ ਸ਼ੰਕਾਵਾਦੀ ਨੂੰ ਕੋਈ ਹੱਕ ਨਹੀਂ ਕਿ ਕੈਲੰਡਰ ਕਮੇਟੀ ਵੱਲੋਂ ਚੁਣੀਆਂ ਸਾਰੀਆਂ ਤਾਰੀਖ਼ਾਂ 'ਤੇ ਲਾਲ ਕਾਟਾ ਮਾਰ ਕੇ ਗਲਤ ਆਖ ਦੇਵੇ। ਚੰਗਾ ਹੋਵੇ ਜੇ ਦੂਸਰਿਆਂ ਦੀਆਂ ਗਲਤੀਆਂ ਕੱਢਣ ਤੋਂ ਪਹਿਲਾਂ ਆਪਣੇ ਵੱਲੋਂ ਲਿਖੀ ਪੁਸਤਕ ਗੁਰਪੁਰਬ ਦਰਪਣ ਵਿੱਚ ਦਰਜ ਤਾਰੀਖ਼ਾਂ ਦੀ ਖ਼ੁਦ ਪੜਤਾਲ ਕਰਕੇ ਸਵੈ ਪੜਚੋਲ ਕਰੇ।

ਸ਼ੰਕਾ ਨੰ: 6. - ਚੰਦਰਮਾਂ ਦੀਆਂ ਤਿੱਥਾਂ ਮੁਤਾਬਿਕ ਗੁਰਪੁਰਬ ਮਨਾਉਣੇ ਕੋਈ ਬ੍ਰਹਮਣੀ ਭਰਮਜਾਲ ਨਹੀਂ ਬਲਕਿ ਇਹ ਤਾਂ ਕੈਲੰਡਰ ਦੀ ਪ੍ਰਕਿਰਿਆ ਹੈ।

ਉੱਤਰ : ਸ਼੍ਰੀਮਾਨ ਜੀ ਬਿਲਕੁਲ ਭਰਮਜਾਲ ਹੈ ਜਿਸ ਨੂੰ ਤੁਸੀਂ ਖ਼ੁਦ ਸਮਝ ਨਹੀਂ ਸਕਦੇ। ਉਹ ਭਰਮਜਾਲ ਇਹ ਹੈ ਕਿ ਦੀਵਾਲੀ ਕਦੀ ਤਾਂ ਕਤਕ ਵਦੀ ਚਉਦਸ ਦੀ ਆ ਜਾਂਦੀ ਹੈ ਅਤੇ ਕਦੀ ਕੱਤਕ ਵਦੀ ਮੱਸਿਆ ਨੂੰ। ਅਸਲ ਵਿੱਚ ਇਹ ਲਕਸ਼ਮੀ ਪੂਜਾ ਦਾ ਦਿਨ ਹੁੰਦਾ ਹੈ ਜੋ ਸ਼੍ਰੀ ਰਾਮ ਚੰਦਰ ਜੀ ਦੇ ਅਯੁੱਧਿਆ ਵਾਪਸੀ ਤੋਂ ਪਹਿਲਾਂ ਵੀ ਮਨਾਇਆ ਜਾਂਦਾ ਸੀ। ਹਿੰਦੂਆਂ ਨੇ ਸ਼੍ਰੀ ਰਾਮ ਚੰਦਰ ਦੀ ਘਰ ਵਾਪਸੀ ਹੋਣ ਦੀ ਖ਼ੁਸ਼ੀ ਮਨਾਉਣ ਲਈ ਉਸ ਦਿਨ ਨੂੰ ਦੀਵਾਲੀ ਦੇ ਨਾਮ ਹੇਠ ਮਨਾਉਣਾ ਸ਼ੁਰੂ ਕਰ ਦਿੱਤਾ ਕਿਉਂਕਿ ਉਸ ਦਿਨ ਲੋਕ ਪਹਿਲਾਂ ਹੀ ਦੀਵੇ ਜਗਾ ਕੇ ਖ਼ੁਸ਼ੀ ਪ੍ਰਗਟ ਕਰਦੇ ਸਨ। ਉਨ੍ਹਾਂ ਦੀ ਰੀਸ ਨਾਲ ਸਿੱਖਾਂ ਨੇ ਵੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ 52 ਰਾਜਿਆਂ ਸਮੇਤ ਗਵਾਲੀਅਰ ਦੇ ਕਿਲੇ 'ਚੋਂ ਰਿਹਾਅ ਹੋ ਕੇ ਅੰਮ੍ਰਿਤਸਰ ਪਹੁੰਚਣ ਦੀ ਸਾਖੀ ਜੋੜ ਕੇ ਇਸ ਨੂੰ ਬੰਦੀਛੋੜ ਦਿਵਸ ਦਾ ਨਾਮ ਦੇ ਕੇ ਹਿੰਦੂਆਂ ਦੀ ਖ਼ੁਸ਼ੀ ਵਿੱਚ ਖ਼ੁਸ਼ੀ ਮਨਾਉਣ ਦਾ ਬਹਾਨਾ ਲੱਭ ਲਿਆ। ਅਸਲ ਵਿੱਚ ਸਿੱਖਾਂ ਪਾਸ ਕੋਈ ਇਤਿਹਾਸਕ ਸੋਮਾ ਮੌਜੂਦ ਹੀ ਨਹੀਂ ਜਿਸ ਤੋਂ ਪਤਾ ਲੱਗ ਸਕੇ ਕਿ ਗੁਰੂ ਸਾਹਿਬ ਜੀ ਕਿਹੜੀ ਤਾਰੀਖ਼ ਨੂੰ ਗਵਾਲੀਅਰ ਦੇ ਕਿਲੇ ਵਿੱਚੋਂ ਰਿਹਾਅ ਹੋਏ ਅਤੇ ਕਿਸ ਤਾਰੀਖ਼ ਨੂੰ ਅੰਮ੍ਰਿਤਸਰ ਪਹੁੰਚੇ ਅਤੇ ਉਸ ਦਿਨ ਕੱਤਕ ਵਦੀ ਚਉਦਸ ਸੀ ਜਾਂ ਕੱਤਕ ਵਦੀ ਮੱਸਿਆ। (ਵਿਸਥਾਰ ਪੂਰਬਕ ਲੇਖ ਇਸ ਪੁਸਤਕ ਦੇ ਪੰਨਾ ਨੰ: 34 'ਤੇ ਪੜ੍ਹਿਆ ਜਾ ਸਕਦਾ ਹੈ।) ਜੇ ਇਨ੍ਹਾਂ ਵਿੱਚੋਂ ਕਿਸੇ ਇੱਕ ਤਿੱਥ ਦਾ ਪਤਾ ਹੋਵੇ ਤਾਂ ਸਾਨੂੰ ਬੰਦੀਛੋੜ ਦਿਵਸ ਉਸੇ ਦਿਨ ਮਨਾਉਣਾ ਚਾਹੀਦਾ ਸੀ ਪਰ ਦੀਵਾਲੀ ਨਾਲ ਨੱਥੀ ਕਰਨ ਦਾ ਕੀ ਭਾਵ ਹੈ? ਹੋਰ ਵਿਸਥਾਰ ਲਈ <https://bit.ly/2WLz8bJ> ਲਿੰਕ ਤੋਂ ਸ: ਅਤਿੰਦਰਪਾਲ ਸਿੰਘ ਦਾ ਲੇਖ "ਬੰਦੀਛੋੜ ਦਿਵਸ ਅਤੇ ਦੀਵਾਲੀ ਦਾ ਇਤਿਹਾਸਕ ਸੱਚ ਕੀ ਹੈ" ਪੜ੍ਹਿਆ ਜਾ ਸਕਦਾ ਹੈ। ਬੰਦੀ ਛੋੜ ਦਿਵਸ ਦਾ ਪ੍ਰਵਿਸ਼ਟਾ ੧ ਫ਼ੱਗਣ ਕਿਉਂ ਰੱਖਿਆ ਗਿਆ ਇਹ ਸਮਝਣ ਲਈ ਸ: ਪਾਲ ਸਿੰਘ ਪੁਰੇਵਾਲ ਦੀ ਵੈੱਬਸਾਈਟ <http://purewal.biz/> ਤੋਂ ਉਨ੍ਹਾਂ ਦਾ ਖੋਜ ਭਰਭੂਰ ਲੇਖ ਪੜ੍ਹਨਾ ਲਾਹੇਵੰਦ ਰਹੇਗਾ।

ਹਿੰਦੂ ਸ਼ਾਸਤਰਾਂ ਅਨੁਸਾਰ ਲਕਸ਼ਮੀ ਪੂਜਾ ਦਾ ਖ਼ਾਸ ਸਮਾਂ ਹੁੰਦਾ

ਹੈ ਕਿ ਉਸ ਦਿਨ ਸੂਰਜ ਛਿਪਣ ਤੋਂ ਬਾਅਦ ਰਾਤ ਦੀ ਕੁੱਲ ਲੰਬਾਈ ਦੇ ਪੰਜਵੇਂ ਹਿੱਸੇ ਦੇ ਸਮੇਂ ਤੱਕ ਮੱਸਿਆ ਹੋਣੀ ਚਾਹੀਦੀ ਹੈ। ਮਿਸਾਲ ਦੇ ਤੌਰ 'ਤੇ 14 ਨਵੰਬਰ 2020 ਨੂੰ ਦੁਪਹਿਰ ਬਾਅਦ 2 ਵੱਜ ਕੇ 18 ਮਿੰਟ 'ਤੇ ਮੱਸਿਆ ਸ਼ੁਰੂ ਹੋਈ ਅਤੇ 15 ਨਵੰਬਰ ਨੂੰ ਸਵੇਰੇ 10 ਵੱਜ ਕੇ 37 ਮਿੰਟ 'ਤੇ ਸਮਾਪਤ ਹੋਈ। ਕੈਲੰਡਰ ਦੇ ਨਿਯਮਾਂ ਅਨੁਸਾਰ ਤਾਂ 14 ਨਵੰਬਰ ਨੂੰ ਕੱਤਕ ਵਦੀ ਚਉਦਸ ਸੀ ਅਤੇ 15 ਨਵੰਬਰ ਨੂੰ ਕੱਤਕ ਵਦੀ ਮੱਸਿਆ। ਪਰ 15 ਨਵੰਬਰ ਦੇ ਦਿਨ ਲਕਸ਼ਮੀ ਪੂਜਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਮੱਸਿਆ ਤਾਂ ਸਵੇਰੇ 10 ਵੱਜ ਕੇ 37 ਮਿੰਟ 'ਤੇ ਹੀ ਸਮਾਪਤ ਹੋ ਜਾਣ ਕਾਰਨ ਸ਼ਾਸਤਰਾਂ ਮੁਤਾਬਿਕ ਰਾਤ ਦੇ ਨਿਰਧਾਰਤ ਸਮੇਂ ਮੱਸਿਆ ਨਹੀਂ ਸੀ। 14 ਨਵੰਬਰ ਨੂੰ ਇਹ ਸ਼ਰਤਾਂ ਪੂਰੀਆਂ ਹੋਣ ਕਰਕੇ ਲਕਸ਼ਮੀ ਪੂਜਾ 14 ਨਵੰਬਰ ਨੂੰ ਸੀ ਅਤੇ ਰਵਾਇਤ ਮੁਤਾਬਿਕ ਉਸੇ ਦਿਨ ਦੀਵਾਲੀ ਸੀ। ਸਾਡੇ ਸ਼ੰਕਾਵਾਦੀ ਵਿਦਵਾਨ ਨੂੰ ਇਸ ਨਿਯਮ ਦਾ ਪਤਾ ਨਹੀਂ ਸੀ ਇਸ ਕਾਰਨ ਉਨ੍ਹਾਂ ਸੰਨ 2015 ਤੋਂ ਲੈ ਕੇ ਸੰਨ 2100 ਤੱਕ ਦੇ 86 ਸਾਲਾਂ ਦੇ ਬੰਦੀਛੋੜ ਦਿਵਸ ਦੀਆਂ ਸਾਰੀਆਂ ਤਾਰੀਖ਼ਾਂ ਕੈਲੰਡਰੀਕਲ ਟੈਬੂਲੇਸ਼ਨ ਪੁਸਤਕ ਵਿੱਚੋਂ ਨਕਲ ਮਾਰ ਕੇ ਕੱਤਕ ਵਦੀ ਮੱਸਿਆ ਵਾਲੀਆਂ ਲਿਖ ਦਿੱਤੀਆਂ ਜਿਨ੍ਹਾਂ ਵਿੱਚੋਂ ਹੁਣ ਤੱਕ 2019 ਅਤੇ 2020 ਵਿੱਚ ਦੋ ਸਾਲਾਂ ਦੀਆਂ ਤਾਰੀਖ਼ਾਂ ਤਾਂ ਗਲਤ ਸਾਬਤ ਹੋ ਚੁੱਕੀਆਂ ਹਨ ਜਿਨ੍ਹਾਂ ਦੀ ਪੜਤਾਲ ਪੰਜਾਬ ਦੀਆਂ ਸਮੁੱਚੀਆਂ ਜੰਤਰੀਆਂ ਸਮੇਤ ਸ਼੍ਰੋਮਣੀ ਕਮੇਟੀ ਦੇ ਇਨ੍ਹਾਂ ਸਾਲਾਂ ਦੇ ਛਪੇ ਕੈਲੰਡਰਾਂ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਸ ਸਾਲ ਇਸ ਦੀ ਤਾਰੀਖ਼ ਠੀਕ ਹੈ ਆਉਣ ਵਾਲੇ ਸਾਲਾਂ 2022 ਅਤੇ 23 ਵਿੱਚ ਫਿਰ ਗਲਤ ਹੋਵੇਗੀ। ਇਸ ਤਰ੍ਹਾਂ ਕੁਲ 86 ਸਾਲਾਂ ਵਿੱਚੋਂ 42 ਸਾਲ ਗਲਤ ਹਨ ਅਤੇ ਸੰਨ 2065 ਅਤੇ 2099 ਦੋ ਸਾਲਾਂ ਵਿੱਚ ਨਾ ਹੀ ਕੱਤਕ ਵਦੀ ਚਉਦਸ ਅਤੇ ਨਾ ਹੀ ਮੱਸਿਆ ਵਾਲੇ ਦਿਨਾਂ ਨੂੰ ਲਕਸ਼ਮੀ ਪੂਜਾ ਦੇ ਸਮੇਂ ਵਾਲੀਆਂ ਨਿਰਧਾਰਤ ਸ਼ਰਤਾਂ ਪੂਰੀਆਂ ਹੁੰਦੀ ਹਨ। ਇਸ ਕੇਸ ਵਿੱਚ ਲਕਸ਼ਮੀ ਪੂਜਾ/ਦੀਵਾਲੀ ਨਿਸਚਿਤ ਕਰਨ ਲਈ ਵੱਖਰਾ ਨਿਯਮ ਹੈ ਜਿਸ ਮੁਤਾਬਿਕ ਦੀਵਾਲੀ ਚਉਦਸ ਨੂੰ ਵੀ ਹੋ ਸਕਦੀ ਹੈ ਅਤੇ ਮੱਸਿਆ ਨੂੰ ਵੀ। ਇਸ ਨਿਯਮ ਦਾ ਇਸ ਨੂੰ ਪਤਾ ਨਹੀਂ ਸੀ ਪਰ ਤੁਕੇ ਨਾਲ ਹੀ ਠੀਕ ਹੋ ਗਈਆਂ ਹਨ ਕਿਉਂਕਿ ਸਾਰੀਆਂ ਲਈ ਇਹ ਬਿਨਾਂ ਸਮਝ ਤੋਂ ਮੱਸਿਆ ਵਾਲਾ ਦਿਨ ਹੀ ਲਿਖਦਾ ਰਿਹੈ ਤੇ ਕੁਦਰਤੀ ਤੌਰ 'ਤੇ ਇਹ ਦੋਵੇਂ ਠੀਕ ਹੋ ਗਈਆਂ। ਸਾਰ ਇਹੀ ਨਿਕਲਦਾ ਹੈ ਕਿ ਦੀਵਾਲੀ ਦੇ ਤਿਉਹਾਰ ਦੀਆਂ ਆਪਣੀਆਂ ਤਾਰੀਖ਼ਾਂ 50% ਤੋਂ ਵੱਧ ਗਲਤ ਹੋਣ ਦੇ ਬਾਵਜੂਦ ਪੁਰੇਵਾਲ ਨੂੰ ਕੈਲੰਡਰ ਵਿਗਿਆਨ ਤੋਂ ਕੋਰਾ ਅਤੇ ਆਪਣੇ ਆਪ ਨੂੰ ਗਿਆਤਾ ਦੱਸ ਰਿਹਾ ਹੈ। ਇਸ ਵਿਦਵਾਨ ਲਈ ਸਵਾਲ ਇਹ ਹੈ ਕਿ ਸਿੱਖੀ ਸਿਧਾਂਤਾਂ ਅਨੁਸਾਰ ਲਕਸ਼ਮੀ ਪੂਜਾ ਦਾ ਤਾਂ ਸਿੱਖਾਂ ਨਾਲ ਕੋਈ ਸਬੰਧ ਹੀ ਨਹੀਂ ਹੈ ਫਿਰ ਦੱਸਿਆ ਜਾਵੇ ਕਿ ਸਿੱਖ ਪੰਥ ਨੂੰ ਕੱਤਕ ਵਦੀ ਚਉਦਸ ਜਾਂ ਮੱਸਿਆ ਵਿੱਚੋਂ ਕਿਹੜੀ ਇਕ ਅਸਲੀ ਤਿਥ ਦੀ ਚੋਣ ਕਰਨੀ ਚਾਹੀਦੀ ਹੈ ਜਾਂ ਹੋਰ ਅਸਲੀ ਤਾਰੀਖ਼ ਜਿਸ ਦਿਨ ਗੁਰੂ ਹਰਿਗੋਬਿੰਦ ਸਾਹਿਬ ਜੀ ਅੰਮ੍ਰਿਤਸਰ ਪਹੁੰਚੇ ਉਸ ਦੀ ਪੜਤਾਲ ਕਰਨ ਉਪ੍ਰੰਤ ਉਹ ਦਿਨ ਬੰਦੀਛੋੜ ਦਿਵਸ ਵਾਸਤੇ ਨਿਸਚਿਤ ਕੀਤਾ ਜਾਣਾ ਚਾਹੀਦਾ ਹੈ। ਪਰ ਜੇ ਸਿੱਖ ਫਿਰ ਵੀ ਲਕਸ਼ਮੀ ਪੂਜਾ ਵਾਲੇ ਦਿਨ ਨਾਲ ਆਪਣਾ ਦਿਹਾੜਾ ਨੱਥੀ ਕਰੀ ਬੈਠੇ ਹਨ ਤਾਂ ਇਹ ਬ੍ਰਹਮਣੀ ਜਾਲ ਨਹੀਂ ਤਾਂ ਹੋਰ ਕੀ ਹੈ? ਇਹ ਬ੍ਰਾਮ੍ਹਣੀ ਭਰਮਜਾਲ ਦਾ ਸਿੱਟਾ ਹੀ ਹੈ ਕਿ ਕਰਨਲ ਨਿਸ਼ਾਨ ਵੱਲੋਂ ਬੰਦੀਛੋੜ ਦਿਵਸ ਦੀਆਂ 86 ਵਿੱਚੋਂ ਅੱਧੀਆਂ ਤਰੀਖਾਂ ਗਲਤ ਹੋ ਗਈਆਂ ਹਨ ਜਿਨ੍ਹਾਂ ਵਿੱਚੋਂ ਸੰਨ 2019 ਅਤੇ 2020 ਦੀਆਂ ਤਾਰੀਖਾਂ ਤਾਂ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਨਾਲ ਕਰਨਲ ਨਿਸ਼ਾਨ ਦੀਆਂ ਤਾਰੀਖ਼ਾਂ ਮਿਲਾ ਕੇ ਵੇਖ ਸਕਦੇ ਹੋ ਅਤੇ ਬਾਕੀ ਦੀਆਂ ਆਉਣ ਵਾਲੇ ਸਮੇਂ 'ਚ ਹਰ ਸਾਲ ਚੈੱਕ ਕਰਦੇ ਰਹਿਣਾ।

ਸ਼ੰਕਾ ਨੰ: 7 - ਸ਼ੰਕਾਵਾਦੀ ਵਿਦਵਾਨ ਲਿਖਦਾ ਹੈ: "ਪੁਰੇਵਾਲ ਵੱਲੋਂ ਨਾਨਕਸ਼ਾਹੀ ਕੈਲੰਡਰ ਦੁਆਰਾ ਸਿੱਖ ਪੰਥ ਨੂੰ ਇੱਕ ਪੂਰਨ ਬ੍ਰਹਮਣਵਾਦੀ ਉਤਰਾਇਣ/ਦੱਖਨਾਇਣ ਦੀ ਸੋਚ ਨਾਲ ਜੋੜਨ ਦੀ ਕੋਸ਼ਿਸ ਕੀਤੀ ਗਈ ਹੈ ਜਦ ਕਿ ਐਸੀ ਕਿਸੇ ਮਨੌਤ ਨਾਲ ਸਿੱਖ ਫਲਸਫੇ ਨਾਲ ਸਿੱਖਾਂ ਦਾ ਕੋਈ ਸਬੰਧ ਹੀ ਨਹੀਂ ਹੈ। ਉੱਤਰਾਇਣ ਦੱਖਣਾਇਨ ਭਾਵ ਸੂਰਜ ਦੀ ਉੱਤਰ ਵੱਲ ਜਾਂ ਦੱਖਣ ਵੱਲ ਜਾਣ ਦੀ ਕਲਾ ਦੀ ਬਜਾਏ ਗੁਰਬਾਣੀ ਨੇ ਤਾਂ ਸਿੱਖ ਨੂੰ ਇੱਕੋ ਇੱਕ ਚੜ੍ਹਦੀ ਕਲਾ ਵਿੱਚ ਜਿਉਣ ਦੀ ਕਲਾ ਹੀ ਸਿਖਾਈ ਹੈ ਅਤੇ ਸਿੱਖ ਪੰਥ ਉਤਰਾਇਨ/ਦੱਖਣਾਇਨ ਦੇ ਭੰਬਲਭੂਸੇ ਵਿੱਚ ਪੈਣ ਵਾਲਾ ਨਹੀਂ।"

ਉੱਤਰ : 20-21 ਜੂਨ (੬-੭ ਹਾੜ) ਨੂੰ ਵਾਪਰਨ ਵਾਲੀ ਘਟਨਾ ਜਦੋਂ ਸੂਰਜ ਉੱਤਰਾਇਣ ਤੋਂ ਦੱਖਨਾਇਣ ਨੂੰ ਹੁੰਦਾ ਹੈ; ਐਸਟ੍ਰਾਨੌਮੀ ਵਿੱਚ ਇੱਕ ਅਹਿਮ ਘਟਨਾ ਹੈ ਜਿਸ ਦਿਨ ਪੰਜਾਬ ਵਿੱਚ ਗਰਮੀ ਦਾ ਸ਼ਿਖਰ ਹੁੰਦਾ ਅਤੇ ਇਸ ਦਿਨ ਤੋਂ ਵਰਖਾ ਰੁੱਤ ਦਾ ਅਰੰਭ ਹੁੰਦਾ ਹੈ। ਇਸ ਘਟਨਾ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਜੀ ਨੇ ਬਹੁਤ ਹੀ ਢੁੱਕਵੇਂ ਸ਼ਬਦਾਂ ਵਿੱਚ ਕੀਤਾ ਹੈ : **"ਆਸਾੜੁ ਭਲਾ ਸੂਰਜੁ ਗਗਨਿ ਤਪੈ ॥ ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥ ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥ ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥"** (ਤੁਖਾਰੀ ਬਾਰਹ ਮਾਹਾ ਮ: ੧/੧੧੦੮) ਜਿਸ ਦੇ ਸ਼ਬਦੀ ਅਰਥ ਭਾਵ ਅਤੇ ਗੁਰਮਤਿ ਅਨੁਸਾਰੀ ਅਧਿਆਤਮਿਕ ਅਰਥ ਇਸ ਤਰ੍ਹਾਂ ਹਨ :- ਹਾੜ ਦੇ ਮਹੀਨੇ ਗਰਮੀ ਦੀ ਰੁੱਤ ਆਪਣੇ ਪੂਰੇ ਜੋਬਨ ਵਿੱਚ ਹੁੰਦੀ ਹੈ, ਸੂਰਜ ਅੱਗ ਵਾਂਙ ਤਪਦਾ ਹੈ ਹਰ ਜੀਵ ਗਰਮੀ ਨਾਲ ਤ੍ਰਾਹ-ਤ੍ਰਾਹ ਕਰ ਉਠਦਾ ਹੈ ਧਰਤੀ ਦੀ ਨਮੀ ਸੁੱਕ ਜਾਣ ਸਦਕਾ ਉਹ ਵੀ ਦੁੱਖ ਸਹਿੰਦੀ ਹੈ ਪਰ ਫਿਰ ਵੀ ਸੂਰਜ ਆਪਣੀ ਕ੍ਰਿਤ ਨਹੀ ਹਾਰਦਾ ਭਾਵ ਤਪਦਾ ਹੀ ਰਹਿੰਦਾ ਹੈ। ਜਿਸ ਸਮੇਂ ਸੂਰਜ ਦਾ ਰਥ ਫਿਰਦਾ ਹੈ ਭਾਵ ਉੱਤਰਾਇਣ ਤੋਂ ਦੱਖਨਾਇਣ ਨੂੰ ਹੁੰਦਾ ਹੈ (ਉਸ ਦਿਨ ਤੋਂ ਵਰਖਾ ਰੁੱਤ ਸ਼ੁਰੂ ਹੋ ਜਾਂਦੀ ਹੈ, ਮੀਂਹ ਪੈਣ ਬਾਅਦ ਗਰਮੀ ਤੋਂ ਰਾਹਤ ਮਿਲਣ ਕਰਕੇ ਹਰ ਜੀਵ ਸੁੱਖ ਮਹਿਸੂਸ ਕਰਦਾ ਹੈ), ਖੁਸ਼ੀ ਵਿੱਚ ਆਏ ਬਿੰਡੇ ਜੂਹਾਂ ਵਿੱਚ ਬੋਲਦੇ ਹਨ (ਬਿੰਡੇ ਬੋਲਣ ਦਾ ਮੁਹਾਵਰਾ ਵਰਖਾ ਪੈ ਜਾਣ

ਦਾ ਸੂਚਕ ਮੰਨਿਆ ਜਾਂਦਾ ਹੈ)। ਬਿਲਕੁਲ ਇਸੇ ਤਰ੍ਹਾਂ ਸਰੀਰ ਰੂਪੀ ਇਸ ਧਰਤੀ ਵਿੱਚ ਵਿਕਾਰਾਂ ਦੀ ਤਪਸ਼ ਵਧਣ ਕਾਰਨ ਜੀਵ ਇਸਤਰੀ ਦੁੱਖ ਸਹਾਰਦੀ ਹੈ; ਪਰ ਜੇ ਗੁਰੂ ਕ੍ਰਿਪਾ ਕਰ ਦੇਵੇ ਤਾਂ ਅੰਤਹਿਕਰਣ 'ਚ ਨਾਮ ਦੀ ਅੰਮ੍ਰਿਤ ਵਰਖਾ ਕਰਦਾ ਹੈ। ਉਸ ਨਾਮ ਦੀ ਵਰਖਾ ਕਾਰਨ ਮਾਇਆ ਦੇ ਵੱਖ ਵੱਖ ਰੂਪ - ਨਿਰਦਈਪੁਣਾ, ਸੰਸਾਰੀ ਮੋਹ, ਲਾਲਚ ਤੇ ਗੁੱਸਾ ਚਾਰੇ ਅਗਨੀ ਦੇ ਦਰਿਆਵਾਂ: "**ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆਂ ਅਗਿ ॥**" (ਮਾਝ ਕੀ ਵਾਰ/੧੭) ਦਾ ਪ੍ਰਭਾਵ ਵੀ ਘਟ ਜਾਂਦੈ, ਜਿਸ ਦਾ ਅੰਦਾਜਾ ਜੀਵ ਇਸਤ੍ਰੀ ਇਸ ਗੱਲ ਤੋਂ ਲਗਾਉਂਦੀ ਹੈ ਕਿ ਮਾਇਆ ਦਾ ਪ੍ਰਭਾਵ (ਛਾਇਆ) ਘਟਣ ਕਰਕੇ ਉਸ ਦੇ ਧਰਤੀ ਰੂਪ ਸਰੀਰ ਅੰਦਰ ਸਤ, ਸੰਤੋਖ, ਦਇਆ, ਧਰਮ ਆਦਿਕ ਸ਼ੁਭ ਗੁਣ ਪਰਫੁਲਤ ਹੋਣੇ ਸ਼ੁਰੂ ਹੋ ਜਾਂਦੇ ਹਨ ਜਿਵੇਂ ਵਰਖਾ ਪੈਣ ਉਪਰੰਤ ਖ਼ੁਸ਼ੀ 'ਚ ਬਿੰਡੇ ਬੋਲਦੇ ਹਨ ਅਤੇ ਵਨਸਪਤੀ ਪ੍ਰਫੁਲਤ ਹੁੰਦੀ ਹੈ।

(ਪੁਰਾਤਨ ਸਮੇਂ ਵਿੱਚ ਨੀਝ ਸ਼ਾਲਾਵਾਂ 'ਚ ਵਿਗਿਆਨੀ ਖੁੱਲ੍ਹੇ ਮੈਦਾਨ ਵਿੱਚ ਸਿੱਧੇ ਲੰਬਕਾਰ ਖੜ੍ਹੇ ਖੰਭੇ ਦੀ ਛਾਂ ਵੇਖ ਕੇ ਅੰਦਾਜਾ ਲਗਾਉਂਦੇ ਸਨ ਕਿ ਜਿਸ ਦਿਨ ਸੋਲਰ ਦੁਪਹਿਰ ਸਮੇਂ ਖੰਭੇ ਦੀ ਛਾਂ ਛੋਟੀ ਤੋਂ ਛੋਟੀ ਹੁੰਦੀ ਹੈ, ਉਸ ਦਿਨ ਸੂਰਜ ਉੱਤਰਾਇਣ ਤੋਂ ਦੱਖਣਾਇਣ ਵੱਲ ਹੋ ਜਾਂਦਾ ਹੈ ਅਤੇ ਵਰਖਾ ਰੁੱਤ ਦੀ ਸ਼ੁਰੂਆਤ ਮੰਨੀ ਜਾਂਦੀ ਹੈ) ਦੁਨਿਆਵੀ ਤੌਰ 'ਤੇ ਹਰ ਪ੍ਰਾਣੀ, ਰੁੱਤ ਦੀ ਇਸ ਤਬਦੀਲੀ ਦੀ ਉਡੀਕ ਵਿੱਚ ਹੈ ਕਿ ਕਦੋਂ ਸਾਵਣ ਦਾ ਮਹੀਨਾ ਆਵੇ ਜਿਸ ਦੌਰਾਨ ਵਰਖਾ ਹੋਣ ਕਰਕੇ ਜੇਠ ਹਾੜ ਦੇ ਮਹੀਨਿਆਂ ਦੀ ਤਪਸ਼ ਤੋਂ ਛੁਟਕਾਰਾ ਮਿਲੇ। ਠੀਕ ਇਸੇ ਤਰ੍ਹਾਂ ਅਧਿਆਤਮਕ ਤੌਰ 'ਤੇ ਇਸੇ ਸਮੇਂ ਦੀ ਉਡੀਕ ਜੀਵ ਇਸਤ੍ਰੀ ਕਰਦੀ ਹੈ ਕਿ ਗੁਰੂ ਦੀ ਕ੍ਰਿਪਾ ਦੁਆਰਾ ਕਦੋਂ (**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ**) ਵਾਲਾ ਸਮਾ ਆਵੇ ਭਾਵ ਨਾਮ ਅੰਮ੍ਰਿਤ ਜਲ ਦੀ ਵਰਖਾ ਹੋਵੇ ਜਿਸ ਸਦਕਾ ਉਸ ਦੇ ਮਨ ਵਿੱਚੋਂ ਵਿਕਾਰਾਂ ਦਾ ਪ੍ਰਭਾਵ (ਛਾਇਆ) ਘਟ ਜਾਵੇ।

ਐਸਟਰੌਨੀਮੀਕਲੀ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਰਥ ਫਿਰਨ ਦੀ ਘਟਨਾ ਭਾਵ ਵਰਖਾ ਰੁੱਤ ਦੀ ਅਰੰਭਤਾ ੧੫/੧੬ ਹਾੜ (ਜਦੋਂ ਹਾੜ ਦਾ ਮਹੀਨਾ ਆਪਣੇ ਜੋਬਨ ਵਿੱਚ ਹੁੰਦਾ ਹੈ) ਨੂੰ ਵਾਪਰਦੀ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ੧੨/੧੩ ਹਾੜ ਅਤੇ ਅੱਜ ਕੱਲ੍ਹ ੬/੭ ਹਾੜ ਨੂੰ ਵਾਪਰਦੀ ਹੈ। ਕੋਈ ਵੀ ਵਿਅਕਤੀ ਪੰਜਾਬ ਵਿੱਚ ਛਪ ਰਹੀਆਂ ਪੰਚਾਂਗਾਂ ਵਿੱਚੋਂ ਨੋਟ ਕਰ ਸਕਦਾ ਹੈ ਕਿ 20/21 ਜੂਨ (੬/੭ ਹਾੜ) ਦੇ ਸਾਮ੍ਹਣੇ ਲਿਖਿਆ ਹੁੰਦਾ ਹੈ ਦੱਖਣਾਇਨ ਸ਼ੁਰੂ/ ਵਰਖਾ ਰੁੱਤ ਸ਼ੁਰੂ। ਪਾਠਕ ਵੇਖ ਸਕਦੇ ਹਨ ਕਿ ਇਹ ਬ੍ਰਾਹਮਣਵਾਦੀ ਭਰਮਜਾਲ ਹੈ ਜਾਂ ਵਿਗਿਆਨਕ ਸੱਚ।

ਸ਼ੰਕਾਵਾਦੀ ਵਿਦਵਾਨ ਨੇ ਆਪਣੀ ਸ਼ੰਕਾ ਦਾ ਅਧਾਰ ਇਸ ਨੂੰ ਬਣਾਇਆ ਕਿ ਸੰਪਰਦਾਈ ਟੀਕੇ (ਜਿਸ ਨੂੰ ਸੰਪ੍ਰਦਾਈ ਮੰਨਦੇ ਹਨ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਭਾਈ ਮਨੀ ਸਿੰਘ ਜੀ ਨੂੰ ਸੁਣਾਏ ਅਰਥਾਂ ਦੀ ਮਾਨੋ ਟੇਪ ਰੀਕਾਰਡ ਹੈ) ਦਾ ਹਵਾਲਾ ਪਾਲ ਸਿੰਘ ਪੁਰੇਵਾਲ ਜੀ ਨੇ ਇਹ ਦਰਸਾਉਣ ਲਈ ਦਿੱਤਾ ਸੀ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਰਥ ਫਿਰਨ (ਉਤਰਾਇਨ ਤੋਂ ਦੱਖਣਾਇਨ ਹੋਣ) ਦੀ ਘਟਨਾ ੧੩ ਹਾੜ ਨੂੰ ਵਾਪਰਦੀ ਸੀ। ਸੰਪ੍ਰਦਾਈ ਟੀਕਾਕਾਰ ਨੇ "**ਰਥੁ ਫਿਰੈ**" ਦੇ ਅਰਥ: 'ਜਿਸ ਵੇਲੇ ਸੂਰਜ ਦਾ ਰਥ ਹਾੜ ੧੩* ਨੂੰ ਦੱਖਨੈਣ ਦੀ ਤਰਫ ਫਿਰ ਜਾਂਦਾ ਹੈ' ਕਰਨ ਤੋਂ ਬਾਅਦ ਹੇਠਾਂ ਫੁੱਟ ਨੋਟ ਵਿੱਚ ਲਿਖਿਆ ਹੈ (*ਜਿਸ ਵੇਲੇ ਹਾੜ ੧੩ ਨੂੰ ਸੂਰਜ ਦਾ ਰਥ ਦੱਖਨੈਣ ਹੁੰਦਾ ਹੈ ਸ੍ਵਰਗ ਦੇ ਬੂਹੇ ਬੰਦ ਹੋ ਜਾਂਦੇ ਹਨ, ਜਿਸ ਵੇਲੇ ੯ ਪੋਹ ਨੂੰ ਸੂਰਜ ਦਾ ਰਥ ਉਤਰੈਣ ਹੁੰਦਾ ਹੈ ਤਾਂ ਸ੍ਵਰਗ ਦੇ ਬੂਹੇ ਖੁੱਲ੍ਹ ਜਾਂਦੇ ਹਨ। ਇਸੇ ਕਾਰਨ ਕਰਕੇ ਜੋਗੀ ਸਮੇਂ ਦਾ ਵੀਚਾਰ ਕਰਕੇ ਪ੍ਰਾਣ ਤਿਆਗਦੇ ਹਨ, ਇਹ ਪੁਰਾਣ ਮਤ ਅਨੁਸਾਰ ਹੈ। - ਸਾਖੀ ਭੀਸ਼ਮ ਪਿਤਾਮਾ ਦੀ ਯਾਦ ਰੱਖਣੀ)। ਸ਼ੰਕਾਵਾਦੀ ਆਪਣੇ ਆਪ ਨੂੰ ਐਮ.ਐੱਸ.ਸੀ. (ਐਸਟਰਾਨੌਮੀ) ਪਾਸ ਦੱਸਦਾ ਹੈ ਤਾਂ ਉਸ ਨੂੰ ਆਪਣੀ ਡਿਗਰੀ ਦਾ ਖਿਆਲ ਰੱਖਦੇ ਹੋਏ ਇਸ ਤੁੱਕ ਦੇ ਐਸਟਰੌਨੀਮੀਕਲ ਅਰਥ ਸਮਝਣ 'ਚ ਮੁਸ਼ਕਿਲ ਨਹੀਂ ਹੋਣੀ ਚਾਹੀਦੀ ਸੀ ਪਰ ਪਤਾ ਨਹੀਂ ਕਿਉਂ ਟੀਕਾਕਾਰ ਦੇ ਫੁਟਨੋਟ ਨੂੰ ਪੁਰੇਵਾਲ ਸਿਰ ਮੜ ਕੇ ਆਪਣੇ ਆਪ ਨੂੰ ਬੜਾ ਵੱਡਾ ਵਿਦਵਾਨ ਸਮਝ ਰਿਹਾ ਹੈ। ਇਸ ਵਿਦਵਾਨ ਦੀ ਹੋਰ ਦਲੇਰੀ ਵੇਖੋ, ਜਿਸ ਸੰਪ੍ਰਦਾਈ ਟੀਕਾਕਾਰ ਨੇ ਉਹ ਫੁੱਟ ਨੋਟ ਲਿਖਿਆ ਹੈ ਅਤੇ ਜਿਹੜੀ ਸੰਸਥਾ ਇਸ ਦਾ ਪ੍ਰਚਾਰ ਕਰ ਰਹੀ ਹੈ ਉਨ੍ਹਾਂ ਨੂੰ ਬ੍ਰਾਹਮਣੀ ਭਰਮਜਾਲ ਫੈਲਾਉਣ ਵਾਲੀ ਸੰਸਥਾ ਕਹਿਣ ਦੀ ਤਾਂ ਇਸ ਵਿੱਚ ਹਿੰਮਤ ਨਹੀਂ ਪਰ ਜਿਸ ਪੁਰੇਵਾਲ ਨੇ ਇਸ ਫੁੱਟ ਨੋਟ ਦਾ ਜ਼ਿਕਰ ਹੀ ਨਹੀਂ ਕੀਤਾ ਅਤੇ ਕੇਵਲ ਉਨ੍ਹਾਂ ਅਰਥਾਂ ਦਾ ਹਵਾਲਾ ਦਿੱਤਾ ਹੈ ਜੋ ਐਸਟਰਾਨੌਮੀ ਅਤੇ ਕੈਲੰਡਰ ਵਿਗਿਆਨ 'ਤੇ ਪੂਰੇ ਉੱਤਰਦੇ ਹਨ; ਉਨ੍ਹਾਂ ਨੂੰ ਦੱਸ ਰਿਹਾ ਹੈ ਕਿ "ਪੁਰੇਵਾਲ ਵੱਲੋਂ ਨਾਨਕਸ਼ਾਹੀ ਕੈਲੰਡਰ ਦੁਆਰਾ ਸਿੱਖ ਪੰਥ ਨੂੰ ਪੂਰਨ ਬ੍ਰਾਹਮਣਵਾਦੀ ਉੱਤਰਾਇਨ ਦੱਖਣਾਇਨ ਦੇ ਉਸੇ ਭਰਮਜਾਲ ਵਿੱਚ ਧੱਕਿਆ ਜਾ ਰਿਹਾ ਹੈ ਜਿਸ ਵਿੱਚੋਂ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਨੇ ਸਾਨੂੰ ਕੱਢਿਆ ਸੀ।" ਹੋਰ ਝੂਠ ਵੇਖੋ ਪੁਰੇਵਾਲ ਨੇ ਤਾਂ ਲਿਖਿਆ ਹੈ ਕਿ ਕੈਲੰਡਰ ਵਿੱਚ ਸੋਧ ਨਾ ਕੀਤੀ ਗਈ ਤਾਂ ਰਥ ਫਿਰਨ ਦੀ ਘਟਨਾ ਹਾੜ ਦੀ ਬਜਾਏ ਜੇਠ ਵਿੱਚ ਚਲੀ ਜਾਵੇਗੀ ਪਰ ਜਿਸ ਦੀ ਨੀਂਹ ਹੀ ਝੂਠ 'ਤੇ ਖੜ੍ਹੀ ਹੈ ਉਹ ਵਿਦਵਾਨ ਲਿਖ ਰਿਹਾ ਹੈ ਕਿ ਪੁਰੇਵਾਲ ਕਹਿੰਦਾ ਹੈ ਜੇ ਕੈਲੰਡਰ ਵਿੱਚ ਸੋਧ ਨਾ ਕੀਤੀ ਤਾਂ ਰਥ ਫਿਰਨ ਦੀ ਘਟਨਾ ਜੂਨ ਦੀ ਬਜਾਏ ਜੁਲਾਈ ਵਿੱਚ ਚਲੇ ਜਾਵੇਗੀ। ਨਿਸ਼ਾਨ ਜੀ ਦਾ ਇਹ ਕਥਨ ਪੂਰੀ ਤਰ੍ਹਾਂ ਝੂਠਾ ਅਤੇ ਐਸਟਰੌਨੀਮੀ ਨਿਯਮਾਂ ਦੇ ਉਲਟ ਹੈ। ਇਸੇ ਨੂੰ ਕਹਿੰਦੇ ਹਨ ਬ੍ਰਾਹਮਣਵਾਦੀ ਜਾਲ ਵਿਛਾਉਣ ਦਾ ਮਾਹਰ ਜੋ ਸਿੱਖ ਪੰਥ ਨੂੰ ਸੁਦੀਆਂ ਵਦੀਆਂ ਅਤੇ ਤਿੱਥਾਂ ਦੇ ਘਾਟੇ ਵਾਧੇ ਤੇ ਮਲਮਾਸਾਂ ਦੇ ਭਰਮਜਾਲ ਵਿੱਚੋਂ ਨਿਕਲਣ ਦੇ ਰਾਹ 'ਚ ਪਿਛਲੇ ਢਾਈ ਦਹਾਕਿਆਂ ਤੋਂ ਰੋੜਾ ਬਣਿਆ ਹੋਇਆ ਹੈ।

ਸ਼ੰਕਾ ਨੰ: 8 - ਗੁਰਪੁਰਬ ਬਿਕਰਮੀ ਚੰਦਰ ਕੈਲੰਡਰ ਅਨੁਸਾਰ ਨਿਸਚਿਤ ਕੀਤੇ ਜਾਣ ਨੂੰ ਜਾਇਜ਼ ਠਹਿਰਾਉਣ ਲਈ ਕਰਨਲ ਨਿਸ਼ਾਨ

ਆਮ ਤੌਰ 'ਤੇ ਈਸਾਈ, ਇਸਲਾਮ, ਚੀਨੀ, ਅਤੇ ਯਹੂਦੀ (Jews) ਦੇ ਕੈਲੰਡਰਾਂ ਦੀ ਮਿਸਾਲ ਦਿੰਦੇ ਰਹਿੰਦੇ ਕਿ ਇਨ੍ਹਾਂ ਦੇ ਕੈਲੰਡਰ ਵੀ ਤਾਂ ਚੰਦਰ ਕੈਲੰਡਰ ਹੀ ਹਨ।

ਉੱਤਰ : ਗੁਰ ਪੁਰਬਾਂ ਲਈ ਚੰਦਰਮਾਂ ਦੀਆਂ ਤਿੱਥਾਂ ਨੂੰ ਜਾਇਜ਼ ਠਹਿਰਾਉਣ ਵਾਸਤੇ ਕਰਨਲ ਨਿਸ਼ਾਨ ਈਸਾਈ, ਹਿੰਦੂ ਅਤੇ ਇਸਲਾਮ ਧਰਮ ਦੇ ਤਿਉਹਾਰਾਂ ਦਾ ਹਵਾਲਾ ਤਾਂ ਦਿੰਦਾ ਹੈ ਪਰ ਇਹ ਨਹੀਂ ਦੱਸਦੇ ਕਿ ਦੁਨੀਆਂ ਵਿੱਚ ਹੋਰ ਕੋਈ ਵੀ ਐਸਾ ਕੈਲੰਡਰ ਨਹੀਂ ਜਿਸ ਦੇ ਮਹੀਨਿਆਂ ਦੇ ਕੁਝ ਦਿਨ ਪਿਛਲੇ ਸਾਲ ਵਿੱਚ ਅਤੇ ਕੁਝ ਦਿਨ ਨਵੇਂ ਸਾਲ ਵਿੱਚ ਆਉਂਦੇ ਹੋਣ ਜਦੋਂ ਕਿ ਬਿਕਰਮੀ ਕੈਲੰਡਰ ਹੀ ਇੱਕੋ ਇੱਕੋ ਐਸਾ ਕੈਲੰਡਰ ਹੈ ਜਿਸ ਦੇ ਚੰਦਰ ਮਹੀਨੇ ਚੇਤ ਦੇ ਪਹਿਲੇ 14-15 ਦਿਨ ਚੇਤ ਵਦੀ ੧ ਤੋਂ ਚੇਤ ਵਦੀ ਮੱਸਿਆ ਤੱਕ ਪਿਛਲੇ ਸਾਲ ਵਿੱਚ ਰਹਿ ਜਾਂਦੇ ਹਨ ਅਤੇ ਨਵਾਂ ਸਾਲ ਚੇਤ ਸੁਦੀ ੧ ਤੋਂ ਸ਼ੁਰੂ ਹੋਣ ਸਦਕਾ ਮਹੀਨੇ ਦੇ ਪਿਛਲੇ 14-15 ਦਿਨ ਭਾਵ ਚੇਤ ਸੁਦੀ ੧ ਤੋਂ ਚੇਤ ਸੁਦੀ ਪੂਰਨਮਾਸ਼ੀ ਤੱਕ ਨਵੇਂ ਸਾਲ ਵਿੱਚ ਆ ਜਾਂਦੇ ਹਨ। ਬਿਕਰਮੀ ਕੈਲੰਡਰ ਤੋਂ ਬਿਨਾਂ ਦੁਨੀਆਂ ਵਿੱਚ ਕੋਈ ਵੀ ਐਸਾ ਕੈਲੰਡਰ ਨਹੀਂ ਜਿਸ ਦੀਆਂ ਦੋ ਤਿਥਾਂ ਇੱਕੋ ਦਿਨ ਹੋ ਜਾਣ ਜਾਂ ਇੱਕੋ ਤਿੱਥ ਲਗਾਤਰ ਦੋ ਦਿਨ ਰਹੇ।

ਸਿੱਟਾ ਇਹੀ ਨਿਕਲਦਾ ਹੈ ਕਿ ਸਿੱਖ ਧਰਮ ਕਿਸੇ ਧਰਮ ਦੀ ਫੋਟੋ ਕਾਪੀ ਨਹੀਂ ਹੈ ਅਤੇ ਨਾ ਹੀ ਸਾਡੀ ਕੋਈ ਮਜਬੂਰੀ ਹੈ ਕਿ ਜਿਵੇਂ ਦੂਸਰੇ ਧਰਮਾਂ ਵਾਲੇ ਆਪਣੀਆਂ ਇਤਿਹਾਸਕ ਤਾਰੀਖ਼ਾਂ ਤੋਂ ਜਾਣੂ ਹੀ ਨਹੀਂ ਉਹੀ ਹਾਲ ਅਸੀਂ ਆਪਣੇ ਸਿੱਖ ਇਤਿਹਾਸ ਦਾ ਕਰ ਲਈਏ। ਜਿਨ੍ਹਾਂ ਧਰਮਾਂ ਦੇ ਚੰਦਰ ਕੈਲੰਡਰਾਂ ਦੀ ਲੇਖਕ ਨੇ ਮਿਸਾਲ ਦਿੱਤੀ ਹੈ ਆਓ ਉਨ੍ਹਾਂ ਦੀ ਇੱਕ ਇੱਕ ਕਰ ਕੇ ਬਿਕਰਮੀ ਕੈਲੰਡਰ ਨਾਲ ਤੁਲਨਾ ਕਰੀਏ:

(ੳ) ਈਸਾਈ ਧਰਮ ਦੇ ਜੂਲੀਅਨ ਕੈਲੰਡਰ ਵਿੱਚ 1582 ਈ: 'ਚ ਪੋਪ ਗ੍ਰੈਗਰੀ ਵੱਲੋਂ ਸੋਧ ਕੀਤੇ ਜਾਣ ਦਾ ਇਕੋ ਮਕਸਦ ਸੀ ਕਿ ਉਨ੍ਹਾਂ ਦਾ ਈਸਟਰ ਤਿਉਹਾਰ ਸਦਾ ਬਸੰਤ ਰੁੱਤ ਵਿੱਚ ਆਵੇ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਬਸੰਤੀ ਈਕੌਨਿਕਸ 21 ਮਾਰਚ ਦੀ ਬਜਾਏ 11 ਮਾਰਚ ਨੂੰ ਹੀ ਆ ਰਹੀ ਹੈ ਅਤੇ ਸਮਾਂ ਪਾ ਕੇ ਇਹ ਈਕੌਨਿਕਸ ਬਸੰਤ ਰੁੱਤ ਤੋਂ ਬਹੁਤ ਪਹਿਲਾਂ ਆਉਣੀ ਸ਼ੁਰੂ ਹੋ ਜਾਵੇਗੀ ਤਾਂ ਉਨ੍ਹਾਂ ਨੇ ਸਿੱਧਾ ਹੀ 10 ਤਾਰੀਖ਼ਾਂ ਖਤਮ ਕਰਕੇ ਇਸ ਨੂੰ ਬਸੰਤੀ ਬਿੰਦੀ ਨਾਲ ਜੋੜ ਲਿਆ ਅਤੇ ਅੱਗੇ ਤੋਂ ਲੀਪ ਸਾਲ ਦੇ ਨਿਯਮਾਂ ਵਿੱਚ ਇਸ ਤਰ੍ਹਾਂ ਦੀ ਸੋਧ ਕਰ ਲਈ ਕਿ ਬਸੰਤੀ ਈਕੌਨਿਕਸ ਹਮੇਸ਼ਾਂ 20/21 ਮਾਰਚ ਨੂੰ ਹੀ ਆਵੇ। ਭਾਵੇਂ ਕਿ ਲੀਪ ਸਾਲ ਅਤੇ ਦੁਨੀਆਂਭਰ 'ਚ ਵੱਖਰੇ ਵੱਖਰੇ ਟਾਈਮ ਜ਼ੋਨ ਹੋਣ ਕਰਕੇ ਬਸੰਤੀ ਈਕੌਨਿਕਸ 19 ਤੋਂ 22 ਮਾਰਚ ਦੇ ਵਿਚਕਾਰ ਕਿਸੇ ਵੀ ਤਾਰੀਖ਼ ਨੂੰ ਆ ਸਕਦਾ ਹੈ ਪਰ ਈਸਟਰ ਲਈ ਉਨ੍ਹਾਂ ਨੇ ਬਸੰਤੀ ਈਕੌਨਿਕਸ 21 ਮਾਰਚ ਮੰਨ ਲਿਆ। ਹੁਣ ਉਨ੍ਹਾਂ ਦਾ ਈਸਟਰ ਤਿਉਹਾਰ 22 ਮਾਰਚ ਤੋਂ 25 ਅਪ੍ਰੈਲ ਦੌਰਾਨ ਕਦੇ ਵੀ ਆ ਸਕਦਾ ਹੈ। 1928 ਈ: ਵਿੱਚ ਬ੍ਰਿਟਿਸ਼ ਸਰਾਕਰ ਨੇ ਲੋਅਰ ਹਾਊਸ ਵਿੱਚ ਬਿੱਲ ਪਾਸ ਕੀਤਾ ਕਿ ਈਸਟਰ ਹਮੇਸ਼ਾਂ ਅਪ੍ਰੈਲ ਦੇ ਪਹਿਲੇ ਦਿਨਾਂ ਵਿੱਚ ਹੀ ਆਵੇ। ਇਹ ਬਿੱਲ ਹਾਊਸ ਦੇ ਟੇਬਲ 'ਤੇ ਪਿਆ ਹੈ ਅਤੇ ਕਿਸੇ ਵੀ ਸਮੇਂ ਕਨੂੰਨ ਵਿੱਚ ਬਦਲ ਸਕਦਾ ਹੈ। ਲੇਖਕ ਨੂੰ ਸਵਾਲ ਹੈ ਕਿ ਈਸਾਈਆਂ ਦਾ ਈਸਟਰ ਤਾਂ ਹੁਣ ਵੀ ਹਮੇਸ਼ਾਂ ਬਸੰਤ ਰੁੱਤ ਵਿੱਚ ਹੀ ਆ ਰਿਹਾ ਹੈ ਭਾਵੇਂ 22 ਮਾਰਚ ਤੋਂ 25 ਅਪ੍ਰੈਲ ਤੱਕ ਦਾ ਸਮਾਂ ਕੁਝ ਲੰਬਾ ਹੈ ਪਰ ਨਵਾਂ ਕਾਨੂੰਨ ਪਾਸ ਹੋਣ ਉਪ੍ਰੰਤ ਤਾਂ ਇਹ ਵਕਫਾ ਕੁਝ ਦਿਨਾਂ ਦੇ ਫ਼ਰਕ ਤੱਕ ਹੀ ਸਿਮਟ ਕੇ ਰਹਿ ਜਾਵੇਗਾ ਜਦੋਂ ਕਿ ਸਾਡੇ ਗੁਰ ਪੁਰਬਾਂ ਤੇ ਹੋਰ ਦਿਹਾੜਿਆਂ ਵਿੱਚ ਤਾਂ 6-6 ਮਹੀਨੇ ਦਾ ਅੰਤਰ ਹੋ ਜਾਵੇਗਾ ਭਾਵ ਅੱਜ ਗਰਮੀ ਦੀ ਰੁੱਤ ਵਿੱਚ ਆਉਣ ਵਾਲੇ ਦਿਹਾੜੇ 3300 ਸਾਲ ਬਾਅਦ ਸਰਦ ਰੁੱਤ ਵਿੱਚ ਅਤੇ ਸਰਦ ਰੱਤ ਵਿੱਚ ਆਉਣ ਵਾਲੇ ਦਿਹਾੜੇ ਗਰਮੀ ਦੀ ਰੁੱਤ ਵਿੱਚ ਆਇਆ ਕਰਨਗੇ। ਇਸ ਲਈ ਅੰਗਰੇਜ਼ੀ ਦੀ ਕਹਾਵਤ **"(Apples cannot be compared with Oranges)" ਸੰਤਰਿਆਂ ਦੀ ਤੁਲਨਾ ਸੇਬਾਂ ਨਾਲ ਨਹੀਂ ਕੀਤੀ ਜਾ ਸਕਦੀ ਮੁਤਾਬਿਕ ਬਿਕਰਮੀ ਕੈਲੰਡਰ ਦੀ ਈਸਾਈਆਂ ਦੇ ਕੈਲੰਡਰ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ।**

ਕੀ ਕਦੀ ਈਸਾਈਆਂ ਦੇ ਕੈਲੰਡਰ ਨਾਲ ਤੁਲਨਾ ਕਰਨ ਵਾਲੇ ਲੇਖਕ ਨੇ ਸੋਚਿਆ ਹੈ ਕਿ ਇਸਾਈ ਤਾਂ ਆਪਣੇ ਕੈਲੰਡਰ ਵਿੱਚ 1582 ਵਿੱਚ ਸੋਧ ਕਰਨ ਉਪ੍ਰੰਤ ਦੂਸਰੀ ਸੋਧ ਕਰਨ ਲਈ ਵੀ ਤਿਆਰ ਬੈਠੇ ਹਨ ਪਰ ਉਨ੍ਹਾਂ ਨਾਲ ਤੁਲਨਾ ਕਰਨ ਵਾਲੇ ਸਿੱਖ ਵਿਦਵਾਨ ਆਪਣੇ ਕੈਲੰਡਰ ਵਿੱਚ ਸੋਧ ਕਰਨ ਲਈ ਕਦੋਂ ਸੋਚਣਗੇ?

(ਅ) ਇਸਲਾਮਿਕ ਕੈਲੰਡਰ ਵਿੱਚ ਹਰ ਮਹੀਨੇ ਦੀਆਂ ਤਾਰੀਖ਼ਾਂ 1 ਤੋਂ 29 ਜਾਂ 30 ਤੱਕ ਹੁੰਦੀਆਂ ਹਨ। ਬਿਕਰਮੀ ਕੈਲੰਡਰ ਵਾਙ ਆਮ ਆਦਮੀ ਦੀ ਸਮਝ ਵਿੱਚ ਨਾ ਆਉਣ ਵਾਲਾ ਤਿੱਥੀਆਂ ਦਾ ਐਸਾ ਕੋਈ ਗੋਰਖ ਧੰਦਾ ਨਹੀਂ ਕਿ ਕਦੀ ਕੋਈ ਤਿੱਥ ਹੀ ਖਤਮ ਹੈ ਜਾਵੇ, ਕਦੀ ਇੱਕੋ ਤਿੱਥ ਲਗਾਤਾਰ ਦੋ ਦਿਨ ਆਵੇ ਅਤੇ ਕਦੀ ਕੋਈ ਮਹੀਨਾ ਹੀ ਖ਼ਤਮ ਹੋ ਜਾਏ ਅਤੇ ਕਦੀ ਕੋਈ ਮਹੀਨਾ ਲਗਾਤਾਰ ਦੋ ਵਾਰੀ ਆ ਜਾਵੇ ਭਾਵ ਸਾਲ 'ਚ 13 ਮਹੀਨੇ ਹੋ ਜਾਣ। ਇਸ ਗੋਰਖ ਧੰਦੇ ਕਾਰਨ ਹੀ ਹੋਲੇ ਮਹੱਲੇ ਦੇ ਤਿਉਹਾਰ ਸਬੰਧੀ ਨਿਹੰਗ ਸਿੰਘ ਜਥੇਬੰਦੀਆਂ ਤਕਰੀਬਨ 10-12 ਸਾਲ ਪਿੱਛੋਂ ਬਿਕਰਮੀ ਕੈਲੰਡਰ ਤੋਂ ਆਕੀ ਹੋ ਕੇ ਸ਼੍ਰੋਮਣੀ ਕਮੇਟੀ ਤੋਂ ਇੱਕ ਦਿਨ ਪਿੱਛੋਂ ਹੋਲਾ ਮਹੱਲਾ ਮਨਾਉਂਦੇ ਹਨ ਜਿਵੇਂ ਕਿ ਨਾਨਕਸ਼ਾਹੀ ਸੰਮਤ ੫੫੧ (2019-20) ਦੌਰਾਨ ਸ਼੍ਰੋਮਣੀ ਕਮੇਟੀ ਨੇ 21 ਮਾਰਚ ਨੂੰ ਅਤੇ ਨਿਹੰਗ ਸਿੰਘਾਂ ਨੇ 22 ਮਾਰਚ ਨੂੰ ਮਨਾਇਆ। ਵਾਧੂ ਮਹੀਨਾ ਆਉਣ ਸਦਕਾ ਹੀ ਕਦੀ ਹੋਲਾ ਮਹੱਲਾ ਸਾਲ ਵਿੱਚ ਦੋ ਵਾਰ ਆ ਜਾਂਦਾ ਹੈ ਅਤੇ ਕਿਸੇ ਸਾਲ ਆਉਂਦਾ ਹੀ ਨਹੀਂ; ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਕਿਸੇ ਸਾਂਝੇ ਸਾਲ ਵਿੱਚ ਆਉਂਦਾ ਹੀ ਨਹੀਂ ਅਤੇ ਕਿਸੇ ਸਾਲ ਵਿੱਚ ਦੋ ਵਾਰ ਆ ਜਾਂਦਾ ਹੈ।

ਬਿਕਰਮੀ ਕੈਲੰਡਰ ਵਿੱਚ ਹਰ ਦੋ ਤਿੰਨ ਸਾਲ ਪਿੱਛੋਂ ਇੱਕੋ ਨਾਮ ਦੇ ਦੋ ਮਹੀਨੇ ਹੋ ਜਾਂਦੇ ਹਨ ਤੇ ਵਾਧੂ ਮਹੀਨੇ ਨੂੰ ਮਲਮਾਸ ਕਹਿੰਦੇ ਹਨ

ਜਿਸ ਦੌਰਾਨ ਕੋਈ ਗੁਰਪੁਰਬ ਨਹੀਂ ਮਨਾਇਆ ਜਾਂਦਾ ਜਦੋਂ ਕਿ ਇਸਲਾਮਿਕ ਕੈਲੰਡਰ ਦੇ ਸਾਲ ਵਿੱਚ ਕੇਵਲ 12 ਮਹੀਨੇ ਹੁੰਦੇ ਹਨ ਅਤੇ ਕੋਈ ਮਲਮਾਸ ਨਹੀਂ ਹੁੰਦਾ। ਇਸੇ ਕਾਰਨ ਇਸਲਾਮੀ ਕੈਲੰਡਰ 'ਚ ਈਦ ਹਮੇਸ਼ਾਂ 354/355 ਦਿਨਾਂ ਪਿੱਛੋਂ ਹੀ ਆਉਂਦੀ ਹੈ ਜਦੋਂ ਕਿ ਬਿਕਰਮੀ ਕੈਲੰਡਰ ਵਿੱਚ ਗੁਰਪੁਰਬ ਕਦੀ 354/355 ਦਿਨ ਅਤੇ ਕਦੀ 383/384 ਦਿਨਾਂ ਪਿੱਛੋਂ ਆਉਂਦੇ ਹਨ। ਇਸੇ ਕਾਰਨ ਸ਼੍ਰੋਮਣੀ ਕਮੇਟੀ ਦੇ ਕੈਲੰਡਰ 'ਚ ਆਮ ਸਾਲਾਂ ਵਿੱਚ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਤੋਂ 10-12 ਦਿਨ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਪੁਰਬ ਹੁੰਦਾ ਹੈ ਪਰ ਸ਼੍ਰੋਮਣੀ ਕਮੇਟੀ ਦੇ ਨਾਨਕਸ਼ਾਹੀ ਸੰਮਤ ੫੫੦ (2018-19) ਕੈਲੰਡਰ ਵਿੱਚ ਜੇਠ ਦੇ ਦੋ ਮਹੀਨੇ ਆ ਜਾਣ ਕਰਕੇ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਪੁਰਬ ੨੫ ਵੈਸਾਖ ਅਤੇ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਪੁਰਬ ੩ ਹਾੜ ਨਿਸਚਿਤ ਕੀਤੇ ਜਾਣ ਸਦਕਾ ਨੇੜੇ ਦਾ ਸਬੰਧ ਰੱਖਣ ਵਾਲੇ ਇਨ੍ਹਾਂ ਦੋਵਾਂ ਪੁਰਬਾਂ 'ਚ ਅੰਤਰ 10 ਦੀ ਬਜਾਏ 40 ਦਿਨਾਂ ਦਾ ਸੀ। ਨਤੀਜਾ ਇਹੋ ਹੈ ਕਿ ਜਿਵੇਂ **"ਸੰਤਰਿਆਂ ਦੀ ਤੁਲਨਾ ਸੇਬਾਂ ਨਾਲ ਨਹੀਂ ਕੀਤੀ ਜਾ ਸਕਦੀ (Apples cannot be compared with Oranges)" ਉਸੇ ਤਰ੍ਹਾਂ ਬਿਕਰਮੀ ਕੈਲੰਡਰ ਦੀ ਇਸਲਾਮਿਕ ਕੈਲੰਡਰ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ।**

(ੲ) ਚੀਨੀ ਕੈਲੰਡਰ ਬਿਕਰਮੀ ਕੈਲੰਡਰ ਵਾਂਙ ਸਾਈਡਰਲ ਕੈਲੰਡਰ ਨਹੀਂ ਬਲਕਿ ਟ੍ਰੋਪੀਕਲ (ਰੁੱਤੀ) ਕੈਲੰਡਰ ਹੈ ਜਿਸ 'ਤੇ ਚੰਦਰ ਕੈਲੰਡਰ ਮੜ੍ਹਿਆ ਹੋਇਆ ਹੈ ਇਸ ਕਾਰਨ ਉਨ੍ਹਾਂ ਦੇ ਤਿਉਹਾਰ ਵੀ ਇਸਾਈ ਕੈਲੰਡਰ ਵਾਂਙ 18-19 ਦਿਨਾਂ ਦੇ ਫ਼ਰਕ ਨਾਲ ਹਮੇਸ਼ਾਂ ਉਨ੍ਹਾਂ ਹੀ ਰੁੱਤਾਂ ਵਿੱਚ ਵਿੱਚ ਆਉਣਗੇ ਜਿਨ੍ਹਾਂ ਵਿੱਚ ਅੱਜ-ਕੱਲ੍ਹ ਆ ਰਹੇ ਹਨ ਜਦੋਂ ਕਿ ਬਿਕਰਮੀ ਕੈਲੰਡਰ ਵਿੱਚ 6-6 ਮਹੀਨੇ ਦਾ ਫ਼ਰਕ ਪੈ ਸਕਦਾ ਹੈ। ਸੋ ਇਸ ਕੇਸ ਵਿੱਚ ਵੀ ਜਿਵੇਂ **"ਸੰਤਰਿਆਂ ਦੀ ਤੁਲਨਾ ਸੇਬਾਂ ਨਾਲ ਨਹੀਂ ਕੀਤੀ ਜਾ ਸਕਦੀ (Apples cannot be compared with Oranges)" ਉਸੇ ਤਰ੍ਹਾਂ ਬਿਕਰਮੀ ਕੈਲੰਡਰ ਦੀ ਚੀਨੀ ਕੈਲੰਡਰ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ।**

(ਸ) ਯਹੂਦੀ (Jews) ਕੈਲੰਡਰ ਦੀ ਭੂਮਿਕਾ ਹੀ ਜੇ ਇਸ ਵਿਦਵਾਨ ਨੇ ਪੜ੍ਹੀ ਹੁੰਦੀ ਤਾਂ ਇਸ ਨੂੰ ਪਤਾ ਲਗ ਜਾਣਾ ਸੀ ਕਿ ਇਹ ਕੈਲੰਡਰ ਬਣਾਉਣ ਵਾਲੇ ਨੇ ਲਿਖਿਆ ਹੈ ਕਿ ਸਾਡਾ ਕੈਲੰਡਰ 216 ਸਾਲਾਂ ਵਿੱਚ ਰੁੱਤਾਂ ਨਾਲੋਂ 1 ਦਿਨ ਦਾ ਫ਼ਰਕ ਪਾ ਰਿਹਾ ਹੈ ਕਦੀ ਸਾਡਾ ਵਿਦਵਾਨ ਧਾਰਮਿਕ ਆਗੂ ਆਵੇਗਾ ਜਿਹੜਾ ਇਸ ਫ਼ਰਕ ਨੂੰ ਕੱਢ ਦੇਵੇਗਾ। ਹੁਣ ਜਿਹੜੇ ਖ਼ੁਦ ਮੰਨ ਰਹੇ ਹਨ ਕਿ ਉਨ੍ਹਾਂ ਦਾ ਕੈਲੰਡਰ ਗਲਤ ਹੈ ਜਿਸ ਵਿੱਚ ਸੋਧ ਕਰਨ ਦੀ ਲੋੜ ਹੈ ਉਸ ਕੈਲੰਡਰ ਦਾ ਸਹਾਰਾ ਉਹ ਵਿਦਵਾਨ ਲੈ ਰਿਹਾ ਹੋਵੇ ਜਿਨ੍ਹਾਂ ਦਾ ਕੈਲੰਡਰ 72 ਸਾਲਾਂ ਵਿੱਚ ਹੀ 1 ਦਿਨ ਦਾ ਫ਼ਰਕ ਪਾ ਰਿਹਾ ਹੋਵੇ ਭਾਵ ਯਹੂਦੀ (Jews) ਕੈਲੰਡਰ ਨਾਲੋਂ 3 ਗੁਣਾਂ ਵੱਧ ਅਸ਼ੁੱਧ ਹੈ ਤਾਂ ਉਸ ਨੂੰ ਕਿਨਾਂ ਕੁ ਸਮਝਦਾਰ ਸਮਝਿਆ ਜਾਵੇ ਇਸ ਦਾ ਜਵਾਬ ਕਰਨਲ ਨਿਸ਼ਾਨ ਹੀ ਦੇ ਸਕਦੇ ਹਨ। ਮੇਰੀ ਸਮਝ ਵਿੱਚ ਤਾਂ ਇਹੀ ਆ ਰਿਹਾ ਹੈ ਕਿ ਇਸ ਕੇਸ ਵਿੱਚ ਵੀ ਜਿਵੇਂ **"ਸੰਤਰਿਆਂ ਦੀ ਤੁਲਨਾ ਸੇਬਾਂ ਨਾਲ ਨਹੀਂ ਕੀਤੀ ਜਾ ਸਕਦੀ (Apples cannot be compared with Oranges)" ਉਸੇ ਤਰ੍ਹਾਂ ਬਿਕਰਮੀ ਕੈਲੰਡਰ ਦੀ ਯਹੂਦੀ ਕੈਲੰਡਰ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ।**

ਸ਼ੰਕਾ ਨੰ: 9 - ਪੋਹ ਸੁਦੀ ੭ ਵਿੱਚ ਸੁਦੀ ਦਾ ਕੀ ਮਤਲਬ ਹੈ?

ਉੱਤਰ: ਗੁਰਪੁਰਬ ਦਰਪਣ ਦੇ ਸ਼ੰਕਾਵਾਦੀ ਲੇਖਕ ਨੂੰ ਇਹ ਸਵਾਲ ਉਨ੍ਹਾਂ ਦੇ ਪਾਠਕਾਂ ਨੇ ਪੁੱਛੇ ਜਾਂ ਉਨ੍ਹਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਇਨ੍ਹਾਂ ਨੇ ਆਪੇ ਹੀ ਘੜੇ ਹਨ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਪਰ ਸ਼ੰਕਾਵਾਦੀ ਵੱਲੋਂ ਇਨ੍ਹਾਂ ਦੇ ਦਿੱਤੇ ਜਵਾਬ ਇਹ ਜਰੂਰ ਦੱਸਦੇ ਹਨ ਕਿ ਪੰਜਾਬ ਦੇ ਲੋਕਾਂ ਨੂੰ ਚੰਦਰਮਾਂ ਦੀਆਂ ਤਿੱਥਾਂ ਦੇ ਗੋਰਖਧੰਦੇ ਦੀ ਕੁਝ ਵੀ ਸੋਝੀ ਨਹੀਂ ਹੈ ਤਾਹੀਓਂ ਤਾਂ ਜਵਾਬ ਵਿੱਚ ਇਨਾਂ ਨੂੰ ਇਹ ਦੱਸਣ ਦੀ ਲੋੜ ਪਈ ਕਿ "ਮੱਸਿਆ ਤੋਂ ਪੂਰਨਮਾਸ਼ੀ ਤੱਕ ਚਾਨਣੇ ਪੱਖ ਦੀਆਂ 15 ਥਿੱਤਾਂ ਨੂੰ ਸੁਦੀ ਕਹਿੰਦੇ ਹਨ ਅਤੇ ਪੂਰਨਮਾਸ਼ੀ ਤੋਂ ਮੱਸਿਆ ਤੱਕ ਵਾਲੇ ਹਨੇਰੇ ਪੱਖ ਦੀਆਂ 15 ਥਿਤਾਂ ਨੂੰ ਵਦੀ ਕਹਿੰਦੇ ਹਨ। ਪੋਹ ਸੁਦੀ ੭ ਦਾ ਮਤਲਬ ਹੈ -ਇਹ ਚੰਦਰਮੀ ਪੋਹ ਮਹੀਨੇ ਦੀ ਮੱਸਿਆ ਤੋਂ ਬਾਅਦ ਸਤਵੀਂ ਤਿੱਥ ਹੈ।"

ਸਵਾਲ ਪੈਦਾ ਹੁੰਦਾ ਹੈ ਕਿ ਜਿਸ ਕੌਮ ਦੇ ਵਸ਼ਿੰਦਿਆਂ ਨੂੰ ਸੁਦੀ ਵਦੀ ਦਾ ਹੀ ਪਤਾ ਨਹੀਂ ਕਿ ਇਨ੍ਹਾਂ ਵਿੱਚ ਕੀ ਫ਼ਰਕ ਹੁੰਦਾ ਹੈ ਅਤੇ ਇਹ ਵੀ ਦੱਸਣਾ ਪਵੇ ਕਿ ਪੋਹ ਸੁਦੀ ੭ ਦਾ ਕੀ ਭਾਵ ਹੈ; ਉਸ ਸੁਦੀਆਂ ਵਦੀਆਂ ਅਤੇ ਤਿੱਥਾਂ ਦੇ ਚੱਕਰ ਵਿੱਚ ਕੌਮ ਨੂੰ ਉਲਝਾਈ ਰੱਖਣ ਦੀ ਇਸ ਲੇਖਕ ਦੀ ਕੀ ਮਜਬੂਰੀ ਹੈ?

ਸ਼ੰਕਾਵਾਦੀ ਲੇਖਕ ਜੀਉ ਤੁਹਾਡੇ ਵੱਲੋਂ ਦਿੱਤੀ ਇੰਨੀ ਕੁ ਜਾਣਕਾਰੀ ਕਾਫੀ ਨਹੀਂ ਹੈ ਜਿਸ ਤੋਂ ਇਹ ਪਤਾ ਲੱਗ ਸਕੇ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਕਿਸ ਦਿਨ ਹੈ? ਇਹ ਜਾਨਣ ਲਈ ਹਾਲੀ ਬਹੁਤ ਸਾਰੀ ਹੋਰ ਜਾਣਕਾਰੀ ਦੀ ਲੋੜ ਹੈ ਜਿਵੇਂ ਕਿ ਆਮ ਤੌਰ 'ਤੇ ਮੱਸਿਆ ਤੋਂ 7ਵੇਂ ਦਿਨ ਪੋਹ ਸੁਦੀ ੭ ਆਉਂਦੀ ਹੈ (ਜਿਵੇਂ ਕਿ ਸ਼ੰਕਾਵਾਦੀ ਵਿਦਵਾਨ ਨੇ ਲਿਖਿਆ ਹੈ।) ਪਰ ਕਈ ਵਾਰ ਮੱਸਿਆ ਤੋਂ ਛੇਵੇਂ ਦਿਨ ਹੀ ਪੋਹ ਸੁਦੀ ੭ ਆ ਜਾਂਦੀ ਹੈ ਤੇ ਕਈ ਵਾਰ ਅੱਠਵੇਂ ਦਿਨ। ਕਈ ਵਾਰ ਪੋਹ ਸੁਦੀ ੭ ਆਉਂਦੀ ਹੀ ਨਹੀਂ ਭਾਵ ਇਹ ਥਿਤ ਖ਼ੈ ਹੋ ਜਾਂਦੀ ਹੈ ਅਤੇ ਕਈ ਵਾਰ ਪੋਹ ਸੁਦੀ ੭ ਲਗਾਤਾਰ ਦੋ ਦਿਨ ਆ ਜਾਂਦੀ ਹੈ ਤਾਂ ਅਜੇਹੀ ਸੂਰਤ ਵਿੱਚ ਗੁਰਪੁਰਬ ਕਿਹੜੀ ਥਿਤ ਨੂੰ ਮਨਾਇਆ ਜਾਵੇ? ਗੱਲ ਇੱਥੇ ਹੀ ਨਹੀਂ ਮੁਕਦੀ ਸੂਰਜੀ ਮਹੀਨਿਆਂ ਦੀ ਲੰਬਾਈ 29 ਦਿਨ 10 ਘੰਟੇ 38.6 ਮਿੰਟ ਤੋਂ ਲੈ ਕੇ 31 ਦਿਨ 10 ਘੰਟੇ 54.6 ਮਿੰਟ ਤੱਕ ਹੋਣ ਕਰਕੇ ਸੂਰਜੀ ਮਹੀਨੇ 29 ਦਿਨਾਂ ਤੋਂ 32 ਦਿਨਾਂ ਤੱਕ ਵਧਦੇ ਘਟਦੇ ਰਹਿੰਦੇ ਹਨ। ਚੰਦਰ ਮਹੀਨਿਆਂ ਦੀ ਔਸਤ ਲੰਬਾਈ 29.530588 ਦਿਨਾਂ ਦੀ ਹੋਣ ਕਰਕੇ ਕਈ ਵਾਰ ਥਿਤਾਂ

ਵਾਫ਼ ਇਕੋ ਨਾਮ ਦੇ ਦੋ ਚੰਦਰ ਮਹੀਨੇ ਆ ਜਾਂਦੇ ਅਤੇ ਕਈ ਵਾਰ ਇੱਕ ਮਹੀਨਾ ਹੀ ਖੈ ਹੋ ਜਾਂਦਾ ਹੈ ਭਾਵ ਸਾਲ ਵਿੱਚ ਉਸ ਨਾਮ ਦਾ ਕੋਈ ਮਹੀਨਾ ਆਉਂਦਾ ਹੀ ਨਹੀਂ ਤਾਂ ਦੱਸੋ ਅਜੇਹੀ ਹਾਲਤ ਵਿੱਚ ਕਿਹੜੀ ਥਿਤ ਜਾਂ ਕਿਹੜੇ ਮਹੀਨੇ ਵਿੱਚ ਗੁਰਪੁਰਬ ਮਾਨਇਆ ਜਾਵੇ? ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਕਿਸੇ ਵੀ ਗੁਰਦੁਆਰੇ ਵਿੱਚ ਸਜੇ ਦੀਵਾਨ ਵਿੱਚ ਜਾ ਕੇ ਅੱਜ ਦੀ ਤਿਥ ਬਾਰੇ ਪੁੱਛ ਲਿਆ ਜਾਵੇ ਤਾਂ 98% ਤੋਂ ਵੱਧ ਸੰਗਤ ਠੀਕ ਥਿਤ ਨਹੀਂ ਦੱਸ ਸਕੇਗੀ।

ਹੋਲਾ ਮਹੱਲੇ ਦੇ ਤਿਉਹਾਰ ਸਬੰਧੀ ਕੁਝ ਸਾਲਾਂ ਬਾਅਦ ਨਿਹੰਗ ਸਿੰਘ ਜਥੇਬੰਦੀਆਂ ਦਾ ਸ਼੍ਰੋਮਣੀ ਕਮੇਟੀ ਨਾਲ ਟਕਰਾ ਹੋ ਜਾਣਾ ਇਸ ਦੀ ਇੱਕ ਉੱਘੜਵੀਂ ਮਿਸਾਲ ਹੈ ਕਿ ਸੁਦੀਆ ਵਦੀਆਂ ਦੇ ਹਿਸਾਬ ਤਿਉਹਾਰ ਮਨਾਉਣ ਦੀ ਜਿਦ ਕਰਨ ਵਾਲੀਆਂ ਜਥੇਬੰਦੀਆਂ ਨੂੰ ਵੀ ਇਨ੍ਹਾਂ ਤਿਥਾਂ ਸਬੰਧੀ ਕੋਈ ਸੋਝੀ ਹੀ ਨਹੀਂ। ਤਿਥਾਂ ਦੀ ਤਰਤੀਬ ਤੋਂ ਬਿਲਕੁਲ ਕੋਰੀਆਂ ਅਜੇਹੀਆਂ ਜਥੇਬੰਦੀਆਂ ਨੂੰ ਨਿਸ਼ਾਨ ਜੀ ਹੋਰਾਂ ਨੇ ਇਹੋ ਸੋਝੀ ਦਿੱਤੀ ਹੈ ਕਿ ਫ਼ੱਗਣ ਦੀ ਪੂਰਨਮਾਸ਼ੀ ਤੋਂ ਅਗਲੇ ਦਿਨ ਚੇਤ ਵਦੀ ੧ ਹੁੰਦੀ ਹੈ ਅਤੇ ਉਸ ਦਿਨ ਹੋਲਾ ਮਹੱਲਾ ਹੁੰਦਾ ਹੈ। ਹੋਲਾ ਮਹੱਲਾ ਚੇਤ ਵਦੀ ੧ ਨੂੰ ਮਨਾਉਣ ਵਾਲੇ ਨਿਹੰਗਾਂ ਨੂੰ ਨਹੀਂ ਪਤਾ ਕਿ ਕਈ ਵਾਰ ਚੇਤ ਵਦੀ ੧ ਤਿੱਥ ਹੀ ਖ਼ੈ ਹੋ ਜਾਂਦੀ ਹੈ ਜਿਸ ਕਾਰਨ ਪੂਰਨਮਾਸ਼ੀ ਵਾਲੇ ਦਿਨ ਹੀ ਹੋਲਾ ਮਹੱਲਾ ਹੁੰਦਾ ਹੈ। ਉਸ ਤੋਂ ਅਗਲੇ ਦਿਨ ਚੇਤ ਵਦੀ ੨ ਹੁੰਦੀ ਹੈ ਜਿਵੇਂ ਕਿ 2019 ਈ: ਵਿੱਚ 21 ਮਾਰਚ ਨੂੰ ਫ਼ੱਗਣ ਦੀ ਪੂਰਨਮਾਸ਼ੀ ਸੀ ਅਤੇ 22 ਮਾਰਚ ਨੂੰ ਚੇਤ ਵਦੀ ੨. ਅਜੇਹੇ ਮੌਕੇ ਹੋਲਾ ਮਹੱਲਾ ਫ਼ੱਗਣ ਸੁਦੀ ਪੂਰਨਮਾਸ਼ੀ ਨੂੰ ਹੀ ਹੁੰਦਾ ਹੈ ਅਤੇ ਇਹੋ ਦਿਨ ਸ਼੍ਰੋਮਣੀ ਕਮੇਟੀ ਨੇ ਆਪਣੇ ਕੈਲੰਡਰ ਵਿੱਚ ਦਰਜ ਕੀਤਾ। ਪਰ ਜਿਨ੍ਹਾਂ ਨਿਹੰਗ ਸਿੰਘਾਂ ਨੂੰ ਨਿਸ਼ਾਨ ਜੀ ਹੋਰਾਂ ਨੇ ਸਿਰਫ ਇਹ ਹੀ ਸਿੱਖਿਆ ਦਿੱਤੀ ਹੈ ਕਿ ਫ਼ੱਗਣ ਦੀ ਪੂਰਨਮਾਸ਼ੀ ਤੋਂ ਅਗਲੇ ਦਿਨ ਚੇਤ ਵਦੀ ੧ ਹੁੰਦੀ ਹੈ ਉਹ ਅੜ ਗਏ ਕਿ ਰਿਵਾਇਤ ਅਨੁਸਾਰ ਅਸੀਂ ਤਾਂ ਪੂਰਨਮਾਸ਼ੀ ਤੋਂ ਅਗਲੇ ਦਿਨ ਹੋਲਾ ਮਹੱਲਾ ਮਨਾਉਂਦੇ ਹਾਂ। ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਵਾਲੇ ਨਿਹੰਗ ਸਿੰਘਾਂ ਨੂੰ ਸਮਝਾ ਹਟੇ ਕਿ ਹੋਲਾ ਮਹੱਲਾ ਇਸ ਵਾਰ 21 ਮਾਰਚ ਦਾ ਹੈ ਪਰ ਸ਼ੰਕਾਵਾਦੀ ਵਿਦਵਾਨ ਦੇ ਪੜ੍ਹਾਏ ਹੋਏ ਨਿਹੰਗ ਆਪਣੀ ਜ਼ਿਦ ਦੇ ਪੱਕੇ ਰਹੇ ਅਤੇ ਉਨ੍ਹਾਂ ਨੇ 22 ਮਾਰਚ ਭਾਵ ਚੇਤ ਵਦੀ ੨ ਨੂੰ ਮਨਾਇਆ ਜਦੋਂ ਕਿ ਸ਼੍ਰੋਮਣੀ ਕਮੇਟੀ ਨੇ 21 ਮਾਰਚ ਨੂੰ। ਪਰ ਜੇ ਕਰ ਹੋਲਾ ਮਹੱਲਾ ੧ ਚੇਤ ਨੂੰ ਮਨਾਇਆ ਜਾਵੇ ਤਾਂ ਅਜੇਹੀ ਸਥਿਤੀ ਕਦੇ ਵੀ ਪੈਦਾ ਨਹੀਂ ਹੋਵੇਗੀ ਜਦੋਂ ਕਿ ਚੇਤ ਵਦੀ ੧ ਦਾ ਰੌਲ਼ਾ 10-12 ਸਾਲਾਂ ਪਿੱਛੋਂ ਪਿਆ ਹੀ ਰਹਿੰਦਾ ਹੈ ਜਿਵੇਂ ਕਿ ਸੰਨ 2009 ਵਿੱਚ ਮਾਰਚ 11 ਨੂੰ ਫ਼ੱਗਣ ਸੁਦੀ ਪੂਰਨਮਾਸ਼ੀ ਸੀ; ਚੇਤ ਵਦੀ ੧ ਖ਼ੈ ਹੋ ਜਾਣ ਸਦਕਾ ਹੋਲਾ ਮਹੱਲਾ 11 ਮਾਰਚ ਨੂੰ ਹੀ ਸੀ ਪਰ ਨਿਹੰਗਾਂ ਨੇ 12 ਮਾਰਚ ਨੂੰ ਹੋਲਾ ਮਹੱਲਾ ਮਨਾਇਆ ਜਦੋਂ ਕਿ 12 ਮਾਰਚ ਨੂੰ ਚੇਤ ਵਦੀ ੧ ਨਹੀਂ ਬਲਕਿ ਚੇਤ ਵਦੀ ੨ ਸੀ। 10 ਸਾਲ ਬਾਅਦ 2019 ਈ: ਵਿੱਚ 21 ਮਾਰਚ ਨੂੰ ਫ਼ੱਗਣ ਦੀ ਪੂਰਨਮਾਸ਼ੀ ਸੀ ਅਤੇ 22 ਮਾਰਚ ਨੂੰ ਚੇਤ ਵਦੀ ੨ ਹੋਣ ਕਰਕੇ ਸ਼੍ਰੋਮਣੀ ਕਮੇਟੀ ਨੇ ਹੋਲਾ ਮਹੱਲਾ ਫ਼ੱਗਣ ਸੁਦੀ ਪੂਰਨਮਾਸ਼ੀ ਅਤੇ ਨਿਹੰਗ ਸਿੰਘਾਂ ਨੇ ਚੇਤ ਵਦੀ ੨ ਨੂੰ ਮਨਾਇਆ। ਇਸ ਗੱਲ ਦਾ ਕਰਨਲ ਨਿਸ਼ਾਨ ਹੀ ਠੀਕ ਜਵਾਬ ਦੇ ਸਕਣਗੇ ਕਿ ਜਿਸ ਕੈਲੰਡਰ ਸਬੰਧੀ ਸਿੱਖ ਸੰਗਤ ਨੂੰ ਕੋਈ ਸੋਝੀ ਹੀ ਨਹੀਂ ਹੈ ਕਿ ਅੱਜ ਕਿਹੜੀ ਤਿੱਥ ਹੈ; ਵਦੀ ਅਤੇ ਸੁਦੀ ਵਿੱਚ ਕੀ ਫ਼ਰਕ ਹੁੰਦਾ ਹੈ; ਪੋਹ ਸੁਦੀ ੭ ਦਾ ਕੀ ਭਾਵ ਹੈ; ਚੇਤ ਵਦੀ ੧ ਕਿਸ ਦਿਨ ਹੁੰਦੀ ਹੈ; ਉਸ ਗੋਰਖ ਧੰਦੇ ’ਚ ਸਿੱਖਾਂ ਨੂੰ ਫਸਾਈ ਰੱਖਣ ਲਈ ਇਹ ਬਜ਼ਿਦ ਕਿਉਂ ਹਨ?

ਸ਼ੰਕਾ ਨੰ: 10 - ਸ਼ੰਕਾਵਾਦੀ ਵਿਦਵਾਨ ਲਿਖਦਾ ਹੈ ਕਿ 2003 ਵਾਲੇ ਕੈਲੰਡਰ ਦੇ ਸ਼ੁਰੂ ਵਿੱਚ ਦਿੱਤੇ ਨੋਟ ਵਿੱਚ ਲਿਖਿਆ ਹੈ ਕਿ ਨਾਨਕਸ਼ਾਹੀ ਸੂਰਜੀ ਤਾਰੀਖ਼ਾਂ ਦਾ ਆਧਾਰ 1999 ਦੀਆਂ ਅੰਗਰੇਜ਼ੀ ਤਾਰੀਖ਼ਾਂ ਹਨ। ਇਹ ਲਿਖਣ ਤੋਂ ਬਾਅਦ ਉਹ ਆਪ ਹੀ ਸਵਾਲ ਖੜ੍ਹਾ ਕਰਦੇ ਹਨ ਕਿ ਜੇ ਇਸ ਕੈਲੰਡਰ ਦੀਆਂ ਤਾਰੀਖ਼ਾਂ ਦਾ ਆਧਾਰ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਸਾਲ ਦੀ ਬਜਾਏ 1999 ਹੈ ਤਾਂ ਇਸ ਕੈਲੰਡਰ ਦਾ ਨਾਮ ਨਾਨਕਸ਼ਾਹੀ ਕੈਲੰਡਰ ਕਿਉਂ ਰੱਖਿਆ ਗਿਆ ਹੈ?

ਉੱਤਰ : ਸ਼ੰਕਾਵਾਦੀ ਲੇਖਕ ਜੀਉ ਸਿੱਖ ਕੌਮ ਦੇ ਧਾਰਮਿਕ ਕੈਲੰਡਰ ਸਬੰਧੀ ਵੀਚਾਰ ਵਟਾਂਦਰਾ ਹੋ ਰਿਹਾ ਹੈ; ਸੋ ਧਰਮ ਦੇ ਕਹੇ ਜਾਂਦੇ ਇਸ ਕੰਮ ਵਿੱਚ ਝੂਠ ਤਾਂ ਨਾ ਬੋਲਿਆ ਜਾਂ ਲਿਖਿਆ ਜਾਵੇ। ਇਹ ਗੱਲ 100% ਝੂਠ ਹੈ ਕਿ 2003 ਵਾਲੇ ਕੈਲੰਡਰ ਦੇ ਸ਼ੁਰੂ ਵਿੱਚ ਦਿੱਤੇ ਨੋਟ ਵਿੱਚ ਲਿਖਿਆ ਹੈ ਕਿ ਕੈਲੰਡਰ ਦਾ ਆਧਾਰ 1999 ਦੀਆਂ ਅੰਗਰੇਜ਼ੀ ਤਾਰੀਖ਼ਾਂ ਹਨ। ਸੰਨ 2003 ਤੋਂ ਲੈ ਕੇ 2010 ਜਦੋਂ ਤੱਕ ਨਾਨਕਸ਼ਾਹੀ ਕੈਲੰਡਰ ਲਾਗੂ ਰਿਹਾ ਨਾਨਕਸ਼ਾਹੀ ਕੈਲੰਡਰ ਦੇ ਮੁੱਢ ਵਿੱਚ **"ਨਾਨਕਸ਼ਾਹੀ ਕੈਲੰਡਰ ਕਿਉਂ ਤੇ ਕਿਵੇਂ"** ਸਿਰਲੇਖ ਹੇਠ ਹਰ ਸਾਲ ਇੱਕ ਲੇਖ ਛਪਦਾ ਰਿਹਾ ਹੈ। ਉਸ ਲੇਖ ਸਬੰਧੀ ਪਾਠਕਾਂ ਦੀ ਯਾਦ ਤਾਜਾ ਕਰਨ ਅਤੇ ਲੇਖਕ ਦਾ ਝੂਠ ਨੰਗਾ ਕਰਨ ਲਈ ਇਸ ਪੁਸਤਕ ਦੇ ਪੰਨਾ ਨੰ: 14 ’ਤੇ ਮੁੜ ਛਾਪ ਦਿੱਤਾ ਗਿਆ ਹੈ। ਪਾਠਕਾਂ ਦੀ ਸਹੂਲਤ ਲਈ ਨਾਨਕਸ਼ਾਹੀ ਕੈਲੰਡਰ ਲਈ ਨਿਰਧਾਰਤ ਮਾਪ ਦੰਡ ਦੇ ਸਬੰਧਤ ਚੋਣਵੇਂ ਨੁਕਤੇ ਇਸ ਤਰ੍ਹਾਂ ਹਨ : (4) **ਨਾਨਕਸ਼ਾਹੀ ਸੰਮਤ ਦਾ ਅਰੰਭ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੇ ਸਾਲ ਤੋਂ ਹੋਵੇਗਾ** ਭਾਵ ਬਿਕਰਮੀ ਸੰਮਤ ੧੫੨੬ ਚੇਤ ਤੋਂ। (5) ਨਾਨਕਸ਼ਾਹੀ ਕੈਲੰਡਰ ਦੇ ਸਾਲ ਦਾ ਪਹਿਲਾ ਮਹੀਨਾ ਗੁਰਬਾਣੀ ਵਿੱਚ ਵਰਣਿਤ ਬਾਰਹ ਮਾਹਾ ਅਨੁਸਾਰ ਚੇਤ ਤੇ ਅਖ਼ੀਰਲਾ ਮਹੀਨਾ ਫ਼ੱਗਣ। (10) ਖ਼ਾਲਸੇ ਦੇ 300 ਸਾਲਾ ਸਿਰਜਣਾ ਦਿਵਸ ਭਾਵ ੫੩੧ ਨਾਨਕਸ਼ਾਹੀ ਮੁਤਾਬਿਕ 1999 ਈ: ਵਿੱਚ ਵੈਸਾਖੀ ਤੋਂ ਗੁਰ ਪੁਰਬਾਂ ਤੇ ਸਿੱਖ ਇਤਿਹਾਸ ਦੇ ਦਿਹਾੜਿਆਂ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਬਦਲ ਦਿੱਤਾ ਜਾਵੇਗਾ। **ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਬਦਲਣ ਲਈ ਅੰਗਰੇਜ਼ੀ ਤਾਰੀਖ਼ ਨੂੰ ਨਹੀਂ ਬਲਕਿ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਜਾਵੇਗਾ।**

ਸ਼ੰਕਾ ਨੰ: 11 - ਗੁਰਬਾਣੀ ਵਿੱਚ ਦਰਜ ਬਾਰਹ ਮਾਹਾ ਅਤੇ

ਰੁੱਤੀ ਸਲੋਕ ਵਿੱਚ ਵਰਨਣ ਰੁੱਤਾਂ ਨਾਲੋਂ ਟੁੱਟ ਰਹੇ ਸਬੰਧ ਨੂੰ ਜਾਇਜ਼ ਠਹਿਰਾਉਣ ਲਈ ਸ਼ੰਕਾਵਾਦੀ ਵਿਦਵਾਨ ਲਿਖਦੇ ਹਨ ਕਿ ਬਾਰਹ ਮਾਹਾ ਵਿੱਚ ਅਸਾੜ ਤਪੰਦੇ ਦਾ ਤੁਅੱਲਕ ਹਿਰਦੇ ਦੀ ਤਪਸ਼ ਨਾਲ ਹੈ; ਪੰਜਾਬ/ਨਿਊਜ਼ੀਲੈਂਡ/ਸਿੰਘਾਪੁਰ ਦੇ ਬਾਹਰੀ ਮੌਸਮ ਦੀ ਗਰਮੀ ਜਾਂ ਸਰਦੀ ਨਾਲ ਨਹੀਂ। ਗੁਰਬਾਣੀ ਦੇਸ਼ ਕਾਲ ਤੋਂ ਸੁਤੰਤਰ ਹੈ **"ਸਾਂਝੀ ਸਗਲ ਜਹਾਨੈ"** ਹੈ ਇਸ ਨੂੰ ਦੁਨੀਆਂ ਦੇ ਕਿਸੇ ਖਿੱਤੇ ਜਾਂ ਉਸ ਦੇ ਮੌਸਮਾਂ ਨਾਲ ਨਹੀਂ ਜੋੜਿਆ ਜਾ ਸਕਦਾ।

ਉੱਤਰ : ਕੀ ਬਚਗ਼ਾਨਾਂ ਜਿਹੀਆਂ ਦਲੀਲਾਂ ਦਿੱਤੀਆਂ ਹਨ। ਜਦੋਂ ਗੁਰੂ ਸਾਹਿਬ ਜੀ ਨੇ ਬਾਣੀ ਉਚਾਰਨ ਕੀਤੀ ਤਾਂ ਕੀ ਉਹ ਪੰਜਾਬ ਵਿੱਚ ਵਿਚਰਦਿਆਂ ਹੋਇਆਂ ਉਚਾਰਨ ਕੀਤੀ ਸੀ ਜਾਂ ਨਿਊਜ਼ੀਲੈਂਡ/ਸਿੰਘਾਪੁਰ ਦੀ ਧਰਤੀ 'ਤੇ? ਜੇ ਪੰਜਾਬ ਵਿੱਚ ਉਸ ਸਮੇਂ ਹਾੜ ਦੇ ਮਹੀਨੇ ਗਰਮੀ ਪੈ ਰਹੀ ਸੀ ਤਾਂ ਹੀ ਤਾਂ ਉੱਥੋਂ ਦੇ ਲੋਕਾਂ ਨੂੰ ਹਿਰਦੇ ਦੀ ਤਪਸ਼ ਦਾ ਪ੍ਰਭਾਵ ਸਮਝਾਉਣ ਲਈ ਉਸ ਦੀ ਤੁਲਨਾ ਹਾੜ ਦੇ ਮਹੀਨੇ ਦੀ ਤਪਸ਼ ਨਾਲ ਕੀਤੀ ਹੈ। ਜੇ ਗੁਰੂ ਜੀ ਉਸ ਸਮੇਂ ਨਿਊਜ਼ੀਲੈਂਡ ਵਿੱਚ ਪੈ ਰਹੀ ਠੰਡ ਨਾਲ ਕਰਦੇ ਤਾਂ ਕੀ ਲੋਕਾਂ ਦੇ ਕੁਝ ਪੱਲੇ ਪੈਣਾ ਸੀ? ਨਿਊਜ਼ੀਲੈਂਡ ਵਿੱਚ ਤਾਂ ਇਸ ਸ਼ਬਦ ਦੀ ਵਿਆਖਿਆ ਕਰਦੇ ਸਮੇਂ ਉਨ੍ਹਾਂ ਨੂੰ ਦੱਸਿਆ ਜਾ ਸਕਦਾ ਹੈ ਕਿ ਗੁਰਬਾਣੀ ਪੰਜਾਬ ਵਿੱਚ ਉਚਾਰੀ ਹੋਈ ਹੋਣ ਕਰਕੇ ਵਰਣਿਤ ਮੌਸਮ ਉਥੋਂ ਦੀਆਂ ਰੁੱਤਾਂ ਮੁਤਾਬਿਕ ਹਨ; ਇਹ ਗੱਲ ਸਮਝਾਉਣ ਲਈ ਅੱਜ ਦੇ ਸਮੇਂ ਵਿੱਚ ਕੋਈ ਵੀ ਮੁਸ਼ਕਿਲ ਨਹੀਂ ਹੋ ਸਕਦੀ। ਇਹ ਚੇਤੇ ਰੱਖਣ ਯੋਗ ਹੈ ਕਿ ਗੁਰਬਾਣੀ ਜਾਂ ਕਾਵਿ ਰਚਨਾ ਦੇ ਰਚਨਹਾਰ ਪ੍ਰਸੰਗ ਉਸੇ ਤਰ੍ਹਾਂ ਦੇ ਹੀ ਵਰਤਦੇ ਹਨ ਜਿਸ ਤਰ੍ਹਾਂ ਦੇ ਉਨ੍ਹਾਂ ਦੇ ਸਾਹਮਣੇ ਹੋਣ। ਗੁਰਬਾਣੀ ਵਿੱਚ **"ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥"** (ਮਲਾਰ, ਮ: ੪/੧੨੬੩) **"ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥"** (ਸਲੋਕ ਵਾਰਾਂ ਤੇ ਵਧੀਕ, ਮ: ੧/੧੪੧੨) ਆਦਿਕ ਸ਼ਬਦਾਂ ਵਿੱਚ ਗੰਗਾ, ਜਮੁਨਾ, ਗੋਦਾਵਰੀ, ਸਰਸਵਤੀ ਆਦਿਕ ਨਦੀਆਂ ਅਤੇ ਲਹੌਰ ਸ਼ਹਿਰ ਦੇ ਨਾਮ ਇਸੇ ਕਾਰਨ ਵਰਤੇ ਸਨ ਕਿਉਂਕਿ ਇਨ੍ਹਾਂ ਸਬੰਧੀ ਪੰਜਾਬ ਦੇ ਆਮ ਲੋਕਾਂ ਨੂੰ ਜਾਣਕਾਰੀ ਸੀ ਪਰ ਜੇ ਨਿਊਜ਼ੀਲੈਂਡ ਦੀਆਂ ਨਦੀਆਂ ਜਾਂ ਸ਼ਹਿਰਾਂ ਦਾ ਨਾਮ ਲਿਖ ਦਿੰਦੇ ਤਾਂ ਉਸ ਸਮੇਂ ਤਾਂ ਕੀ ਬਹੁਤੇ ਲੋਕਾਂ ਨੂੰ ਅੱਜ ਵੀ ਕੁਝ ਸਮਝ ਨਹੀਂ ਪੈਣੀ। ਜਦੋਂ ਇਤਿਹਾਸ ਦਾ ਵਰਨਣ ਹੋਵੇਗਾ ਤਾਂ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਸਮੇਂ ਲਹੌਰ ਸ਼ਹਿਰ ਦੀ ਰੁੱਤ ਦਾ ਹੀ ਜ਼ਿਕਰ ਹੋਵੇਗਾ ਨਾ ਕਿ ਨਿਊਜ਼ੀਲੈਂਡ ਦੇ ਕਿਸੇ ਸ਼ਹਿਰ ਦਾ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਵਰਨਣ ਕਰਦੇ ਸਮੇਂ ਸਰਹਿੰਦ ਦੇ ਮੌਸਮ ਦਾ ਹੀ ਜ਼ਿਕਰ ਹੋਵੇਗਾ ਨਾ ਕਿ ਨਿਊਜ਼ੀਲੈਂਡ ਦਾ।

ਸ਼ੰਕਾ ਨੰ: 11. - ਨਾਨਕਸ਼ਾਹੀ ਕੈਲੰਡਰ ਵਿੱਚ 14 ਮਾਰਚ, 14 ਅਪ੍ਰੈਲ ਆਦਿ ਨੂੰ ੧ ਚੇਤ, ੧ ਵੈਸਾਖ ਮੰਨ ਲਿਆ ਗਿਆ ਹੈ ਵੈਸੇ ੧ ਚੇਤ, ੧ ਵੈਸਾਖ ਦਾ ਆਪਣਾ ਕੋਈ ਵਜੂਦ ਨਹੀਂ ਹੈ। ਪਹਿਲੇ ਸਾਲ ਦੀ ੧ ਚੇਤ ਦੀ ਆਪਣੀ ਕੋਈ ਪ੍ਰੀਭਾਸ਼ਾ ਨਾ ਹੋਣ ਕਰਕੇ ਇਹ ਪਤਾ ਹੀ ਨਹੀਂ ਲੱਗ ਸਕਦਾ ਕਿ ਕੈਲੰਡਰ ਵਿੱਚ ਸੋਧ ਲਗਾਉਣ ਦੀ ਕੋਈ ਲੋੜ ਹੈ ਜਾਂ ਨਹੀਂ।

ਉੱਤਰ : ਸ਼ੰਕਾਵਾਦੀ ਵਿਦਵਾਨ ਜੀਉ! ਨਾਨਕਸ਼ਾਹੀ ਕੈਲੰਡਰ ਬਿਲਕੁਲ ਸੁਤੰਤਰ ਹੈ। ਤੁਸੀਂ ਆਪਣੀ ਪੁਸਤਕ ਦੇ ਪੰਨਾ ਨੰ: 20 ਉੱਪਰ ਸਵਾਲ ਨੰ: 2 ਦਾ ਜਵਾਬ ਦਿੰਦਿਆ ਖ਼ੁਦ ਲਿਖਿਆ ਹੈ "ਖ਼ਾਲਸਾ ਪੰਥ ਨੂੰ ਪੂਰਾ ਹੱਕ ਹੈ ਕਿ ਉਹ ਆਪਣੇ ਕੈਲੰਡਰ ਦਾ ਆਧਾਰ ਅਤੇ ਉਸ ਦੇ ਪੈਮਾਨੇ (Parameters) ਆਪਣੀ ਮਰਜੀ ਨਾਲ ਰੱਖ ਸਕਦਾ ਹੈ।" ਬੱਸ ਇਹੀ ਅਧਿਕਾਰ ਵਰਤਦਿਆਂ ਪੁਰਾਤਨ ਨਾਨਕਸ਼ਾਹੀ ਸੰਮਤ ਦੇ ਪੈਮਾਨੇ ਬਦਲ ਕੇ ਸ਼ੁੱਧ ਨਾਨਕਸ਼ਾਹੀ ਕੈਲੰਡਰ ਬਣਾਇਆ ਹੈ ਜੋ ਕਿਸੇ ਵੀ ਕੈਲੰਡਰ 'ਤੇ ਆਧਾਰਤ ਨਹੀਂ ਅਤੇ ਪੂਰੀ ਤਰ੍ਹਾਂ ਵਿਗਿਆਨਕ ਤੇ ਸੁਤੰਤਰ ਹੈ ਕਿਉਂਕਿ ਇਸ ਦੇ ਸਾਲ ਦੀ ਲੰਬਾਈ 365.258756 ਦਿਨਾਂ ਤੋਂ ਘਟਾ ਕੇ 365.2425 ਦਿਨ ਕਰ ਲਈ ਹੈ ਜੋ ਕਿ ਰੁੱਤੀ ਸਾਲ ਦੀ ਲੰਬਾਈ 365.242196 ਦਿਨਾਂ ਦੇ ਬਹੁਤ ਹੀ ਨਜ਼ਦੀਕ ਹੈ ਤਾਂ ਕਿ ਹਮੇਸ਼ਾਂ ਲਈ ਮਹੀਨਿਆਂ ਦੀਆਂ ਰੁੱਤਾਂ ਸਥਿਰ ਰਹਿਣ। ਪਹਿਲੇ 5 ਮਹੀਨੇ (ਚੇਤ, ਵੈਸਾਖ, ਜੇਠ, ਹਾੜ, ਸਾਵਣ) 31-31 ਦਿਨਾਂ ਦੇ ਅਤੇ ਪਿਛਲੇ 7 ਮਹੀਨੇ (ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ, ਫ਼ੱਗਣ) 30-30 ਦਿਨਾਂ ਦੇ ਰੱਖੇ ਜਾਣ ਕਰਕੇ ਯਾਦ ਰੱਖਣੇ ਅਤਿ ਸੁਖਾਲੇ ਹਨ ਜਦੋਂ ਕਿ ਦੁਨੀਆਂ ਭਰ ਵਿੱਚ ਹੋਰ ਕਿਸੇ ਵੀ ਕੈਲੰਡਰ ਦੇ ਮਹੀਨਿਆਂ ਦੇ ਦਿਨਾਂ ਦੀ ਗਿਣਤੀ ਇਸ ਤਰਤੀਬ ਵਿੱਚ ਨਹੀਂ ਹੈ।

ਲੀਪ ਵਾਲੇ ਸਾਲ ਦਾ ਅਖੀਰਲਾ ਮਹੀਨਾ ਫ਼ੱਗਣ ਲੀਪ ਦਾ ਮਹੀਨਾ 31 ਦਿਨਾਂ ਦਾ ਹੋ ਜਾਵੇਗਾ। ਅਖੀਰਲਾ ਮਹੀਨਾ ਯਾਦ ਰੱਖਣਾਂ ਵੀ ਬਹੁਤ ਹੀ ਅਸਾਨ ਹੈ ਅਤੇ ਵਾਧਾ ਘਾਟਾ ਵੀ ਅਖੀਰ 'ਤੇ ਹੀ ਹੋਣਾ ਚਾਹੀਦਾ ਹੈ; ਜਦੋਂ ਕਿ ਗ੍ਰੈਗੋਰੀਅਨ ਕੈਲੰਡਰ ਵਿੱਚ ਦੂਸਰਾ ਮਹੀਨਾ ਫ਼ਰਵਰੀ ਲੀਪ ਦਾ ਮਹੀਨਾ ਹੁੰਦਾ ਹੈ। ਇਸ ਦੀ ਕੋਈ ਤੁਕ ਨਹੀਂ ਕਿ ਵਿੱਚ ਵਿਚਾਲੇ ਦੂਸਰਾ ਮਹੀਨਾ ਹੀ ਲੀਪ ਦਾ ਕਿਉਂ; ਪਹਿਲਾ, ਛੇਵਾਂ ਜਾਂ 12ਵਾਂ ਕਿਉਂ ਨਹੀਂ? ਬਿਕਰਮੀ ਕੈਲੰਡਰ ਦਾ ਤਾਂ ਕੋਈ ਨਿਯਮ ਹੀ ਸਮਝ 'ਚ ਨਹੀਂ ਆਉਂਦਾ; ਜੇ ਸ਼ੰਕਾਵਾਦੀ ਲੇਖਕ ਜੀ ਨੂੰ ਕੋਈ ਸਮਝ ਹੈ ਤਾਂ ਦੱਸਣ ਦੀ ਖੇਚਲ ਜਰੂਰ ਕਰਨ।

੧ ਚੇਤ 14 ਮਾਰਚ, ੧ ਵੈਸਾਖ 14 ਅਪ੍ਰੈਲ ਨੂੰ ਨਿਸਚਿਤ ਨਹੀਂ ਕੀਤੇ ਬਲਕਿ ਕੈਲੰਡਰ ਵਿੱਚ ਸੋਧ 300 ਸਾਲਾ ਖ਼ਾਲਸਾ ਸਾਜਨਾ ਦਿਵਸ ਤੋਂ ਲਾਗੂ ਕਰਨ ਦੇ ਫੈਸਲੇ ਅਨੁਸਾਰ ਜਿਸ ਦਿਨ ਪ੍ਰਚਲਤ ਕੈਲੰਡਰ ਦੀ ੧ ਵੈਸਾਖ ਸੀ ਉਸੇ ਦਿਨ ਨੂੰ ੧ ਵੈਸਾਖ ਨਾਨਕਸ਼ਾਹੀ ਮੰਨ ਕੇ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਗਿਆ। ਸਾਰੇ ਮਹੀਨਿਆਂ ਦੇ ਨਿਸਚਿਤ ਦਿਨ ਪੂਰੇ ਕਰਦੇ ਕਰਦੇ ਮੁੜ ਵੈਸਾਖੀ ਪੂਰੇ 365 ਦਿਨਾਂ ਬਾਅਦ ਜਾਂ ਲੀਪ ਦੇ ਸਾਲ ਵਿੱਚ 366 ਦਿਨਾਂ ਬਾਅਦ ਹੀ ਆਵੇਗੀ। ਇਹ ਵੱਖਰੀ ਗੱਲ ਹੈ ਕਿ ਦਿਨਾਂ ਦੀ ਗਿਣਤੀ ਪੂਰੀ ਕਰਦੇ ਕਰਦੇ ਹਰ ਸਾਲ ੧ ਚੇਤ-14

ਮਾਰਚ, ੧ ਵੈਸਾਖ-14 ਅਪ੍ਰੈਲ, ੧ ਜੇਠ-15 ਮਈ, ੧ ਹਾੜ-15 ਜੂਨ, ੧ ਸਾਵਣ-16 ਜੁਲਾਈ, ੧ ਭਾਦੋਂ-16 ਅਗਸਤ, ੧ ਅੱਸੂ-15 ਸਤੰਬਰ, ੧ ਕੱਤਕ-15 ਅਕਤੂਬਰ, ੧ ਮੱਘਰ-14 ਨਵੰਬਰ, ੧ ਪੋਹ-14 ਦਸੰਬਰ, ੧ ਮਾਘ-13 ਜਨਵਰੀ ਅਤੇ ੧ ਫ਼ੱਗਣ-12 ਫ਼ਰਵਰੀ ਨੂੰ ਹੀ ਆਉਣਗੇ ਭਾਵੇਂ ਕੋਈ ਲੀਪ ਦਾ ਸਾਲ ਹੋਵੇ ਜਾਂ ਸਾਧਾਰਨ ਸਾਲ, ਇਸ ਨਾਲ ਕੋਈ ਫ਼ਰਕ ਨਹੀਂ ਪਵੇਗਾ। ਇਹ ਤਰਤੀਬ ਯਾਦ ਰੱਖਣੀ ਫਿਰ ਅਤਿ ਸੁਖਾਲੀ ਹੈ ਅਤੇ ਤਾਰੀਖ਼ਾਂ ਦੀ ਤਬਦੀਲੀ ਬੜੀ ਅਸਾਨੀ ਨਾਲ ਆਪਣੇ ਆਪ ਹੀ ਹੋ ਰਹੀ ਹੈ ਕੋਈ ਕੈਲਕੂਲੇਟਰ ਜਾਂ ਕੈਲੰਡਰੀਕਲ ਟੈਬੂਲੇਸ਼ਨ ਚੁੱਕਣ ਦੀ ਲੋੜ ਹੀ ਨਹੀਂ। ਜਦੋਂ ਕਿ ਬਿਕਰਮੀ ਕੈਲੰਡਰ ਦੇ ਮਹੀਨਿਆਂ ਵਿੱਚ ਬੇ-ਤਰਤੀਬੀ ਹੋਣ ਕਾਰਨ ਸਿੱਖ ਇਤਿਹਾਸ ਦੀਆਂ 80% ਤੋਂ ਵੱਧ ਤਾਰੀਖ਼ਾਂ ਦੂਸਰੀਆਂ ਪੱਧਤੀਆਂ ਵਿੱਚ ਤਬਦੀਲ ਕਰਦੇ ਸਮੇਂ ਕੈਲੰਡਰਾਂ ਦੀ ਜਾਣਕਾਰੀ ਦੀ ਘਾਟ ਹੋਣ ਕਾਰਨ ਭਾਰੀ ਗਲਤੀਆਂ ਹੋਈਆ ਹਨ ਜਿਨ੍ਹਾਂ ਨੂੰ ਸੁਧਾਰਨਾਂ ਇਸ ਸਮੇਂ ਵੱਡੀ ਸਮੱਸਿਆ ਬਣੀ ਹੋਈ ਹੈ ਜਿਸ ਨੂੰ ਨਿਸ਼ਾਨ ਵਰਗੇ ਵਿਦਵਾਨ ਕਦੀ ਨਹੀਂ ਸਮਝਣਗੇ ਕੇਵਲ ਕਰਮ ਸਿੰਘ ਹਿਸਟੋਰੀਅਨ ਦੀ ਘਾਲਣਾ ਦਾ ਮੁੱਲ ਪਾਉਣ ਵਾਲੇ ਵਿਦਵਾਨ ਹੀ ਸਮਝਦੇ ਹਨ।

ਸ਼ੰਕਾਵਾਦੀ ਲੇਖਕ ਜੀਉ ਨਾਨਕਸ਼ਾਹੀ ਕੈਲੰਡਰ ਵਿੱਚ ਤਾਂ ਉਤਰਾਇਣ ਤੋਂ ਦਕਸ਼ਾਇਣ ਹੋਣ ਵਾਲਾ ਦਿਨ ੬/੭ ਹਾੜ ਹੈ। ਜਦੋਂ ਹੀ ਇਸ ਵਿੱਚ 1 ਤੋਂ ਵੱਧ ਦਿਨ ਦਾ ਫ਼ਰਕ ਪੈਣ ਲੱਗ ਪਿਆ ਤਾਂ ਝੱਟ ਪਤਾ ਲੱਗ ਜਾਵੇਗਾ ਕਿ ਕੈਲੰਡਰ ਵਿੱਚ ਸੋਧ ਲਾਉਣ ਦੀ ਲੋੜ ਹੈ ਜਿਵੇਂ ਕਿ ਜੂਲੀਅਨ ਕੈਲੰਡਰ ਦੀ ਬਸੰਤੀ ਸਮਰਾਤ 20/21 ਮਾਰਚ ਤੋਂ 10 ਦਿਨ ਪਹਿਲਾਂ ਆਉਣ 'ਤੇ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਸੋਧ ਲਾਉਣ ਵਾਲੀ ਹੈ ਤੇ ਉਨ੍ਹਾਂ ਫ਼ਾਰਮੂਲਾ ਤਿਆਰ ਕਰਕੇ 1582 ਵਿੱਚ ਇਹ ਸੋਧ ਲਾ ਦਿੱਤੀ।

ਜਿਸ ਸਮੇਂ ਗ੍ਰੈਗੋਰੀਅਨ ਕੈਲੰਡਰ (ਦੁਨੀਆਂਭਰ ਵਿੱਚ ਪ੍ਰਚਲਤ ਸਾਂਝੇ ਕੈਲੰਡਰ Common Era) ਵਿੱਚ ਕੋਈ ਸੋਧ ਹੋਈ ਉਸ ਸਮੇਂ ਨਾਨਕਸ਼ਾਹੀ ਕੈਲੰਡਰ ਵਿੱਚ ਆਪਣੇ ਆਪ ਸੋਧ ਲੱਗ ਜਾਣ ਦੀ ਗੱਲ ਕੇਵਲ ਇਸ ਕਾਰਨ ਲਿਖੀ ਹੈ ਕਿਉਂਕਿ ਗ੍ਰੈਗੋਰੀਅਨ ਕੈਲੰਡਰ ਸਾਰੀ ਦੁਨੀਆਂ ਵਿੱਚ ਪ੍ਰਚਲਤ ਹੋਣ ਕਰਕੇ ਉਸ ਤੋਂ ਬਗੈਰ ਕਿਸੇ ਦਾ ਗੁਜਾਰਾ ਨਹੀਂ। ਐਸੇ ਕੈਲੰਡਰ ਜਿਸ ਤੋਂ ਬਿਨਾਂ ਗੁਜਾਰਾ ਹੀ ਨਹੀਂ ਉਸ ਨਾਲ ਤਾਲ ਮੇਲ ਬਣਾਈ ਰੱਖਣ ਲਈ ਜਿਸ ਸਮੇਂ ਉਸ ਵਿੱਚ ਸੋਧ ਲੱਗੇ; ਉਸੇ ਸਮੇਂ ਨਾਨਕਸ਼ਾਹੀ ਕੈਲੰਡਰ ਵਿੱਚ ਸੋਧ ਲੱਗ ਜਾਣ ਨਾਲ ਕੈਲੰਡਰ ਸਿਧਾਂਤ, ਗੁਰਬਾਣੀ ਸਿਧਾਂਤ ਜਾਂ ਇਤਿਹਾਸ 'ਤੇ ਕੋਈ ਬੁਰਾ ਪ੍ਰਭਾਵ ਨਹੀਂ ਪੈਂਦਾ ਸਗੋਂ ਕੈਲੰਡਰ ਦੀਆਂ ਤਾਰੀਖ਼ਾਂ ਦੀ ਤਬਦੀਲੀ ਕਰਦੇ ਸਮੇਂ ਗਲਤੀਆਂ ਦੀ ਗੁੰਜਾਇਸ ਹੀ ਨਹੀਂ ਰਹਿੰਦੀ। ਇਹ ਸੋਧ ਕੋਈ 100-200 ਸਾਲ ਪਿੱਛੋਂ ਨਹੀਂ ਲੱਗਣੀ ਸਗੋਂ 3300 ਸਾਲਾਂ ਵਿੱਚ ਕੇਵਲ 1 ਦਿਨ ਦੀ ਹੀ ਲੱਗਣੀ ਹੈ ਜੋ ਕਿ ਬਿਕਰਮੀ ਕੈਲੰਡਰ ਦੇ ਮੁਕਾਬਲੇ ਬਹੁਤ ਹੀ ਨਿਗੂਣੀ ਹੈ। ਜੇ ਸ਼ੰਕਾਵਾਦੀ ਲੇਖਕ ਆਪਣੀ ਪੁਸਤਕ "ਗੁਰਪੁਰਬ ਦਰਪਣ" ਵਿੱਚ 86 ਸਾਲਾਂ ਦੇ ਗੁਰ ਪੁਰਬਾਂ ਦੀਆਂ ਤਾਰੀਖ਼ਾਂ ਵਗੈਰ ਗ੍ਰੈਗੋਰੀਅਨ ਕੈਲੰਡਰ ਦੀਆਂ ਤਾਰੀਖ਼ਾਂ ਤੋਂ ਲਿਖ ਸਕਦੇ ਹਨ ਤਾਂ ਅਜੇਹੇ ਕੈਲੰਡਰ ਨੂੰ ਸੰਗਤਾਂ ਦੇ ਸਾਮ੍ਹਣੇ ਰੱਖਣ ਦੀ ਹਿੰਮਤ ਕਰਨ ਤਾਂ ਪਤਾ ਲੱਗ ਜਾਵੇਗਾ ਕਿ ਉਸ ਦੀ ਸੰਗਤਾਂ ਨੂੰ ਕਿੰਨੀ ਕੁ ਸਮਝ ਆਉਂਦੀ ਹੈ? ਹੁਣ ਬਿਕਰਮੀ ਕੈਲੰਡਰ ਦੇ ਹਿਮਾਇਤੀ ਵੀ ਦੱਸ ਦੇਣ ਕਿ ਉਨ੍ਹਾਂ ਨੂੰ ਕਿਵੇਂ ਪਤਾ ਚੱਲੇਗਾ ਕਿ ਇਸ ਵਿੱਚ ਸੋਧ ਲਾਉਣ ਦੀ ਲੋੜ ਕਦੋਂ ਪਵੇਗੀ ਅਤੇ ਉਸ ਲਈ ਸੋਧ ਫ਼ਾਰਮੂਲਾ ਕੀ ਹੋਵੇਗਾ?

ਹੋਰ ਵੇਖੋ ਇਹ ਖ਼ੁਦ ਆਪਣੀ ਪੁਸਤਕ ਦੇ ਪੰਨਾ ਨੰ: 20 'ਤੇ ਲਿਖ ਰਹੇ ਹਨ "ਪੁਰਾਤਨ ਨਾਨਕਸ਼ਾਹੀ ਕੈਲੰਡਰ ਬਿਕਰਮੀ ਕੈਲੰਡਰ 'ਤੇ ਅਧਾਰਤ ਹੈ ਅਤੇ ਇਸੇ ਮੁਤਾਬਿਕ ਹੀ ਸਾਰੇ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ ਮਨਾਏ ਜਾਂਦੇ ਹਨ"। ਸ਼ੰਕਾਵਾਦੀ ਲੇਖਕ ਲਈ ਸਵਾਲ ਹੈ ਕਿ ਜੇ ਉਨ੍ਹਾਂ ਵੱਲੋਂ ਮਿਥਿਆ ਹੋਇਆ ਨਾਨਕਸ਼ਾਹੀ ਕੈਲੰਡਰ ਦੋਸ਼ ਪੂਰਬਕ ਬਿਕਰਮੀ ਕੈਲੰਡਰ 'ਤੇ ਆਧਾਰਤ ਹੈ; ਉਸ ਵਿੱਚ 1964 'ਚ ਸੋਧ ਉਸੇ ਸਮੇਂ ਲੱਗ ਗਈ ਜਦੋਂ ਬਿਕਰਮੀ ਕੈਲੰਡਰ ਵਿੱਚ ਹਿੰਦੂਆਂ ਨੇ ਸੋਧ ਲਾਈ ਤਾਂ ਤੁਹਾਡੇ ਲਈ ਮਾਂਹ ਮਾਫ਼ਕ ਪਰ ਜੇ 2003 ਵਾਲੇ ਨਾਨਕਸ਼ਾਹੀ ਕੈਲੰਡਰ ਦੇ ਮਹੀਨਿਆਂ ਦੇ ਅਰੰਭ ਗ੍ਰੈਗੋਰੀਅਨ ਕੈਲੰਡਰ ਦੀਆਂ ਨਿਸਚਿਤ ਤਾਰੀਖ਼ਾਂ ਨੂੰ ਹੋਣ ਲੱਗ ਪੈਣ ਅਤੇ ਮਾਮੂਲੀ ਸੋਧ ਉਸ ਸਮੇਂ ਹੀ ਲੱਗੇ ਜਿਸ ਸਮੇਂ ਗ੍ਰੈਗੋਰੀਅਨ ਕੈਲੰਡਰ ਵਿੱਚ ਲੱਗੇਗੀ ਤਾਂ ਤੁਹਾਡੇ ਲਈ ਮਾਂਹ ਵਾਦੀ!

ਸ਼ੰਕਾ ਨੰ: 13 - ਜੇ ਗੁਰਬਾਣੀ ਵਿੱਚ ਆਏ ਮਹੀਨਿਆਂ ਦੇ ਨਾਮ 'ਆਸਾੜ' , 'ਪੋਖ' ਆਦਿ ਨੂੰ ਜੰਤਰੀਆਂ ਛਾਪਣ ਵਾਲੇ ਵਿਗਾੜ ਕੇ 'ਹਾੜ' , 'ਪੋਹ' ਆਦਿ ਲਿਖਦੇ ਹਨ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਅਸੀਂ ਵੀ ਆਪਣਾ ਕੈਲੰਡਰ ਬਣਾਉਣ ਸਮੇਂ ਗੁਰਬਾਣੀ ਵਿੱਚ ਪ੍ਰਵਾਨਤ ਨਾਵਾਂ ਦੀ ਥਾਂ ਜੰਤਰੀਆਂ ਦੀ ਹੀ ਨਕਲ ਮਾਰੀਏ।

ਉੱਤਰ : ਪਾਠਕ ਜਨੋ ਸੱਚ ਦੱਸਣਾ ਕਿ ਇਹ ਸਵਾਲ ਪੜ੍ਹ ਕੇ ਤੁਹਾਨੂੰ ਹਾਸਾ ਨਹੀਂ ਆ ਰਿਹਾ? ਕੀ ਇਹ ਸਵਾਲ ਹੈ ਜਾਂ ਢੁੱਚਰ? ਕੀ ਉਹ ਨਾਨਕਸ਼ਾਹੀ ਕੈਲੰਡਰ ਦਾ ਦੋਸ਼ ਲੱਭ ਰਹੇ ਹਨ ਜਾਂ ਮੈਂ ਨਾ ਮਾਨਊਂ ਦੀ ਰੱਟ ਲਾਈ ਰੱਖਣ ਲਈ ਇੱਕ ਢਕੌਂਸਲਾ? ਕੀ ਇਹ ਉਹ ਗੱਲ ਨਹੀਂ "ਮੈਂ ਨਹੀਂ ਤੇਰੇ ਰਹਿੰਦੀ, ਕਿਉਂਕਿ ਤੇਰੀ ਖਾਂਦੇ ਦੀ ਦਾਹੜੀ ਹਿਲਦੀ ਹੈ"। ਪਾਠਕ ਜਨਾਂ ਵਿੱਚੋਂ ਜੇ ਕਿਸੇ ਦੀ ਕਰਨਲ ਨਿਸ਼ਾਨ ਸਾਲਾਹ ਮੰਨਦੇ ਜਾਂ ਸਲਾਹ ਕਰਦੇ ਹਨ ਤਾਂ ਉਨ੍ਹਾਂ ਨੂੰ ਪੁੱਛ ਲੈਣਾ ਕਿ 'ਪੋਖਿ' ਨੂੰ ਤਾਂ ਗੁਰਬਾਣੀ ਵਿੱਚ 'ਪੋਹਿ' ਲਿਖਿਆ ਮਿਲਦਾ ਹੀ ਹੈ: **"ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ ॥"** (ਰਾਮਕਲੀ ਰੁਤੀ, ਮ: ੫/੯੨੯) ਇਸ ਲਈ 'ਪੋਹ' ਲਿਖੇ ਜਾਣ 'ਤੇ ਕੋਈ ਵੀ ਇਤਰਾਜ਼ ਨਹੀਂ ਹੋ ਸਕਦਾ। ਇਕੱਲੇ 'ਆਸਾੜ' ਮਹੀਨੇ ਦਾ ਹੀ ਰੌਲ਼ਾ ਰਹਿ ਗਿਆ। ਜੇ

ਹਾੜ ਮਹੀਨੇ ਦਾ ਨਾਮ ਬਦਲ ਕੇ ਆਸਾੜ ਰੱਖੇ ਜਾਣ ਨਾਲ ਹੀ ਮਸਲਾ ਹੱਲ ਹੁੰਦਾ ਹੈ ਤਾਂ ਨਾਨਕਸ਼ਾਹੀ ਕੈਲੰਡਰ ਦੇ ਕਿਸੇ ਹਿਮਾਇਤੀ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਜੇ ਸ਼ੰਕਾਵਾਦੀਆਂ ਨੂੰ 'ਆਸਾੜ' ਚੰਗਾ ਲਗਦਾ ਹੈ ਤਾਂ 'ਆਸਾੜ' ਲਿਖਿਆ ਜਾ ਸਕਦਾ ਹੈ ਜੇ 'ਅਖਾੜ' ਪਸੰਦ ਹੈ ਤਾਂ ਨਾਨਕਸ਼ਾਹੀ ਕੈਲੰਡਰ ਹਿਮਾਇਤੀਆਂ ਨੂੰ ਉਸ ਵਿੱਚ ਵੀ ਕੋਈ ਇਤਰਾਜ ਨਹੀਂ ਹੋਵੇਗਾ ਕਿਉਂਕਿ ਗੁਰਬਾਣੀ ਵਿੱਚ ਹਾੜ ਮਹੀਨੇ ਨੂੰ ਅਖਾੜ ਲਿਖਿਆ ਵੀ ਮਿਲਦਾ ਹੈ: **"ਗ੍ਰੀਖਮ ਰੁਤਿ, ਅਤਿ ਗਾਖੜੀ; ਜੇਠ ਅਖਾੜੈ** (ਜੇਠ,ਹਾੜ ਵਿੱਚ), **ਘਾਮ ਜੀਉ ॥"** (ਰਾਮਕਲੀ ਰੁਤੀ ਮ: ੫/੯੨੮)। ਪਰ ਉਨ੍ਹਾਂ ਤੋਂ ਇਹ ਜਰੂਰ ਪੁੱਛ ਲੈਣਾ ਜੀ ਕਿ ਜੇ ਕਰ ਤੁਹਾਡੇ ਵਾਲੇ ਪੁਰਾਤਨ ਨਾਨਕਸ਼ਾਹੀ ਕੈਲੰਡਰ ਵਿੱਚ 'ਹਾੜ' 'ਪੋਹ' ਲਿਖੇ ਜਾਣਾ ਤੁਹਾਡੇ ਲਈ 'ਮਾਂਹ ਮਾਫ਼ਿਕ' ਹਨ? ਤਾਂ 2003 ਵਾਲੇ ਨਾਨਕਸ਼ਾਹੀ ਕੈਲੰਡਰ ਵਿੱਚ 'ਮਾਂਹ ਵਾਦੀ' ਕਿਉਂ ਲਗਦੇ ਹਨ?

ਸ਼ੰਕਾ ਨੰ: 14 - ਕਿਸੇ ਵੀ ਧਰਮ ਦੀ ਪਹਿਚਾਣ ਦੇ ਮੁੱਖ 5 ਅੰਗ ਹੁੰਦੇ ਹਨ: ਧਰਮ ਗ੍ਰੰਥ, ਧਰਮ ਧੁਜਾ (ਧਰਮ ਦਾ ਝੰਡਾ), ਧਰਮ ਅਸਥਾਨ, ਧਾਰਮਿਕ ਬੋਲੇ, ਅਤੇ ਧਾਰਮਿਕ ਸਰੂਪ। ਇਨ੍ਹਾਂ 5 ਅੰਗਾਂ ਕਰਕੇ ਹੀ ਸਿੱਖ ਪੰਥ ਦੁਨੀਆਂ ਵਿੱਚ ਪਹਿਚਾਣਿਆਂ ਜਾਂਦਾ ਹੈ ਨਾ ਕਿ ਕਿੱਲੀ 'ਤੇ ਟੰਗੇ ਕੈਲੰਡਰ ਜਾਂ ਜੇਬ ਵਿੱਚ ਪਾਈ ਜੰਤਰੀ ਕਰਕੇ ਸਿੱਖ ਦੀ ਪਹਿਚਾਣ ਬਣਦੀ ਹੈ।

ਉੱਤਰ : ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਕਤ ਪੰਜੇ ਅੰਗ ਧਰਮ ਦੀ ਵਿਲਖਣਤਾ ਲਈ ਅਹਿਮ ਹਨ ਪਰ ਜੇ ਕੇਵਲ ਪੰਜਾਂ ਤੋਂ ਬਗੈਰ ਹੋਰ ਕਿਸੇ ਵਿਲੱਖਣਤਾ ਦੀ ਲੋੜ ਹੀ ਨਹੀਂ ਤਾਂ ਸਿੱਖ ਪੰਥ ਵੱਲੋਂ ਧਾਰਾ 25 ਵਿੱਚ ਸੋਧ ਅਤੇ ਵੱਖਰੇ ਅਨੰਦ ਮੈਰਿਜ ਐਕਟ ਦੀ ਮੰਗ ਕਿਉਂ ਕੀਤੀ ਜਾ ਰਹੀ ਹੈ? ਕੀ ਅਨੰਦ ਮੈਰਿਜ ਐਕਟ ਅਧੀਨ ਹਾਸਲ ਕੀਤਾ ਮੈਰਿਜ ਸਰਟੀਫਿਕੇਟ ਜੇਬ ਵਿੱਚ ਪਾ ਕੇ ਹੀ ਅਸੀਂ ਸਿੱਖ ਕਹਾ ਸਕਦੇ ਹਾਂ ਵੈਸੇ ਨਹੀਂ? ਮੇਰੇ ਪਿਆਰੇ ਵੀਰੋ ਜੇ ਤੁਸੀਂ "ਹਮ ਹਿੰਦੂ ਨਾਹੀਂ" ਦਾ ਨਾਹਰਾ ਮਾਰਨ ਦੇ ਹੱਕ ਵਿੱਚ ਹੋ ਤਾਂ ਬ੍ਰਹਾਮਣਵਾਦੀ ਹਰ ਕਾਨੂੰਨ ਅਤੇ ਗੋਰਖਧੰਦੇ ਵਾਲੇ ਬਿਕਰਮੀ ਕੈਲੰਡਰ ਤੋਂ ਛੁਟਕਾਰਾ ਪਾਉਣ ਦੀ ਵੀ ਲੋੜ ਹੈ। ਨਾਨਕਸ਼ਾਹੀ ਕੈਲੰਡਰ ਜਿੱਥੇ ਗੁਰਬਾਣੀ ਅਤੇ ਕੈਲੰਡਰ ਵਿਗਿਆਨ ਦੇ ਅਨੁਕੂਲ ਹੈ ਉੱਥੇ ਧਾਰਮਿਕ ਸਮਾਜਿਕ ਅਤੇ ਵਾਪਾਰਕ ਕੈਲੰਡਰ ਦੇ ਹਰ ਪੱਖ ਤੋਂ ਸਮਝਣ ਅਤੇ ਲਾਗੂ ਕਰਨ ਵਿੱਚ ਅਤਿ ਸੁਖਾਲਾ ਤੇ ਸਰਲ ਹੈ। ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਹਮੇਸ਼ਾਂ ਇੱਕ ਨਾਲ ਜੁੜਨ ਦੀ ਗੱਲ ਕਹੀ ਹੈ ਤਾਂ ਧਾਰਮਿਕ ਅਤੇ ਪ੍ਰਸਾਸ਼ਨਿਕ/ਵਾਪਾਰਕ ਕਾਰਜਾਂ ਲਈ ਸਾਡੇ ਦੋ ਦੋ ਕੈਲੰਡਰ ਕਿਉਂ? ਬਲਕਿ ਦੋ ਦੀ ਬਜਾਏ ਅਸੀਂ ਤਾਂ ਬਿਕਰਮੀ ਚੰਦਰ ਕੈਲੰਡਰ, ਬਿਕਰਮੀ ਸੂਰਜੀ ਕੈਲੰਡਰ ਅਤੇ ਗ੍ਰੈਗੋਰੀਅਨ ਤਿੰਨ ਕੈਲੰਡਰਾਂ ਮੁਤਾਬਿਕ ਆਪਣੇ ਦਿਹਾੜੇ ਨਿਸਚਿਤ ਕਰਕੇ ਆਪਣੇ ਆਪ ਨੂੰ ਭੰਬਲਭੂਸੇ ਵਿੱਚ ਪਾਈ ਬੈਠੇ ਹਾਂ। ਇੱਕੋ ਇੱਕ ਨਾਨਕਸ਼ਾਹੀ ਕੈਲੰਡਰ ਪ੍ਰਵਾਨ ਕਿਉਂ ਨਹੀਂ?

ਸ਼ੰਕਾ ਨੰ: 15 - ਜਿਸ ਤਰ੍ਹਾਂ ਨਾਨਕਸ਼ਾਹੀ ਕੈਲੰਡਰ ਦੀਆਂ ਤਾਰੀਖ਼ਾਂ ਵਿੱਚ ਜਰੂਰੀ ਸੋਧਾਂ ਨਾ ਲਗਾਉਣ ਕਾਰਨ ਗੁਰਪੁਰਬਾਂ ਦੀਆਂ ਸਾਰੀਆਂ ਤਾਰੀਖ਼ਾਂ 4-7 ਦਿਨਾਂ ਤੱਕ ਗਲਤ ਮਿਥੀਆਂ ਗਈਆਂ ਹਨ, ਉਸੇ ਤਰ੍ਹਾਂ ਸੂਰਜ ਚੜ੍ਹਨ ਅਤੇ ਡੁੱਬਣ ਦੇ ਸਮੇਂ ਵਿੱਚ ਰਿਫ਼ਰੈਕਸ਼ਨ ਦੀ ਸੋਧ (Refraction Correction) ਨਾ ਲਗਾਉਣ ਕਰਕੇ ਨਾਨਕਸ਼ਾਹੀ ਕੈਲੰਡਰ ਵਿੱਚ ਦਿੱਤੇ ਅੰਮ੍ਰਿਤਸਰ ਵਿੱਚ ਸੂਰਜ ਚੜ੍ਹਨ ਅਤੇ ਡੁੱਬਣ ਦੇ ਸਾਰੇ ਸਾਲ ਦੇ 365 ਦਿਨਾਂ ਦੇ ਸਮੇਂ ਗਲਤ ਹਨ; ਜਿਸ ਦਾ ਨਤੀਜਾ ਹੈ ਕਿ ਦਿਨ ਅਤੇ ਰਾਤ 20/21 ਮਾਰਚ ਨੂੰ ਬਰਾਬਰ ਬਰਾਬਰ ਹੋਣ ਦੀ ਬਜਾਏ 4 ਦਿਨ ਪਹਿਲਾਂ ਹੀ ਭਾਵ ਕਿ 17 ਮਾਰਚ ਨੂੰ ਹੀ ਬਰਾਬਰ ਜਾਨੀ ਕਿ 12-12 ਘੰਟਿਆਂ ਦਾ ਹੋ ਰਿਹਾ ਹੈ।

ਉੱਤਰ : ਸ਼ੰਕਾਵਾਦੀ ਲੇਖਕ ਨੇ ਜੇ ਕੈਲੰਡਰ ਵਿਗਿਆਨ ਸਬੰਧੀ ਆਪਣੀ ਅਗਿਆਨਤਾ ਪ੍ਰਗਟ ਕਰਨ ਦੀ ਕੋਈ ਕਸਰ ਬਾਕੀ ਛੱਡੀ ਸੀ ਤਾਂ ਇਹ ਸਵਾਲ ਕਰਕੇ ਉਹ ਕਸਰ ਵੀ ਕੱਢ ਕੇ ਵਿਖਾ ਦਿਤੀ ਹੈ ਕਿ ਉਸ ਨੂੰ 7ਵੀਂ ਕਲਾਸ ਦੇ ਵਿਦਿਆਰਥੀ ਨਾਲੋਂ ਵੱਧ ਗਿਆਨ ਨਹੀਂ ਹੈ। ਇਹ ਸਪਸ਼ਟ ਹੋ ਗਿਆ ਕਿ ਉਸ ਨੇ ਰਿਫ਼ਰੈਕਸ਼ਨ ਦਾ ਨਾਮ ਜਰੂਰ ਸੁਣਿਆ ਹੈ ਪਰ ਨਾ ਹੀ ਉਸ ਨੂੰ ਇਹ ਇਲਮ ਹੈ ਕਿ ਰਿਫ਼ਰੈਕਸ਼ਨ ਦੇ ਨਿਯਮ ਕੀ ਹਨ ਅਤੇ ਨਾ ਹੀ ਸੋਧ ਲਾਉਣ ਦੇ ਤਰੀਕੇ ਦਾ ਪਤਾ ਹੈ। ਉਹ ਦੁਨੀਆਂਭਰ ਦੀਆਂ ਜੰਤਰੀਆਂ ਜਾਂ 20/21 ਮਾਰਚ ਦੇ ਅਖ਼ਬਾਰ ਹੀ ਪੜ੍ਹ ਲੈਣ ਤਾਂ ਉਨ੍ਹਾਂ ਨੂੰ ਪਤਾ ਲੱਗ ਜਾਵੇਗਾ ਕਿ ਦੁਨੀਆਂ ਦੇ ਕਿਸੇ ਵੀ ਭਾਗ ਵਿੱਚ 20/21 ਮਾਰਚ ਨੂੰ ਦਿਨ ਰਾਤ ਬਰਾਬਰ ਨਹੀਂ ਹੁੰਦੇ; ਕੇਵਲ ਭੂ ਮੱਧ ਰੇਖਾ ਉੱਪਰ ਹੀ 20/21 ਮਾਰਚ ਨੂੰ ਦਿਨ ਰਾਤ ਬਰਾਬਰ ਹੋਣ ਦੇ ਸਭ ਤੋਂ ਨੇੜੇ ਹੁੰਦੇ ਹਨ ਜਦੋਂ ਕਿ ਉੱਤਰੀ ਅਤੇ ਦੱਖਣੀ ਧਰੁੱਵਾਂ ਦੇ ਨੇੜਲੇ ਸਥਾਨਾਂ 'ਤੇ ਦਿਨ ਅਤੇ ਰਾਤ ਦੀ ਲੰਬਾਈ ਵਿੱਚ ਵੱਡਾ ਅੰਤਰ ਹੁੰਦਾ ਹੈ ਜੋ ਹੋਰ ਕਈ ਅਸਥਾਈ ਕਾਰਨਾਂ ਜਿਵੇਂ ਕਿ ਵਾਯੂਮੰਡਲ ਦੀ ਘਣਤਾ, ਤਾਪਮਾਨ, ਹਵਾ ਦਾ ਦਬਾਉ, ਨਮੀ, ਸਮੁੰਦਰੀ ਤਲ ਤੋਂ ਉਚਾਈ ਆਦਕਿ ਤੋਂ ਇਲਾਵਾ ਮੁੱਖ ਤੌਰ 'ਤੇ ਉਸ ਸਥਾਨ ਦੇ ਅਖ਼ਸ਼ਾਂਸ਼ ਅਤੇ ਸੂਰਜ ਦੀ ਡੈਕਲੀਨੇਸ਼ਨ 'ਤੇ ਨਿਰਭਰ ਕਰਦਾ ਹੈ। ਵੱਖ ਵੱਖ ਅਖ਼ਸ਼ਾਂਸ਼ 'ਤੇ ਸਥਿਤ ਸਥਾਨਾਂ 'ਤੇ ਉਨ੍ਹਾਂ ਤਾਰੀਖ਼ਾਂ ਦੀ ਸੂਚੀ **ਇਸ ਲਿੰਕ** https://www.timeanddate.com/astronomy/equinox-not-equal.html 'ਤੇ ਦਿੱਤੀ ਗਈ ਹੈ ਜਿਨ੍ਹਾਂ ਤਾਰੀਖ਼ਾਂ ਨੂੰ ਦਿਨ ਅਤੇ ਰਾਤ ਤਕਰੀਬਨ ਤਕਰੀਬਨ ਬਰਾਬਰ ਭਾਵ 12-12 ਘੰਟੇ ਦੇ ਹੁੰਦੇ ਹਨ। ਅਗਲੇ ਪੰਨਾ ਨੰ: 89 'ਤੇ ਛਪੀ ਇਸ ਸੂਚੀ ਵਿੱਚੋਂ ਵੇਖਿਆ ਜਾ ਸਕਦਾ ਹੈ ਕਿ ਦਿਨ ਰਾਤ ਬਰਾਬਰ ਹੋਣ ਦੀਆਂ ਤਾਰੀਖ਼ਾਂ ਵਿੱਚ ਕੁਝ ਦਿਨਾਂ ਦਾ ਨਹੀਂ ਬਲਕਿ ਕੁਝ ਹਫਤਿਆਂ ਦਾ ਫ਼ਰਕ ਹੋ ਜਾਂਦਾ ਹੈ:-

ਸਾਰੇ ਭਾਰਤ ਵਿੱਚ ਵੀ 20/21 ਮਾਰਚ ਨੂੰ ਦਿਨ ਰਾਤ ਬਰਾਬਰ

ਈਕੌਨਿਕਸ ਦੇ ਨੇੜੇ ਦੀਆਂ ਉਹ ਤਾਰੀਖ਼ਾਂ ਜਿਨ੍ਹਾਂ ਤਾਰੀਖ਼ਾਂ ਨੂੰ ਦਿਨ ਅਤੇ ਰਾਤ ਲਗਭਗ ਬਰਾਬਰ ਹੁੰਦੇ ਹਨ

ਉੱਤਰੀ ਅਰਧ ਗੋਲਾ			ਦੱਖਣੀ ਅਰਧ ਗੋਲਾ		
ਅਖ਼ਸ਼ਾਂਸ਼	ਮਾਰਚ ਈਕੌਨਿਕਸ	ਸਤੰਬਰ ਈਕੌਨਿਕਸ	ਅਖ਼ਸ਼ਾਂਸ਼	ਮਾਰਚ ਈਕੌਨਿਕਸ	ਸਤੰਬਰ ਈਕੌਨਿਕਸ
60º ਉੱਤਰ	ਮਾਰਚ 18	ਸਤੰਬਰ 25	60º ਦੱਖਣ	ਮਾਰਚ 22	ਸਤੰਬਰ 20
55º ਉੱਤਰ	ਮਾਰਚ 17	ਸਤੰਬਰ 25	55º ਦੱਖਣ	ਮਾਰਚ 23	ਸਤੰਬਰ 20
50º ਉੱਤਰ	ਮਾਰਚ 17	ਸਤੰਬਰ 25	50º ਦੱਖਣ	ਮਾਰਚ 23	ਸਤੰਬਰ 20
45º ਉੱਤਰ	ਮਾਰਚ 17	ਸਤੰਬਰ 25	45º ਦੱਖਣ	ਮਾਰਚ 23	ਸਤੰਬਰ 19
40º ਉੱਤਰ	ਮਾਰਚ 17	ਸਤੰਬਰ 26	40º ਦੱਖਣ	ਮਾਰਚ 23	ਸਤੰਬਰ 19
35º ਉੱਤਰ	ਮਾਰਚ 16	ਸਤੰਬਰ 26	35º ਦੱਖਣ	ਮਾਰਚ 24	ਸਤੰਬਰ 19
30º ਉੱਤਰ	ਮਾਰਚ 16	ਸਤੰਬਰ 27	30º ਦੱਖਣ	ਮਾਰਚ 24	ਸਤੰਬਰ 18
25º ਉੱਤਰ	ਮਾਰਚ 15	ਸਤੰਬਰ 27	25º ਦੱਖਣ	ਮਾਰਚ 25	ਸਤੰਬਰ 17
20º ਉੱਤਰ	ਮਾਰਚ 14	ਸਤੰਬਰ 28	20º ਦੱਖਣ	ਮਾਰਚ 26	ਸਤੰਬਰ 16
15º ਉੱਤਰ	ਮਾਰਚ 12	ਸਤੰਬਰ 30	15º ਦੱਖਣ	ਮਾਰਚ 28	ਸਤੰਬਰ 14
10º ਉੱਤਰ	ਮਾਰਚ 8	ਅਕਤੂਬਰ 4	10º ਦੱਖਣ	ਅਪ੍ਰੈਲ 1	ਸਤੰਬਰ 10
5º ਉੱਤਰ	ਫ਼ਰਵਰੀ 24	ਅਕਤੂਬਰ 17	5º ਦੱਖਣ	ਅਪ੍ਰੈਲ 14	ਅਗਸਤ 29

ਇਸ ਸਾਰਣੀ ’ਚ ਵੇਖਿਆ ਜਾ ਸਕਦਾ ਹੈ ਕਿ ਦੁਨੀਆਂ ਦਾ ਕੋਈ ਵੀ ਸਥਾਨ ਐਸਾ ਨਹੀਂ ਜਿਥੇ 21 ਮਾਰਚ ਨੂੰ ਦਿਨ ਅਤੇ ਰਾਤ ਬਰਾਬਰ ਹੋਣ। ਕੇਵਲ ਭੂ-ਮਧ ਰੇਖਾ ’ਤੇ ਦਿਨ ਰਾਤ ਬਰਾਬਰ ਹੋਣ ਦੇ ਨੇੜੇ ਹੁੰਦੇ ਹਨ ਪਰ ਉਥੇ ਵੀ ਰੀਫ਼ਰੈਕਸ਼ਨ ਕਾਰਨ ਰਾਤ ਨਾਲੋਂ ਦਿਨ ਹਮੇਸ਼ਾਂ 14 ਕੁ ਮਿੰਟ ਵੱਡਾ ਹੁੰਦਾ ਹੈ

ਨਹੀਂ ਹੁੰਦੇ। ਕੈਲੰਡਰ ਵਿਗਿਆਨੀ ਸ਼੍ਰੀ ਐੱਨ.ਸੀ. ਲੈਹਰੀ ਜੋ 1952 ਵਿੱਚ ਭਾਰਤ ਸਰਕਾਰ ਵੱਲੋਂ ਨਿਯੁਕਤ ਕੀਤੀ ਕੈਲੰਡਰ ਸੁਧਾਰ ਕਮੇਟੀ ਦੇ ਮੈਂਬਰ/ਸਕੱਤਰ ਰਹੇ ਸਨ ਦੇ ਫ਼ਾਰਮੂਲਿਆਂ ਦੇ ਅਧਾਰ ’ਤੇ ਉਨ੍ਹਾਂ ਦੇ ਪੁੱਤਰਾਂ ਵੱਲੋਂ ਅੰਗਰੇਜ਼ੀ ਵਿੱਚ ਲਿਖੀ ਜੰਤਰੀ “Lahri’s INDIAN EPHEMERIS” ਕਿਸੇ ਵੀ ਸਾਲ ਦੀ ਮਿਲ ਜਾਵੇ ਤਾਂ ਉਹ ਪੜ੍ਹ ਕੇ ਵੇਖੋ; ਇਸ ਵਿੱਚ ਭਾਰਤ ਦੇ ਤ੍ਰੈਵੰਦਰਮ, ਪੋਰਟ ਬਲੇਰ, ਬੰਗਲੌਰ ਚੇਨਈ, ਵਿਜੇਵਾੜਾ, ਹੈਦਰਾਬਾਦ, ਮੁੰਬਈ, ਨਾਗਪੁਰ, ਅਹਿਮਦਾਬਾਦ, ਭੂਪਾਲ, ਅਜਾਵਲ, ਅਗਰਤਾਲਾ, ਇੰਫਾਲ, ਵਾਰਾਨਸੀ, ਪਟਨਾ, ਕੋਹੀਮਾ, ਗੋਹਾਟੀ, ਜੈਪੁਰ, ਦਿੱਲੀ, ਚੰਡੀਗੜ੍ਹ, ਸ਼ਿਮਲਾ, ਅੰਮ੍ਰਿਤਸਰ, ਭੁਬਨੇਸ਼ਵਰ, ਲਖਨਊ, ਸ਼੍ਰੀਨਗਰ ਸ਼ਹਿਰਾਂ ਤੋਂ ਇਲਾਵਾ ਵਿਦੇਸ਼ੀ ਸ਼ਹਿਰ ਕੋਲੰਬੂ, ਢਾਕਾ ਅਤੇ ਲੰਡਨ ਵਿੱਚ ਸੂਰਜ ਚੜ੍ਹਨ ਅਤੇ ਛਿਪਣ ਦਾ ਸਮਾਂ 4-4 ਦਿਨਾਂ ਦੇ ਵਕਫੇ ਪਿੱਛੋਂ ਦਿੱਤਾ ਹੈ ਇਨ੍ਹਾਂ ਵਿੱਚੋਂ ਕਿਸੇ ਵੀ ਸ਼ਹਿਰ ਵਿੱਚ

20/21 ਮਾਰਚ ਨੂੰ ਦਿਨ ਰਾਤ ਬਰਾਬਰ ਨਹੀਂ ਹਨ ਬਲਕਿ ਸਾਰੇ ਹੀ ਸ਼ਹਿਰਾਂ ਵਿੱਚ ਲਗਭਗ 17 ਮਾਰਚ ਨੂੰ ਹੀ ਦਿਨ ਰਾਤ ਬਰਾਬਰ ਹਨ ਭਾਵੇਂ ਕਿ ਸਾਰੇ ਸ਼ਹਿਰਾਂ ਵਿੱਚ ਸੂਰਜ ਚੜ੍ਹਨ ਅਤੇ ਛਿਪਣ ਦਾ ਸਮਾਂ ਵੱਖਰਾ ਵੱਖਰਾ ਹੈ। ਲੈਹਰੀ ਦੀ ਜੰਤਰੀ 'ਚ 17 ਮਾਰਚ 2003 ਨੂੰ ਅੰਮ੍ਰਿਤਸਰ 'ਚ ਸੂਰਜ ਚੜ੍ਹਨ ਦਾ ਸਮਾਂ ਸਵੇਰੇ 6.39 ਵਜੇ ਅਤੇ ਛਿਪਣ ਦਾ ਸਮਾਂ ਸ਼ਾਮ 18.39 ਵਜੇ ਲਿਖੇ ਹੋਣ ਕਰਕੇ ਦਿਨ ਅਤੇ ਰਾਤ ਬਰਾਬਰ ਬਰਾਬਰ ਹਨ ਜਦੋਂ ਕਿ 21 ਮਾਰਚ ਨੂੰ ਸੂਰਜ ਚੜ੍ਹਨ ਦਾ ਸਮਾਂ ਸਵੇਰੇ 6.34 ਵਜੇ ਅਤੇ ਛਿਪਣ ਦਾ ਸਮਾਂ ਸ਼ਾਮ 18.42 ਵਜੇ ਲਿਖੇ ਹੋਣ ਕਰਕੇ ਦਿਨ 12 ਘੰਟੇ 8 ਮਿੰਟ ਦਾ ਹੈ ਅਤੇ ਰਾਤ 11 ਘੰਟੇ 52 ਮਿੰਟ ਦੀ ਹੈ ਭਾਵ ਰਾਤ ਨਾਲੋਂ ਦਿਨ ਤਕਰੀਬਨ 16 ਮਿੰਟ ਵੱਡਾ ਹੈ। ਲੰਡਨ ਵਿੱਚ 21 ਮਾਰਚ ਨੂੰ ਸੂਰਜ ਚੜ੍ਹਨ ਦਾ ਸਮਾਂ ਸਵੇਰੇ 6.02 ਵਜੇ ਅਤੇ ਛਿਪਣ ਦਾ ਸਮਾਂ ਸ਼ਾਮ 18.14 ਵਜੇ ਲਿਖੇ ਹੋਣ ਕਰਕੇ ਦਿਨ 12 ਘੰਟੇ 12 ਮਿੰਟ ਦਾ ਹੈ ਅਤੇ ਰਾਤ 11 ਘੰਟੇ 48 ਮਿੰਟ ਦੀ ਹੈ ਭਾਵ ਰਾਤ ਨਾਲੋਂ ਦਿਨ ਤਕਰੀਬਨ 24 ਮਿੰਟ ਵੱਡਾ ਹੈ। ਕੈਨੇਡਾ ਦੇ 21 ਮਾਰਚ 2018 ਦੇ ਅਖਬਾਰ "ਦ ਗਲੋਬ ਐਂਡ ਮੇਲ" ਵਿੱਚ ਟੋਰਾਂਟੋ ਸ਼ਹਿਰ 'ਚ ਸੂਰਜ ਚੜ੍ਹਨ ਦਾ ਸਮਾਂ ਸਵੇਰੇ 7.19 ਵਜੇ ਅਤੇ ਛਿਪਣ ਦਾ ਸਮਾਂ ਸ਼ਾਮ 7.32 ਵਜੇ ਛਪਿਆ ਹੋਇਆ ਹੈ। ਇਸ ਹਿਸਾਬ ਨਾਲ ਦਿਨ ਦੀ ਲੰਬਾਈ 12 ਘੰਟੇ 13 ਮਿੰਟ ਲਿਖੀ ਹੋਈ ਹੈ ਭਾਵ 21 ਮਾਰਚ ਨੂੰ ਦਿਨ ਰਾਤ ਨਾਲੋਂ 26 ਮਿੰਟ ਵੱਡਾ ਅਤੇ ਰਾਤ 26 ਮਿੰਟ ਛੋਟੀ ਹੈ। ਇਹ ਇਸ ਕਾਰਨ ਹੈ ਕਿ ਰਿਫ਼ਰੈਕਸ਼ਨ ਅਤੇ ਸੂਰਜ ਦੀ ਟਿੱਕੀ ਦੇ ਸਭ ਤੋਂ ਉਪਰਲੇ ਹਿੱਸੇ (the upper Limb of Sun) ਨੂੰ ਸੂਰਜ ਚੜ੍ਹਨਾ ਮਿਥਣ ਕਰਕੇ ਤਕਰੀਬਨ 3.5 ਮਿੰਟ ਪਹਿਲਾਂ ਵਿਖਾਈ ਦੇਣ ਲੱਗ ਪੈਂਦਾ ਹੈ ਅਤੇ ਛਿਪਣ ਵੇਲੇ ਸੂਰਜ ਡੁੱਬਣ ਤੋਂ ਬਾਅਦ ਵੀ ਤਕਰੀਬਨ 3.5 ਮਿੰਟ ਤੱਕ ਵਿਖਾਈ ਦਿੰਦਾ ਰਹਿੰਦਾ ਹੈ ਜਿਸ ਕਾਰਨ ਰਾਤ ਨਾਲੋਂ ਦਿਨ ਤਕਰੀਬਨ 13-14 ਮਿੰਟ ਵੱਡਾ ਵਿਖਾਈ ਦਿੰਦਾ ਹੈ। ਜਿਨ੍ਹਾਂ ਸ਼ਹਿਰਾਂ ਦੇ ਦਿਨ ਤੇ ਰਾਤ ਵਿੱਚ ਇਸ ਤੋਂ ਵੱਧ ਵੱਧ ਫ਼ਰਕ ਹੈ ਉਹ ਉੱਥੋਂ ਦੇ ਅਖ਼ਸ਼ਾਂਸ਼ (latitude) ਅਤੇ ਸੂਰਜ ਦੀ ਡੈਕਲੀਨੇਸ਼ਨ (Sun's Declination) 'ਤੇ ਨਿਰਭਰ ਕਰਦਾ ਹੈ। ਨਾਨਕਸ਼ਾਹੀ ਕੈਲੰਡਰ ਵਿੱਚ ਸੂਰਜ ਚੜ੍ਹਨ ਅਤੇ ਛਿਪਣ ਦੇ ਸਮੇਂ ਅੰਤਰਾਸ਼ਟਰੀ ਤੌਰ 'ਤੇ ਪ੍ਰਵਾਨਤ ਨਿਯਮਾਂ ਅਨੁਸਾਰ ਜਿਸ ਤਰ੍ਹਾਂ ਸਾਨੂੰ ਸੂਰਜ ਦੀ ਪਹਿਲੀ ਕਿਰਨ ਵਿਖਾਈ ਦਿੰਦੀ ਹੈ ਉਸ ਹਿਸਾਬ ਨਾਲ ਬਿਲਕੁਲ ਸਹੀ ਹਨ ਜਿਸ ਵਿੱਚ ਰਿਫ਼ਰੈਕਸ਼ਨ ਸੋਧ ਲੱਗੀ ਹੋਈ ਹੈ। 21 ਮਾਰਚ ਨੂੰ ਦਿਨ ਰਾਤ ਬਰਾਬਰ ਹੋਣ ਦਾ ਭਰਮ ਪਾਲ਼ੀ ਬੈਠੇ ਕਰਨਲ ਨਿਸ਼ਾਨ ਦੇ ਸਮਰਥਕਾਂ ਨੂੰ ਚਾਹੀਦਾ ਹੈ ਕਿ ਉਹ ਨਿਸ਼ਾਨ ਜੀ ਨੂੰ ਇਹ ਪੁੱਛਣ ਕਿ ਭੂ-ਮੱਧ ਰੇਖਾ ਤੋਂ ਲੈ ਕੇ ਉੱਤਰੀ ਧਰੁਵ ਅਤੇ ਦੱਖਣੀ ਧਰੁਵ ਤੱਕ ਕਿਸੇ ਵੀ ਸਥਾਨ ਦੀ ਦੱਸ ਪਾਈ ਜਾਵੇ ਜਿੱਥੇ 21 ਮਾਰਚ ਨੂੰ ਦਿਨ ਰਾਤ ਬਰਾਬਰ ਹੋਣ।

ਸ਼ੰਕਾ ਨੰ: 16 - ਪਾਲ ਸਿੰਘ ਪੁਰੇਵਾਲ ਦੀ 500 ਸਾਲਾ ਜੰਤਰੀ ਨਾਂ ਤਾਂ ਕਿਸੇ ਸਕੂਲ ਦੇ ਸਿਲੇਬਸ ਦਾ ਹਿੱਸਾ ਸੀ ਅਤੇ ਨਾ ਹੀ ਬੱਚਿਆਂ ਦੇ ਕੰਮ ਆਉਣੀ ਸੀ ਫਿਰ ਪੰਜਾਬ ਸਰਕਾਰ ਦੇ ਮਹਿਕਮੇ ਵੱਲੋਂ ਕਿਉਂ ਛਪਵਾਈ ਗਈ? ਪਰ ਜਦ ਤੋਂ ਨਾਨਕਸ਼ਾਹੀ ਕੈਲੰਡਰ ਹੋਂਦ ਵਿੱਚ ਆਇਆ ਹੈ ਸਿੱਖ ਪੰਥ ਅੰਦਰ ਦੁਬਿਧਾ ਜਰੂਰ ਵਧੀ ਹੈ।

ਉੱਤਰ: ਸ: ਪਾਲ ਸਿੰਘ ਪੁਰੇਵਾਲ ਦੀ ਪੰਜ ਸੌ ਸਾਲਾ ਜੰਤਰੀ ਨੇ ਵੱਖ ਵੱਖ ਪੱਧਤੀਆਂ ਦੀਆਂ ਤਾਰੀਖ਼ਾਂ ਨੂੰ ਇੱਕ ਦੂਜੀ ਵਿੱਚ ਤਬਦੀਲ ਕਰਨ ਦੀਆਂ ਸਾਰੀਆਂ ਮੁਸ਼ਕਲਾਂ ਹੱਲ ਕਰ ਦਿੱਤੀਆਂ ਹਨ। ਇਸ ਤੋਂ ਪਤਾ ਲਗਦਾ ਹੈ ਕਿ ਇਹ ਜੰਤਰੀ ਇਤਿਹਾਸ ਦੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਬਹੁਤ ਹੀ ਲਾਹੇਵੰਦ ਪੁਸਤਕ ਹੈ ਜੋ ਪੰਜਾਬ ਦੇ ਹਰ ਸਕੂਲ, ਕਾਲਜ਼, ਯੂਨੀਵਰਸਿਟੀ ਦੀ ਲਾਇਬਰੇਰੀ ਵਿੱਚ ਹੋਣੀ ਅਤਿ ਲਾਜ਼ਮੀ ਹੈ ਪਰ ਜਿਨ੍ਹਾਂ ਵਿਦਵਾਨਾਂ ਦੀ ਤੁਲਨਾ ਉਸ ਚੂਹੇ ਨਾਲ ਕੀਤੀ ਜਾ ਸਕਦੀ ਹੋਵੇ ਜੋ ਹਲਦੀ ਦੀ ਗੰਢੀ ਹੱਥ ਲੱਗਣ 'ਤੇ ਪੰਸਾਰੀ ਬਣ ਬੈਠਾ ਸੀ; ਉਨ੍ਹਾਂ ਲਈ ਇਹ ਦੁਬਿਧਾ ਇਸ ਕਾਰਨ ਬਣ ਗਈ ਕਿਉਂਕਿ ਕਈਆਂ ਦੀ ਵਿਦਵਤਾ ਅਤੇ ਬ੍ਰਹਮਗਿਆਨਤਾ ਦਾ ਪਾਜ ਇਹ 500 ਸਾਲਾ ਜੰਤਰੀ ਖੋਲ੍ਹ ਰਹੀ ਹੈ।

ਐਸਾ ਇਤਰਾਜ਼ ਕਰਨ ਵਾਲੇ ਵਿਦਵਾਨ ਨੂੰ ਜਰੂਰ ਪਤਾ ਹੋਵੇਗਾ ਕਿ ਕੈਲੰਡਰੀਕਲ ਟੈਬੂਲੇਸ਼ਨ ਦੀ ਪੁਸਤਕ ਅਤੇ ਉਸ ਦੇ ਅਧਾਰ 'ਤੇ ਬਣਿਆ ਤਾਰੀਖ਼ਾਂ ਦੀ ਤਬਦੀਲੀ ਕਰਨ ਵਾਲਾ ਜਿਹੜਾ ਸਾਫਟਵੇਅਰ ਉਸ ਦੇ ਹੱਥ ਆਇਆ ਹੋਣ ਕਰਕੇ ਉਹ ਆਪਣੇ ਆਪ ਨੂੰ ਕੈਲੰਡਰ ਵਿਗਿਆਨ ਦਾ ਬਹੁਤ ਵੱਡਾ ਵਿਦਵਾਨ ਸਮਝ ਰਿਹਾ ਹੈ ਉਹ ਇੰਗਲੈਂਡ ਦੀ ਕੈਂਮਬ੍ਰਿਜ ਯੂਨੀਵਰਸਿਟੀ ਵੱਲੋਂ ਤਿਆਰ ਕੀਤਾ ਗਿਆ ਸੀ। ਇਸ ਸ਼ੰਕਾਵਾਦੀ ਵਿਦਵਾਨ ਨੂੰ ਮੇਰਾ ਸਵਾਲ ਹੈ ਕਿ ਜੇ ਉਸ ਨੂੰ ਆਪਣੇ ਵੱਲੋਂ ਵਰਤੀ ਜਾ ਰਹੀ ਕੈਲੰਡਰੀਕਲ ਟੈਬੂਲੇਸ਼ਨ/ ਸਾਫਟਵੇਅਰ ਅਤੇ ਪੰਜਾਬ ਦੇ ਹੋਰ ਵਿਦਵਾਨਾਂ ਵੱਲੋਂ ਵਰਤੀ ਗਈ ਸ੍ਵਾਮੀਕੰਨੂ ਪਿੱਲੇ ਦੀ ਜੰਤਰੀ ਦਾ ਅੰਗਰੇਜ਼ੀ ਸਰਕਾਰ ਵੱਲੋਂ ਤਿਆਰ ਕੀਤੇ ਜਾਣਾ ਅਤੇ ਛਾਪੇ ਜਾਣਾ ਇਤਰਾਜ਼ਯੋਗ ਨਹੀਂ ਲੱਗਿਆ ਤਾਂ ਸ: ਪਾਲ ਸਿੰਘ ਪੁਰੇਵਾਲ ਦੀ 500 ਸਾਲਾ ਜੰਤਰੀ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਛਾਪੇ ਜਾਣ 'ਤੇ ਇਤਰਾਜ਼ ਕਿਉਂ?

ਸ਼ੰਕਾ ਨੰ: 17 - ਕੁਝ ਵੀਰਾਂ ਦੀ ਇਹ ਦੁਬਿਧਾ ਹੈ ਕਿ ਸੂਰਜ ਕਦੀ ਵੀ ਪਿਛਾਂਹ ਨਹੀਂ ਮੁੜਦਾ ਨਾ ਹੀ ਪੈਂਡੂਲਮ ਵਾਙ ਚਲਦਾ ਹੈ ਇਸ ਲਈ ਪੁਰੇਵਾਲ ਨੇ ***"ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥"*** (ਤੁਖਾਰੀ ਬਾਰਹ ਮਾਹਾ ਮ: ੧/੧੧੦੮) ਦੇ ਗਲਤ ਅਰਥ ਕੱਢੇ ਹਨ।

ਉੱਤਰ : ਇਨ੍ਹਾਂ ਦੀ ਤਸੱਲੀ ਲਈ ਪੰਨਾਂ ਨੰ: 100 ਤੋਂ 105 'ਤੇ ਬਣਾਈ ਸਾਰਣੀ 'ਚ ਹਰ ਪ੍ਰਵਿਸ਼ਟਾ ਤਾਰੀਖ਼ ਦੇ ਨਾਲ ਨਾਲ ਐਮਪਲੀਚੂਡ (Amplitude) ਅਤੇ ਸੂਰਜ ਕ੍ਰਾਂਤੀ (Sun's declination) ਦੇ ਇੰਦਰਾਜ ਕੀਤੇ ਗਏ ਹਨ। ਸਾਰਣੀ ਵਿੱਚ ਇਨ੍ਹਾਂ ਇੰਦਰਾਜਾਂ ਨੂੰ ਗਹੁ ਨਾਲ ਵੇਖਿਆਂ ਪਤਾ ਲਗਦਾ ਹੈ ਕਿ ਬਸੰਤੀ ਸਮਰਾਤ (੭ ਚੇਤ/20 ਮਾਰਚ) ਨੂੰ ਸ਼ਾਮੀ 3.07 ਵਜੇ ਸੂਰਜ ਕ੍ਰਾਂਤੀ ਅਤੇ ਐਮਪਲੀਚੂਡ ਦੋਵੇਂ ਹੀ 0 ਹੋ ਜਾਂਦੀਆਂ ਹਨ। ਇਸ ਦਿਨ ਤੋਂ ਬਸੰਤ

ਰੁੱਤ ਸ਼ੁਰੂ ਹੁੰਦੀ ਹੈ।

ਇਸ ਤੋਂ ਬਾਅਦ ਸੂਰਜ ਕ੍ਰਾਂਤੀ ਅਤੇ ਐਮਪਲੀਚੂਡ ਦੋਵੇਂ ਹੀ ਥੋੜ੍ਹੀਆਂ ਥੋੜ੍ਹੀਆਂ ਕਰਕੇ ਵਧਦੀਆਂ ਜਾਂਦੀਆਂ ਹਨ ਜੋ ੭ ਹਾੜ/21 ਜੂਨ 2021 ਨੂੰ ਸਵੇਰੇ 9.02 ਵਜੇ ਵੱਧ ਤੋਂ ਵੱਧ ਕ੍ਰਮਵਾਰ (+)23.45^0 ਅਤੇ (+)28^0 ਦੇ ਨੇੜੇ ਤੇੜੇ ਪਹੁੰਚ ਕੇ ਥੋੜ੍ਹੀਆਂ ਥੋੜ੍ਹੀਆਂ ਕਰਕੇ ਘਟਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸੇ ਨੂੰ ਰਥ ਫਿਰਨਾ ਕਹਿੰਦੇ ਹਨ। ਇਸ ਦਿਨ ਤੋਂ ਵਰਖਾ ਰੁੱਤ ਸ਼ੁਰੂ ਹੁੰਦੀ ਹੈ ਅਤੇ ਸੂਰਜ ਦੱਖਸ਼ਨਾਇਣ ਵੱਲ ਯਾਤਰਾ ਸ਼ੁਰੂ ਕਰਦਾ ਹੈ।

੭ ਹਾੜ ਤੋਂ ਸੂਰਜ ਕ੍ਰਾਂਤੀ ਅਤੇ ਐਮਪਲੀਚੂਡ ਦੋਵੇਂ ਹੀ ਲਗਾਤਾਰ ਥੋੜ੍ਹੀਆਂ ਥੋੜ੍ਹੀਆਂ ਕਰਕੇ ਘਟਦੀਆਂ ਘਟਦੀਆਂ ੯ ਅੱਸੂ/23 ਸਤੰਬਰ 2021 ਨੂੰ ਰਾਤੀਂ 0.51 ਵਜੇ ਫਿਰ 0^0 ਹੋ ਜਾਂਦੀਆਂ ਹਨ। ਇਸ ਨੂੰ ਪਤਝੜੀ ਸਮਰਾਤ ਕਹਿੰਦੇ ਹਨ ਅਤੇ ਪਤਝੜ ਰੁੱਤ ਸ਼ੁਰੂ ਹੋ ਜਾਂਦੀ ਹੈ।

ਇਸ ਤੋਂ ਬਾਅਦ ਵੀ ਸੂਰਜ ਕ੍ਰਾਂਤੀ ਅਤੇ ਐਮਲੀਚੂਡ ਦੋਵੇਂ ਘਟਦੀਆਂ ਹੀ ਜਾਂਦੀਆਂ ਹਨ ਜਿਸ ਨੂੰ (-) ਵਿੱਚ ਲਿਖਿਆ ਗਿਆ ਹੈ। 8 ਪੋਹ/21 ਦਸੰਬਰ 2021 ਨੂੰ ਸ਼ਾਮੀ 3.32 ਵਜੇ ਸਭ ਤੋਂ ਘੱਟ ਕ੍ਰਮਵਾਰ (-)23.45^0 ਅਤੇ (-)28^0 ਦੇ ਨੇੜੇ ਤੇੜੇ ਪਹੁੰਚ ਕੇ ਫਿਰ ਥੋੜ੍ਹੀਆਂ ਥੋੜ੍ਹੀਆਂ ਵਧਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸ ਸਮੇਂ ਦੂਸਰੀ ਵਾਰ ਰਥ ਫਿਰਦਾ ਹੈ ਭਾਵ ਸੂਰਜ ਉੱਤਰਾਇਣ ਵੱਲ ਯਾਤਰਾ ਸ਼ੁਰੂ ਕਰਦਾ ਹੈ ਅਤੇ ਸਰਦ ਰੁੱਤ ਸਿਖ਼ਰ ਹੁੰਦਾ ਹੈ। ਇਸ ਤੋਂ ਬਾਅਦ ਦਿਨ ਵੱਡੇ ਹੋਣੇ ਸ਼ੁਰੂ ਹੋ ਜਾਂਦੇ ਹਨ।

ਇਸ ਸਮੇਂ ਤੋਂ ਬਾਅਦ ਸੂਰਜ ਕ੍ਰਾਂਤੀ ਅਤੇ ਐਮਪਲੀਚੂਡ ਦੋਵੇਂ ਹੀ ਵਧਣੀਆਂ ਸ਼ੁਰੂ ਕਰਦੀਆਂ ਹਨ ਜੋ ਅਗਲੇ ਸਾਲ ਬਸੰਤੀ ਸਮਰਾਤ (੭ ਚੇਤ) ਨੂੰ ਫਿਰ 0^0 ਹੋ ਜਾਂਦੀਆਂ ਹਨ। (+) ਚਿੰਨ੍ਹ ਉੱਤਰ ਅਤੇ (-) ਚਿੰਨ੍ਹ ਦੱਖਣ ਦਿਸ਼ਾ ਦਰਸਾਉਂਦਾ ਹੈ। ਇਸ ਦਾ ਭਾਵ ਹੈ 6 ਮਹੀਨੇ ਸੂਰਜ ਆਪਣੀ ਚਾਲ ਨਾਲ ਸਾਨੂੰ ਉੱਤਰ ਵੱਲ ਖਿਸਕਦਾ ਵਿਖਾਈ ਦਿੰਦਾ ਹੈ ਅਤੇ 6 ਮਹੀਨੇ ਦੱਖਣ ਵੱਲ।

ਦੱਖਣੀ ਅਰਧ ਗੋਲੇ ਵਿੱਚ ਉੱਤਰੀ ਅਰਧ ਗੋਲੇ ਨਾਲੋਂ ਇਹ ਮਹੱਤਵਪੂਰਨ ਖਗੋਲਿਕ ਘਟਨਾਵਾਂ ਬਿਲਕੁਲ ਉਲਟ ਵਾਪਰਦੀਆਂ ਹਨ ਅਤੇ ਇਨ੍ਹਾਂ ਘਟਨਾਵਾਂ ਘਟਣ ਨਾਲ ਹੀ ਰੁੱਤਾਂ ਬਦਲਦੀਆਂ ਹਨ ਭਾਵ ਜਦੋਂ ਉੱਤਰੀ ਅਰਧ ਗੋਲੇ ਵਿੱਚ ਗਰਮੀ ਦੀ ਰੁੱਤ ਹੁੰਦੀ ਹੈ ਤਾਂ ਦੱਖਣੀ ਅਰਧ ਗੋਲੇ ਵਿੱਚ ਸਰਦੀ ਹੁੰਦੀ ਹੈ। ਜਦੋਂ ਉੱਤਰੀ ਅਰਧ ਗੋਲੇ ਵਿੱਚ ਬਸੰਤ ਰੁੱਤ ਹੁੰਦੀ ਹੈ ਉਸ ਸਮੇਂ ਦੱਖਣੀ ਅਰਧ ਗੋਲੇ ਵਿੱਚ ਪਤਝੜ ਹੁੰਦੀ ਹੈ। ਨਾਨਕਸ਼ਾਹੀ ਕੈਲੰਡਰ ਵਿੱਚ ਹਜਾਰਾਂ ਸਾਲਾਂ ਤੱਕ ਇਹ ਚਾਰੇ ਘਟਨਾਵਾਂ ਕਰਮਵਾਰ ੭/੮ ਚੇਤ, ੬/੭ ਹਾੜ, ੮/੯ ਅੱਸੂ ਅਤੇ ੮/੯ ਪੋਹ ਦੇ ਇਰਦ ਗਿਰਦ ਵਾਪਰਦੀਆਂ ਰਹਿਣਗੀਆਂ (ਲੀਪ ਸਾਲਾਂ ਕਾਰਨ ਇੱਕ ਦਿਨ ਦਾ ਫ਼ਰਕ ਹੋ ਸਕਦਾ ਹੈ) ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਨਾਨਕਸ਼ਾਹੀ ਕੈਲੰਡਰ ਪੂਰਨ ਤੌਰ 'ਤੇ ਕੈਲੰਡਰ ਵਿਗਿਆਨ 'ਤੇ ਪੂਰਾ ਉੱਤਰਦਾ ਹੈ ਅਤੇ 3300 ਸਾਲ ਦੇ ਲੰਬੇ ਸਮੇਂ ਬਾਅਦ ਜਦੋਂ ਇਨ੍ਹਾਂ ਘਟਨਾਵਾਂ ਦੀਆਂ ਤਾਰੀਖ਼ਾਂ 'ਚ ਇੱਕ ਦਿਨ ਤੋਂ ਵੱਧ ਫ਼ਰਕ ਪੈਣਾ ਸ਼ੁਰੂ ਹੋ ਗਿਆ ਤਾਂ ਸਮਝ ਲਿਆ ਜਾਵੇਗਾ ਕਿ ਇਸ ਕੈਲੰਡਰ ਵਿੱਚ ਸੋਧ ਲਾਉਣ ਦੀ ਲੋੜ ਹੈ। ਸਮੇਂ ਸਮੇਂ 'ਤੇ ਇਹ ਸੋਧ ਲਗਦੀ ਰਹੇਗੀ ਤਾਂ ਇਸ ਕੈਲੰਡਰ ਦੇ ਮਹੀਨਿਆਂ ਦੀਆਂ ਰੁੱਤਾਂ ਉਹੀ ਰਹਿਣਗੀਆਂ ਜੋ ਅੱਜ ਕਲ੍ਹ ਚੱਲ ਰਹੀਆਂ ਹਨ ਅਤੇ ਗੁਰਬਾਣੀ ਵਿੱਚ ਦਰਜ ਬਾਰਹ ਮਾਹਾਂ ਦੀਆਂ ਰੁੱਤਾਂ ਮੁਤਾਬਿਕ ਹਨ। ਜਦੋਂ ਕਿ ਬਿਕਰਮੀ ਕੈਲੰਡਰ ਮੁਤਾਬਿਕ 1469 ਵਿੱਚ ੧੬ ਹਾੜ ਤੇ 1699 ਵਿੱਚ ੧੩ ਹਾੜ ਨੂੰ ਸੂਰਜ ਦਾ ਰਥ ਫਿਰਿਆ ਸੀ; ਅੱਜ ਕੱਲ੍ਹ ੭ ਹਾੜ ਦੇ ਨੇੜੇ ਤੇੜੇ ਸੂਰਜ ਦਾ ਰਥ ਫਿਰ ਰਿਹਾ ਹੈ ਅਤੇ ਸੰਨ 3000 ਸੀਈ 'ਚ ੨੫ ਜੇਠ ਨੂੰ ਸੂਰਜ ਦਾ ਰਥ ਫਿਰੇਗਾ। ਇਸੇ ਤਰ੍ਹਾਂ ਚਲਦਾ ਰਿਹਾ ਤਾਂ 13000 ਸਾਲ ਬਾਅਦ ਰੁੱਤਾਂ ਵਿੱਚ ਪੂਰਾ 6 ਮਹੀਨੇ ਦਾ ਫਰਕ ਪੈ ਜਾਵੇਗਾ; ਭਾਵ ਜਿਨ੍ਹਾਂ ਮਹੀਨਿਆਂ ਵਿੱਚ ਹੁਣ ਗਰਮੀ ਪੈ ਰਹੀ ਹੈ ਉਨ੍ਹਾਂ ਵਿੱਚ ਸਰਦੀ ਪਵੇਗੀ ਅਤੇ ਸਰਦੀ ਵਾਲੇ ਮਹੀਨਿਆਂ ਵਿੱਚ ਗਰਮੀ ਪਿਆ ਕਰੇਗੀ; ਜਿਸ ਕਾਰਨ ਇਹ ਕੈਲੰਡਰ ਨਾ ਹੀ ਕੈਲੰਡਰ ਵਿਗਿਆਨ ਅਤੇ ਨਾ ਹੀ ਗੁਰਬਾਣੀ 'ਤੇ ਪੂਰਾ ਉੱਤਰਦੈ।

ਸ਼ੰਕਾ ਨੰ: 18 - ਇੱਕ ਹੋਰ ਵਿਦਵਾਨ ਨੂੰ ਸ਼ੰਕਾ ਹੈ ਕਿ ਪੁਰੇਵਾਲ ਨੂੰ ਸੂਰਜ ਚੜ੍ਹਨ ਅਤੇ ਛਿਪਣ ਦਾ ਸਮਾਂ ਦੇਣ ਦੀ ਕੀ ਲੋੜ ਪਈ ਸੀ ਕਿਉਂਕਿ ਅਸੀਂ ਕਿਹੜਾ ਸੂਰਜ ਦੀ ਪੂਜਾ ਕਰਨੀ ਹੈ!

ਉੱਤਰ : ਇਨ੍ਹਾਂ ਲੋਕਾਂ ਨੂੰ ਕੌਣ ਸਮਝਾਏ ਕਿ ਸਿੱਖ ਧਰਮ ਵਿੱਚ ਅੰਮ੍ਰਿਤ ਵੇਲੇ ਅਤੇ ਰਹਿਰਾਸ ਦੇ ਸਮੇਂ ਦੀ ਬਹੁਤ ਮਹਾਨਤਾ ਹੈ। ਇਹ ਸਮੇਂ ਸੂਰਜ ਚੜ੍ਹਨ ਅਤੇ ਛਿਪਣ ਦੇ ਸਮੇਂ ਨਾਲ ਹੀ ਨਿਰਧਾਰਤ ਹੋ ਸਕਦੇ ਹਨ। ਇਸ ਤੋਂ ਇਲਾਵਾ ਰਾਗਾਂ ਦੇ ਗਾਉਣ ਦਾ ਸਮਾਂ ਵੀ ਨਿਸਚਿਤ ਹੈ ਅਤੇ ਦਰਬਾਰ ਸਾਹਿਬ 'ਚ ਚੌਕੀਆਂ ਦਾ ਸਮਾਂ ਸੂਰਜ ਚੜ੍ਹਨ ਦੇ ਸਮੇਂ ਨਾਲ ਹੀ ਤੈਅ ਕੀਤਾ ਜਾਂਦਾ ਹੈ। ਸੂਹੀ ਰਾਗ ਗਾਉਣ ਦਾ ਸਮਾਂ ਦਿਨ ਦਾ ਦੂਸਰਾ ਪਹਿਰ ਹੈ। ਇਸੇ ਕਾਰਨ ਕਿਹਾ ਜਾਂਦਾ ਹੈ ਕਿ ਸੂਰਜ ਢਲਣ ਤੋਂ ਪਹਿਲਾਂ-ਪਹਿਲਾਂ ਅਨੰਦ-ਕਾਰਜ ਹੋ ਜਾਣੇ ਚਾਹੀਦੇ ਹਨ। ਇਸ ਲੋੜ ਨੂੰ ਮੁੱਖ ਰੱਖ ਕੇ ਹੀ ਅੰਮ੍ਰਿਤ ਵੇਲੇ ਅਤੇ ਦੁਪਹਿਰ ਵੇਲੇ ਦੇ ਸਮੇਂ ਵੀ ਸਾਰਣੀ ਵਿੱਚ ਦਿੱਤੇ ਗਏ ਹਨ; ਜੋ ਸੂਰਜ ਚੜ੍ਹਨ ਅਤੇ ਛਿਪਣ ਦੇ ਸਮੇਂ ਨਾਲ ਹੀ ਤੈਅ ਹੋ ਸਕਦੇ ਹਨ।

ਸ਼ੰਕਾ ਨੰ: 19 - ਕੁਝ ਮੱਸਿਆ ਸੰਗਰਾਂਦਾਂ ਪੂਜਣ ਵਾਲੇ ਡੇਰੇਦਾਰ ਵੱਡਾ ਇਤਰਾਜ ਇਹ ਕਰਦੇ ਹਨ ਕਿ ਪੁਰੇਵਾਲ ਨੇ ਦੋ-ਦੋ ਸੰਗਰਾਂਦਾਂ ਬਣਾ ਦਿੱਤੀਆਂ।

ਉੱਤਰ : ਜਿਹੜੇ ਵੀਰਾਂ ਨੂੰ ਦੋ ਦੋ ਸੰਗਰਾਂਦਾਂ ਆਉਣ ਦਾ ਭਰਮ ਪੈਦਾ ਹੋ ਗਿਆ ਹੈ ਉਨ੍ਹਾਂ ਨੂੰ ਬੇਨਤੀ ਹੈ ਕਿ ਘੱਟ ਤੋਂ ਘੱਟ ਦੋ ਕੰਮ ਕਰਨ। ਪਹਿਲਾ ਤਾਂ ਇਹ ਕਿ "LAHRIS INDIAN EPHEMERIS for 2020 A.D." ਲੈ ਕੇ ਉਸ ਦਾ ਪੰਨਾਂ ਨੰ: 11 ਪੜ੍ਹਨ ਦੀ

ਖੇਚਲ ਕਰਨ। ਇਸ ਵਿੱਚ ਦੱਸਿਆ ਹੈ ਕਿ ਸੂਰਜ 16 ਨਵੰਬਰ ਨੂੰ ਸਵੇਰੇ 6.54 ਵਜੇ ਬ੍ਰਿਸਚਕ ਰਾਸ਼ੀ ਵਿੱਚ ਪ੍ਰੇਵਸ਼ ਕਰਦਾ ਹੈ। ਭਾਰਤ ਦੇ ਵੱਖ ਵੱਖ ਪ੍ਰਾਂਤਾਂ ਵਿੱਚ ਲਾਗੂ ਕੈਲੰਡਰਾਂ ਦੇ ਵੱਖ ਵੱਖ ਨਿਯਮਾਂ ਅਨੁਸਾਰ ਮੱਘਰ ਮਹੀਨੇ ਦੀ ਸੰਗਰਾਂਦ ਨੈਸ਼ਨਲ (ਸਾਕਾ) ਕੈਲੰਡਰ ਮੁਤਾਬਿਕ 22 ਨਵੰਬਰ, ਪੱਛਮੀ ਬੰਗਾਲ ਅਤੇ ਅਸਾਮ 'ਚ 17 ਨਵੰਬਰ, ਉੜੀਸਾ, ਪੰਜਾਬ, ਹਰਿਆਣਾ, ਤਾਮਿਲਨਾਡੂ ਅਤੇ ਕੇਰਲਾ ਵਿੱਚ 16 ਨਵੰਬਰ ਨੂੰ ਹੈ। ਦੂਸਰਾ ਇਹ ਕਿ ਇੱਕ ਜੰਤਰੀ ਜੋ ਵਾਰਾਨਸ਼ੀ ਵਿੱਚ ਛਪੀ ਜੋ ਸੂਰਜੀ ਸਿਧਾਂਤ ਵਾਲੀ ਹੋਵੇ ਅਤੇ ਦੂਸਰੀ ਪੰਜਾਬ ਵਿੱਚ ਛਪਣ ਵਾਲੀਆਂ ਜੰਤਰੀਆਂ ਵਿੱਚੋਂ ਕੋਈ ਇੱਕ ਲੈ ਕੇ ਦੋਵੇਂ ਜੰਤਰੀਆਂ ਵਿੱਚੋਂ 12 ਦੇ 12 ਮਹੀਨਿਆਂ ਦੀਆਂ ਸੰਗਰਾਂਦਾਂ ਆਪਸ ਵਿੱਚ ਮਿਲਾ ਕੇ ਵੇਖੋ ਤਾਂ ਪਤਾ ਚੱਲੇਗਾ ਕਿ ਸਾਲ 2020 ਵਿੱਚ 6 ਮਹੀਨੇ - ਮਾਘ, ਹਾੜ, ਭਾਦੋਂ ਅੱਸੂ, ਮੱਘਰ ਅਤੇ ਪੋਹ ਦੀਆਂ ਸੰਗਰਾਂਦਾਂ ਆਪਸ ਵਿੱਚ 1-1 ਦਿਨ ਦੇ ਫ਼ਰਕ ਨਾਲ ਹਨ। ਇਹ 6 ਸੰਗਰਾਂਦਾਂ ਪੰਜਾਬ ਦੀਆਂ ਜੰਤਰੀਆਂ ਵਿੱਚ 1-1 ਦਿਨ ਪਹਿਲਾਂ ਆਉਂਦੀਆਂ ਹਨ ਅਤੇ ਵਾਰਾਨਸ਼ੀ ਵਾਲੀਆਂ ਜੰਤਰੀਆਂ ਵਿੱਚ 1-1 ਦਿਨ ਪਿੱਛੋਂ। ਬਿਕਰਮੀ ਕੈਲੰਡਰ ਮੁਤਾਬਿਕ ਹੀ ਇਸ ਸਾਲ ਵਿੱਚ 6 ਮਹੀਨਿਆਂ ਦੀਆਂ ਦੋ ਦੋ ਸੰਗਰਾਂਦਾਂ ਹਨ ਅਤੇ ਬਾਕੀ ਦੇ 6 ਮਹੀਨਿਆਂ ਦੀਆਂ ਸੰਗਰਾਂਦਾਂ ਆਪਸ ਵਿੱਚ ਮੇਲ ਖਾਂਦੀਆਂ ਹਨ। ਕਿਸੇ ਵੀ ਹੋਰ ਸਾਲ ਦੀਆਂ ਸੰਗਰਾਂਦਾਂ ਚੈੱਕ ਕਰਕੇ ਵੇਖੋਗੇ ਤਾਂ ਘੱਟ ਤੋਂ ਘੱਟ 3 ਤੋਂ 5 ਸੰਗਰਾਂਦਾਂ ਦਾ ਜ਼ਰੂਰ ਫ਼ਰਕ ਹੋਵੇਗਾ ਜੋ ਸਮੇਂ ਦੇ ਨਾਲ ਵਧਦਾ ਜਾਏਗਾ ਅਤੇ ਸੰਨ 3000 ਵਿੱਚ ਸਾਰੀਆਂ ਦੀਆਂ ਸਾਰੀਆਂ ਹੀ ਸੰਗਰਾਂਦਾਂ 'ਚ ਫ਼ਰਕ 1 ਦਿਨ ਤੋਂ ਵਧ ਕੇ 3 ਦਿਨਾਂ ਦਾ ਹੋ ਜਾਵੇਗਾ। ਇਸ ਦਾ ਕਾਰਨ ਇਹ ਹੈ ਕਿ ਵਾਰਾਨਸ਼ੀ ਵਿੱਚ ਸੂਰਜੀ ਸਿਧਾਂਤ ਜੋ ਗੁਰੂ ਸਾਹਿਬਾਨ ਦੇ ਸਮੇਂ ਪ੍ਰਚਲਤ ਸੀ ਅਨੁਸਾਰ ਜੰਤਰੀਆਂ ਛਪਦੀਆਂ ਹਨ ਅਤੇ ਪੰਜਾਬ ਵਿੱਚ 1964 ਵਿੱਚ ਸੋਧੇ ਨਿਯਮ ਦ੍ਰਿਕ ਗਣਿਤ ਅਨੁਸਾਰ ਛਪਦੀਆਂ ਹਨ। ਦ੍ਰਿਕ ਗਣਿਤ ਸਿਧਾਂਤ ਕੇਵਲ ਉੱਤਰੀ ਭਾਰਤ ਵਿੱਚ ਲਾਗੂ ਹੋਇਆ ਸੀ ਜਦੋਂ ਕਿ ਦੱਖਣੀ/ਪੂਰਬੀ ਭਾਰਤ ਦੇ ਪੰਡਿਤਾਂ ਨੇ ਸਾਡੇ ਡੇਰਾਵਾਦੀ ਸਿੱਖਾਂ ਵਾਙ ਇਸ ਨੂੰ ਪ੍ਰਵਾਨ ਨਹੀਂ ਸੀ ਕੀਤਾ। ਦੋ ਦੋ ਸੰਗਰਾਂਦਾਂ ਦਾ ਰੌਲ਼ਾ ਪਾਉਣ ਵਾਲਿਆਂ ਅਤੇ 'ਜੋ ਕੈਲੰਡਰ ਗੁਰੂ ਸਾਹਿਬ ਜੀ ਦੇ ਸਮੇਂ ਪ੍ਰਚਲਤ ਸੀ ਅਤੇ ਜਿਸ ਦੀ ਉਨ੍ਹਾਂ ਨੇ ਵਰਤੋਂ ਕੀਤੀ ਸੀ, ਅਸੀਂ ਉਸ ਕੈਲੰਡਰ ਨੂੰ ਕਿਉਂ ਛੱਡੀਏ?' ਦਾ ਤਰਕ ਦੇਣ ਵਾਲਿਆਂ ਨੂੰ ਸਵਾਲ ਹੈ ਕਿ ਗੁਰੂ ਕਾਲ ਵਾਲਾ ਕੈਲੰਡਰ ਉਹ 1964 ਵਿੱਚ ਛੱਡ ਚੁੱਕੇ ਹਨ ਜਿਸ ਅਨੁਸਾਰ ਦੋ ਦੋ ਸੰਗਰਾਂਦਾਂ ਉਨ੍ਹਾਂ ਨੂੰ ਪ੍ਰਵਾਨ ਹਨ ਤਾਂ ਨਾਨਕਸ਼ਾਹੀ ਕੈਲੰਡਰ ਦੀਆਂ ਕਿਉਂ ਨਹੀਂ?

ਦੋ ਦੋ ਸੰਗਰਾਂਦਾਂ ਤੋਂ ਇਲਾਵਾ ਇੱਕ ਹੋਰ ਬੜਾ ਹੀ ਪਚੀਦਾ ਮਸਲਾ ਹੈ ਕਿ ਮੱਘਰ ਮਹੀਨੇ 'ਚ ਰਾਸ਼ੀ ਤਬਦੀਲੀ ਸਵੇਰੇ 16 ਨਵੰਬਰ 2020 ਈ: ਨੂੰ 6.54 ਵਜੇ ਹੋਈ ਅਤੇ ਇਹੀ ਸਮਾਂ ਤਕਰਬੀਨ ਸੂਰਜ ਚੜ੍ਹਨ ਦਾ ਹੈ। ਕੈਲੰਡਰ ਨਿਯਮਾਂ ਅਨੁਸਾਰ ਸੰਗਰਾਂਦ ਸੂਰਜ ਚੜ੍ਹਨ ਦੇ ਸਮੇਂ 'ਤੇ ਨਿਰਭਰ ਕਰਦੀ ਹੈ। ਸ਼੍ਰੀ ਮਾਰਤੰਡ ਪੰਚਾਂਗ ਵਿੱਚ ਨੋਟ ਲਿਖਿਆ ਹੈ ਕਿ ਜਿਨ੍ਹਾਂ ਜਿਨ੍ਹਾਂ ਸਥਾਨਾਂ 'ਤੇ 16 ਨਵੰਬਰ ਨੂੰ ਸੂਰਜ 6.54 ਵਜੇ ਤੋਂ ਪਹਿਲਾਂ ਚੜ੍ਹੇਗਾ ਉਨ੍ਹਾਂ ਸਥਾਨਾਂ 'ਤੇ ਸੰਗਰਾਂਦ 16 ਨਵੰਬਰ ਨੂੰ ਹੋਵੇਗੀ ਅਤੇ ਜਿਨ੍ਹਾਂ ਸਥਾਨਾਂ 'ਤੇ 6.54 ਵਜੇ ਤੋਂ ਬਾਅਦ ਚੜ੍ਹੇਗਾ ਉਨ੍ਹਾਂ ਸਥਾਨਾਂ 'ਤੇ ਸੰਗਰਾਂਦ 15 ਨਵੰਬਰ ਨੂੰ ਹੋਵੇਗੀ। ਇਸ ਨਿਯਮ ਅਨੁਸਾਰ ਜੇ ਮੋਹਾਲੀ ਦੇ ਟਾਈਮ ਅਨੁਸਾਰ ਜੰਤਰੀ ਤਿਆਰ ਕੀਤੀ ਗਈ ਹੋਵੇ ਤਾਂ ਸੰਗਰਾਂਦ 16 ਨਵੰਬਰ ਨੂੰ ਹੋਵੇਗੀ ਪਰ ਅੰਮ੍ਰਿਤਸਰ ਦੇ ਟਾਈਮ ਅਨੁਸਾਰ 15 ਨਵੰਬਰ ਨੂੰ ਹੈ। ਹੁਣ ਦੱਸੋ ਕਿ ਉਪ੍ਰੋਕਤ ਸਾਰੀਆਂ ਸੰਗਰਾਂਦਾਂ ਵਿੱਚੋਂ ਕਿਹੜੀਆਂ ਸੱਚੀਆਂ ਸੰਗਰਾਂਦਾਂ ਹਨ ਅਤੇ ਕਿਹੜੀਆਂ ਝੂਠੀਆਂ? ਇਸੇ ਚੱਕਰ ਤੋਂ ਬਚਣ ਲਈ, ਆਉਣ ਵਾਲੇ ਸਮਿਆਂ ਦੌਰਾਨ ਤਾਰੀਖ਼ਾਂ ਹਮੇਸ਼ਾਂ ਲਈ ਸਥਿਰ ਰੱਖਣ ਅਤੇ ਯਾਦ ਰੱਖਣ ਦੀ ਸੁਬਿਧਾ ਕਾਰਨ ਨਾਨਕਸ਼ਾਹੀ ਕੈਲੰਡਰ ਵਿੱਚ ਰਾਸ਼ੀ ਤਬਦੀਲੀ ਦਾ ਤਿਆਗ ਕਰਕੇ ਪਹਿਲੇ 5 ਮਹੀਨੇ 31-31 ਦਿਨਾਂ ਅਤੇ ਪਿਛਲੇ 7 ਮਹੀਨੇ 30-30 ਦਿਨ ਰੱਖੇ ਗਏ ਹਨ। ਹਰ ਮਹੀਨੇ ਦੇ ਦਿਨ ਪੂਰੇ ਕਰਨ ਪਿੱਛੋਂ ਅਗਲੇ ਮਹੀਨੇ ਦਾ ਅਰੰਭ ਭਾਵ ਪਹਿਲੀ ਤਾਰੀਖ਼ ਹੁੰਦੀ ਹੈ। ਇਹ ਸਮਝਣ ਪਿੱਛੋਂ ਦੋ ਦੋ ਸੰਗਰਾਂਦਾਂ ਅਤੇ ਰਾਸ਼ੀ ਤਬਦੀਲੀ ਵਾਲੇ ਦਿਨ ਸੰਗਰਾਂਦ ਹੋਣ ਦਾ ਖਹਿੜਾ ਛੱਡ ਕੇ ਬਹੁਤ ਹੀ ਸਰਲ, ਸਾਦਾ ਅਤੇ ਹਮੇਸ਼ਾਂ ਲਈ ਸਥਿਰ ਤਾਰੀਖਾਂ ਨੂੰ ਗੁਰਪੁਰਬ ਅਤੇ ਹੋਰ ਸਾਰੇ ਦਿਹਾੜੇ ਮਨਾਉਣ ਦੀ ਸਹੂਲਤ ਨੂੰ ਮੁੱਖ ਰੱਖ ਕੇ ਸਾਨੂੰ ਨਾਨਕਸ਼ਾਹੀ ਕੈਲੰਡਰ ਅਪਨਾ ਲੈਣਾ ਚਾਹੀਦਾ ਹੈ।

ਸ਼ੰਕਾ ਨੰ: 20 - ਕੈਲੰਡਰ ਦੀਆਂ ਬਰੀਕੀਆਂ ਤੋਂ ਅਣਜਾਣ ਕੁਝ ਵੀਰਾਂ ਦਾ ਅਕਸਰ ਹੀ ਸੁਝਾਅ ਆਉਂਦਾ ਹੈ ਕਿ ਗੁਰਪੁਰਬ ਤਾਂ ਸੂਰਜੀ ਪ੍ਰਵਿਸ਼ਟਿਆਂ ਮੁਤਾਬਿਕ ਹੀ ਨਿਸਚਿਤ ਕੀਤੇ ਜਾਣੇ ਚਾਹੀਦੇ ਹਨ ਪਰ ਅੱਜ ਕੱਲ੍ਹ ਬਿਕਰਮੀ ਸੰਮਤ ਦੀਆਂ ਸੰਗਰਾਂਦਾਂ ਗੁਰਦੁਆਰਿਆਂ ਵਿੱਚ ਮਨਾਈਆਂ ਜਾਂਦੀਆਂ ਹਨ ਜੇ ਸੰਗਰਾਂਦਾਂ ਇਸੇ ਤਰ੍ਹਾਂ ਹੀ ਰਹਿਣ ਦਿੱਤੀਆਂ ਜਾਣ ਤਾਂ ਕੀ ਹਰਜ ਹੈ?

ਉੱਤਰ : ਬਿਕਰਮੀ ਕੈਲੰਡਰ ਦੀ ਸੰਗਰਾਂਦ ਦਾ ਭਾਵ ਹੈ ਜਿਸ ਦਿਨ ਸੂਰਜ ਇਕ ਰਾਸ਼ੀ ਵਿੱਚੋਂ ਨਿਕਲ ਕੇ ਦੂਜੀ ਰਾਸ਼ੀ ਵਿੱਚ ਪ੍ਰਵੇਸ਼ ਕਰਦਾ ਹੈ ਪਰ ਨਾਨਕਸ਼ਾਹੀ ਕੈਲੰਡਰ ਦੀਆਂ ਸੰਗਰਾਂਦਾਂ ਦਾ ਰਾਸ਼ੀਆਂ ਨਾਲ ਕੋਈ ਸਬੰਧ ਨਹੀਂ ਹੈ। ਨਾਨਕਸ਼ਾਹੀ ਕੈਲੰਡਰ ਦੇ ਮਹੀਨੇ ਦਾ ਕੇਵਲ ਪਹਿਲਾ ਦਿਨ ਹੈ ਜਿਸ ਨੂੰ ਕੇਵਲ ਰਵਾਇਤ ਵਜੋਂ ਹੀ ਸੰਗਰਾਂਦ ਕਿਹਾ ਜਾਂਦਾ ਹੈ। ਕਿਸੇ ਸੰਮਤ ਦਾ ਪਹਿਲਾ ਦਿਨ ਅਤੇ ਮਹੀਨੇ ਦਾ ਪਹਿਲਾ ਦਿਨ ਹੀ ਕਿਸੇ ਕੈਲੰਡਰ ਦੀ ਮੁਢਲੀ ਨੀਂਹ ਹੈ ਜਿਸ 'ਤੇ ਕੈਲੰਡਰ ਦੇ ਢਾਂਚੇ ਦੀ ਉਸਾਰੀ ਕੀਤੀ ਜਾਂਦੀ ਹੈ। ਜੇ ਕਰ ਨਾਨਕਸ਼ਾਹੀ ਕੈਲੰਡਰ ਦੀਆਂ ਸੰਗਰਾਂਦਾਂ ਬਿਕਰਮੀ ਕੈਲੰਡਰ ਵਾਲੀਆਂ ਕੀਤੀਆਂ

ਜਾਣ ਤਾਂ ਪਹਿਲੀ ਗੱਲ ਤਾਂ ਇਹ ਹੈ ਕਿ ਉਸ ਦੇ ਮਹੀਨਿਆਂ ਦੇ ਦਿਨਾਂ ਦੀ ਗਿਣਤੀ (5 ਮਹੀਨੇ 31-31 ਦਿਨ ਅਤੇ 7 ਮਹੀਨੇ 30-30 ਦਿਨ) ਨਿਸਚਿਤ ਨਹੀਂ ਰਹਿ ਸਕਦੀ ਸਗੋਂ ਪਹਿਲਾਂ ਵਾਙ 29 ਦਿਨਾਂ ਤੋਂ 32 ਦਿਨਾਂ ਦੇ ਵਿਚਕਾਰ ਘਟਦੀ ਵਧਦੀ ਰਹੇਗੀ। ਦੂਸਰੀ ਗੱਲ ਉਸ ਦੇ ਸਾਲ ਦੀ ਲੰਬਾਈ ਟਰੌਪੀਕਲ ਸਾਲ (ਰੁੱਤੀ ਸਾਲ) ਦੇ ਬਰਾਬਰ 365.242196 ਦਿਨ ਦੇ ਨੇੜੇ ਨਾ ਰਹਿ ਕੇ ਬਿਕਰਮੀ ਕੈਲੰਡਰ ਦੇ ਸਾਲ ਦੀ ਲੰਬਾਈ ਦੇ ਬਰਾਬਰ 365.256363 ਦਿਨ ਹੋ ਜਾਵੇਗੀ ਜਿਸ ਨਾਲ ਇਸ ਦੇ ਸਾਲ ਦੀ ਲੰਬਾਈ ਰੁੱਤੀ ਸਾਲ ਨਾਲੋਂ 0.014167 ਦਿਨ ਭਾਵ 20 ਮਿੰਟ 24 ਸਕਿੰਟ ਵੱਧ ਹੋ ਜਾਣ ਕਰਕੇ ਇਸ ਦੇ ਮਹੀਨਿਆਂ ਦੀਆਂ ਰੁੱਤਾਂ ਦਾ ਸਬੰਧ ਗੁਰਬਾਣੀ ਵਿੱਚ ਵਰਣਿਤ ਰੁੱਤਾਂ ਨਾਲ ਨਹੀਂ ਰਹਿ ਸਕਦਾ। 1699 'ਚ ਜਿਹੜੀ ਵੈਸਾਖੀ 29 ਮਾਰਚ ਨੂੰ ਸੀ, ਅੱਜ ਕੱਲ੍ਹ 13/14 ਅਪ੍ਰੈਲ ਨੂੰ ਹੈ, ਸੰਨ 3000 ਈ: ਵਿੱਚ 27 ਅਪ੍ਰੈਲ ਅਤੇ ਸੰਨ 5000 ਈ: 'ਚ 25 ਮਈ ਨੂੰ ਹੋ ਜਾਵੇਗੀ ਜਿਸ ਤੋਂ ਸਾਫ਼ ਪਤਾ ਲੱਗ ਰਿਹਾ ਹੈ ਕਿ ਬਿਕਰਮੀ ਕੈਲੰਡਰ ਦੀਆਂ ਰੁੱਤਾਂ ਦਾ ਸਬੰਧ ਗੁਰਬਾਣੀ ਵਿੱਚ ਵਰਣਿਤ ਰੁੱਤਾਂ ਨਾਲੋਂ ਬਹੁਤ ਤੇਜੀ ਨਾਲ ਟੁੱਟਦਾ ਜਾ ਰਿਹਾ ਹੈ। ਕੋਈ ਵੀ ਦਿਹਾੜਾ ਨਿਸਚਿਤ ਤਾਰੀਖ਼ ਨਾਲ ਬੱਝਿਆ ਨਹੀਂ ਰਹੇਗਾ।

